COVERED CALIFORNIA
Mann Insurance Brokers, Inc.
Auto Home Business Worker Comp
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334
Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਇੰਸ਼ੋਰੈਂਸ ਕਰਵਾਓ, 2015 ਦੇ ਟੈਕਸ ਵਿਚ ਜ਼ੁਰਮਾਨੇ ਤੋਂ ਬਚੋ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 17, April 25, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਵਾਦੀ ਬਣੀ ਮੈਦਾਨ-ਏ-ਜੰਗ

**ਸ੍ਰੀਨਗਰ (ਗੁਰਵਿੰਦਰ ਸਿੰਘ ਵਿਰਕ):** ਕਸ਼ਮੀਰ ਘਾਟੀ ਵਿਚ ਅਮਨ ਕਾਨੂੰਨ ਦੀ ਗੱਡੀ ਮੁੜ ਲੀਹੋਂ ਲੱਥਣ ਲੱਗੀ ਹੈ। ਹੁਰੀਅਤ ਕਾਨਫਰੰਸ ਦੇ ਗਰਮਖਿਆਲ ਧੜੇ ਦੇ ਮੁਖੀ ਸਈਦ ਅਲੀ ਸ਼ਾਹ ਗਿਲਾਨੀ ਤੇ ਮਸੱਰਤ ਆਲਮ ਦੀ ਗ੍ਰਿਫਤਾਰੀ ਪਿੱਛੋਂ ਵਾਦੀ ਵਿਚ ਵੱਡੇ ਪੱਧਰ 'ਤੇ ਹਿੰਸਕ ਝੜਪਾਂ ਸ਼ੁਰੂ ਹੋ ਗਈਆਂ ਹਨ। ਫੌਜੀ ਕਾਰਵਾਈ ਦੌਰਾਨ ਤ੍ਰਾਲ ਖੇਤਰ ਵਿਚ ਦੋ ਨੌਜਵਾਨਾਂ ਦੀ ਮੌਤ ਪਿੱਛੋਂ ਹਾਲਾਤ ਹੋ ਵਿਗੜ ਗਏ ਹਨ। ਇਸ ਘਟਨਾ ਨੇ ਕਸ਼ਮੀਰੀ ਵੱਖਵਾਦੀਆਂ ਦੇ ਸਾਰੇ ਧੜਿਆਂ ਨੂੰ ਇਕਜੁੱਟ ਕਰ ਦਿੱਤਾ ਹੈ। ਰੋਸ ਪ੍ਰਦਰਸ਼ਨਾਂ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਸਈਦ ਅਲੀ ਸ਼ਾਹ ਗਿਲਾਨੀ ਤੇ ਮੀਰਵਾਈਜ਼ ਉਮਰ ਫਾਰੂਕ ਸਮੇਤ ਹੋਰ ਵੱਖਵਾਦੀਆਂ ਨੂੰ ਵੀ ਘਰਾਂ ਵਿਚ ਨਜ਼ਰਬੰਦ ਕੀਤਾ ਹੋਇਆ ਹੈ।

ਉਧਰ ਜਮਾਤ-ਉਦ-ਦਾਅਵਾ ਦੇ ਮੁਖੀ ਹਾਫ਼ਿਜ਼ ਸਈਦ ਨੇ ਪਾਕਿਸਤਾਨ ਫੌਜ ਨੂੰ ਘਾਟੀ ਵਿਚ ਜਹਾਦ ਛੇੜਨ ਦਾ ਸੱਦਾ ਦਿੱਤਾ ਹੈ। ਹਾਫ਼ਿਜ਼ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਆਜ਼ਾਦੀ ਲਈ ਸੰਘਰਸ਼ ਹੋਰ ਤੇਜ਼ ਹੋਵੇਗਾ ਤੇ ਭਾਰਤ ਕਸ਼ਮੀਰ ਨੂੰ ਛੱਡਣ ਲਈ ਮਜਬੂਰ ਹੋ ਜਾਵੇਗਾ। ਛੇ ਹਫ਼ਤੇ ਪਹਿਲਾਂ ਮੁਫ਼ਤੀ ਮੁਹੰਮਦ ਸਈਦ ਦੀ ਅਗਵਾਈ ਹੇਠ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਕੁਲੀਸ਼ਨ ਸਰਕਾਰ ਹੋਂਦ ਵਿਚ ਆਉਂਦਿਆਂ ਹੀ ਮੁੱਖ ਮੰਤਰੀ ਨੇ ਵੱਖਵਾਦੀ ਆਗੂ ਮਸੱਰਤ ਆਲਮ ਨੂੰ ਨਜ਼ਰਬੰਦੀ ਤੋਂ ਰਿਹਾ ਕਰ ਦਿੱਤਾ ਸੀ। ਮਸੱਰਤ ਖਿਲਾਫ ਜੰਗ ਛੇੜਨ ਸਣੇ ਦਰਜਨਾਂ ਮਾਮਲੇ ਦਰਜ ਹਨ ਤੇ ਉਸ ਉਪਰ 10 ਲੱਖ ਰੁਪਏ ਦਾ ਇਨਾਮ ਵੀ ਸੀ। ਮਸੱਰਤ ਦੀ ਰਿਹਾਈ ਪਿੱਛੋਂ ਪਾਲਾਬੰਦੀ ਇਕ ਵਾਰ ਫਿਰ ਤਿੱਖੀ ਹੋ ਗਈ ਸੀ। ਇਸੇ ਦੌਰਾਨ ਘਾਟੀ ਵਿਚ ਇਕ ਰੈਲੀ ਦੌਰਾਨ ਮਸੱਰਤ ਨੇ ਆਪਣੇ ਸਾਥੀਆਂ ਨਾਲ ਰਲ ਕੇ ਨਾ ਸਿਰਫ ਭਾਰਤ ਵਿਰੁਧ ਨਾਅਰੇ ਲਗਾਏ, ਸਗੋਂ ਪਾਕਿਸਤਾਨ ਦਾ ਝੰਡਾ ਵੀ ਲਹਿਰਾਇਆ। ਇਸ ਨੂੰ ਵੇਖਦਿਆਂ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਦੇ ਰੋਸ ਵਜੋਂ ਸਈਦ ਅਲੀ ਸ਼ਾਹ ਗਿਲਾਨੀ ਵਲੋਂ ਘਾਟੀ ਵਿਚ ਬੰਦ ਦਾ ਸੱਦਾ ਦਿੱਤਾ, ਤੇ ਇਸ ਦੌਰਾਨ ਹਿੰਸਕ ਹੋਈ ਭੀੜ ਨੇ ਸੁਰੱਖਿਆ ਬਲਾਂ ਉਤੇ ਸਖ਼ਤ ਪਥਰਾਅ ਕੀਤਾ ਤੇ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਦੱਸਣਯੋਗ ਹੈ ਕਿ ਪੀ.ਡੀ.ਪੀ.-ਭਾਜਪਾ ਸਰਕਾਰ ਵਲੋਂ ਪਹਿਲੀ ਮਾਰਚ ਨੂੰ ਸਹੁੰ ਚੁੱਕਣ ਤੋਂ ਬਾਅਦ ਮੁੱਖ ਮੰਤਰੀ ਵਲੋਂ ਰਿਆਸਤ ਵਿਚ ਚੋਣਾਂ ਅਮਨ ਅਮਾਨ ਨਾਲ ਨੇਪਰੇ ਚੜ੍ਹਨ ਦਾ

*(ਬਾਕੀ ਸਫਾ 6 'ਤੇ)*



## ਗੱਠਜੋੜ ਦਾ ਤਜਰਬਾ ਪੁੱਠਾ ਪਿਆ

ਜੰਮੂ ਕਸ਼ਮੀਰ ਵਿਚ ਦੋ ਵਿਚਾਰਧਾਰਾ ਵਿਰੋਧੀ ਪਾਰਟੀਆਂ ਨੇ ਗੱਠਜੋੜ ਦਾ ਤਜਰਬਾ ਕੀਤਾ ਸੀ। ਪੀ.ਡੀ.ਪੀ. ਤੇ ਭਾਜਪਾ ਧਰਮ ਤੇ ਸੋਚ ਪੱਖੋਂ ਵੱਖਰੀ ਵਿਚਾਰਧਾਰਾ ਨਾਲ ਸਬੰਧਤ ਹਨ। ਪੀ.ਡੀ.ਪੀ. ਜਿਥੇ ਖੱਬੇ ਪੱਖੀਆਂ ਨਾਲ ਨਰਮੀ ਦੀ ਹਮਾਇਤੀ ਹੈ ਉਥੇ ਕੱਟੜ ਹਿੰਦੂ ਜਥੇਬੰਦੀ ਆਰ.ਐਸ.ਐਸ. ਦੀ ਸੋਚ 'ਤੇ ਪਹਿਰਾ ਦਿੰਦੀ ਆ ਰਹੀ ਭਾਜਪਾ ਇਸ ਦਾ ਵਿਰੋਧ ਕਰ ਰਹੀ ਹੈ। ਮੁੱਖ ਮੰਤਰੀ ਮੁਫ਼ਤੀ ਦੀ ਇਹ ਨੀਤੀ ਵੀ ਰਹੀ ਹੈ ਕਿ ਘਾਟੀ ਵਿਚ ਬੈਠੇ ਅਤਿਵਾਦੀਆਂ ਸਮੇਤ ਪਾਕਿਸਤਾਨ ਨੂੰ ਰਿਝਾਉਣ ਦੀਆਂ ਨੀਤੀਆਂ ਅਪਨਾਈਆਂ ਜਾਣ, ਤਾਂ ਜੋ ਉਹ ਹਰ ਤਰ੍ਹਾਂ ਦੇ ਆਪਣੇ ਹਮਲੇ ਘਟਾ ਦੇਣ। ਦੂਜੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਸ਼ਮੀਰੀ ਪੰਡਿਤਾਂ ਦੇ ਪਰਿਵਾਰਾਂ ਲਈ ਵੱਖਰੀਆਂ ਕਾਲੋਨੀਆਂ ਵਸਾਏ ਜਾਣ ਦੀ ਤਜਵੀਜ਼ ਵੀ ਹੈ। ਅਤਿਵਾਦੀ ਗਰੁੱਪ ਭਾਜਪਾ ਦੀ ਇਸ ਯੋਜਨਾ ਖਿਲਾਫ ਚਿਤਾਵਨੀ ਦੇ ਰਹੇ ਹਨ।

# 'ਆਪ' ਦੀ ਲੜਾਈ ਵਿਚ ਭਗਵੰਤ ਮਾਨ ਦੀਆਂ ਮੌਜਾਂ

## ਧਰਮਵੀਰ ਗਾਂਧੀ ਤੋਂ ਅਹੁਦਾ ਖੋਹਿਆ
## ਬਾਗੀਆਂ ਦੀ ਪਾਰਟੀ 'ਚੋਂ ਛੁੱਟੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂਆਂ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਨ, ਆਨੰਦ ਕੁਮਾਰ ਤੇ ਅਜੀਤ ਝਾਅ ਦੀ ਪਾਰਟੀ ਵਿਚੋਂ ਪੱਕੀ ਛੁੱਟੀ ਪਿੱਛੋਂ ਇਨ੍ਹਾਂ 'ਬਾਗੀਆਂ' ਦੇ ਹਮਾਇਤੀਆਂ ਨੂੰ ਵੀ ਖੂੰਜੇ ਲਾਉਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਬਾਗੀ ਧੜੇ ਦੀ ਹਮਾਇਤ ਕਰਨ ਵਾਲੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਪਾਰਟੀ ਦੇ ਸੰਸਦੀ ਦਲ ਦੇ ਨੇਤਾ ਦੇ ਅਹੁਦੇ ਤੋਂ ਲਾਂਭੇ ਕਰ ਕੇ ਇਹ ਅਹੁਦਾ ਸੰਗਰੂਰ ਹਲਕੇ ਦੇ ਲੋਕ ਸਭਾ ਮੈਂਬਰ ਤੇ ਸ੍ਰੀ ਕੇਜਰੀਵਾਲ ਦੇ ਕੱਟੜ ਹਮਾਇਤੀ ਭਗਵੰਤ ਮਾਨ ਨੂੰ ਦੇ ਦਿੱਤਾ ਹੈ। ਡਾ. ਗਾਂਧੀ ਨੂੰ ਕੋਰ ਕਮੇਟੀ ਤੋਂ ਵੀ ਹਟਾ ਦਿੱਤਾ ਗਿਆ ਹੈ। ਡਾ. ਗਾਂਧੀ ਨੇ ਸ੍ਰੀ ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ ਤੇ ਹੋਰਨਾਂ ਨੂੰ ਕੱਢਣ ਦੀ ਕਾਰਵਾਈ ਦਾ ਵਿਰੋਧ ਕੀਤਾ ਸੀ ਤੇ ਬਾਗ਼ੀਆਂ ਵਲੋਂ ਬੀਤੇ ਦਿਨੀਂ ਗੁੜਗਾਉਂ ਵਿਖੇ ਕੀਤੇ ਸਵਰਾਜ ਸੰਵਾਦ ਦੌਰਾਨ ਵੀ ਹਮਦਰਦੀ ਪੱਤਰ ਭੇਜਿਆ ਸੀ।

ਪਾਰਟੀ ਦੇ ਬੁਲਾਰੇ ਤੇ ਦਿੱਲੀ ਦੇ ਇੰਚਾਰਜ ਆਸ਼ੂਤੋਸ਼ ਨੇ ਕਿਹਾ ਹੈ ਕਿ ਡਾ. ਗਾਂਧੀ ਨੂੰ ਹਟਾਉਣ ਦਾ ਫ਼ੈਸਲਾ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਨੇ ਕੀਤਾ ਹੈ। 'ਆਪ' ਦੀ ਸਟੇਟ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰ ਪ੍ਰੋ. ਮਨਜੀਤ ਸਿੰਘ ਨੇ ਵੀ ਪਾਰਟੀ ਦੀ ਮੁਢਲੀ



ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਨੇ ਪਾਰਟੀ ਮੁਖੀ ਦੇ ਨਾਂ ਲਿਖੇ ਪੱਤਰ ਵਿਚ ਦੋਸ਼ ਲਾਇਆ ਹੈ ਕਿ ਪਾਰਟੀ ਅੰਦਰ ਸਵਰਾਜ ਜਾਂ ਅੰਦਰੂਨੀ ਜਮਹੂਰੀਅਤ ਨਾਂ ਦੀ ਕੋਈ ਚੀਜ਼ ਨਹੀਂ ਰਹੀ। ਉਨ੍ਹਾਂ ਯੋਗੇਂਦਰ ਯਾਦਵ ਸਮੇਤ ਹੋਰ ਆਗੂਆਂ ਨੂੰ ਕੱਢਣ ਤੇ ਡਾ. ਧਰਮਵੀਰ ਗਾਂਧੀ ਨੂੰ ਸੰਸਦੀ ਦਲ ਦੇ ਨੇਤਾ ਦੇ ਅਹੁਦੇ ਤੋਂ ਹਟਾਉਣ ਦਾ ਵਿਰੋਧ ਕੀਤਾ। ਗ਼ੌਰਤਲਬ ਹੈ ਕਿ ਪ੍ਰੋ. ਮਨਜੀਤ ਸਿੰਘ ਨੂੰ ਪਹਿਲਾਂ ਹੀ ਮੁਅੱਤਲ ਕੀਤਾ ਜਾ ਚੁੱਕਾ ਹੈ।

ਡਾ. ਗਾਂਧੀ ਦਾ ਕਹਿਣਾ ਹੈ ਕਿ ਅਹੁਦੇ ਤੋਂ ਲਾਂਭੇ ਕਰਨ ਦੇ ਫੈਸਲੇ ਨਾਲ ਨਾ ਤਾਂ ਉਨ੍ਹਾਂ ਨੂੰ ਹੈਰਾਨੀ ਹੋਈ ਹੈ, ਤੇ ਨਾ ਉਹ ਆਪਣੇ ਨਿਸ਼ਾਨੇ ਤੋਂ ਪਿੱਛੇ ਹਟਣਗੇ। ਉਹ ਕਿਸੇ ਬੰਦੇ ਜਾਂ

*(ਬਾਕੀ ਸਫਾ 6 'ਤੇ)*

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸੁਖਬੀਰ ਬਾਦਲ ਦਾ ਬਿਜਲੀ ਵੇਚਣ ਵਾਲਾ ਸੁਪਨਾ ਟੁੱਟਿਆ

**ਚੰਡੀਗੜ੍ਹ:** ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਵਿਚੋਂ ਵਾਧੂ ਬਿਜਲੀ ਵੇਚਣ ਦਾ ਸੁਪਨਾ ਪੂਰਾ ਹੋਣ ਦੀ ਆਸ ਅਜੇ ਦੂਰ-ਦੂਰ ਤੱਕ ਦਿਖਾਈ ਨਹੀਂ ਦਿੰਦੀ। ਇਥੋਂ ਤੱਕ ਕਿ ਪੰਜਾਬ ਦੇ ਲੋਕਾਂ ਨੂੰ ਵੀ ਗਰਮੀਆਂ ਦੇ ਇਸ ਸੀਜ਼ਨ ਵਿਚ ਲੰਬੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪਵੇਗਾ। ਕੇਂਦਰੀ ਬਿਜਲੀ ਅਥਾਰਟੀ ਦੀ ਸਾਲਾਨਾ ਰਿਪੋਰਟ ਤੋਂ ਪਤਾ ਲੱਗਿਆ ਹੈ ਕਿ ਬਿਜਲੀ ਦੀ ਸੰਭਾਵਤ ਮੰਗ ਮੁਤਾਬਕ ਬਿਜਲੀ ਪੈਦਾਵਾਰ ਦੀ ਸੰਭਾਵਨਾ ਘੱਟ ਹੈ। ਰਿਪੋਰਟ ਮੁਤਾਬਕ ਦੇਸ਼ ਦੇ ਉੱਤਰੀ ਤੇ ਪੱਛਮੀ ਗਰਿੱਡ ਬਿਜਲੀ ਘਾਟ ਤੋਂ ਜ਼ਿਆਦਾ ਪ੍ਰਭਾਵਿਤ ਹਨ, ਜਦੋਂਕਿ ਦੱਖਣੀ ਤੇ ਪੂਰਬੀ ਗਰਿੱਡਾਂ ਦੀ ਸਥਿਤੀ ਕਾਫ਼ੀ ਸੁਖਾਵੀਂ ਹੈ। ਉੱਤਰੀ ਸੂਬਿਆਂ ਵਿਚ ਬਿਜਲੀ ਦੀ ਘਾਟ 12 ਫ਼ੀਸਦੀ, ਪੱਛਮੀ ਸੂਬਿਆਂ ਵਿਚ 10 ਫ਼ੀਸਦੀ, ਪੂਰਬੀ ਸੂਬਿਆਂ ਵਿਚ 9 ਫ਼ੀਸਦੀ ਤੇ ਦੱਖਣੀ ਸੂਬਿਆਂ ਵਿਚ 9.5 ਫ਼ੀਸਦੀ ਹੈ। ਜ਼ਿਆਦਾ ਗਰਮੀ ਵਿਚ ਇਸ ਘਾਟ ਡੇਢ ਗੁਣਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਪਰਮਾਣੂ ਪ੍ਰਾਜੈਕਟਾਂ ਵੱਧ ਧਿਆਨ ਦੇਣ ਦੀ ਲੋੜ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਬਣਾਂਵਾਲੀ ਵਿਚ ਪ੍ਰਾਈਵੇਟ ਭਾਈਵਾਲੀ ਤਹਿਤ ਲੱਗੇ ਤਾਪ ਬਿਜਲੀ ਘਰ ਤਲਵੰਡੀ ਸਾਬੋ ਪਾਵਰ ਲਿਮਟਿਡ ਦੇ ਪਹਿਲੇ ਯੂਨਿਟ ਵੱਲੋਂ ਰੋਜ਼ਾਨਾ ਬਿਜਲੀ ਤਿਆਰ ਕੀਤੀ ਜਾਣ ਲੱਗੀ ਹੈ ਤੇ ਪ੍ਰਬੰਧਕਾਂ ਵੱਲੋਂ ਇਸ ਦੇ ਦੂਜੇ ਯੂਨਿਟ ਰਾਹੀਂ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਬਿਜਲੀ ਪੈਦਾ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਦੇ ਬਾਵਜੂਦ ਗਰਮੀ ਦੇ ਇਸ ਸੀਜ਼ਨ ਦੌਰਾਨ ਪੰਜਾਬ ਵਿਚ ਬਿਜਲੀ ਦੀ 12 ਫ਼ੀਸਦੀ ਘਾਟ ਰਹਿਣ ਦਾ ਖ਼ਦਸ਼ਾ ਹੈ।

ਇਸ ਕਰਕੇ ਸਨਅਤਾਂ ਤੇ ਖੇਤੀਬਾੜੀ ਉਤੇ ਪ੍ਰਭਾਵ ਪੈਣ ਦੇ ਆਸਾਰ ਹਨ। ਪੰਜਾਬ ਵਿਚ ਸਰਕਾਰ ਵੱਲੋਂ ਭਾਵੇਂ ਵੱਧ ਬਿਜਲੀ ਪੈਦਾ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਪਿਛਲੇ ਸਾਲ ਉਦਯੋਗਾਂ ਉਤੇ ਹਫ਼ਤੇ ਦੌਰਾਨ ਤਿੰਨ-ਤਿੰਨ ਦਿਨ ਦਾ ਕੱਟ ਵੀ ਲੱਗਦਾ ਰਿਹਾ ਹੈ ਤੇ ਖੇਤੀ ਸੈਕਟਰ ਨੂੰ ਵੀ ਰੋਜ਼ਾਨਾ ਅੱਠ ਘੰਟੇ ਦੀ ਬਜਾਏ ਛੇ ਘੰਟੇ ਦੀ ਸਪਲਾਈ ਹੀ ਮਿਲਦੀ ਰਹੀ ਹੈ, ਕਿਉਂਕਿ ਸਰਕਾਰ ਵੱਲੋਂ ਐਲਾਨੇ ਨਵੇਂ ਥਰਮਲ ਪਲਾਂਟਾਂ ਵਿਚ ਅਜੇ ਤੱਕ ਬਿਜਲੀ ਦੀ ਪੈਦਾਵਾਰ ਸ਼ੁਰੂ ਨਹੀਂ ਹੋ ਸਕੀ। ਹਾਲ ਹੀ ਵਿਚ ਸਨਅਤਕਾਰਾਂ ਦੀ ਮੀਟਿੰਗ ਦੌਰਾਨ ਪੰਜਾਬ ਦੇ ਉਦਯੋਗਿਕ ਫਰੰਟ ਉਤੇ ਪਛੜੇ ਹੋਣ ਦਾ ਸਭ ਤੋਂ ਵੱਡਾ ਕਾਰਨ ਬਿਜਲੀ ਦੀ ਘਾਟ ਨੂੰ ਹੀ ਦੱਸਿਆ ਗਿਆ ਹੈ।

ਬਿਜਲੀ ਸਪਲਾਈ ਦੀ ਘਾਟ ਕਾਰਨ ਕਈ ਉਦਯੋਗਿਕ ਯੂਨਿਟਾਂ ਦੂਜੇ ਸੂਬਿਆਂ ਵਿਚ ਚਲੀਆਂ ਗਈਆਂ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੀ ਐਲਾਨਾਂ ਦੇ ਬਾਵਜੂਦ ਲੋਕਾਂ ਨੂੰ ਤਸੱਲੀਬਖ਼ਸ਼ ਬਿਜਲੀ ਸਪਲਾਈ ਮੁਹੱਈਆ ਨਹੀਂ ਕਰਾ ਸਕੀ। ਪਿਛਲੇ ਹਫ਼ਤੇ ਬਿਜਲੀ ਦਰਾਂ ਵਿਚ ਕੀਤਾ ਵਾਧਾ ਵੀ ਲੋਕਾਂ ਲਈ ਆਫ਼ਤ ਹੈ। ਪਾਵਰਕੌਮ ਦਾ ਕਹਿਣਾ ਹੈ ਕਿ ਉਹ ਇਸ ਵਾਧੇ ਦੇ ਬਾਵਜੂਦ ਆਪਣੇ ਗੋਡੇ-ਗੋਡੇ ਚੜ੍ਹੇ ਕਰਜ਼ੇ ਵਿਚੋਂ ਨਹੀਂ ਨਿਕਲ ਸਕੇਗਾ। ਸਿੱਟੇ ਵਜੋਂ ਅਜੇ ਤੱਕ ਪਾਵਰਕੌਮ ਵੱਲੋਂ ਨਵੇਂ ਲੱਗ ਰਹੇ ਥਰਮਲ ਪਲਾਂਟਾਂ ਲਈ ਕੋਲੇ ਦੇ ਬਲਾਕਾਂ ਦਾ ਵੀ ਪ੍ਰਬੰਧ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ (ਪੀ.ਐਸ.ਪੀ.ਸੀ.ਐਲ.) ਦੇ ਡਾਇਰੈਕਟਰ ਡਿਸਟਰੀਬਿਊਸ਼ਨ ਕੇ.ਐਲ. ਸ਼ਰਮਾ ਦਾ ਕਹਿਣਾ ਹੈ ਕਿ ਪਾਵਰ ਕਾਰਪੋਰੇਸ਼ਨ ਵੱਲੋਂ ਵਪਾਰਕ, ਖੇਤੀਬਾੜੀ, ਘਰੇਲੂ ਤੇ ਹੋਰਨਾਂ ਖੇਤਰਾਂ ਲਈ ਲੋੜੀਂਦੀ ਬਿਜਲੀ ਲਈ ਪਹਿਲਾਂ ਹੀ ਵਿਆਪਕ ਬੰਦੋਬਸਤ ਕਰ ਲਏ ਗਏ ਹਨ।

ਇਸ ਕਰਕੇ ਗਰਮੀ ਦੇ ਸੀਜ਼ਨ ਦੌਰਾਨ ਖ਼ਪਤਕਾਰਾਂ ਨੂੰ ਕੋਈ ਵੀ ਤਕਲੀਫ਼ ਨਹੀਂ ਆਉਣ ਦਿੱਤੀ ਜਾਵੇਗੀ। ਟੀਐਸਪੀਐਲ ਤਲਵੰਡੀ ਸਾਬੋ ਦੇ ਇਕ ਅਧਿਕਾਰੀ ਡਾ. ਵਿਸ਼ਾਲ ਅਗਰਵਾਲ ਨੇ ਦੱਸਿਆ ਕਿ ਤਾਪ ਬਿਜਲੀ ਘਰ ਦੇ ਪਹਿਲੇ ਯੂਨਿਟ ਤੋਂ 660 ਮੈਗਾਵਾਟ ਬਿਜਲੀ ਪੈਦਾਵਾਰ ਹੋਣੀ ਸ਼ੁਰੂ ਹੋ ਗਈ ਹੈ, ਜਦੋਂਕਿ ਦੂਸਰੇ ਯੂਨਿਟ ਨੇ ਅਗਲੇ ਦੋ ਮਹੀਨਿਆਂ ਤੋਂ ਪਹਿਲਾਂ ਬਾਕਾਇਦਾ ਕੰਮ ਕਰਨਾ ਸ਼ੁਰੂ ਕਰ ਦੇਣਾ ਹੈ। ਉਨ੍ਹਾਂ ਦੱਸਿਆ ਕਿ ਤਾਪ ਬਿਜਲੀ ਘਰ ਵਿਚ 660 ਮੈਗਾਵਾਟ ਦੇ ਤਿੰਨ ਵੱਖ-ਵੱਖ ਯੂਨਿਟਾਂ ਨੇ ਕੰਮ ਕਰਨਾ ਹੈ, ਜਦੋਂਕਿ ਤੀਜੇ ਯੂਨਿਟ ਦੇ ਇਸ ਸਾਲ ਦੇ ਅੰਤ ਤੱਕ ਚਾਲੂ ਹੋਣ ਦੀ ਸੰਭਾਵਨਾ ਹੈ।

# ਮੇਨਕਾ ਗਾਂਧੀ ਉਤੇ ਪਟਿਆਲੇ ਦੇ ਡਾਕਟਰ ਨੂੰ ਧਮਕਾਉਣ ਦੇ ਦੋਸ਼

**ਪਟਿਆਲਾ**: ਪਟਿਆਲਾ ਵਿਚ ਕੁੱਤਿਆਂ ਦੀ ਨਸਬੰਦੀ ਕਰ ਰਹੀ ਐਨ.ਜੀ.ਓ. ਦੇ ਪ੍ਰਧਾਨ ਤੇ ਨਸਬੰਦੀ ਕਰਨ ਵਾਲੇ ਡਾਕਟਰ ਨੇ ਇਸ ਪ੍ਰਾਜੈਕਟ ਬਾਰੇ ਕੇਂਦਰੀ ਮੰਤਰੀ ਮੇਨਕਾ ਗਾਂਧੀ ਉਤੇ ਉਨ੍ਹਾਂ ਨਾਲ ਗਾਲੀ-ਗਲੋਚ ਤੇ ਧਮਕੀਆਂ ਦੇਣ ਦਾ ਦੋਸ਼ ਲਾਇਆ ਹੈ।

ਡਾਕਟਰ ਇਮਰਾਨ ਅਲੀ ਨੇ ਤਾਂ ਇਥੋਂ ਤੱਕ ਕਿਹਾ ਕਿ ਸ੍ਰੀਮਤੀ ਗਾਂਧੀ ਨੇ ਉਸ ਨੂੰ ਆਪਣੇ ਨਿਜੀ ਮੋਬਾਈਲ ਫੋਨ ਤੋਂ ਕਾਲ ਕਰਕੇ 'ਪਾਕਿਸਤਾਨ ਚਲੇ ਜਾਣ' ਤੇ ਉਸ ਦੀ ਵੈਟਰਨਰੀ ਡਾਕਟਰ ਦੀ ਡਿਗਰੀ ਰੱਦ ਕਰਵਾ ਦੇਣ ਤੱਕ ਦੀ ਧਮਕੀ ਦਿੱਤੀ ਹੈ।


ਸ੍ਰੀਮਤੀ ਗਾਂਧੀ ਨੇ ਗਾਲੀ-ਗਲੋਚ ਤੇ ਧਮਕੀਆਂ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਫੋਨ ਕਰਕੇ ਡਾਕਟਰ ਨੂੰ ਨਸਬੰਦੀ ਪ੍ਰੋਗਰਾਮ ਫ਼ੌਰੀ ਬੰਦ ਕਰਨ ਲਈ ਆਖਣ ਦੀ ਗੱਲ ਮੰਨੀ ਹੈ। ਐਨ.ਜੀ.ਓ. 'ਐਨਡੇਂਜਰਡ ਵਾਈਲਡ ਲਾਈਫ਼ ਸੁਸਾਇਟੀ' ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸ੍ਰੀਮਤੀ ਗਾਂਧੀ ਨੇ ਉਨ੍ਹਾਂ ਨੂੰ ਉਸੇ ਫੋਨ ਨੰਬਰ ਤੋਂ ਕਾਲ ਕਰਕੇ ਪ੍ਰੋਗਰਾਮ ਬੰਦ ਕਰਨ ਤੇ ਪਟਿਆਲਾ ਤੋਂ ਚਲੇ ਜਾਣ ਲਈ ਕਿਹਾ ਤੇ 'ਜੇਲ੍ਹ ਵਿਚ ਬੰਦ ਕਰਵਾ ਜਾਂ ਮਰਵਾ ਦੇਣ' ਲਈ ਧਮਕਾਇਆ। ਦੋਵਾਂ ਨੇ ਇਹ ਦੋਸ਼ ਪਟਿਆਲਾ ਦੇ ਮੇਅਰ ਅਮਰਿੰਦਰ ਬਜਾਜ ਨੂੰ ਦਿੱਤੀਆਂ ਸ਼ਿਕਾਇਤਾਂ ਵਿਚ ਲਾਏ।

ਸੂਤਰਾਂ ਮੁਤਾਬਕ ਸ੍ਰੀਮਤੀ ਗਾਂਧੀ ਨੇ ਪਟਿਆਲਾ ਦੇ ਡੀ.ਸੀ. ਤੇ ਐਸ.ਐਸ.ਪੀ. ਨੂੰ ਫੋਨ ਕਰਕੇ ਨਸਬੰਦੀ ਪ੍ਰੋਗਰਾਮ ਘਟੀਆ ਢੰਗ ਨਾਲ ਚਲਾਏ ਜਾਣ ਲਈ ਸਬੰਧਤ ਐਨ.ਜੀ.ਓ. ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



STATEN SOLAR

Affordable Energy For Everyone

Save with Solar

Commercial, Agricultural and Residential











*Simran S. Deol*

*Solar Engineer*

1844-4 BYEBILL

661-412-4728 (Office)

661-427-0843 (Fax)




No One Can Beat Our Price Guranteed!

- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# ਬਾਦਲ ਸਰਕਾਰ ਵਲੋਂ ਭੰਡੀ ਪ੍ਰਚਾਰ ਦੇ ਟਾਕਰੇ ਲਈ ਹੁਣ ਸੋਸ਼ਲ ਮੀਡੀਆ 'ਤੇ ਟੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਸੋਸ਼ਲ ਮੀਡੀਆ ਉਤੇ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਵੱਲੋਂ ਬਾਕਾਇਦਾ 'ਓਮ ਲੌਜਿਕ' ਨਾਮੀ ਕੰਪਨੀ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ 1.30 ਕਰੋੜ ਰੁਪਏ ਦੋ ਸਾਲਾਂ ਦੇ ਸਮੇਂ ਦੌਰਾਨ ਅਦਾ ਕੀਤੇ ਜਾਣਗੇ। ਲੋਕ ਸੰਪਰਕ ਵਿਭਾਗ ਰਾਹੀਂ ਇਸ ਕੰਪਨੀ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਵਿਭਾਗ ਦੇ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਦਾ ਮਕਸਦ ਮਹਿਜ਼ ਆਪਣੀ ਮੌਜੂਦਗੀ ਦਿਖਾਉਣਾ ਹੈ ਕਿਉਂਕਿ ਸਰਕਾਰ ਦੀ ਗ਼ੈਰ ਮੌਜੂਦਗੀ ਵਿਚ ਭੰਡੀ ਪ੍ਰਚਾਰ ਜ਼ੋਰ ਸ਼ੋਰ ਨਾਲ ਹੁੰਦਾ ਹੈ।



ਸਰਕਾਰ ਦਾ ਮੰਨਣਾ ਹੈ ਕਿ ਸੰਚਾਰ ਦੇ ਮੌਜੂਦਾ ਯੁੱਗ ਵਿਚ ਸੋਸ਼ਲ ਮੀਡੀਆ ਦੀ ਵਰਤੋਂ ਕਾਰਨ ਲੋਕਾਂ ਦਾ ਰੁਖ਼ ਸਥਾਪਤੀ ਵਿਰੋਧੀ ਹੋ ਜਾਂਦਾ ਹੈ। ਰਾਜ ਸਰਕਾਰ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਦਾ ਫ਼ੈਸਲਾ ਸਰਕਾਰ ਖਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਹੁੰਦੇ ਪ੍ਰਚਾਰ ਤੋਂ ਬਾਅਦ ਲਿਆ ਗਿਆ ਹੈ। ਸਰਕਾਰ ਤੇ ਸੱਤਾਧਾਰੀ ਪਾਰਟੀ ਦਾ ਮੰਨਣਾ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਹੱਥੋਂ ਕਈ ਸੀਟਾਂ ਸੋਸ਼ਲ ਮੀਡੀਆ ਉਤੇ ਹੋਏ ਪ੍ਰਚਾਰ ਕਾਰਨ ਖੁੱਸੀਆਂ। ਆਮ ਆਦਮੀ ਪਾਰਟੀ ਨੂੰ ਮਿਲੇ ਸਮਰਥਨ ਲਈ ਵੀ ਸੋਸ਼ਲ ਮੀਡੀਆ ਨੂੰ ਵੱਡਾ ਜ਼ਰੀਆ ਮੰਨਿਆ ਗਿਆ ਹੈ। ਇਹੀ ਕਾਰਨ ਹੈ ਕਿ ਅਕਾਲੀ ਦਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੋਸ਼ਲ ਮੀਡੀਆ ਦੀ ਵਰਤੋਂ ਕਰਨੀ ਚਾਹੁੰਦਾ ਹੈ।

ਲੋਕ ਸੰਪਰਕ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਭਾਗ ਕਿਸੇ ਵਿਅਕਤੀ ਵਿਸ਼ੇਸ਼ ਵਿਰੁੱਧ ਹੁੰਦੇ ਪ੍ਰਚਾਰ ਦਾ ਜਵਾਬ ਤਾਂ ਦੇ ਨਹੀਂ ਸਕਦਾ ਪਰ ਸਰਕਾਰ ਦੀਆਂ ਪ੍ਰਾਪਤੀਆਂ ਤੇ ਰੋਜ਼ਾਨਾਂ ਦੀਆਂ ਗਤੀਵਿਧੀਆਂ ਨੂੰ ਸੋਸ਼ਲ ਮੀਡੀਆ ਉਤੇ ਜ਼ਰੂਰ ਪ੍ਰਚਾਰਿਆ ਜਾ ਸਕਦਾ ਹੈ। ਵਿਭਾਗ ਨੂੰ ਹਾਲ ਦੀ ਘੜੀ ਵੱਟਸਐਪ ਦਾ ਕੋਈ ਤੋੜ ਨਹੀਂ ਲੱਭਿਆ ਹੈ। ਲੋਕਾਂ ਦੇ ਹੁੰਗਾਰੇ ਨੂੰ ਦੇਖ ਕੇ ਸਰਕਾਰ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਵਧਾਈ ਜਾਵੇਗੀ। ਦੱਸਣਯੋਗ ਹੈ ਕਿ ਪੰਜਾਬ ਵਿਚ ਮੋਬਾਈਲ ਇੰਟਰਨੈਟ ਦੀਆਂ ਸੇਵਾਵਾਂ ਲੈਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਦਿਹਾਤੀ ਖੇਤਰ ਵਿਚ ਸ਼ਹਿਰੀ ਖੇਤਰ ਨਾਲੋਂ ਇੰਟਰਨੈਟ ਸੇਵਾਵਾਂ ਲੈਣ ਵਾਲਿਆਂ ਦੀ ਗਿਣਤੀ ਵਿਚ ਜ਼ਿਆਦਾ ਵਾਧਾ ਹੋਇਆ ਹੈ। ਲੋਕਾਂ ਦੇ ਇਸ ਹੁੰਗਾਰੇ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਸੋਸ਼ਲ ਮੀਡੀਆ ਉਪਰ ਹੁੰਦੀ ਭੰਡੀ ਦਾ ਟਾਕਰਾ ਕਰਨ ਲਈ ਫੇਸਬੁੱਕ, ਟਵਿਟਰ ਤੇ ਬਲਾਗ 'ਤੇ ਹਾਜ਼ਰੀ ਲਵਾਉਣੀ ਸ਼ੁਰੂ ਕਰ ਦਿੱਤੀ ਹੈ।

# ਸੈਨ ਫਰਾਂਸਿਸਕੋ 'ਚ ਸ਼ਹੀਦੀ ਨਗਰ ਕੀਰਤਨ 7 ਜੂਨ ਨੂੰ

**ਟਰੇਸੀ (ਬਿਊਰੋ):** ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਤੇ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



ਨਗਰ ਕੀਰਤਨ ਇਸ ਵਾਰ ਆਉਂਦੀ 7 ਜੂਨ ਐਤਵਾਰ ਨੂੰ ਹੋਵੇਗਾ। ਜ਼ਿਕਰਯੋਗ ਹੈ ਕਿ ਇਸ ਨਗਰ ਕੀਰਤਨ ਦਾ ਅਰੰਭ ਪਿਛਲੇ ਸਾਲ ਕੀਤਾ ਗਿਆ ਸੀ। ਨਗਰ ਕੀਰਤਨ ਲਈ ਤਿਆਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਅਰੰਭ ਕਰ ਦਿਤੀਆਂ ਗਈਆਂ ਹਨ।

ਇਸ ਸਬੰਧੀ ਇਕ ਮੀਟਿੰਗ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਚ ਹੋਈ ਜਿਸ ਵਿਚ ਦੂਰੋਂ-ਨੇੜਿਓਂ ਬਹੁਤ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆ ਦੇ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਵਿਚ ਪਿਛਲੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਤੇ ਆਉਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਲਈ ਸੂਚੀਆਂ ਤੇ ਪ੍ਰਬੰਧਾਂ ਦੀ ਵੰਡ ਕੀਤੀ ਗਈ। ਪਿਛਲੇ ਸਾਲ ਦੇ ਨਗਰ ਕੀਰਤਨ ਵਿਚ ਹੋਰਨਾਂ ਸਟੇਟਾਂ ਤੋਂ ਇਲਾਵਾ ਕੈਲੀਫੋਰਨੀਆ ਦੇ ਕਰੀਬ ਸਾਰੇ ਗੁਰਦੁਆਰਿਆਂ ਦੀਆਂ ਸੰਗਤਾਂ ਤੇ ਪ੍ਰਬੰਧਕ ਹਾਜਰੀ ਭਰਨ ਲਈ ਪਹੁੰਚੇ ਸਨ। ਮੀਟਿੰਗ ਵਿਚ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਤਾਲਮੇਲ ਕਰਕੇ ਵੱਧ ਤੋਂ ਵੱਧ ਸੰਗਤਾਂ ਨੂੰ ਨਗਰ ਕੀਰਤਨ ਵਿਚ ਸ਼ਾਮਲ ਕਰਨ ਸਬੰਧੀ ਵਿਚਾਰਾਂ ਹੋਈਆਂ। ਇਹ ਮਹਿਸੂਸ ਕੀਤਾ ਗਿਆ ਕਿ ਸੈਨ ਫਰਾਂਸਿਸਕੋ ਇਕ ਅੰਤਰ-ਰਾਸਟਰੀ ਪ੍ਰਸਿਧੀ ਵਾਲਾ ਸ਼ਹਿਰ ਹੈ, ਜਿਸ ਵਿਚ ਕੀਤੀ ਗਈ ਹਰ ਗੱਲ ਦੂਰ ਤੱਕ ਜਾਂਦੀ ਹੈ। ਇਸ ਨਗਰ ਕੀਰਤਨ ਦੀ ਖਬਰ ਵੀ ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਵੇਗੀ, ਜਿਸ ਨਾਲ ਸਿੱਖੀ ਦੇ ਪ੍ਰਚਾਰ ਵਿਚ ਮਦਦ ਮਿਲੇਗੀ। ਹੋਰ ਜਾਣਕਾਰੀ ਫੋਨ 650-391-4408 ਰਾਹੀਂ ਲਈ ਜਾ ਸਕਦੀ ਹੈ।

# ਮਿਸਰ ਦੇ ਗੱਦੀਉਂ ਲਾਹੇ ਰਾਸ਼ਟਰਪਤੀ ਮੁਰਸੀ ਨੂੰ 20 ਸਾਲ ਕੈਦ

**ਕਾਹਿਰਾ:** ਮਿਸਰ ਦੇ ਗੱਦੀਉਂ ਲਾਹੇ ਗਏ ਕੱਟੜ ਇਸਲਾਮਪ੍ਰਸਤ ਸਦਰ ਮੁਹੰਮਦ ਮੁਰਸੀ ਨੂੰ ਆਪਣੀ ਹਕੂਮਤ ਦੌਰਾਨ ਮੁਜ਼ਾਹਰਾਕਾਰੀਆਂ ਦਾ ਕਤਲ ਕਰਨ ਬਦਲੇ ਮੁਲਕ ਦੀ ਇਕ ਅਦਾਲਤ ਨੇ 20 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮੁਲਕ ਦੇ ਪਹਿਲੇ ਚੁਣੇ ਹੋਏ ਆਗੂ ਖ਼ਿਲਾਫ਼ ਅਦਾਲਤ ਦਾ ਪਹਿਲਾ ਫ਼ੈਸਲਾ ਹੈ।

ਇਸ ਮੁਕੱਦਮੇ ਵਿਚ 63 ਸਾਲਾ ਮੁਰਸੀ ਸਣੇ ਮੁਸਲਿਮ ਬ੍ਰਦਰਹੁੱਡ ਦੇ ਕੁੱਲ 13 ਆਗੂਆਂ ਨੂੰ ਇਹ ਸਜ਼ਾ ਸੁਣਾਈ ਗਈ ਹੈ। ਸਜ਼ਾ ਸੁਣਾਏ ਜਾਣ ਸਮੇਂ ਸਾਰੇ ਦੋਸ਼ੀ ਇਥੇ ਕੌਮੀ ਪੁਲੀਸ ਅਕੈਡਮੀ ਵਿਚ ਬਣਾਈ ਗਈ ਖ਼ਾਸ ਅਦਾਲਤ ਵਿਚ ਸ਼ੀਸ਼ੇ ਦੇ ਇਕ ਆਵਾਜ਼-ਬੰਦ ਪਿੰਜਰੇ ਵਿਚ ਖੜ੍ਹੋਤੇ ਸਨ। ਸਜ਼ਾ ਸੁਣਾਉਂਦਿਆਂ ਜੱਜ ਅਹਿਮਦ ਯੂਸਫ਼ ਨੇ ਉਨ੍ਹਾਂ ਤੋਂ ਕਤਲ ਦੇ ਦੋਸ਼ ਹਟਾ ਲਏ ਅਤੇ ਕਿਹਾ ਕਿ ਉਨ੍ਹਾਂ ਨੂੰ ਇਹ ਸਜ਼ਾ ਇਸ ਕੇਸ ਵਿਚ ਤਾਕਤ ਦੀ ਦੁਰਵਰਤੋਂ ਕਰਨ ਅਤੇ ਲੋਕਾਂ ਨੂੰ ਨਾਜਾਇਜ਼ ਢੰਗ ਨਾਲ ਬੰਦੀ ਬਣਾ ਕੇ ਰੱਖਣ ਬਦਲੇ ਸੁਣਾਈ ਗਈ ਹੈ।

ਮੁਰਸੀ ਨੂੰ ਜੁਲਾਈ 2013 ਵਿਚ ਫ਼ੌਜ ਨੇ ਉਦੋਂ ਗੱਦੀ ਤੋਂ ਲਾਹ ਦਿੱਤਾ ਸੀ ਜਦੋਂ ਮੁਲਕ ਵਿਚ ਉਸ ਖ਼ਿਲਾਫ਼ ਵੱਡੇ ਪੱਧਰ ਉਤੇ ਮੁਜ਼ਾਹਰੇ ਹੋਏ ਸਨ। ਦੋਸ਼ੀਆਂ ਉਤੇ ਪੁਰਅਮਨ ਮੁਜ਼ਾਹਰਾਕਾਰੀਆਂ ਨੂੰ ਜਾਨੋਂ ਮਾਰਨ, ਹਥਿਆਰਾਂ ਦਾ ਇਸਤੇਮਾਲ ਕਰਨ ਅਤੇ ਹਿੰਸਾ ਫੈਲਾਉਣ ਵਰਗੇ ਦੋਸ਼ ਸਨ। ਇਹ ਮੁਰਸੀ ਅਤੇ ਬਾਕੀ ਮੁਜਰਮਾਂ ਖ਼ਿਲਾਫ਼ ਇਸ ਕੇਸ ਵਿਚ ਪਹਿਲਾ ਅਤੇ ਆਖ਼ਰੀ ਫ਼ੈਸਲਾ ਹੈ ਜੋ ਇਸ ਵੇਲੇ ਜੇਲ੍ਹ ਵਿਚ ਬੰਦ ਹਨ। ਅਲ-ਜਜ਼ੀਰਾ ਚੈਨਲ ਮੁਤਾਬਕ ਉਸ ਉਤੇ ਦੇਸ਼ ਧ੍ਰੋਹ, ਜੇਲ੍ਹ ਵਿਚੋਂ ਭੱਜਣ ਅਤੇ ਅਦਾਲਤਾਂ ਦੀ ਬੇਹੁਮਤੀ ਦੇ ਦੋਸ਼ ਵੀ ਹਨ। ਉਹ 2011 ਵਿਚ ਮੁਲਕ 'ਚ ਲੰਮੇ ਸਮੇਂ ਤੋਂ ਹਕੂਮਤ ਕਰ ਰਹੇ ਹੋਸਨੀ ਮੁਬਾਰਕ ਖ਼ਿਲਾਫ਼ ਲੋਕ ਵਿਰੋਧ ਭੜਕਣ ਤੋਂ ਬਾਅਦ ਸੱਤਾ ਵਿਚ ਆਇਆ ਸੀ।

# ਟੀਪੂ ਸੁਲਤਾਨ ਦੀਆਂ ਨਿਸ਼ਾਨੀਆਂ ਨਿਲਾਮ

**ਲੰਡਨ:** ਮੈਸੂਰ ਦੇ ਆਖਰੀ ਬਾਦਸ਼ਾਹ ਟੀਪੂ ਸੁਲਤਾਨ ਦੀਆਂ ਨਿਸ਼ਾਨੀਆਂ ਲੰਡਨ ਦੇ ਬੌਨਹੈਮਸ ਨਿਲਾਮੀ ਘਰ ਵਿਚ ਨਿਲਾਮ ਹੋਈਆਂ। ਟੀਪੂ ਸੁਲਤਾਨ ਦੀ ਬਾਂਹ ਦਾ ਸ਼ੇਰ ਦੇ ਮੂੰਹ ਵਾਲਾ ਹੀਰਿਆਂ ਜੜਿਆ ਕਵਰ 21 ਲੱਖ 54 ਹਜ਼ਾਰ 5 ਸੌ ਪਾਡ ਦਾ ਵਿਕਿਆ ਹੈ, ਜਦਕਿ ਇਸ ਦਾ ਅੰਦਾਜ਼ਨ ਮੁੱਲ 60 ਤੋਂ 80 ਹਜ਼ਾਰ ਪਾਡ ਮਿੱਥਿਆ ਗਿਆ ਸੀ। ਦੋ ਬੰਦੂਕਾਂ 7 ਲੱਖ 22 ਹਜ਼ਾਰ 5 ਸੌ ਪੌਂਡ ਦੀਆ ਨਿਲਾਮ ਹੋਈਆਂ ਹਨ ਜਿਨ੍ਹਾਂ ਦਾ ਅੰਦਾਜ਼ਨ ਮੁੱਲ ਇੱਕ ਲੱਖ ਤੋਂ 1 ਲੱਖ 50 ਹਜ਼ਾਰ ਮਿੱਥਿਆ ਗਿਆ ਸੀ। ਮੈਸੂਰ ਦੇ ਸ਼ੇਰ ਵਜੋਂ ਮਸ਼ਹੂਰ ਟੀਪੂ ਸੁਲਤਾਨ ਨੇ ਗੋਰਿਆਂ ਨਾਲ ਲੋਹਾ ਲੈਂਦਿਆਂ ਐਲਾਨ ਕੀਤਾ ਹੋਇਆ ਸੀ ਕਿ ਉਹ ਭੇਡ ਵਰਗੀ ਜ਼ਿੰਦਗੀ ਜਿਉਣ ਨਾਲੋਂ ਸ਼ੇਰ ਦੀ ਜ਼ਿੰਦਗੀ ਜਿਉਣ ਨੂੰ ਤਰਜੀਹ ਦਿੰਦਾ ਹੈ। ਉਸ ਨੂੰ ਈਸਟ ਇੰਡੀਆ ਕੰਪਨੀ ਆਪਣਾ ਦੁਸ਼ਮਣ ਮੰਨਦੀ ਸੀ ਜੋ 1799 'ਚ ਯੁੱਧ ਕਰਦਾ ਸ਼ਹੀਦ ਹੋ ਗਿਆ ਸੀ।

For Sale Or Lease

Spiceland Truck Stop at I-70 Exit 123 and 4 other Gas Stations in Indianapolis, Indiana are for sale and lease.




ਇੰਡੀਆਨਾ ਵਿਚ ਫਰੀਵੇ 70 ਦੇ ਐਗਜ਼ਿਟ 123 ਉਤੇ ਸਪਾਈਸਲੈਂਡ ਟਰੱਕ ਸਟਾਪ ਅਤੇ ਚਾਰ ਹੋਰ ਗੈਸ ਸਟੇਸ਼ਨ ਸੇਲ ਜਾਂ ਲੀਜ਼ ਲਈ ਉਪਲਬਧ ਹਨ, ਸੰਪਰਕ ਕਰੋ

Gurinder Singh
Ph: 916-833-9218 or 317-308-1050
adhoyee@gmail.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538

REALTOR
EQUAL HOUSING OPPORTUNITY

# ਧੂਰੀ ਚੋਣ ਹਾਰਨ ਪਿੱਛੋਂ ਪੰਜਾਬ ਕਾਂਗਰਸ ਦਾ ਕਲੇਸ਼ ਸਿਖਰਾਂ ਉਤੇ

**ਚੰਡੀਗੜ੍ਹ:** ਧੂਰੀ ਜ਼ਿਮਨੀ ਚੋਣ ਹਾਰਨ ਪਿੱਛੋਂ ਆਤਮਮੰਥਨ ਦੀ ਥਾਂ ਪੰਜਾਬ ਕਾਂਗਰਸ ਵਿਚਲੀ ਫੁੱਟ ਨੇ ਹੋਰ ਵਿਰਾਟ ਰੂਪ ਧਾਰ ਲਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪਾਰਟੀ ਦੇ ਲੋਕ ਸਭਾ ਵਿਚ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਖੁੱਲ੍ਹ ਕੇ ਇਕ-ਦੂਜੇ ਖਿਲਾਫ ਨਿੱਤਰ ਆਏ ਹਨ। ਦੋਵਾਂ ਆਗੂਆਂ ਨੇ ਇਕ-ਦੂਜੇ ਨੂੰ ਆਤਮ-ਚਿੰਤਨ ਕਰਨ ਦੀ ਸਲਾਹ ਦਿੱਤੀ ਹੈ।



ਦੱਸਣਯੋਗ ਹੈ ਕਿ ਦੋਵਾਂ ਆਗੂਆਂ ਵਿਚਾਲੇ ਧੂਰੀ ਜ਼ਿਮਨੀ ਚੋਣ ਤੋਂ ਪਹਿਲਾਂ ਅਸਿੱਧੀ ਲੜਾਈ ਚੱਲ ਰਹੀ ਸੀ ਤੇ ਉਹ ਇਕ-ਦੂਜੇ ਦਾ ਨਾਂ ਲਏ ਬਗੈਰ ਹਮਲੇ ਕਰ ਰਹੇ ਸਨ ਪਰ ਚੋਣਾਂ ਵਿਚ ਹੋਈ ਪਾਰਟੀ ਦੀ ਤਕੜੀ ਹਾਰ ਤੋਂ ਬਾਅਦ ਦੋਵਾਂ ਵਿਚਾਲੇ ਲੜਾਈ ਇਕਦਮ ਤੇਜ਼ ਹੋ ਗਈ ਹੈ। ਸ. ਬਾਜਵਾ ਨੇ ਜਿਥੇ ਦਾਅਵਾ ਕੀਤਾ ਹੈ ਕਿ ਪਾਰਟੀ ਅੰਦਰ ਕੋਈ ਧੜੇਬਾਜ਼ੀ ਨਹੀਂ ਹੈ ਤੇ ਇਕ ਆਗੂ (ਕੈਪਟਨ) ਹੀ ਸਾਰਾ ਕੰਮ ਖਰਾਬ ਕਰ ਰਿਹਾ ਹੈ, ਜਿਸ ਖਿਲਾਫ ਪਾਰਟੀ ਹਾਈਕਮਾਂਡ ਸਖਤ ਅਨੁਸ਼ਾਸਨੀ ਕਾਰਵਾਈ ਕਰੇਗੀ। ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਜਵਾ ਵਿਰੁੱਧ ਸਖਤ ਹਮਲਾ ਕਰਦਿਆਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਕਿਸ ਅਧਾਰ ਉਤੇ ਉਨ੍ਹਾਂ ਵਿਰੁੱਧ ਕਾਰਵਾਈ ਦੀ ਗੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਰੇ ਜਾਣਦੇ ਹਨ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਅਗਵਾਈ ਵਿਚ ਹੋਈਆਂ ਹਾਰਾਂ ਕਾਰਨ ਉਨ੍ਹਾਂ ਦੇ ਅਹੁਦੇ 'ਤੇ ਬਣੇ ਰਹਿਣ ਦੇ ਆਸਾਰ ਨਹੀਂ ਹਨ ਤੇ ਉਨ੍ਹਾਂ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਸ. ਬਾਜਵਾ ਨੇ ਪਾਰਟੀ ਦੀ ਕਮਾਂਡ ਸੰਭਾਲੀ ਹੈ, ਉਸੇ ਦਿਨ ਤੋਂ ਪਾਰਟੀ ਲਗਾਤਾਰ ਨਿੱਘਰਦੀ ਗਈ ਹੈ ਤੇ ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਦੇ ਮੁੜ ਸੰਭਲਣ ਦੀ ਆਸ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਸਮੇਂ ਪੰਜਾਬ ਵਿਚ ਹਾਕਮ ਧਿਰ ਖਿਲਾਫ ਸਥਾਪਤੀ ਵਿਰੋਧੀ ਤਕੜਾ ਰੁਝਾਨ ਸੀ ਪਰ ਸ. ਬਾਜਵਾ ਇਸ ਦਾ ਲਾਹਾ ਲੈਣ ਵਿਚ ਅਸਫਲ ਰਹੇ। ਇਸ ਦਾ ਫਾਇਦਾ ਆਮ ਆਦਮੀ ਪਾਰਟੀ ਲੈ ਗਈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਦੇ ਜ਼ਿਲ੍ਹੇ ਗੁਰਦਾਸਪੁਰ ਵਿਚ ਹੀ ਨਹੀਂ ਸਗੋਂ ਉਨ੍ਹਾਂ ਦੇ ਕਾਦੀਆਂ ਵਿਧਾਨ ਸਭਾ ਹਲਕੇ ਵਿਚ ਵੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਰਹੀ। ਉਹ ਇਸ ਦਾ ਦੋਸ਼ ਹੋਰਾਂ 'ਤੇ ਮੜ੍ਹਨ ਦਾ ਯਤਨ ਕਰਦੇ ਹਨ, ਪਰ ਇਸ ਦੀ ਥਾਂ ਉਨ੍ਹਾਂ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਤੋਂ ਬਾਅਦ ਸ. ਬਾਜਵਾ ਨੇ ਮੋੜਵਾਂ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੇ ਬਿਆਨ ਵਿਚ ਕੈਪਟਨ ਦਾ ਨਾਂ ਤੱਕ ਨਹੀਂ ਲਿਆ ਪਰ ਕੈਪਟਨ ਨੇ ਖੁਦ ਮੰਨ ਲਿਆ ਹੈ ਕਿ ਉਨ੍ਹਾਂ ਦੀਆਂ ਗਲਤ ਕਾਰਵਾਈਆਂ ਕਰਕੇ ਪਾਰਟੀ ਨੂੰ ਨੁਕਸਾਨ ਪੁੱਜਾ ਹੈ। ਉਨ੍ਹਾਂ ਦੀ ਨਾਂਹ ਪੱਖੀ ਪਹੁੰਚ ਸਾਬਤ ਕਰਦੀ ਹੈ ਕਿ ਉਹ ਸੱਤਾ ਦਾ ਭੁੱਖਾ ਹੈ। ਉਨ੍ਹਾਂ ਗਿਣੇ-ਮਿਥੇ ਢੰਗ ਨਾਲ ਧੂਰੀ ਜ਼ਿਮਨੀ ਚੋਣ ਸਾਬੋਤਾਜ ਕੀਤੀ ਤੇ ਅਜਿਹੇ ਬਿਆਨ ਦਿੱਤੇ ਕਿ ਪਾਰਟੀ ਹੇਠਲੀ ਪੱਧਰ ਤੱਕ ਵੰਡੀ ਹੋਈ ਹੈ। ਉਹ ਅਜਿਹੀ ਬਿਆਨਬਾਜ਼ੀ ਖਾਸ ਹਿੱਤਾਂ ਤੋਂ ਪ੍ਰੇਰਿਤ ਹੋ ਕੇ ਕਰਦੇ ਹਨ।

## ਕਿਸਾਨ ਰੈਲੀ ਵਿਚ ਵੀ ਧੜੇਬੰਦੀ ਨੇ ਪਿੱਛਾ ਨਾ ਛੱਡਿਆ

**ਨਵੀਂ ਦਿੱਲੀ:** ਕਾਂਗਰਸ ਵੱਲੋਂ 19 ਅਪ੍ਰੈਲ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਕੀਤੀ ਕਿਸਾਨ ਰੈਲੀ ਵਿਚ ਵੀ ਸੂਬਾਈ ਪੱਧਰ ਉਤੇ ਧੜੇਬੰਦੀ ਸਪੱਸ਼ਟ ਨਜ਼ਰ ਆਈ। ਕਾਂਗਰਸ ਪਾਰਟੀ ਵੱਲੋਂ ਇਥੇ ਭੂਮੀ ਗ੍ਰਹਿਣ ਆਰਡੀਨੈਂਸ ਖ਼ਿਲਾਫ਼ ਕੀਤੀ ਰੈਲੀ ਦੇ ਬੁਲਾਰਿਆਂ ਵਿਚੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੀ ਗ਼ੈਰਹਾਜ਼ਰੀ ਰੜਕਦੀ ਰਹੀ। ਕੈਪਟਨ ਦੇ ਵਿਸ਼ਵਾਸਪਾਤਰ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਕੈਪਟਨ ਦੀ ਘਾਟ ਪੂਰਨ ਦੀ ਕੋਸ਼ਿਸ਼ ਕੀਤੀ ਪਰ ਲੋਕ ਹੈਰਾਨ ਸਨ ਕਿ ਕੀ ਕੈਪਟਨ ਤੇ ਸ਼ੀਲਾ ਦੀਕਸ਼ਤ ਨੂੰ ਇਸ ਲਈ ਮਾਈਕ ਤੋਂ ਦੂਰ ਰੱਖਿਆ ਗਿਆ ਕਿਉਂਕਿ ਇਨ੍ਹਾਂ ਦੋਹਾਂ ਨੇ ਹਾਲ ਹੀ ਵਿਚ ਰਾਹੁਲ ਗਾਂਧੀ ਨੂੰ ਪਾਰਟੀ ਦਾ ਪ੍ਰਧਾਨ ਬਣਾਏ ਜਾਣ ਦਾ ਵਿਰੋਧ ਕੀਤਾ ਸੀ ਤੇ ਸੋਨੀਆ ਗਾਂਧੀ ਦੇ ਹੀ ਪ੍ਰਧਾਨ ਬਣੇ ਰਹਿਣ ਦੀ ਹਮਾਇਤ ਕੀਤੀ ਸੀ। ਪੰਜਾਬ ਵਿਚੋਂ 20 ਹਜ਼ਾਰ ਵਰਕਰ ਲੈ ਕੇ ਰੈਲੀ ਵਿਚ ਪੁੱਜੇ ਸੂਬਾਈ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸ੍ਰੀ ਜਾਖੜ ਨੇ ਰੈਲੀ ਨੂੰ ਸੰਬੋਧਨ ਕੀਤਾ।

## ਕਲੇਸ਼ ਨਿਬੇੜਨ ਲਈ ਹਾਈਕਮਾਨ ਵਲੋਂ ਸਖਤੀ ਦੀ ਤਿਆਰੀ

**ਨਵੀਂ ਦਿੱਲੀ:** ਪੰਜਾਬ ਕਾਂਗਰਸੀ ਇਕਾਈ ਵਿਚਲਾ ਕਲੇਸ਼ ਖਤਮ ਕਰਨ ਲਈ ਪਾਰਟੀ ਹਾਈਕਮਾਨ ਸਖਤੀ ਕਰਨ ਦੇ ਰੌਅ ਵਿਚ ਹੈ। ਪਾਰਟੀ ਦੇ ਬੁਲਾਰੇ ਪੀ.ਸੀ. ਚਾਕੋ ਨੇ ਮੰਨਿਆ ਕਿ ਪੰਜਾਬ ਕਾਂਗਰਸ ਵਿਚ ਲੜਾਈ ਸਿਖਰਾਂ 'ਤੇ ਹੈ ਤੇ ਹਾਲਤ ਨੂੰ ਸੁਧਾਰਨ ਲਈ ਛੇਤੀ ਹੀ ਢੁਕਵੇਂ ਕਦਮ ਚੁੱਕੇ ਜਾਣਗੇ। ਪਾਰਟੀ ਦੇ ਇਕ ਸੀਨੀਅਰ ਆਗੂ ਦਾ ਵੀ ਕਹਿਣਾ ਹੈ ਕਿ ਰਾਹੁਲ ਗਾਂਧੀ ਦੇ ਵਤਨ ਵਾਪਸ ਆਉਣ 'ਤੇ ਪੰਜਾਬ ਕਾਂਗਰਸ ਵਿਚ ਚੱਲ ਰਹੀ ਖਿੱਚੋਤਾਣ ਦਾ ਮੁੱਦਾ ਉਨ੍ਹਾਂ ਦੇ ਮੁੱਖ ਏਜੰਡੇ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਦਾ ਕਹਿਣਾ ਸੀ ਇਹ ਪਾਰਟੀ ਦੇ ਹਿੱਤ ਵਿਚ ਨਹੀਂ ਹੈ ਕਿ ਦੋਵੇਂ ਆਗੂ ਵਾਰ-ਵਾਰ ਕਹਿਣ ਦੇ ਬਾਵਜੂਦ ਬਿਆਨਬਾਜ਼ੀ ਕਰਨ। ਇਸ ਮਾਮਲੇ 'ਤੇ ਪਾਰਟੀ ਹਾਈ ਕਮਾਂਡ ਸਖ਼ਤੀ ਵਰਤੇਗੀ।

# ਕੈਲੀਫੋਰਨੀਆ ਅਸੈਂਬਲੀ ਵਲੋਂ ਸਿੱਖ ਨਸਲਕੁਸ਼ੀ ਬਾਰੇ ਮਤਾ ਪਾਸ

### ਹਜ਼ਾਰਾਂ ਸਿੱਖਾਂ ਦੇ ਕਤਲੇਆਮ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ

**ਸੈਕਰਾਮੈਂਟੋ:** ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਇਕ ਇਤਿਹਾਸਿਕ ਕਦਮ ਚੁੱਕਦਿਆਂ ਨਵੰਬਰ 1984 ਵਿਚ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਬਾਰੇ ਪਾਸ ਕੀਤੇ ਗਏ ਮਤੇ, ਜਿਸ ਨੂੰ ਕਿ ਸੈਕਰਾਮੈਂਟੋ ਖੇਤਰ ਦੇ ਅਸੈਂਬਲੀ ਮੈਂਬਰ ਜਿਮ ਕੂਪਰ, ਕੇਵਿਨ ਮੈਕਾਰਟੀ, ਜਿਮ ਗੈਲੇਗਰ ਤੇ ਕੇਨ ਕੂਲੇ ਨੇ ਲਿਖਿਆ ਹੈ, ਵਿਚ ਕਿਹਾ ਗਿਆ ਹੈ ਕਿ ਸਰਕਾਰ ਤੇ ਕਾਨੂੰਨ ਦੀ ਰਾਖੀ ਕਰਨ ਵਾਲੇ ਅਧਿਕਾਰੀਆਂ ਨੇ ਇਹ ਸਾਰਾ ਕੁਝ ਕਰਵਾਇਆ ਤੇ ਖੁਦ ਸ਼ਾਮਲ ਹੋਏ ਤੇ ਹੱਤਿਆਵਾਂ ਨੂੰ ਰੋਕਣ ਲਈ ਨਾਕਾਮ ਰਹੇ।

ਇਸ ਮਤੇ ਵਿਚ ਐਲਾਨ ਕੀਤਾ ਗਿਆ ਕਿ ਇਹ ਜ਼ਿਆਦਤੀਆਂ ਨਸਲਕੁਸ਼ੀ ਸੀ, ਕਿਉਂਕਿ ਇਸ ਦੇ ਨਤੀਜੇ ਵਜੋਂ ਕਈ ਸਿੱਖ ਪਰਿਵਾਰਾਂ, ਘਰਾਂ ਤੇ ਵਪਾਰਿਕ ਅਦਾਰਿਆਂ ਨੂੰ ਮਿਥ ਕੇ ਤਬਾਹ ਕੀਤਾ ਗਿਆ ਸੀ। ਅਮਰੀਕਨ ਸਿੱਖ ਪੋਲਿਟੀਕਲ ਐਕਸ਼ਨ ਕਮੇਟੀ (ਪੀ.ਏ.ਸੀ.) ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਦਾ ਮੰਤਵ ਸੀ ਕਿ ਭਾਰਤ ਸਰਕਾਰ ਵੱਲੋਂ ਸਿੱਖਾਂ ਖਿਲਾਫ ਕੀਤੀਆਂ ਜ਼ਿਆਦਤੀਆਂ ਨੂੰ ਯਾਦ ਕੀਤਾ ਜਾਵੇ ਤੇ ਪੀੜਤਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇ।

ਪੀ.ਏ.ਸੀ. ਜਥੇਬੰਦੀ ਕੈਲੀਫੋਰਨੀਆ ਦੀ ਸਿਆਸਤ ਵਿਚ ਫੰਡ ਇਕੱਠਾ ਕਰਨ, ਸਿੱਖਿਆ ਤੇ ਚੋਣ ਪ੍ਰਚਾਰ ਰਾਹੀਂ ਬਹੁਤ ਹੀ ਸਰਗਰਮ ਰਹਿੰਦੀ ਹੈ। ਅਮਰੀਕਨ ਸਿੱਖ ਪੀ.ਏ.ਸੀ. ਬੋਰਡ ਦੇ ਮੈਂਬਰ ਅਮਰ ਸ਼ੇਰਗਿਲ ਨੇ ਕਿਹਾ ਕਿ ਇਹ ਮਤਾ ਪਹਿਲੀ ਵਾਰ ਪਾਸ ਕੀਤਾ ਗਿਆ ਹੈ ਕਿ ਕਿਸੇ ਦੇਸ਼ ਜਾਂ ਸਰਕਾਰ ਨੇ ਅਧਿਕਾਰਤ ਤੌਰ ਉਤੇ ਐਲਾਨ ਕੀਤਾ ਹੋਵੇ ਕਿ ਨਵੰਬਰ 1984 ਵਿਚ ਆਪਣੇ ਹੀ ਸਿੱਖ ਨਾਗਰਿਕਾਂ ਦੇ ਕਤਲੇਆਮ ਲਈ ਭਾਰਤ ਸਰਕਾਰ ਜ਼ਿੰਮੇਵਾਰ ਸੀ। ਇਸ ਮੌਕੇ ਸੈਸ਼ਨ ਵਿਚ ਸਰਨ ਸਿੰਘ ਚਾਵਲਾ ਸੈਕਰਾਮੈਂਟੋ ਜੋ ਕਿ ਖੁਦ 1984 ਨਸਲਕੁਸ਼ੀ ਦਾ ਪੀੜਤ ਹੈ, ਵੀ ਮੌਜੂਦ ਸੀ। ਮਤਾ ਪੇਸ਼ ਹੋਣ ਵੇਲੇ ਅਸੈਂਬਲੀ ਮੈਂਬਰਾਂ ਨੇ ਵੱਖ-ਵੱਖ ਸਿੱਖ ਆਗੂਆਂ ਦਾ ਨਾਂ ਲੈ ਕੇ ਮਤੇ ਦੀ ਪ੍ਰੋੜਤਾ ਕੀਤੀ। ਇਨ੍ਹਾਂ ਆਗੂਆਂ ਵਿਚ ਦੀਦਾਰ ਸਿੰਘ ਬੈਂਸ, ਜਸਬੀਰ ਸਿੰਘ ਕੰਗ, ਦਰਸ਼ਨ ਸਿੰਘ ਮੁੰਡੀ, ਸੁਰਜੀਤ ਸਿੰਘ ਢਿੱਲੋਂ, ਕਰਮਜੀਤ ਬੈਂਸ, ਹਰਮੀਤ ਕੌਰ ਢਿੱਲੋਂ, ਰੂਬੀ ਸਿੰਘ ਧਾਲੀਵਾਲ, ਡਾ. ਗੁਰਪ੍ਰੀਤ ਸਿੰਘ ਚਾਹਲ ਆਦਿ ਦਾ ਜ਼ਿਕਰ ਕੀਤਾ ਗਿਆ। ਮਤਾ ਸਰਬਸੰਮਤੀ ਨਾਲ ਸਾਰੇ ਅਸੈਂਬਲੀ ਮੈਂਬਰਾਂ ਨੇ ਸੈਕਰਾਮੈਂਟੋ ਦੀ ਰਾਜਧਾਨੀ ਦੇ ਅਸੈਂਬਲੀ ਹਾਲ ਵਿਚ ਤਾੜੀਆਂ ਦੀ ਗੜਗੜਾਹਟ ਵਿਚ ਪਾਸ ਕੀਤਾ। ਕਿਸੇ ਵੀ ਅਸੈਂਬਲੀ ਮੈਂਬਰ ਨੇ ਇਸ ਦੀ ਵਿਰੋਧਤਾ ਨਹੀਂ ਕੀਤੀ। ਇਸ ਮੌਕੇ ਸਟਾਕਟਨ, ਟਰੇਸੀ, ਯੂਬਾ ਸਿਟੀ, ਸੈਕਰਾਮੈਂਟੋ ਤੇ ਹੋਰ ਵੱਖ-ਵੱਖ ਸ਼ਹਿਰਾਂ ਤੋਂ ਸਿੱਖ ਤੇ ਸਿੱਖਸ ਫਾਰ ਜਸਟਿਸ ਦੇ ਆਗੂ ਵੀ ਮੌਜੂਦ ਸਨ।

# ਸਰਕਾਰ ਖੁਸ਼ਬੀਰ ਕੌਰ ਨੂੰ ਵਿਵਾਦ ਵਾਲਾ ਫਲੈਟ ਦੇਣ ਲਈ ਬਜ਼ਿੱਦ

**ਅੰਮ੍ਰਿਤਸਰ:** ਏਸ਼ੀਆਈ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਖਿਡਾਰਣ ਖੁਸ਼ਬੀਰ ਕੌਰ ਨੂੰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਪ੍ਰਸਤਾਵਿਤ ਫਲੈਟ ਬਾਰੇ ਭਾਵੇਂ ਵਿਵਾਦ ਸ਼ੁਰੂ ਹੋ ਗਿਆ ਹੈ ਪਰ ਇਸ ਦੇ ਬਾਵਜੂਦ ਸਰਕਾਰ ਇਹੀ ਫਲੈਟ ਖਿਡਾਰਨ ਨੂੰ ਦੇਣ ਲਈ ਬਜ਼ਿੱਦ ਹੈ ਤੇ ਇਸ ਸਬੰਧੀ ਤਿਆਰੀਆਂ ਜਾਰੀ ਹਨ। ਅੰਮ੍ਰਿਤਸਰ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਸੰਦੀਪ ਰਿਸ਼ੀ ਨੇ ਆਖਿਆ ਕਿ ਇਹ ਫਲੈਟ ਨਾਜਾਇਜ਼ ਕਬਜ਼ੇ ਤੋਂ ਖਾਲੀ ਕਰਵਾ ਲਿਆ ਗਿਆ ਹੈ ਤੇ ਹੁਣ ਇਹ ਫਲੈਟ ਪ੍ਰਸ਼ਾਸਨ ਦੇ ਕਬਜ਼ੇ ਵਿਚ ਹੈ। ਉਨ੍ਹਾਂ ਦੱਸਿਆ ਕਿ ਇਹ ਫਲੈਟ ਖਿਡਾਰਨ ਖੁਸ਼ਬੀਰ ਕੌਰ ਨੂੰ ਅਲਾਟ ਕਰਨ ਸਬੰਧੀ ਅਗਲੇਰੀ ਕਾਰਵਾਈ ਛੇਤੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ ਤੇ ਪ੍ਰਵਾਨਗੀ ਮਿਲਣ ਮਗਰੋਂ ਫਲੈਟ ਦੀਆਂ ਚਾਬੀਆਂ ਉਸਨੂੰ ਸੌਂਪ ਦਿੱਤੀਆਂ ਜਾਣਗੀਆਂ।



ਦੂਜੇ ਪਾਸੇ ਖੁਸ਼ਬੀਰ ਕੌਰ ਨੇ ਆਖਿਆ ਕਿ ਉਸਨੂੰ ਫਲੈਟ ਦੇ ਵਿਵਾਦ ਬਾਰੇ ਜਾਣਕਾਰੀ ਮਿਲੀ ਹੈ। ਸਰਕਾਰ ਵੱਲੋਂ ਸਨਮਾਨ ਵਜੋਂ ਫਲੈਟ ਦੇਣ ਦਾ ਐਲਾਨ ਕੀਤਾ ਗਿਆ ਹੈ ਤੇ ਇਸ ਬਾਰੇ ਲੋੜੀਂਦੀ ਕਾਰਵਾਈ ਵੀ ਸਰਕਾਰ ਵੱਲੋਂ ਆਪੇ ਹੀ ਪੂਰੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਸਾਰਾ ਮਸਲਾ ਹੱਲ ਕਰਨ ਮਗਰੋਂ ਫਲੈਟ ਦਿੱਤਾ ਜਾਵੇ ਤਾਂ ਜੋ ਮਗਰੋਂ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਇਸ ਵੇਲੇ ਉਸਦਾ ਪਰਿਵਾਰ ਪਸ਼ੂਆਂ ਦੇ ਵਾੜੇ ਵਿਚ ਰਹਿਣ ਲਈ ਮਜਬੂਰ ਹੈ ਕਿਉਂਕਿ ਉਸਦੇ ਪੁਰਾਣੇ ਘਰ ਦੀ ਇਮਾਰਤ ਢਾਹ ਦਿੱਤੀ ਗਈ ਸੀ ਪਰ ਨਵੀਂ ਉਸਾਰੀ ਵਿਚ ਦੇਰ ਹੋ ਗਈ ਹੈ, ਜਿਸ ਕਾਰਨ ਉਹ ਹੋਰ ਥਾਂ ਉਤੇ ਰਹਿ ਰਹੇ ਹਨ।

# ਡੇਰਾ ਮੁਖੀ ਨੇ ਸਾਧਵੀ ਜਬਰ ਜਨਾਹ ਕੇਸ ਵਿਚ ਪੇਸ਼ੀ ਭੁਗਤੀ

**ਸਿਰਸਾ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਨੇ ਸਾਧਵੀ ਜਬਰ ਜਨਾਹ ਕੇਸ ਵਿਚ ਸੀ.ਬੀ.ਆਈ. ਦੀ ਪੰਚਕੂਲਾ ਸਥਿਤ ਵਿਸ਼ੇਸ਼ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਜ਼ਰੀਏ ਪੇਸ਼ੀ ਭੁਗਤੀ।

ਇਸ ਮੌਕੇ ਡੇਰਾ ਪ੍ਰੇਮੀ ਵੱਡੀ ਗਿਣਤੀ ਵਿਚ ਅਦਾਲਤ ਦੇ ਬਾਹਰ ਤੇ ਅਦਾਲਤ ਨੂੰ ਜਾਣ ਵਾਲੀਆਂ ਸੜਕਾਂ 'ਤੇ ਤਾਇਨਾਤ ਰਹੇ। ਜ਼ਿਕਰਯੋਗ ਹੈ ਕਿ ਡੇਰਾ ਮੁਖੀ 'ਤੇ ਡੇਰੇ ਦੀ ਹੀ ਇਕ ਸਾਬਕਾ ਸਾਧਵੀ ਦੇ ਜਬਰ ਜਨਾਹ ਤੋਂ ਇਲਾਵਾ 'ਪੂਰਾ ਸੱਚ' ਅਖ਼ਬਾਰ ਦੇ ਬਾਨੀ ਸੰਪਾਦਕ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਤੋਂ ਇਲਾਵਾ ਡੇਰੇ ਦੇ ਹੀ ਇਕ ਸਾਬਕਾ ਸ਼ਰਧਾਲੂ ਰਣਜੀਤ ਦੇ ਕਤਲ ਦੇ ਕੇਸ ਚੱਲ ਰਹੇ ਹਨ।



ਸੀ.ਬੀ.ਆਈ. ਨੇ ਆਪਣੀ ਜਾਂਚ ਪਿਛੋਂ ਡੇਰਾ ਮੁਖੀ ਖਿਲਾਫ ਕੇਸ ਦਰਜ ਕਰਕੇ ਅਦਾਲਤ ਵਿਚ ਚਲਾਨ ਪੇਸ਼ ਕੀਤਾ ਜਿਸ ਦੀਆਂ ਹੁਣ ਤਰੀਕਾਂ ਭੁਗਤੀਆਂ ਜਾ ਰਹੀਆਂ ਹਨ। ਸੂਤਰਾਂ ਅਨੁਸਾਰ ਸਾਧਵੀ ਜਬਰ ਜਨਾਹ ਦੇ ਕੇਸ ਵਿਚ ਅਗਲੀ ਤਰੀਕ 27 ਅਪਰੈਲ ਤੈਅ ਕੀਤੀ ਗਈ ਹੈ ਜਦੋਂਕਿ ਰਾਮ ਚੰਦਰ ਛਤਰਪਤੀ ਤੇ ਰਣਜੀਤ ਕਤਲ ਦੇ ਕੇਸ 'ਚ 2 ਮਈ ਦੀ ਤਰੀਕ ਪਹਿਲਾਂ ਹੀ ਤੈਅ ਹੈ।

# ਅਕਾਲੀ ਦਲ ਦੀ ਅੱਖ ਹੁਣ ਭਦੌੜ ਹਲਕੇ ਉਤੇ

**ਧੂਰੀ:** ਧੂਰੀ ਉਪ ਚੋਣ ਵਿਚ ਜਿੱਤ ਤੋਂ ਬਾਅਦ ਅਕਾਲੀ ਦਲ ਨੇ ਭਦੌੜ ਵਿਧਾਨ ਸਭਾ ਹਲਕੇ 'ਤੇ ਅੱਖ ਟਿਕਾ ਲਈ ਹੈ। ਇਹ ਸੀਟ ਕਾਂਗਰਸ ਵਿਧਾਇਕ ਮੁਹੰਮਦ ਸਦੀਕ ਦੀ ਮੈਂਬਰੀ ਹਾਈਕੋਰਟ ਵੱਲੋਂ ਖਾਰਜ ਕੀਤੇ ਜਾਣ ਕਾਰਨ ਖਾਲੀ ਹੋ ਗਈ ਹੈ। ਜੇਕਰ ਸੁਪਰੀਮ ਕੋਰਟ ਵਿਚ ਇਸ ਫ਼ੈਸਲੇ ਉਪਰ ਰੋਕ ਨਹੀਂ ਲੱਗਦੀ ਤਾਂ ਇਸ ਚੋਣ ਵਿਚ ਵੀ ਅਕਾਲੀ ਦਲ ਜ਼ੋਰ-ਅਜ਼ਮਾਈਸ਼ ਕਰੇਗਾ।

ਸੂਬੇ ਅੰਦਰ ਅਕਾਲੀ ਦਲ ਹੀ ਇਕ ਅਜਿਹੀ ਪਾਰਟੀ ਹੈ ਜਿਸ ਨੇ ਆਪਣੀ ਸਰਕਾਰ ਦੇ ਕਾਰਜਕਾਲ ਵਿਚ ਲਗਾਤਾਰ ਉਪ ਚੋਣਾਂ ਜਿੱਤਣ ਦਾ ਰਿਕਾਰਡ ਕਾਇਮ ਕੀਤਾ ਹੈ। 1977 ਤੋਂ 2002 ਦੇ ਕਾਰਜਕਾਲ ਦੌਰਾਨ ਆਦਮਪੁਰ ਹਲਕੇ ਵਿਚ ਕੁਝ ਵੋਟਾਂ ਦੇ ਫਰਕ ਨਾਲ ਤੇ ਮੁੜ ਨਵਾਂ ਸ਼ਹਿਰ, ਸੁਨਾਮ ਤੇ ਮਜੀਠਾ ਹਲਕੇ ਵਿਚ ਵੱਡੀਆਂ ਜਿੱਤਾਂ ਹਾਸਲ ਕੀਤੀਆਂ। ਇਸ ਵਾਰ ਤਿੰਨ ਸਾਲਾਂ ਵਿਚ ਹੀ ਪੰਜ ਹਲਕਿਆਂ ਦਸੂਹਾ, ਮੋਗਾ, ਤਲਵੰਡੀ ਸਾਬੋ, ਪਟਿਆਲਾ ਤੇ ਧੂਰੀ ਵਿਚ ਹੋਈ ਉਪ ਚੋਣ ਵਿਚ ਹੁਕਮਰਾਨ ਪਾਰਟੀ ਨੇ ਜਿੱਤ ਦੀ ਝੜੀ ਲਗਾ ਦਿੱਤਾ ਹੈ। ਕਾਂਗਰਸ ਦੀ ਫਾਟੋਧਾੜ ਵੀ ਅਕਾਲੀਆਂ ਦੀ ਜਿੱਤ ਦਾ ਅਹਿਮ ਕਾਰਨ ਹੈ। ਧੂਰੀ ਵਿਧਾਨ ਸਭਾ ਹਲਕਾ ਆਮ ਕਰਕੇ ਰਵਾਇਤੀ ਤੌਰ ਉਤੇ ਕਾਂਗਰਸ ਦੇ ਪ੍ਰਭਾਵ ਵਾਲਾ ਮੰਨਿਆ ਜਾਂਦਾ ਰਿਹਾ ਹੈ। 2012 ਦੀ ਚੋਣ ਵਿਚ ਧੂਰੀ ਤੋਂ ਕਾਂਗਰਸ ਦੇ ਅਰਵਿੰਦ ਖੰਨਾ 12473 ਦੇ ਕਰੀਬ ਵੱਧ ਵੋਟਾਂ ਲੈ ਕੇ ਜੇਤੂ ਰਹੇ ਸਨ, ਜਦੋਂਕਿ 2014 ਵਿਚ ਹੋਈ ਲੋਕ ਸਭਾ ਚੋਣ ਵਿਚ ਧੂਰੀ ਹਲਕੇ ਤੋਂ 32000 ਤੋਂ ਵਧੇਰੇ ਵੋਟਾਂ ਦੇ ਫਰਕ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਅੱਗੇ ਰਹੇ ਸਨ ਪਰ ਹੁਣ 37501 ਵੋਟਾਂ ਦੇ ਫਰਕ ਨਾਲ ਅਕਾਲੀ ਉਮੀਦਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਜਿੱਤ ਨੇ ਸਾਰੇ ਪਿਛਲੇ ਰਿਕਾਰਡ ਤੋੜ ਦਿੱਤੇ ਹਨ। ਅਕਾਲੀ ਦਲ ਨੇ ਇਹ ਸੀਟ ਜਿੱਤ ਕੇ ਵਿਧਾਨ ਸਭਾ ਵਿਚ ਸਪਸ਼ਟ ਬਹੁਮਤ ਹਾਸਲ ਕਰ ਲਿਆ ਹੈ। ਹੁਣ ਅਕਾਲੀ ਦਲ ਦੀਆਂ ਨਿਗਾਹਾਂ ਹਲਕਾ ਭਦੌੜ ਦੀ ਸੀਟ ਉਪਰ ਜਾ ਲੱਗੀਆਂ ਹਨ।



## ਲੌਂਗੋਵਾਲ ਅੱਠ ਸਾਲਾਂ ਪਿੱਛੋਂ ਫਿਰ ਪਹੁੰਚੇ ਵਿਧਾਨ ਸਭਾ

**ਚੰਡੀਗੜ੍ਹ:** ਗੋਬਿੰਦ ਸਿੰਘ ਲੌਂਗੋਵਾਲ ਅੱਠ ਸਾਲਾਂ ਪਿੱਛੋਂ ਫਿਰ ਧੂਰੀ ਉਪ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਕੰਪਲੈਕਸ ਪਹੁੰਚ ਗਏ। ਉਨ੍ਹਾਂ ਨੂੰ ਇਥੇ ਵਿਧਾਨ ਸਭਾ ਦੇ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ ਨੇ ਵਿਧਾਇਕ ਵਜੋਂ ਪੰਜਾਬੀ ਵਿਚ ਸਹੁੰ ਚੁਕਾਈ। ਸ. ਲੌਂਗੋਵਾਲ ਚੌਥੀ ਵਾਰ ਵਿਧਾਇਕ ਬਣੇ ਹਨ, ਉਨ੍ਹਾਂ ਨੇ ਧੂਰੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿਚ ਕਾਂਗਰਸ ਦੇ ਸਿਮਰਪ੍ਰਤਾਪ ਸਿੰਘ ਬਰਨਾਲਾ ਨੂੰ 30 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ। ਸ. ਲੌਂਗੋਵਾਲ ਦੇ ਜਿੱਤਣ ਪਿੱਛੋਂ 117 ਮੈਂਬਰਾਂ ਵਾਲੀ ਪੰਜਾਬ ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਹੋ ਗਿਆ ਹੈ। ਡਾ. ਅਟਵਾਲ ਅਨੁਸਾਰ ਹੁਣ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਮੈਂਬਰਾਂ ਦੀ ਗਿਣਤੀ 59 ਤੱਕ ਪਹੁੰਚ ਗਈ ਹੈ, ਜਦੋਂਕਿ ਕਾਂਗਰਸੀ ਮੈਂਬਰਾਂ ਦੀ ਗਿਣਤੀ 43 ਰਹਿ ਗਈ ਹੈ। ਭਾਜਪਾ ਦੇ 12 ਮੈਂਬਰ ਹਨ ਤੇ ਤਿੰਨ ਆਜ਼ਾਦ ਮੈਂਬਰ।

## ਪੁਸਤਕ 'ਸਿੱਖ ਗਦਰ ਲਹਿਰ 1907-1918' ਜਾਰੀ

**ਸੈਲਮਾ:** ਸਥਾਨਕ ਗੁਰਦੁਆਰਾ ਸ੍ਰੀ ਰਵਿਦਾਸ ਜੀ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਕਰਵਾਏ ਪ੍ਰੋਗਰਾਮ ਵਿਚ ਡਾ. ਜਸਬੀਰ ਸਿੰਘ ਦੀ ਅੰਗਰੇਜੀ 'ਚ ਲਿਖੀ ਨਵੀਂ ਪੁਸਤਕ 'ਸਿੱਖ ਗਦਰ ਲਹਿਰ 1907-1918' ਜਾਰੀ ਕੀਤੀ ਗਈ।

ਇਹ ਪੁਸਤਕ ਗੁਰੂ ਘਰ ਦੇ ਦੀਵਾਨ ਹਾਲ ਵਿਚ ਅਮੈਰਿਕਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ ਅਲਾਇੰਸ, ਅਮੈਰਿਕਨ ਸਿੱਖ ਕੌਂਸਲ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਕੌਂਸਲ ਆਫ ਖਾਲਸਤਾਨ, ਪੰਜਾਬੀ ਸਾਹਿਤ ਤੇ ਸੱਭਿਆਚਾਰ ਸੁਸਾਇਟੀ, ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁਪ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ ਨੇ ਸਾਂਝੇ ਤੌਰ 'ਤੇ ਜਾਰੀ ਕੀਤੀ।

## 'ਗੁਰਦੁਆਰਾ ਫਰੀਮਾਂਟ ਦੀ ਜਨਰਲ ਬਾਡੀ ਮੀਟਿੰਗ ਪ੍ਰਬੰਧਕਾਂ ਦਾ ਡਰਾਮਾ'

**ਫਰੀਮਾਂਟ (ਬਿਊਰੋ):** ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਨੇ ਗੁਰਦੁਆਰਾ ਫਰੀਮਾਂਟ ਦੀ ਹਾਲ ਹੀ ਵਿਚ ਹੋਈ ਜਨਰਲ ਬਾਡੀ ਮੀਟਿੰਗ ਨੂੰ ਮਹਿਜ ਇਕ ਡਰਾਮਾ ਕਰਾਰ ਦਿੰਦਿਆਂ ਦੋਸ਼ ਲਾਇਆ ਹੈ ਕਿ ਪ੍ਰਬੰਧਕਾਂ ਨੇ ਹਿਸਾਬ-ਕਿਤਾਬ ਦੀ ਜੋ ਰਿਪੋਰਟ ਸੰਗਤ ਸਾਹਮਣੇ ਰੱਖੀ, ਉਹ ਤੱਥਾਂ ਤੋਂ ਰਹਿਤ ਹੈ।

ਅਲਾਇੰਸ ਨੇ ਦੋਸ਼ ਲਾਇਆ ਕਿ ਰਿਪੋਰਟ ਵਿਚ 17 ਲੱਖ ਤੋਂ ਵੱਧ ਦੀ ਆਮਦਨ ਅਤੇ ਕਰੀਬ 11 ਲੱਖ ਦੇ ਖਰਚੇ ਦੱਸੇ ਗਏ ਹਨ। ਪੰਜ ਲੱਖ ਤੋਂ ਵੱਧ ਰਕਮ ਗੁਰੂ ਘਰ ਦੇ ਖਾਤੇ ਵਿਚ ਜਮ੍ਹਾਂ ਕਰਵਾਈ ਗਈ ਦੱਸੀ ਗਈ ਹੈ। ਇਸ ਤੋਂ ਇਲਾਵਾ ਪ੍ਰਬੰਧਕਾਂ ਨੇ 3 ਲੱਖ ਕੈਸ਼ ਜਮ੍ਹਾਂ ਹੋਏ ਅਤੇ 2 ਲੱਖ ਡਾਲਰ ਤੋਂ ਵੱਧ ਦੇ ਅਸੈਟਸ (ਅਸਾਸੇ) ਬਣੇ ਦੱਸੇ ਹਨ।

ਅਲਾਇੰਸ ਨੇ ਦੋਸ਼ ਲਾਇਆ ਹੈ ਕਿ ਗੁਰਦੁਆਰਾ ਪ੍ਰਬੰਧਕਾਂ ਨੇ ਇਹ ਦੱਸਣ ਤੋਂ ਕੰਨੀ ਕਤਰਾਈ ਕਿ ਕਿੰਨੇ ਦਾ ਸੀਮਿੰਟ ਲੱਗਾ, ਕਿੰਨੇ ਡਾਲਰ ਦਾ ਲੋਹਾ ਖਰੀਦਿਆ, ਕਿਹੜੀ ਸੜਕ ਬਣੀ, ਕਿਹੜੇ ਬਿਲਡਰਾਂ ਨੇ ਬਣਾਈ ਅਤੇ ਦੋ ਲੱਖ ਡਾਲਰ ਦੇ ਅਸਾਸੇ ਕਿੱਥੇ ਖੜ੍ਹੇ ਹਨ? ਅਲਾਇੰਸ ਨੇ ਆਖਿਆ ਕਿ ਪਿਛਲੇ ਸਾਲ ਵੀ ਇਕ ਮੂਰਤਾਂ ਬਣਾਉਣ ਵਾਲੇ ਨੂੰ ਪੰਜ ਲੱਖ ਤੋਂ ਵੱਧ ਫੀਸ ਭਰ ਕੇ ਸੰਗਤ ਨੂੰ ਪੰਜ ਲੱਖ ਡਾਲਰ ਦੇ ਅਸੈਟਸ ਦੱਸ ਦਿੱਤੇ ਸਨ।

ਅਲਾਇੰਸ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਨ 2008 ਤੋਂ 2014 ਤੱਕ ਪ੍ਰਬੰਧਕ ਹਰ ਸਾਲ ਪੰਜ ਲੱਖ ਡਾਲਰ ਤੋਂ ਵੱਧ ਦੀ ਆਮਦਨ ਸੰਗਤਾਂ ਨੂੰ ਦੱਸਦੇ ਚਲੇ ਆਏ ਹਨ। ਇਸੇ ਸਾਲ 35 ਲੱਖ ਡਾਲਰ ਬੈਂਕ ਵਿਚ ਜਮ੍ਹਾਂ ਹੋਣੇ ਚਾਹੀਦੇ ਹਨ। ਇਹ ਪੈਸਾ ਭਲਾ ਕਿੱਥੇ ਗਿਆ? ਜਦੋਂ ਇਸ ਦਾ ਹਿਸਾਬ ਮੰਗਿਆ ਜਾਂਦਾ ਹੈ ਤਾਂ ਪ੍ਰਬੰਧਕ ਹਿਸਾਬ ਮੰਗਣ ਵਾਲਿਆਂ ਉਤੇ ਆਪਣੇ ਭਾਸ਼ਣਾਂ ਵਿਚ 'ਕੂੜ ਪ੍ਰਚਾਰ' ਕਰਨ ਵਾਲਿਆਂ ਦਾ ਲੇਬਲ ਲਾ ਦਿੰਦੇ ਹਨ। ਅਲਾਇੰਸ ਨੇ ਪੁੱਛਿਆ ਹੈ ਕਿ ਜਨਰਲ ਬਾਡੀ ਦੇ ਅਸੂਲ ਕਿੱਥੇ ਗਏ? ਕਿਉਂ ਨਹੀਂ ਵਿਰੋਧੀਆਂ (ਉਨ੍ਹਾਂ ਦੇ ਲਫਜ਼ਾਂ ਵਿਚ ਕੂੜ ਪ੍ਰਚਾਰ ਕਰਨ ਵਾਲਿਆਂ) ਨੂੰ ਬੋਲਣ ਦਾ ਸਮਾਂ ਦਿੱਤਾ ਜਾਂਦਾ? ਸ਼ਾਇਦ ਡਰਦੇ ਹਨ ਕਿ ਉਨ੍ਹਾਂ ਦਾ ਝੂਠ ਸਾਹਮਣੇ ਨਾ ਆ ਜਾਵੇ।

ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਭਾਈ ਜਗਦੇਵ ਸਿੰਘ ਨੇ ਉਨਾ ਜੋਰ ਹਿਸਾਬ ਦੱਸਣ 'ਤੇ ਨਹੀਂ ਲਾਇਆ, ਜਿੰਨਾ ਕੂੜ ਪ੍ਰਚਾਰ ਤੋਂ ਬਚਣ ਦੀਆਂ ਨਸੀਹਤਾਂ ਦੇਣ ਉਤੇ ਲਾ ਦਿੱਤਾ। ਪ੍ਰਬੰਧਕ ਜਿੰਨੀਆਂ ਮਰਜੀ ਚਲਾਕੀਆਂ ਕਰ ਲੈਣ ਪਰ ਉਨ੍ਹਾਂ ਨੂੰ ਗੁਰੂ ਘਰ ਦੇ ਆਮਦਨ-ਖਰਚ ਦੇ ਪਾਈ ਪਾਈ ਦਾ ਹਿਸਾਬ ਤਾਂ ਦੇਣਾ ਹੀ ਪਵੇਗਾ।


**ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ**

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ
ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ
ਮੁਫਤ ਖਾਣਾ, ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਪਤੀ-ਪਤਨੀ ਨੂੰ ਪਹਿਲ
ਮਿਸਟਰ ਸਿੰਘ, ਫੋਨ: 515-291-1961

*To Advertise with Punjab Times Call: 847-359-0746*

**Metropolis Curry & Kabob**

**ਹੈਲਪਰ ਚਾਹੀਦੇ ਹਨ**

ਰੈਸਟੋਰੈਂਟ ਲਈ ਦੋ ਹੈਲਪਰ ਚਾਹੀਦੇ ਹਨ
ਮੇਕਨ, ਜਾਰਜੀਆ ਵਿਚ ਭਾਰਤੀ ਰੈਸਟੋਰੈਂਟ ਲਈ
ਦੋ ਹੈਲਪਰ ਚਾਹੀਦੇ ਹਨ
ਸਿੰਗਲ ਬੰਦੇ ਨੂੰ ਪਹਿਲ
ਰਿਹਾਇਸ਼ ਅਤੇ ਖਾਣਾ-ਪੀਣਾ ਮੁਫਤ
ਵਧੀਆ ਤਨਖਾਹ
*ਸੰਪਰਕ ਕਰੋ*
(ਰਾਮ) 478-390-2234
(ਅਮਿਤ) 478-719-3837

**Travel USA & Canada**

ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਲਈ ਅਮਰੀਕਾ ਤੇ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਲੈਣਾ ਚਾਹੁੰਦੇ ਹੋ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
ਕੋਈ ਪੇਸ਼ਗੀ ਫੀਸ ਨਹੀਂ।




Wish to get visa for your friends & relatives to visit USA & Canada? We can help. No money down. Call us for more details

*Gurusewak Singh*
**Ph: 832-938-1762**

**Pinnacle Carriers, Inc**

**Now Hiring Drivers**

**ਡਰਾਈਵਰਾਂ ਦੀ ਲੋੜ ਹੈ**



*Team or Solo*
$2000 starting to Midwest
$300 quarterly driver safety bonus
$50 dot inspection bonus
$1000 sign in bonus (1 year)

*Requirements:*
*2 year old licensee *Reefer experience
*Clean DMV printout
Year round dedicated 1 pick 1 drop
Make $6000 - $7000 per month
$70,000 to $80,000 per year
Brand new equipment

Please Contact
**Ph: (916) 833-5022**

April

*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

Call today for your FREE, no-obligation quote:
**+1-408-771-2438**

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯੇਚੁਰੀ ਨੂੰ ਮਿਲੀ ਸੀ.ਪੀ.ਐਮ. ਦੀ ਕਮਾਨ

**ਵਿਸ਼ਾਖਾਪਟਨਮ:** ਸੀ.ਪੀ.ਐਮ. ਦੇ ਸੀਨੀਅਰ ਆਗੂ ਸੀਤਾਰਾਮ ਯੇਚੁਰੀ ਨੂੰ ਸਰਬ ਸੰਮਤੀ ਨਾਲ ਪਾਰਟੀ ਦਾ ਨਵਾਂ ਜਨਰਲ ਸਕੱਤਰ ਚੁਣ ਲਿਆ ਗਿਆ। ਪਾਰਟੀ ਦੀ ਕਮਾਨ ਸੰਭਾਲਦਿਆਂ ਸ੍ਰੀ ਯੇਚੁਰੀ ਨੇ ਖੱਬੇ ਪੱਖੀ ਪਾਰਟੀਆਂ 'ਚ ਏਕੇ ਅਤੇ ਹਿੰਦੂਵਾਦੀ ਤਾਕਤਾਂ ਦੇ ਫਿਰਕੂ ਏਜੰਡੇ ਖ਼ਿਲਾਫ਼ ਲੋਕਰਾਜੀ ਤਾਕਤਾਂ ਦਾ ਗੱਠਜੋੜ ਬਣਾਉਣ ਦਾ ਅਹਿਦ ਲਿਆ।



ਉਨ੍ਹਾਂ ਇਹ ਅਹੁਦਾ ਪ੍ਰਕਾਸ਼ ਕਰਤ ਤੋਂ ਹਾਸਲ ਕੀਤਾ ਹੈ ਜਿਨ੍ਹਾਂ ਦੇ 9 ਸਾਲਾਂ ਦੇ ਕਾਰਜਕਾਲ ਦੌਰਾਨ ਸੀ.ਪੀ.ਐਮ. ਦੇ ਸੰਸਦ ਮੈਂਬਰਾਂ ਦੀ ਗਿਣਤੀ ਲੋਕ ਸਭਾ 'ਚ ਸਿਮਟ ਕੇ ਸਿਰਫ਼ 9 ਰਹਿ ਗਈ ਅਤੇ ਪੱਛਮੀ ਬੰਗਾਲ ਦਾ ਗੜ੍ਹ ਵੀ 34 ਸਾਲਾਂ ਦੇ ਰਾਜ ਤੋਂ ਬਾਅਦ 2011 ਵਿਚ ਤ੍ਰਿਣਾਮੂਲ ਕਾਂਗਰਸ ਨੇ ਢਾਹ ਦਿੱਤਾ। ਸੀਨੀਅਰ ਆਗੂ ਐਸ. ਰਾਮਾਚੰਦਰਨ ਪਿੱਲੈ ਨੇ ਪਹਿਲਾਂ ਚੋਣ ਲੜਨ ਦਾ ਐਲਾਨ ਕੀਤਾ ਸੀ ਪਰ ਬਾਅਦ ਵਿਚ ਉਨ੍ਹਾਂ ਨਾਮ ਵਾਪਸ ਲੈ ਕੇ ਸ੍ਰੀ ਯੇਚੁਰੀ ਦਾ ਨਾਮ ਪੇਸ਼ ਕਰ ਦਿੱਤਾ।

ਇਹ ਸੀਪੀਐਮ ਦੀ 21ਵੀਂ ਕੌਮੀ ਕਾਂਗਰਸ ਸੀ ਅਤੇ ਸ੍ਰੀ ਯੇਚੁਰੀ ਪੰਜਵੇਂ ਜਨਰਲ ਸਕੱਤਰ ਬਣੇ ਹਨ। ਉਨ੍ਹਾਂ ਤੋਂ ਪਹਿਲਾਂ ਪੀ. ਸੁੰਦਰੱਈਆ, ਈ.ਐਮ.ਐਸ. ਨੰਬੂਦਰੀਪਾਦ, ਹਰਕਿਸ਼ਨ ਸਿੰਘ ਸੁਰਜੀਤ ਅਤੇ ਪ੍ਰਕਾਸ਼ ਕਰਤ ਤਾਇਨਾਤ ਰਹੇ ਹਨ। ਪਾਰਟੀ ਨੇ ਕੇਂਦਰੀ ਕਮੇਟੀ ਵਿਚ 91 ਅਤੇ ਪੋਲਿਟ ਬਿਊਰੋ ਵਿਚ 16 ਮੈਂਬਰਾਂ ਦੀ ਵੀ ਚੋਣ ਕੀਤੀ।

# ਵਿਧਾਇਕ ਹੈਰੀ ਬੈਂਸ ਦੇ ਭਤੀਜੇ ਦਾ ਕਤਲ

**ਵੈਨਕੂਵਰ:** ਸਰੀ ਦੇ ਉਤਰੀ ਪਾਸੇ ਹੋਈ ਗੋਲੀਬਾਰੀ ਵਿਚ ਐਨ.ਡੀ.ਪੀ. ਦੇ ਵਿਧਾਇਕ ਹੈਰੀ ਬੈਂਸ ਦੇ ਭਤੀਜੇ ਅਰੁਣਪਾਲ ਬੈਂਸ (22) ਦੀ ਮੌਤ ਹੋ ਗਈ। ਪੁਲਿਸ ਬੁਲਾਰੇ ਦਾ ਕਹਿਣਾ ਹੈ ਕਿ ਮਾਮਲਾ ਬਦਲਾਖੋਰੀ ਦਾ ਹੈ ਅਤੇ ਪਿਛਲੇ ਦਿਨਾਂ ਤੋਂ ਸਰੀ ਵਿਚ ਹੋ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਸਬੰਧਤ ਹੀ ਲੱਗ ਰਿਹਾ ਹੈ। ਪੁਲਿਸ ਅਨੁਸਾਰ ਗੋਲੀ ਤੜਕੇ ਤਿੰਨ ਵਜੇ 126 ਸਟਰੀਟ ਤੇ 88 ਐਵੇਨਿਊ ਵਿਚ ਚੱਲੀ ਜਿਸ ਵਿਚ ਅਰੁਣਪਾਲ ਬੈਂਸ ਗੰਭੀਰ ਜ਼ਖ਼ਮੀ ਹੋ ਗਿਆ ਤੇ ਹਸਪਤਾਲ ਲਿਜਾਂਦਿਆਂ ਦਮ ਤੋੜ ਗਿਆ। ਯਾਦ ਰਹੇ ਕਿ ਪਿਛਲੇ ਕੁਝ ਦਿਨਾਂ ਵਿਚ ਹੀ ਸਰੀ ਵਿਚ ਗੋਲੀਬਾਰੀ ਦੀਆਂ 19 ਘਟਨਾਵਾਂ ਵਾਪਰ ਚੁੱਕੀਆਂ ਹਨ।

# ਪਾਕਿਸਤਾਨ ਵਿਚ 17 ਦੋਸ਼ੀਆਂ ਨੂੰ ਫਾਂਸੀ

**ਇਸਲਾਮਾਬਾਦ:** ਪਾਕਿਸਤਾਨ ਵਿਚ ਮੰਗਲਵਾਰ ਨੂੰ ਇਕੋ ਦਿਨ ਵੱਖ ਵੱਖ ਜੇਲ੍ਹਾਂ ਵਿਚ 17 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਤਾਲਿਬਾਨ ਵੱਲੋਂ ਸਕੂਲ 'ਤੇ ਹਮਲੇ ਤੋਂ ਬਾਅਦ ਮੌਤ ਦੀ ਸਜ਼ਾ 'ਤੇ ਆਪੇ ਲਾਈ ਰੋਕ ਨੂੰ ਦਸੰਬਰ ਵਿਚ ਹਟਾਉਣ ਮਗਰੋਂ ਦੇਸ ਵਿਚ ਪਹਿਲੀ ਵਾਰ ਇਕੋ ਦਿਨ ਇੰਨੇ ਦੋਸ਼ੀਆਂ ਨੂੰ ਫਾਹੇ ਟੰਗਿਆ ਗਿਆ। ਇਨ੍ਹਾਂ ਦੋਸ਼ੀਆਂ ਨੂੰ ਪੰਜਾਬ ਤੇ ਬਲੋਚਿਸਤਾਨ ਸੂਬਿਆਂ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਫਾਂਸੀ ਦਿੱਤੀ ਗਈ। 16 ਦੋਸ਼ੀਆਂ ਨੂੰ ਪੰਜਾਬ ਦੀਆਂ ਗੁੱਜਰਾਂਵਾਲਾ, ਫੈਸਲਾਬਾਦ, ਸਿਆਲਕੋਟ, ਮੁਲਤਾਨ, ਸਾਹੀਵਾਲ, ਗੁਜਰਾਤ, ਲਾਹੌਰ ਤੇ ਰਾਵਲਪਿੰਡੀ ਜੇਲ੍ਹਾਂ ਵਿਚ ਮੌਤ ਦੀ ਸਜ਼ਾ ਦਿੱਤੀ ਗਈ, ਜਦੋਂ ਕਿ ਇਕ ਦੋਸ਼ੀ ਨੂੰ ਕੁਏਟਾ ਦੀ ਮੱਛ ਜੇਲ੍ਹ ਵਿਚ ਫਾਂਸੀ ਲਾ ਦਿੱਤੀ ਗਈ। ਗੁੱਜਰਾਂਵਾਲਾ ਦੀ ਕੇਂਦਰੀ ਜੇਲ੍ਹ ਵਿਚ ਤਿੰਨ ਦੋਸ਼ੀਆਂ ਇਨਾਇਤ-ਉਲਾ, ਜ਼ਫ਼ਰ ਇਕਬਾਲ ਤੇ ਮੁਹੰਮਦ ਲਤੀਫ਼ ਨੂੰ ਫਾਂਸੀ ਦਿੱਤੀ ਗਈ। ਇਨਾਇਤ-ਉਲਾ ਵਜ਼ੀਰਾਬਾਦ ਦੇ ਇਕੋ ਪਰਿਵਾਰ ਦੇ ਸੱਤ ਜੀਆਂ ਦੇ ਕਤਲ ਦਾ ਦੋਸ਼ੀ ਹੈ। ਇਕਬਾਲ ਤੇ ਲਤੀਫ਼ ਇਕ ਔਰਤ ਸਮੇਤ ਚਾਰ ਜਣਿਆਂ ਨੂੰ ਗੋਲੀਆਂ ਮਾਰ ਕੇ ਮਾਰਨ ਦੇ ਦੋਸ਼ੀ ਹਨ। ਫੈਸਲਾਬਾਦ ਕੇਂਦਰੀ ਜੇਲ੍ਹ ਵਿਚ ਮੁਹੰਮਦ ਹੁਸੈਨ, ਨਿਜ਼ਾਮੂਦੀਨ ਤੇ ਆਜ਼ਮ ਨੂੰ ਮੌਤ ਦੀ ਸਜ਼ਾ ਦਿੱਤੀ ਗਈ।

# 'ਆਪ' ਦੀ ਲੜਾਈ ਵਿਚ ਭਗਵੰਤ ਮਾਨ ਦੀਆਂ ਮੌਜਾਂ

*(ਸਫਾ ਇਕ ਦੀ ਬਾਕੀ)*

ਸ਼ਖ਼ਸੀਅਤ ਦੇ ਪਿਛਲੱਗ ਨਹੀਂ ਹਨ, ਸਗੋਂ 'ਆਪ' ਦੇ ਅਸੂਲਾਂ ਦੇ ਕਾਇਲ ਹਨ। ਉਨ੍ਹਾਂ ਵਾਰ-ਵਾਰ ਕਿਹਾ ਕਿ ਬਾਨੀ ਮੈਂਬਰਾਂ ਪ੍ਰਸ਼ਾਂਦ ਭੂਸ਼ਨ, ਯੋਗੇਂਦਰ ਯਾਦਵ, ਆਨੰਦ ਕੁਮਾਰ ਤੇ ਪ੍ਰੋ. ਝਾਅ ਨੂੰ ਬਾਹਰ ਕਰਨ ਨਾਲ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਦੂਜੇ ਪਾਸੇ 'ਆਪ' ਦੇ ਪੰਜਾਬ ਤੋਂ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਹੈ ਕਿ ਡਾ. ਧਰਮਵੀਰ ਗਾਂਧੀ ਨੂੰ ਬਦਲਣ ਨਾਲ ਪਾਰਟੀ 'ਤੇ ਕੋਈ ਮਾੜਾ ਅਸਰ ਨਹੀਂ ਪਵੇਗਾ।

ਦੱਸਣਯੋਗ ਹੈ ਕਿ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਨ ਨੂੰ ਪਾਰਟੀ ਵਿਚੋਂ ਕੱਢਣ ਤੋਂ ਪਹਿਲਾਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਇਸ ਨੋਟਿਸ ਦਾ ਜਵਾਬ ਉਡੀਕੇ ਬਿਨਾਂ ਇਨ੍ਹਾਂ ਨੂੰ ਬਾਹਰ ਦਾ ਰਾਸਤਾ ਦਿਖਾ ਦਿੱਤਾ। ਹਾਲਾਂਕਿ ਇਨ੍ਹਾਂ ਆਗੂਆਂ ਨੇ ਇਸ ਨੋਟਿਸ ਦਾ ਜਵਾਬ ਦੇਣ ਦੀ ਥਾਂ ਇਸ ਦਾ ਮਜ਼ਾਕ ਉਡਾਇਆ ਸੀ। ਪ੍ਰਸ਼ਾਂਤ ਭੂਸ਼ਨ ਨੇ ਰਾਸ਼ਟਰੀ ਅਨੁਸ਼ਾਸਨੀ ਕਮੇਟੀ ਵਲੋਂ ਜਾਰੀ ਕਾਰਨ ਦੱਸੋ ਨੋਟਿਸ ਲਈ ਪਾਰਟੀ ਲੀਡਰਸ਼ਿਪ ਉਤੇ ਤਿੱਖੇ ਹਮਲੇ ਕੀਤੇ ਸਨ। ਉਨ੍ਹਾਂ ਕਮੇਟੀ ਦੇ ਮੈਂਬਰਾਂ ਪੰਕਜ ਗੁਪਤਾ 'ਤੇ ਦੋਸ਼ ਲਾਏ ਸਨ ਕਿ ਉਸ ਨੇ ਸ਼ੱਕੀ ਕੰਪਨੀਆਂ ਤੋਂ ਦਾਨ ਲਿਆ ਜਦਕਿ ਆਸ਼ੀਸ਼ ਖੇਤਾਨ ਨੇ ਕੰਪਨੀ ਦੇ ਹੱਕ ਵਿਚ ਪੈਸੇ ਲੈ ਕੇ ਖ਼ਬਰਾਂ (ਪੇਡ ਨਿਊਜ਼) ਲਵਾਈਆਂ ਸਨ। ਉਧਰ ਯੋਗੇਂਦਰ ਯਾਦਵ ਨੇ ਕਿਹਾ ਹੈ ਕਿ ਕੇਜਰੀਵਾਲ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਪਹਿਲਾਂ ਕਿਸੇ ਨਾਲ ਕੋਈ ਸਲਾਹ ਨਹੀਂ ਕੀਤੀ। ਜਦੋਂ ਗੰਭੀਰ ਦੋਸ਼ ਲੱਗੇ ਸਨ ਤਾਂ ਉਸ ਨੂੰ ਲੋਕਪਾਲ ਹਵਾਲੇ ਕਰਨ ਦੀ ਥਾਂ ਐਡਮਿਰਲ ਰਾਮਦਾਸ ਨੂੰ ਹੀ ਲਾਂਭੇ ਕਰ ਦਿੱਤਾ ਗਿਆ।

# ਰਾਜ ਭਾਸ਼ਾ ਪੁਰਸਕਾਰਾਂ 'ਚੋਂ ਇੰਦਰਾ ਗਾਂਧੀ ਤੇ ਰਾਜੀਵ ਦਾ ਨਾਂ ਹਟਾਇਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਰਾਜ ਭਾਸ਼ਾ ਪੁਰਸਕਾਰਾਂ 'ਚੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਨਾਂ ਹਟਾ ਦਿੱਤੇ ਹਨ। ਸਰਕਾਰ ਦੁਆਰਾ ਇਨ੍ਹਾਂ ਪੁਰਸਕਾਰਾਂ ਦਾ ਨਵਾਂ ਨਾਂ ਰੱਖਿਆ ਗਿਆ ਹੈ। ਹੁਣ ਰਾਜੀਵ ਗਾਂਧੀ ਕੌਮੀ ਗਿਆਨ ਪੁਰਸਕਾਰ ਨੂੰ 'ਰਾਜ ਭਾਸ਼ਾ ਗੌਰਵ ਪੁਰਸਕਾਰ' ਅਤੇ ਇੰਦਰਾ ਗਾਂਧੀ ਰਾਜ ਭਾਸ਼ਾ ਪੁਰਸਕਾਰ ਨੂੰ 'ਰਾਜ ਭਾਸ਼ਾ ਕੀਰਤੀ ਪੁਰਸਕਾਰ' ਨਾਂ ਨਾਲ ਜਾਣਿਆ ਜਾਵੇਗਾ। ਇਹ ਪੁਰਸਕਾਰ, ਸਨਮਾਨ ਦੇ ਤੌਰ 'ਤੇ ਹਿੰਦੀ ਭਾਸ਼ਾ ਨੂੰ ਪ੍ਰਗਤੀਸ਼ੀਲ ਤਰੀਕੇ ਨਾਲ ਵਰਤਣ ਲਈ ਹਰ ਸਾਲ ਦਿੱਤੇ ਜਾਂਦੇ ਹਨ।

# ਜਬਰ-ਜਨਾਹ ਮਾਮਲੇ ਵਿਚ ਨਰਾਇਣ ਸਾਈਂ ਦੀ ਜ਼ਮਾਨਤ

**ਅਹਿਮਦਾਬਾਦ:** ਗੁਜਰਾਤ ਹਾਈਕੋਰਟ ਨੇ ਆਸਾਰਾਮ ਬਾਪੂ ਦੇ ਪੁੱਤਰ ਨਰਾਇਣ ਸਾਈਂ ਦੀ ਤਿੰਨ ਹਫਤੇ ਲਈ ਸ਼ਰਤਾਂ ਸਹਿਤ ਜ਼ਮਾਨਤ ਮਨਜ਼ੂਰ ਕਰ ਲਈ ਹੈ।



ਨਰਾਇਣ ਸਾਈ ਸੂਰਤ ਦੀ ਇਕ ਔਰਤ ਵੱਲੋਂ ਉਸ ਖਿਲਾਫ ਦਰਜ ਕਰਵਾਏ ਜਬਰ ਜਨਾਹ ਮਾਮਲੇ ਵਿਚ ਪਿਛਲੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਸੂਰਤ ਜੇਲ੍ਹ ਵਿਚ ਬੰਦ ਹੈ। ਜਸਟਿਸ ਪਾਰੇਸ਼ ਉਪਧਿਆਏ ਨੇ ਨਰਾਇਣ ਸਾਈ ਨੂੰ ਰਾਹਤ ਪ੍ਰਦਾਨ ਕਰ ਦਿੱਤੀ ਹੈ ਤਾਂ ਜੋ ਉਹ ਆਪਣੀ ਬਿਮਾਰ ਮਾਂ ਲਕਸ਼ਮੀਬੇਨ ਹਰਪਲਾਨੀ ਦੀ ਦੇਖ-ਭਾਲ ਕਰ ਸਕੇ।

# ਪੰਜਾਬ ਨੂੰ 'ਵਧੀਆ ਪ੍ਰਸ਼ਾਸਕੀ ਅਮਲ' ਦਾ ਸਨਮਾਨ

**ਚੰਡੀਗੜ੍ਹ:** ਪੰਜਾਬ ਨੇ ਦੇਸ਼ ਭਰ ਵਿਚ 'ਵਧੀਆ ਪ੍ਰਸ਼ਾਸਕੀ ਸੂਬੇ' ਦਾ ਮਾਣ ਹਾਸਲ ਕੀਤਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੰਜਾਬ ਸਰਕਾਰ ਨੂੰ 'ਵਧੀਆ ਪ੍ਰਸ਼ਾਸਕੀ ਅਮਲ' ਐਵਾਰਡ ਨਾਲ ਸਨਮਾਨਿਆ। ਇਹ ਪੁਰਸਕਾਰ ਪੰਜਾਬ ਵੱਲੋਂ ਕਈ ਨਾਗਰਿਕ ਸੇਵਾਵਾਂ ਵਿਚ ਹਲਫ਼ੀਆ ਬਿਆਨ ਦੀ ਰਵਾਇਤ ਖਤਮ ਕਰਨ ਦੀ ਕੀਤੀ ਗਈ ਵਿਲੱਖਣ ਪਹਿਲਕਦਮੀ ਲਈ ਦਿੱਤਾ ਗਿਆ। ਇਹ ਐਵਾਰਡ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਹਾਸਲ ਕੀਤਾ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ, ਦੇਸ ਦਾ ਪਹਿਲਾ ਸੂਬਾ ਹੈ ਜਿਸ ਨੇ 2010 ਵਿਚ ਹਲਫ਼ੀਆ ਬਿਆਨ ਪ੍ਰਾਪਤ ਕਰਨ ਦੇ ਅਮਲ ਨੂੰ ਖਤਮ ਕੀਤਾ ਸੀ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ 17 ਜੂਨ, 2013 ਨੂੰ ਪੰਜਾਬ ਦੇ ਮੁੱਖ ਸਕੱਤਰ ਨੂੰ ਭੇਜੇ ਗਏ ਸੰਦੇਸ਼ ਵਿਚ ਹਲਫ਼ੀਆ ਬਿਆਨ ਖਤਮ ਕਰ ਕੇ ਨਾਗਰਿਕਾਂ ਪੱਖੀ ਸੁਧਾਰਾਂ ਨੂੰ ਅਮਲ ਵਿਚ ਲਿਆਉਣ ਲਈ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਸੀ। ਯਾਦ ਰਹੇ ਕਿ ਪਹਿਲਾਂ ਪੰਜਾਬ ਵਿਚ ਨਾਗਰਿਕਾਂ ਨੂੰ ਆਪਣੀ ਸ਼ਨਾਖ਼ਤ ਸਿੱਧ ਕਰਨ ਲਈ ਮੈਜਿਸਟਰੇਟ ਜਾਂ ਪਬਲਿਕ ਨੋਟਰੀ ਸਾਹਮਣੇ ਕਾਨੂੰਨੀ ਦਸਤਾਵੇਜ਼ਾਂ ਲਈ ਕਿੱਤਾ, ਆਮਦਨ, ਜਾਤ, ਰਿਹਾਇਸ਼ੀ ਸਬੂਤ ਆਦਿ ਦੇ ਸਬੰਧ ਵਿਚ ਸਵੈ-ਐਲਾਨ ਲਈ ਹਲਫ਼ੀਆ ਬਿਆਨ ਦਿੱਤਾ ਜਾਂਦਾ ਸੀ।

# ਵਾਦੀ ਬਣੀ ਮੈਦਾਨ-ਏ-ਜੰਗ

*(ਸਫਾ ਇਕ ਦੀ ਬਾਕੀ)*

ਸਿਹਰਾ ਪਾਕਿਸਤਾਨ ਸਰਕਾਰ ਤੇ ਵੱਖਵਾਦੀ ਆਗੂਆਂ ਨੂੰ ਦੇਣ ਨਾਲ ਵਿਵਾਦ ਪੈਦਾ ਹੋ ਗਿਆ ਸੀ ਤੇ ਮੁਲਕ ਦੀ ਸੰਸਦ ਵਿਚ ਮੋਦੀ ਸਰਕਾਰ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਤੋਂ ਕੁਝ ਦਿਨ ਬਾਅਦ ਪੀ.ਡੀ.ਪੀ. ਦੇ ਅੱਠ ਵਿਧਾਇਕਾਂ ਨੇ ਅਫ਼ਜ਼ਲ ਗੁਰੂ ਦੀਆਂ ਨਿਸ਼ਾਨੀਆਂ ਉਸ ਦੇ ਪਰਿਵਾਰ ਨੂੰ ਸੌਂਪਣ ਦਾ ਮਤਾ ਭੇਜ ਦਿੱਤਾ ਜਿਸ ਨੇ ਇਕ ਹੋਰ ਵਿਵਾਦ ਨੂੰ ਜਨਮ ਦੇ ਦਿੱਤਾ। ਰਿਹਾਈ ਤੋਂ ਪਹਿਲਾ ਇਹ ਸਪਸ਼ਟ ਸੀ ਕਿ ਮਸੱਰਤ ਆਲਮ ਵਿਚ ਜਨਤਕ ਗੜਬੜੀ ਪੈਦਾ ਕਰਨ ਤੇ ਭਾਰਤ-ਵਿਰੋਧੀ ਭਾਵਨਾਵਾਂ ਭੜਕਾਉਣ ਦੀ ਭਰਪੂਰ ਸਮਰੱਥਾ ਹੈ। ਇਸ ਦੇ ਬਾਵਜੂਦ ਮੁਫ਼ਤੀ ਸਈਦ ਨੇ ਭਾਜਪਾ ਦੀ ਨਾਰਾਜ਼ਗੀ ਮੁੱਲ ਲੈ ਕੇ ਵੀ ਉਸ ਨੂੰ ਚਾਰ ਸਾਲਾਂ ਤੋਂ ਚਲੀ ਆ ਰਹੀ ਨਜ਼ਰਬੰਦੀ ਤੋਂ ਰਿਹਾਅ ਕਰ ਦਿੱਤਾ ਸੀ।

ਮਸੱਰਤ ਚਾਰ ਕੁ ਹਫ਼ਤੇ ਤਾਂ ਖ਼ਾਮੋਸ਼ ਰਿਹਾ, ਪਰ ਤ੍ਰਾਲ ਘਟਨਾ ਦੇ ਖਿਲਾਫ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਵਲੋਂ ਸ੍ਰੀਨਗਰ ਵਿਚ ਕੀਤੀ ਗਈ ਰੈਲੀ ਦੌਰਾਨ ਉਸ ਨੇ ਖ਼ੂਬ ਸਰਗਰਮੀ ਵਿੱਢੀ। ਹੁਣ ਪੀ.ਡੀ.ਪੀ. ਉਸ ਦੇ ਮਾਮਲੇ ਵਿਚ ਖ਼ੁਦ ਨੂੰ ਕਸੂਤਾ ਫਸਿਆ ਮਹਿਸੂਸ ਕਰ ਰਹੀ ਹੈ। ਉਂਜ, ਵਾਦੀ ਵਿਚ ਪਾਕਿਸਤਾਨੀ ਝੰਡੇ ਲਹਿਰਾਉਣੇ ਜਾਂ ਭਾਰਤ-ਵਿਰੋਧੀ ਨਾਅਰੇਬਾਜ਼ੀ ਕੋਈ ਨਵਾਂ ਘਟਨਾਕ੍ਰਮ ਨਹੀਂ। ਸਰਕਾਰਾਂ ਬਹੁਤੀ ਵਾਰ ਅਜਿਹੀਆਂ ਘਟਨਾਵਾਂ ਨੂੰ ਨਜ਼ਰਅੰਦਾਜ਼ ਵੀ ਕਰਦੀਆਂ ਆਈਆਂ ਹਨ, ਪਰ ਹੁਣ ਸਰਕਾਰ ਵਿਚ ਭਾਜਪਾ ਦੀ ਭਾਈਵਾਲੀ ਨੇ ਪੀ.ਡੀ.ਪੀ. ਲਈ ਮਾਮਲੇ ਨੂੰ ਨਜ਼ਰਅੰਦਾਜ਼ ਕਰਨ ਦੀ ਗੁੰਜਾਇਸ਼ ਨਹੀਂ ਛੱਡੀ। ਦੋਵਾਂ ਦੇ ਹਿੱਤ ਆਪੋ ਵਿਚ ਟਕਰਾਉਂਦੇ ਹਨ। ਪਾਕਿਸਤਾਨ ਨੇ ਭਾਵੇਂ ਹਾਲਾਤ ਨੂੰ ਦੇਖਦੇ ਹੋਏ ਕਿਸੇ ਸਮੇਂ ਭਾਰਤ ਨਾਲ ਸ਼ਿਮਲਾ ਸਮਝੌਤਾ ਕੀਤਾ ਸੀ ਅਤੇ ਲਾਹੌਰ ਅਹਿਦਨਾਮਾ ਹੋਂਦ ਵਿਚ ਆਇਆ ਸੀ, ਇਸ ਦੇ ਬਾਵਜੂਦ ਪਾਕਿਸਤਾਨ ਕਸ਼ਮੀਰ ਪ੍ਰਤੀ ਆਪਣੇ ਇਰਾਦਿਆਂ ਤੋਂ ਪਿਛਾਂਹ ਨਹੀਂ ਹੋਇਆ।

ਇਹ ਗੱਲ ਵੀ ਕਿਸੇ ਤੋਂ ਲੁਕੀ ਨਹੀਂ ਕਿ ਪਾਕਿਸਤਾਨ ਵਿਚ ਕਾਇਮ ਸਿਖਲਾਈ ਕੈਂਪਾਂ ਵਿਚੋਂ ਅਤਿਵਾਦੀਆਂ ਨੂੰ ਲਗਾਤਾਰ ਜੰਮੂ ਕਸ਼ਮੀਰ ਵਿਚ ਭੇਜਿਆ ਜਾਂਦਾ ਹੈ। ਜਦੋਂ ਤੋਂ ਨਵੀਂ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਪਾਕਿਸਤਾਨ ਤੋਂ ਹਥਿਆਰਾਂ ਨਾਲ ਲੈਸ ਹੋ ਕੇ ਆਏ ਅਤਿਵਾਦੀਆਂ ਦੀਆਂ ਪੁਲਿਸ ਅਤੇ ਫ਼ੌਜ ਨਾਲ ਝੜਪਾਂ ਵਧ ਚੁੱਕੀਆਂ ਹਨ।

**ਪਾਕਿ ਫ਼ੌਜ ਨਾਲ ਗੰਢ-ਤੁੱਪ ਕਬੂਲੀ:** ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਜਮਾਤ-ਉਦ-ਦਾਵਾ ਦੇ ਮੁਖੀ ਹਾਫ਼ਿਜ਼ ਸਈਦ ਨੇ ਪਾਕਿਸਤਾਨੀ ਫ਼ੌਜ ਨਾਲ ਆਪਣੀ ਮਿਲੀ ਭੁਗਤ ਤੇ ਫ਼ੌਜ ਦੀ ਜੰਮੂ ਕਸ਼ਮੀਰ ਵਿਚ ਦਖ਼ਲਅੰਦਾਜ਼ੀ ਕਬੂਲਦਿਆਂ ਕਿਹਾ ਕਿ ਉਸ ਦੀ ਜਥੇਬੰਦੀ ਪਾਕਿਸਤਾਨੀ ਫ਼ੌਜ ਦੀਆਂ ਕਸ਼ਮੀਰੀ ਲੋਕਾਂ ਦੀ ਮਦਦ ਦੀਆਂ ਕੋਸ਼ਿਸ਼ਾਂ ਦੀ ਹਮਾਇਤ ਕਰਦੀ ਹੈ। ਹਾਫਿਜ਼ ਸਈਦ ਮੁੰਬਈ ਉਤੇ ਹੋਏ 26/11 ਹਮਲਿਆਂ ਦਾ ਮੁੱਖ ਦੋਸ਼ੀ ਹੈ। ਇਕ ਪਾਕਿਸਤਾਨੀ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਖ਼ੁਲਾਸਾ ਕੀਤਾ ਹੈ ਕਿ ਕਸ਼ਮੀਰੀਆਂ ਦੀ ਮਦਦ ਕਰਨ ਵਾਲੀ ਪਾਕਿਸਤਾਨੀ ਫ਼ੌਜ ਦੀ ਉਨ੍ਹਾਂ ਦਾ ਸੰਗਠਨ ਮਦਦ ਕਰਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸਿੱਖ ਜਥੇਬੰਦੀਆਂ ਨੇ 'ਨਾਨਕ ਸ਼ਾਹ ਫ਼ਕੀਰ' 'ਤੇ ਰੋਕ ਲਈ ਮੋਰਚਾ ਮੱਲਿਆ

**ਮੁਹਾਲੀ:** ਸਿੱਖ ਜਥੇਬੰਦੀਆਂ ਨੇ ਫਿਲਮ 'ਨਾਨਕ ਸ਼ਾਹ ਫ਼ਕੀਰ' ਦੇ ਪ੍ਰਦਰਸ਼ਨ ਉਤੇ ਵਿਸ਼ਵ ਭਰ ਵਿਚ ਮੁਕੰਮਲ ਰੋਕ ਲਗਾਉਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਸ ਰੋਕ ਲਈ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਮਨੁੱਖੀ ਜਾਮੇ ਵਿਚ ਦਿਖਾਇਆ ਗਿਆ ਹੈ ਜਦਕਿ ਸਿੱਖ ਧਰਮ ਵਿਚ ਕਿਸੇ ਵੀ ਗੁਰੂ ਨੂੰ ਮਨੁੱਖੀ ਰੂਪ ਵਿਚ ਦਿਖਾਉਣਾ ਵਰਜਿਤ ਹੈ। ਸੈਂਸਰ ਬੋਰਡ ਵੱਲੋਂ ਪਾਸ ਇਹ ਫਿਲਮ 17 ਅਪਰੈਲ ਨੂੰ ਰਿਲੀਜ਼ ਹੋਣੀ ਸੀ ਪਰ ਇਸ ਤੋਂ ਪਹਿਲਾਂ ਹੀ ਪੰਜਾਬ ਤੇ ਚੰਡੀਗੜ੍ਹ 'ਚ ਫਿਲਮ ਦਿਖਾਉਣ 'ਤੇ ਰੋਕ ਲਾ ਦਿੱਤੀ ਗਈ ਹੈ।

ਪੰਜਾਬ ਸਰਕਾਰ ਵੱਲੋਂ ਕੁਝ ਮਹੀਨਿਆਂ ਅੰਦਰ ਦੂਜੀ ਵਾਰ ਕਿਸੇ ਵਿਵਾਦਤ ਫਿਲਮ ਦੇ ਪ੍ਰਦਰਸ਼ਨ ਉਤੇ ਰੋਕ ਲਾਈ ਗਈ ਹੈ। ਇਸ ਤੋਂ ਪਹਿਲਾਂ ਡੇਰਾ ਸਿਰਸਾ ਮੁਖੀ ਦੀ ਭੂਮਿਕਾ ਵਾਲੀ ਫਿਲਮ 'ਮੈਸੇਂਜਰ ਆਫ਼ ਗੌਡ' ਉਤੇ ਰੋਕ ਲਗਾਈ ਗਈ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਫਿਲਮ ਉਤੇ ਪਾਬੰਦੀ ਇਸ ਕਰਕੇ ਨਹੀਂ ਲਾਈ ਗਈ ਕਿਉਂਕਿ ਪਾਬੰਦੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਸਕਦੀ ਹੈ ਕਿਉਂਕਿ ਸੈਂਸਰ ਬੋਰਡ ਨੇ ਫਿਲਮ ਨੂੰ ਪਾਸ ਕੀਤਾ ਹੈ ਪਰ ਰਾਜ ਸਰਕਾਰ ਕੋਲ ਕਿਸੇ ਵੀ ਫਿਲਮ ਦਾ ਪ੍ਰਦਰਸ਼ਨ ਮੁਅੱਤਲ ਕਰਨ ਦਾ ਅਖ਼ਤਿਆਰ ਹੈ।



ਫਿਲਮ ਉਤੇ ਭਾਵੇਂ ਦੋ ਮਹੀਨਿਆਂ ਲਈ ਰੋਕ ਲਾਈ ਗਈ ਹੈ ਪਰ ਇਸ ਦੀ ਮਿਆਦ ਵਧਾਈ ਵੀ ਜਾ ਸਕਦੀ ਹੈ ਜਿਸ ਤਰ੍ਹਾਂ 'ਐਮਐਸਜੀ' ਉਤੇ ਰੋਕ ਅਜੇ ਤੱਕ ਖੋਲ੍ਹੀ ਨਹੀਂ ਗਈ ਹੈ। ਗ੍ਰਹਿ ਵਿਭਾਗ ਨੇ 'ਨਾਨਕ ਸ਼ਾਹ ਫਕੀਰ' ਉਤੇ ਰੋਕ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਆਧਾਰ ਬਣਾ ਕੇ ਲਾਈ ਹੈ ਤੇ ਕਿਹਾ ਹੈ ਕਿ ਇਸ ਫਿਲਮ ਦੇ ਪ੍ਰਦਰਸ਼ਤ ਹੋਣ ਨਾਲ ਸੂਬੇ ਵਿਚ ਕਾਨੂੰਨ ਵਿਵਸਥਾ ਵਿਗੜਨ ਦਾ ਖ਼ਦਸ਼ਾ ਹੈ। ਸਰਕਾਰੀ ਬੁਲਾਰੇ ਦਾ ਕਹਿਣਾ ਹੈ ਕਿ ਫਿਲਮ ਦੀ ਮੁਅੱਤਲੀ ਤੁਰੰਤ ਪ੍ਰਭਾਵ ਤੋਂ ਲਾਗੂ ਹੋ ਗਈ ਹੈ ਤੇ ਇਹ ਸੂਬੇ ਭਰ ਵਿਚ ਫਿਲਮ ਨੂੰ ਜਨਤਕ ਤੇ ਨਿਜੀ ਰੂਪ ਵਿਚ ਦਿਖਾਏ ਜਾਣ, ਵਿਤਰਣ ਕਰਨ ਤੇ ਪ੍ਰਦਰਸ਼ਿਤ ਕਰਨ ਉਤੇ ਲਾਗੂ ਰਹੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬ ਸਰਕਾਰ ਵੱਲੋਂ ਇਸ ਫਿਲਮ ਉਤੇ ਪਾਬੰਦੀ ਲਗਾਉਣ ਦੇ ਫ਼ੈਸਲੇ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੁੰਦੀ ਹੈ। ਉਨ੍ਹਾਂ ਫਿਲਮ ਦੇ ਨਿਰਮਾਤਾ ਨੂੰ ਵੀ ਸਲਾਹ ਦਿੱਤੀ ਕਿ ਉਹ ਅਕਾਲ ਤਖ਼ਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਗਾਊਂ ਪ੍ਰਵਾਨਗੀ ਲਏ ਬਿਨਾਂ ਦੇਸ਼ ਜਾਂ ਬਾਹਰਲੇ ਮੁਲਕਾਂ ਵਿਚ ਫਿਲਮ ਰਿਲੀਜ਼ ਨਾ ਕਰਨ। ਉਨ੍ਹਾਂ ਕੇਂਦਰ ਸਰਕਾਰ ਸਮੇਤ ਸਿੱਖਾਂ ਦੀ ਘੱਟ ਗਿਣਤੀ ਵਾਲੇ ਸੂਬਿਆਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸੂਬਿਆਂ ਵਿਚ ਫਿਲਮ 'ਨਾਨਕ ਸ਼ਾਹ ਫ਼ਕੀਰ' ਦੇ ਪ੍ਰਦਰਸ਼ਨ ਉਤੇ ਰੋਕ ਲਗਾਉਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਤੇ ਪੰਥਕ ਆਗੂ ਭਾਈ ਹਰਦੀਪ ਸਿੰਘ ਨੇ ਕਿਹਾ ਕਿ ਸਿੱਖ ਮਤ ਵਿਚ ਸ਼ਬਦ ਗੁਰੂ ਦਾ ਸਿਧਾਂਤ ਹੈ, ਮੂਰਤ ਤੇ ਸਰੀਰ ਨਹੀਂ।

ਕਿਸੇ ਵਿਅਕਤੀ ਵੱਲੋਂ ਗੁਰੂ ਨਾਨਕ ਦਾ ਕਿਰਦਾਰ ਨਿਭਾਇਆ ਜਾਣਾ ਗਲਤ ਹੈ। ਇਸੇ ਤਰ੍ਹਾਂ ਕਲਗੀਧਰ ਸੇਵਕ ਜਥਾ ਪੰਜਾਬ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਨੇ ਕਿਹਾ ਕਿ ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਨੂੰ 'ਮਨੁੱਖੀ ਜਾਮੇ' ਵਿਚ ਦਿਖਾਏ ਜਾਣ ਦੀ ਮਨਾਹੀ ਹੈ। ਉਧਰ ਸਿੱਖ ਆਗੂਆਂ ਦੇ ਦੱਸਣ ਅਨੁਸਾਰ ਜੰਮੂ ਤੇ ਦਿੱਲੀ ਵਿਚ ਸਿਨੇਮਾ ਘਰਾਂ ਦੇ ਪ੍ਰਬੰਧਕਾਂ ਨੇ ਇਸ ਫਿਲਮ ਦੇ ਪ੍ਰਦਰਸ਼ਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਮੁਖੀ ਤੇ ਸ਼੍ਰੋਮਣੀ ਕਮੇਟੀ ਦੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਧਾਰਮਿਕ ਫਿਲਮਾਂ ਜ਼ਰੂਰ ਬਣਨੀਆਂ ਚਾਹੀਦੀਆਂ ਹਨ ਪਰ ਫਿਲਮ ਨਿਰਮਾਤਾਵਾਂ ਨੂੰ ਸਿੱਖ ਸਿਧਾਂਤ ਤੇ ਰਹਿਤ ਮਰਿਆਦਾ ਦਾ ਖਿਆਲ ਵੀ ਰੱਖਣਾ ਚਾਹੀਦਾ ਹੈ।

## ਨਿਰਮਾਤਾ ਵਲੋਂ ਫਿਲਮ ਵਾਪਸ ਲੈਣ ਦਾ ਫ਼ੈਸਲਾ

**ਅੰਮ੍ਰਿਤਸਰ:** ਵਿਵਾਦਾਂ ਵਿਚ ਘਿਰੀ ਫਿਲਮ 'ਨਾਨਕ ਸ਼ਾਹ ਫਕੀਰ' ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੇ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਫਿਲਮ 17 ਅਪਰੈਲ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿਚ ਰਿਲੀਜ਼ ਹੋਈ ਸੀ ਪਰ ਇਸ ਉਤੇ ਪੰਜਾਬ ਅਤੇ ਚੰਡੀਗੜ੍ਹ ਵਿਚ ਦੋ ਮਹੀਨੇ ਲਈ ਪਾਬੰਦੀ ਲਾ ਦਿੱਤੀ ਗਈ ਸੀ।

ਫਿਲਮ ਵਾਪਸ ਲੈਣ ਦਾ ਫੈਸਲਾ ਸ. ਸਿੱਕਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਕੀਤਾ। ਇਹ ਮੁਲਾਕਾਤ ਦਿੱਲੀ ਵਿਖੇ ਹੋਈ। ਸ. ਸਿੱਕਾ ਨੇ ਫਿਲਮ ਵਾਪਸ ਲੈਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਫਿਲਮ ਵਾਪਸ ਲੈਣ ਦੀ ਕੀਤੀ ਗਈ ਹਦਾਇਤ ਤਹਿਤ ਉਨ੍ਹਾਂ ਇਹ ਫੈਸਲਾ ਕੀਤਾ ਹੈ। ਫਿਲਮ ਪਹਿਲਾਂ ਵਾਪਸ ਨਾ ਲੈਣ ਸਬੰਧੀ ਉਨ੍ਹਾਂ ਆਖਿਆ ਕਿ ਜਥੇਦਾਰ ਵਿਦੇਸ਼ ਯਾਤਰਾ 'ਤੇ ਸਨ ਤੇ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ ਸੀ। ਉਹ ਹੁਣੇ ਹੀ ਵਾਪਸ ਪਰਤੇ ਹਨ ਅਤੇ ਮੁਲਾਕਾਤ ਦੌਰਾਨ ਉਨ੍ਹਾਂ ਵਲੋਂ ਕੀਤੇ ਆਦੇਸ਼ 'ਤੇ ਫੁੱਲ ਚੜ੍ਹਾਉਂਦਿਆਂ ਫਿਲਮ ਵਾਪਸ ਲੈ ਲਈ ਗਈ ਹੈ।

## ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਸੁਧਾਰ ਕਮੇਟੀ ਨੂੰ ਪੂਰੀ ਵੋਟਰ ਲਿਸਟ ਦਿਤੀ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਵਿਰੋਧੀ ਧਿਰ ਗੁਰਦੁਆਰਾ ਸੁਧਾਰ ਕਮੇਟੀ ਨੂੰ ਮੈਂਬਰਾਂ ਦੀ ਪੂਰੀ ਲਿਸਟ ਦੇ ਦਿਤੀ ਹੈ। ਸੁਧਾਰ ਕਮੇਟੀ ਨੇ ਇਸ ਨੂੰ ਆਪਣੀ ਵਡੀ ਜਿੱਤ ਕਰਾਰ ਦਿੰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਕਮੇਟੀ ਨੇ ਚੁਪ ਚੁਪੀਤਿਆਂ ਸਾਰੀ ਮੈਂਬਰਸ਼ਿਪ ਲਿਸਟ ਐਤਵਾਰ ਰਾਤ ਕਰੀਬ ਸਾਢੇ ਨੌਂ ਵਜੇ ਆਪ ਡਾ. ਤਰਲੋਚਨ ਸਿੰਘ ਨਾਹਲ ਅਤੇ ਉਸ ਦੇ ਸਾਥੀਆਂ ਨੂੰ ਗੁਰਦੁਆਰਾ ਸਾਹਿਬ ਦੇ ਦਫਤਰ ਬੁਲਾ ਕੇ ਦਿਤੀ।

ਬਿਆਨ ਅਨੁਸਾਰ ਉਸ ਸਮੇਂ ਸੁਧਾਰ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ ਖਾਲਸਾ, ਜਗਜੀਤ ਸਿੰਘ ਮੰਡ, ਭੁਪਿੰਦਰ ਸਿੰਘ ਚੀਮਾ ਅਤੇ ਹਰਪਰੀਤ ਸਿੰਘ ਵੀ ਮੌਜੂਦ ਸਨ। ਲਿਸਟ ਵਿਚ ਤਕਰੀਬਨ 6573 ਮੈਂਬਰਾਂ ਦੀ ਜਾਣਕਾਰੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਸੁਧਾਰ ਕਮੇਟੀ ਅਸਲ ਵਿਚ ਚਾਰ ਸਾਲ ਪਹਿਲਾਂ ਹੀ ਇਸ ਸਬੰਧੀ ਕੇਸ ਜਿੱਤ ਚੁਕੀ ਸੀ ਪਰ ਉਸ ਵੇਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਥਿਤ ਤੌਰ 'ਤੇ ਆਪਣੀ ਮਿਲੀ ਭੁਗਤ ਨਾਲ ਪ੍ਰਾਈਵੇਸੀ ਦੇ ਨੁਕਤੇ 'ਤੇ ਦਖਲ ਦੇਣ ਵਾਲੀ ਤੀਜੀ ਧਿਰ ਤੋਂ ਮੁਕੱਦਮਾ ਕਰਵਾ ਕੇ ਮੈਂਬਰਸ਼ਿਪ ਲਿਸਟ ਦੇਣ 'ਤੇ ਸਟੇਅ ਲੈ ਲਿਆ ਸੀ। ਪਿਛਲੇ ਸਾਲ ਤੀਜੀ ਧਿਰ ਇਹ ਕੇਸ ਬੁਰੀ ਤਰਾਂ ਹਾਰ ਗਈ ਸੀ।

ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਪ੍ਰਬੰਧਕ ਕਮੇਟੀ ਨੇ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਗੁਰਦੁਆਰਾ ਸੁਧਾਰ ਕਮੇਟੀ ਨੂੰ ਮੈਂਬਰਾਂ ਦੀ ਸਿਰਫ ਅੰਸ਼ਿਕ ਲਿਸਟ ਹੀ ਦਿਤੀ ਸੀ ਜਿਸ ਵਿਚ ਸਿਰਫ਼ 1882 ਮੈਂਬਰਾਂ ਦੀ ਹੀ ਜਾਣਕਾਰੀ ਸੀ। ਇਸ ਲਈ ਸੁਧਾਰ ਕਮੇਟੀ ਨੂੰ ਸੈਂਟਾ ਕਲਾਰਾ ਸੁਪੀਰੀਅਰ ਕੋਰਟ ਵਿਚ ਪ੍ਰਬੰਧਕ ਕਮੇਟੀ ਦੇ ਖਿਲਾਫ ਹੱਤਕ ਅਦਾਲਤ ਦਾ ਕੇਸ ਕਰਨਾ ਪਿਆ ਕਿਉਂਕਿ ਇਨ੍ਹਾਂ ਨੂੰ ਸਮੁਚੀ ਲਿਸਟ ਦੇਣ ਦਾ ਹੁਕਮ ਸੀ। ਇਸ ਕੇਸ ਦੀ ਸੁਣਵਾਈ 21 ਅਪਰੈਲ ਨੂੰ ਸਵੇਰੇ 9 ਵਜੇ ਹੋਣੀ ਸੀ।

ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਹੈ ਕਿ ਅਸੀਂ ਅਦਾਲਤ ਦੇ ਫੈਸਲੇ ਤੋਂ ਸੰਤੁਸ਼ਟ ਹਾਂ ਅਤੇ ਚੋਣਾਂ ਲਈ ਹੁਣ ਰਾਹ ਪੱਧਰਾ ਹੋ ਗਿਆ ਹੈ। ਇਸ ਮੰਤਵ ਲਈ ਸਪੈਸਲ ਮਾਸਟਰ ਰਿਟਾਇਰਡ ਜੱਜ ਕੈਵਿਨ ਮਰਫੀ ਦੀ ਨਿਯੁਕਤੀ ਹੋ ਚੁਕੀ ਹੈ। ਉਸ ਦੀ ਨਿਗਰਾਨੀ ਹੇਠ ਚੋਣ ਕਮੇਟੀ ਅਤੇ ਮੈਂਬਰਸ਼ਿਪ ਕਮੇਟੀ ਦਾ ਗਠਨ ਹੋ ਚੁਕਾ ਹੈ ਅਤੇ ਕਮੇਟੀਆਂ ਨੇ ਆਪਣਾ ਕੰਮ ਸ਼ੁਰੂ ਕਰ ਦਿਤਾ ਹੈ। ਕੁਝ ਹੀ ਹਫਤਿਆਂ ਵਿਚ ਮੈਂਬਰਸ਼ਿਪ ਰਜਿਸਟਰੇਸ਼ਨ ਅਤੇ ਮੈਂਬਰਸ਼ਿਪ ਨੂੰ ਨਵਿਆਉਣ ਦਾ ਕੰਮ ਸ਼ੁਰੂ ਹੋ ਜਾਵੇਗਾ।


# ਕਿਚਨ ਹੈਲਪਰ ਦੀ ਲੋੜ ਹੈ

ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਫੌਰੀ ਲੋੜ ਹੈ।
ਰਿਹਾਇਸ਼ ਅਤੇ ਖਾਣ-ਪੀਣ ਫਰੀ
ਚੰਗੀ ਤਨਖਾਹ
ਸੰਪਰਕ ਕਰੋ
ਫੋਨ: 501-309-4140



# Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*



# Matrimonial

**ਵਰ ਦੀ ਲੋੜ ਹੈ**

Match sought Gursikh boy Vegetarian preferred, for Kamboj Sikh girl 24, 5' 2" (BSC Nursing) vegetarian, Working as Asst Lecturer in India. Pl call at 248-982-2036, email: jhand_mohan@yahoo.com

Wanted Gursikh boy Vegetarian preferred, for Kamboj Sikh girl 25, 5' 2" studing nursing in Brampton Canada, family well settled in Canada and USA. Pl call at 248-982-2036, email: jhand_mohan@yahoo.com. 17-18

**ਕੰਨਿਆ ਦੀ ਲੋੜ ਹੈ**

Suitable green card holder/ US citizen girl sought for Jatt Sikh, 25 years old, clean shave, good looking and muscular. MBA one year left. Land owner from Kapurthala distt. All family settled and successful businessmen in US for last 30 years. Over 25 businesses owned in California. Boy will join existing family business on arrival. Contact: Sukhbeer Bhandal, Ph: 559-241-9553 17-20

ਅਰੋੜਾ (ਢੀਂਗੜਾ) 29, ਕੱਦ 6", ਐਟਲਾਂਟਾ, ਜਾਰਜੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 478-390-2234 17-20

Wanted suitable match for US born, handsome Sikh clean shaven Bachelor, MBA, 37, 6'-0", runs his own business. Contact: 513-546-7246, e-mail: sunjeet1@hotmail.com 14-17



**Punjab Times**
*Ph: 847-359-0746*
*Visit us on the web:*
***punjabtimesusa.com***



# Upgrade your Security Cameras to High Definition at very reasonable prices




***For a Free Demo of our new HD Cameras Please Contact us***

**Balbir S Sidhu**
**209-495-3905 (Cell)**
**www.dvrunlimited.com**
**Toll Free (888) 233-4566**

**DVRunlimited Inc.** **Installation Available**

# ਹੁਣ ਤਸਕਰੀ ਦਾ ਅੱਡਾ ਬਣ ਗਈਆਂ ਪੰਜਾਬ ਦੀਆਂ ਜੇਲ੍ਹਾਂ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਗ਼ੈਰਕਾਨੂੰਨੀ ਹਥਿਆਰ ਤੇ ਮੋਬਾਈਲ ਪਹੁੰਚਣ ਦੀਆਂ ਘਟਨਾਵਾਂ ਨੇ ਸਰਕਾਰ ਦੇ ਸਮੁੱਚੇ ਜੇਲ੍ਹ ਪ੍ਰਬੰਧ ਤੇ ਦਾਅਵਿਆਂ ਬਾਰੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਸਿਰਫ਼ ਪਿਸਤੌਲ ਹੀ ਨਹੀਂ ਸਗੋਂ ਮੋਬਾਈਲ ਤੇ ਨਸ਼ਿਆਂ ਦੀ ਸਪਲਾਈ ਵੀ ਬੇਰੋਕ ਹੋ ਰਹੀ ਹੈ।

ਜੇਲ੍ਹਾਂ ਵਿਚ ਮੋਬਾਈਲ ਫੋਨ ਦੀਆਂ ਘੰਟੀਆਂ ਵੱਜਣੀਆਂ ਆਮ ਗੱਲ ਹੈ ਤੇ 'ਚਿੱਟੇ' ਦੀ ਵਰਤੋਂ ਵੀ ਖ਼ੂਬ ਹੁੰਦੀ ਹੈ। ਕੇਂਦਰੀ ਜੇਲ੍ਹ ਬਠਿੰਡਾ ਵਿਚ ਗੈਂਗਵਾਰ ਦੌਰਾਨ ਪਿਸਤੌਲ ਨਾਲ ਗੋਲੀਆਂ ਚਲਾਉਣ ਤੇ ਪੱਟੀ ਜੇਲ੍ਹ ਵਿਚ ਵਿਸਾਖੀ ਮੌਕੇ ਡਾਂਸਰਾਂ ਨਚਾਉਣ ਦੇ ਮਾਮਲੇ ਪਿੱਛੋਂ ਕਈ ਖ਼ੁਲਾਸੇ ਹੋ ਰਹੇ ਹਨ। ਗੈਂਗਸਟਰ ਕੁਲਬੀਰ ਨਰੂਆਣਾ ਕੋਲ 12 ਬੋਰ ਦਾ ਦੇਸੀ ਪਿਸਤੌਲ ਪਹੁੰਚਣ ਬਾਰੇ ਪੁਲਿਸ ਅਜੇ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਹੀ ਘੜ ਰਹੀ ਹੈ। ਸਰਕਾਰ ਨੇ ਭਾਵੇਂ ਇਸ ਮਾਮਲੇ ਦੀ ਨਿਆਇਕ ਜਾਂਚ ਦੇ ਹੁਕਮ ਦਿੱਤੇ ਹਨ ਪਰ ਅਜਿਹਾ ਵਰਤਾਰਾ ਸਿਰਫ ਇਸ ਕੇਂਦਰੀ ਜੇਲ੍ਹ ਤੱਕ ਹੀ ਸੀਮਤ ਨਹੀਂ ਹੈ।

ਜੇਲ੍ਹਾਂ ਵਿਚ ਕੈਦੀਆਂ ਤੱਕ ਗ਼ੈਰਕਾਨੂੰਨੀ ਹਥਿਆਰ ਤੇ ਮੋਬਾਈਲ ਪਹੁੰਚਣੇ ਜੇਲ੍ਹ ਅਧਿਕਾਰੀਆਂ ਤੇ ਰਸੂਖਵਾਨਾਂ ਦੀ ਉਨ੍ਹਾਂ ਉਤੇ 'ਮਿਹਰ-ਏ-ਨਜ਼ਰ' ਦਾ ਸੰਕੇਤ ਜ਼ਰੂਰ ਦਿੰਦੇ ਹਨ। ਜੇਲ੍ਹਾਂ ਵਿਚ ਜਿਥੇ ਗੁਪਤ ਅੰਗਾਂ ਰਾਹੀਂ ਨਸ਼ੀਲੇ ਪਦਾਰਥ ਲਿਜਾਣ ਦੇ ਖ਼ੁਲਾਸੇ ਹੋਏ ਹਨ, ਉਥੇ ਰਿਸ਼ਤੇਦਾਰ ਵੱਖ-ਵੱਖ ਤਰੀਕਿਆਂ ਰਾਹੀਂ ਜੇਲ੍ਹਾਂ ਵਿਚ ਆਪਣਿਆਂ ਤੱਕ ਨਸ਼ੇ ਪਹੁੰਚਾ ਰਹੇ ਹਨ।

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਤੋਂ ਹਾਸਲ ਅੰਕੜਿਆਂ ਅਨੁਸਾਰ ਸਿਰਫ਼ ਕੇਂਦਰੀ ਜੇਲ੍ਹ ਬਠਿੰਡਾ ਵਿਚੋਂ ਹੀ ਪਿਛਲੇ ਵਰ੍ਹੇ 11 ਮੋਬਾਈਲ ਫੋਨ, ਦੋ ਬੈਟਰੀਆਂ ਤੇ ਇਕ ਚਾਰਜਰ ਬਰਾਮਦ ਹੋਇਆ ਹੈ। ਇਥੋਂ ਚਿੱਟੇ ਰੰਗ ਦਾ ਨਸ਼ੀਲਾ ਪਾਊਡਰ ਤੇ ਅਫ਼ੀਮ ਵੀ ਫੜੀ ਗਈ ਹੈ। ਸੰਕੇਤ ਮਿਲੇ ਹਨ ਕਿ ਅਪਰਾਧੀਆਂ ਵੱਲੋਂ ਇਸ ਜੇਲ੍ਹ ਅੰਦਰ ਹਥਿਆਰਾਂ ਤੋਂ ਇਲਾਵਾ ਨਸ਼ੇ ਤੇ ਮੋਬਾਈਲ ਫੋਨ ਲਿਜਾਣੇ ਆਮ ਗੱਲ ਹੈ।

ਇਸ ਸਾਰੀ ਪ੍ਰਕਿਰਿਆ ਦੌਰਾਨ ਜੇਲ੍ਹ ਸਟਾਫ਼ ਦੀ ਮਿਲੀਭੁਗਤ ਦੇ ਸੰਕੇਤ ਸਾਹਮਣੇ ਆ ਰਹੇ ਹਨ। ਮਿਲੇ ਵੇਰਵਿਆਂ ਅਨੁਸਾਰ ਬਠਿੰਡਾ ਜੇਲ੍ਹ ਵਿਚ 10 ਸਾਲ ਦੀ ਕੈਦ ਭੁਗਤ ਰਹੇ ਇਕ ਅਪਰਾਧੀ ਕੋਲੋਂ ਪਿਛਲੇ ਵਰ੍ਹੇ ਸਿਮ ਸਮੇਤ ਮੋਬਾਈਲ ਬਰਾਮਦ ਹੋਇਆ ਸੀ। ਇਸੇ ਤਰ੍ਹਾਂ ਬੈਰਕ ਨੰਬਰ ਦੋ ਵਿਚੋਂ ਇਕ ਮੋਬਾਈਲ ਫੋਨ 'ਲਾਵਾਰਸ' ਹਾਲਤ ਵਿਚ ਬਰਾਮਦ ਹੋਇਆ ਸੀ। ਇਸ ਜੇਲ੍ਹ ਵਿਚ ਸੱਤ ਸਾਲ ਦੀ ਕੈਦ ਭੁਗਤ ਰਹੇ ਇਕ ਕੈਦੀ ਨੂੰ ਮੋਬਾਈਲ ਉਤੇ ਗੱਲਾਂ ਕਰਦਿਆਂ ਦੇਖਿਆ ਗਿਆ, ਜਦੋਂ ਸਟਾਫ਼ ਨੇ ਉਸ ਦਾ ਪਿੱਛਾ ਕੀਤਾ ਤਾਂ ਕੈਦੀ ਨੇ ਮੋਬਾਈਲ ਸੀਵਰੇਜ ਵਿਚ ਸੁੱਟ ਦਿੱਤਾ। ਇਸ ਨੂੰ ਬਾਅਦ ਵਿਚ ਸੀਵਰੇਜ ਵਿਚੋਂ ਬਰਾਮਦ ਕੀਤਾ ਗਿਆ। ਇਸੇ ਦਿਨ ਹੀ ਨਸ਼ੇ ਦੇ ਕੇਸ ਵਿਚ ਫੜਿਆ ਇਕ ਹਵਾਲਾਤੀ ਜਦੋਂ ਪੇਸ਼ੀ ਭੁਗਤ ਕੇ ਵਾਪਸ ਜੇਲ੍ਹ ਆਇਆ ਤਾਂ ਉਸ ਕੋਲੋਂ ਇਕ ਮੋਬਾਈਲ ਬਰਾਮਦ ਕੀਤਾ ਗਿਆ ਸੀ।

ਪਿਛਲੇ ਵਰ੍ਹੇ 9 ਅਪਰੈਲ ਨੂੰ ਜਦੋਂ ਇਸ ਜੇਲ੍ਹ ਦੀਆਂ 30 ਚੱਕੀਆਂ ਦੀ ਤਲਾਸ਼ੀ ਲਈ ਤਾਂ ਦੂਜੇ ਹਾਤੇ ਦੀ ਚੱਕੀ ਨੰਬਰ 3 ਦੇ ਬਾਹਰ ਬਣੇ ਛੱਜੇ ਉਪਰੋਂ ਮੋਬਾਈਲ ਫੋਨ ਤੇ ਬੈਟਰੀ ਬਰਾਮਦ ਹੋਈ ਸੀ। ਇਸੇ ਤਰ੍ਹਾਂ 10 ਮਈ ਨੂੰ ਇਸ ਜੇਲ੍ਹ ਦੀ ਬੈਰਕ ਨੰਬਰ ਤਿੰਨ ਵਿਚ ਇਕ ਕੈਦੀ ਸ਼ਰੇਆਮ ਮੋਬਾਈਲ ਫੋਨ ਉਪਰ ਗੱਪਸ਼ੱਪ ਕਰਦਾ ਫੜਿਆ ਗਿਆ ਸੀ। ਕੈਦੀ ਨੇ ਸਟਾਫ਼ ਨੂੰ ਦੇਖ ਕੇ ਮੋਬਾਈਲ ਬਾਹਰ ਸੁੱਟ ਦਿੱਤਾ ਸੀ।

ਇਸ ਜੇਲ੍ਹ ਦੀ ਬੈਰਕ ਨੰਬਰ ਵਿਚੋਂ 27 ਜੁਲਾਈ 2014 ਨੂੰ ਤਲਾਸ਼ੀ ਦੌਰਾਨ ਇਕ ਕੈਦੀ ਦੇ ਬਿਸਤਰੇ ਕੋਲੋਂ ਲੱਕੜ ਦੀ ਸਾਬਣਦਾਨੀ ਬਰਾਮਦ ਹੋਈ, ਜਿਸ ਨੂੰ ਤੋੜਨ 'ਤੇ ਇਸ ਵਿਚੋਂ ਬੈਟਰੀ, ਚਾਰਜਰ ਤੇ ਸਿਮ ਸਮੇਤ ਮੋਬਾਈਲ ਬਰਾਮਦ ਹੋਇਆ। ਇਸ ਜੇਲ੍ਹ ਦੇ ਦੋ ਕੈਦੀਆਂ ਕੋਲੋਂ ਅੱਠ ਅਗਸਤ ਨੂੰ ਮੋਬਾਈਲ ਫੋਨ ਫੜਿਆ ਸੀ। ਜੇਲ੍ਹ ਵਿਚੋਂ 24 ਸਤੰਬਰ ਨੂੰ ਮੇਨਹੋਲ ਕੋਲੋਂ ਟੇਪ ਵਿਚ ਲਪੇਟਿਆ ਇਕ ਪਾਰਸਲ ਮਿਲਿਆ ਸੀ, ਜਿਸ ਵਿਚੋਂ ਇਕ ਮੋਬਾਈਲ ਫੋਨ ਤੇ ਚਾਰਜਰ, ਚਾਰ ਬੀੜੀਆਂ ਦੇ ਬੰਡਲ ਤੇ ਦੋ ਤਾਲੇ ਬਰਾਮਦ ਹੋਏ ਸਨ। ਬਠਿੰਡਾ ਜੇਲ੍ਹ ਵਿਚੋਂ ਪਿਛਲੇ ਵਰ੍ਹੇ ਪੰਜ ਅਕਤੂਬਰ ਨੂੰ ਦੋ ਹਵਾਲਾਤੀਆਂ ਕੋਲੋਂ ਦੋ ਮੋਬਾਈਲ ਫੋਨ ਬਰਾਮਦ ਹੋਏ ਸਨ। ਸੂਤਰਾਂ ਅਨੁਸਾਰ ਜੇਲ੍ਹਾਂ ਵਿਚ ਅਕਸਰ ਕਾਲੇ ਰੰਗ ਦੇ ਮੋਬਾਈਲ ਫੋਨ ਹੀ ਸਪਲਾਈ ਕੀਤੇ ਜਾਂਦੇ ਹਨ। ਬਠਿੰਡਾ ਜੇਲ੍ਹ ਨਸ਼ੀਲੇ ਪਦਾਰਥਾਂ ਤੋਂ ਵੀ ਨਹੀਂ ਬਚੀ। ਪਿਛਲੇ ਵਰ੍ਹੇ ਮਾਰਚ ਦੌਰਾਨ ਇਸ ਜੇਲ੍ਹ ਵਿਚੋਂ ਚਿੱਟੇ ਰੰਗ ਦਾ ਪਾਊਡਰ ਮਿਲਿਆ ਸੀ। ਜੁਲਾਈ ਵਿਚ ਇਕ ਗ੍ਰਾਮ ਨਸ਼ੀਲਾ ਪਾਊਡਰ, ਸਤੰਬਰ ਵਿਚ ਚਿੱਟੇ ਪਾਊਡਰ ਦੀਆਂ ਅੱਠ ਪੁੜੀਆਂ ਤੇ ਅਕਤੂਬਰ ਵਿਚ ਅਫੀਮ ਬਰਾਮਦ ਹੋਈ ਸੀ। ਵਿਸਾਖੀ ਵਾਲੇ ਦਿਨ ਬਿਨਾਂ ਪ੍ਰਵਾਨਗੀ ਤੋਂ ਨਾਚ ਕਰਵਾਉਣ ਦੇ ਮਾਮਲੇ ਵਿਚ ਜਿਥੇ ਪੱਟੀ ਜੇਲ੍ਹ ਚਰਚਾ ਵਿਚ ਹੈ, ਉਥੇ ਇਸ ਜੇਲ੍ਹ ਵਿਚੋਂ ਪਿਛਲੇ ਵਰ੍ਹੇ ਕਾਲੇ ਰੰਗ ਦਾ ਪਦਾਰਥ ਵੀ ਬਰਾਮਦ ਹੋਇਆ ਸੀ।




## ਜੇਲ੍ਹ 'ਚ ਡਾਂਸਰ ਨਚਾਉਣ ਦੇ ਕੇਸ ਵਿਚ ਘਿਰਿਆ ਵਿਭਾਗ

**ਪੱਟੀ:** ਪੱਟੀ ਸਬ ਜੇਲ੍ਹ ਅੰਦਰ ਵਿਸਾਖੀ ਵਾਲੇ ਦਿਨ ਕੈਦੀਆਂ ਲਈ ਮਨੋਰੰਜਨ ਦੇ ਪ੍ਰੋਗਰਾਮ ਦੌਰਾਨ ਡਾਂਸਰਾਂ ਨਚਾਉਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਪੱਟੀ ਦੇ ਕਾਂਗਰਸੀ ਆਗੂ ਸੁਖਰਾਜ ਸਿੰਘ ਦੇ ਕਾਤਲਾਂ ਸਰਵਣ ਸਿੰਘ, ਹਰਚਰਨ ਸਿੰਘ ਤੇ ਹੋਰ ਦੋਸ਼ੀ ਜੋ ਸਜ਼ਾ ਭੁਗਤ ਰਹੇ ਹਨ, ਖੁੱਲ੍ਹੇਆਮ ਕਾਨੂੰਨ ਦੀ ਧੱਜੀਆਂ ਉਡਾਉਂਦੇ ਹੋਏ ਕੁਰਸੀਆਂ ਉਪਰ ਮੁੱਖ ਮਹਿਮਾਨਾਂ ਦੀ ਤਰ੍ਹਾਂ ਜੇਲ੍ਹ ਸੁਪਰਡੈਂਟ ਨਾਲ ਬੈਠੇ ਹੋਏ ਹਨ। ਇਨ੍ਹਾਂ ਕੈਦੀਆਂ ਨੇ ਜੇਲ੍ਹ ਸੁਪਰਡੈਂਟ ਦਵਿੰਦਰ ਸਿੰਘ ਦੀ ਮੁਸ਼ਕਿਲ ਵਧਾ ਦਿੱਤੀ ਹੈ। ਕੁਰਸੀਆਂ ਉਤੇ ਬੈਠੇ ਨਜ਼ਰ ਆ ਰਹੇ ਕੈਦੀ ਕਤਲ ਕੇਸਾਂ ਵਿਚ ਬੰਦ ਹਨ। ਦੱਸਣਯੋਗ ਹੈ ਕਿ ਵਿਸਾਖੀ ਵਾਲੇ ਦਿਨ ਪੱਟੀ ਜੇਲ੍ਹ ਵਿਚ ਇਕ ਪ੍ਰੋਗਰਾਮ ਦੌਰਾਨ ਡਾਂਸਰਾਂ ਬੁਲਾਈਆਂ ਗਈਆਂ ਸਨ ਤੇ ਇਸ ਵਿਚ ਕੈਦੀਆਂ ਤੇ ਜੇਲ੍ਹ ਅਧਿਕਾਰੀਆਂ ਨੇ ਇਕੱਠੇ ਬੈਠ ਕੇ ਪ੍ਰੋਗਰਾਮ ਦਾ ਅਨੰਦ ਮਾਣਿਆ। ਇਸ ਘਟਨਾ ਪਿੱਛੋਂ ਕਈ ਅਹਿਮ ਖ਼ੁਲਾਸੇ ਹੋਏ ਹਨ। ਇਹ ਵੀ ਪਤਾ ਲੱਗਾ ਹੈ ਕਿ ਜੇਲ੍ਹ ਸੁਪਰਡੈਂਟ ਇਨ੍ਹਾਂ ਕੁਝ ਕੈਦੀਆਂ ਉਪਰ ਇਸ ਕਦਰ ਮਿਹਰਬਾਨ ਹਨ ਕਿ ਇਨ੍ਹਾਂ ਨੂੰ ਸਭ ਸੁੱਖ ਸਹੂਲਤਾਂ ਪ੍ਰਾਪਤ ਹਨ। ਡੀ.ਸੀ. ਤਰਨਤਾਰਨ ਨੇ ਐਸ.ਡੀ.ਐਮ. ਪੱਟੀ ਨੂੰ ਇਸ ਸਾਰੇ ਕਾਰੇ ਦੀ ਰਿਪੋਰਟ ਤਿਆਰ ਕਰਨ ਲਈ ਕਿਹਾ ਹੈ।

## ਪੰਜਾਬ ਤੇ ਹਰਿਆਣਾ ਦੇ ਦਾਅਵੇ ਵਿਚਾਰਨ ਦਾ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਨੂੰ ਪੰਜਾਬ ਤੇ ਹਰਿਆਣਾ ਦੇ ਇਨ੍ਹਾਂ ਦਾਅਵਿਆਂ ਨੂੰ ਧਿਆਨ ਵਿਚ ਰੱਖਣ ਲਈ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼, ਬਿਜਲੀ ਦੇ ਆਪਣੇ ਹਿੱਸੇ ਅਨੁਸਾਰ ਭਾਖੜਾ ਤੇ ਬਿਆਸ ਪਾਵਰ ਪ੍ਰਾਜੈਕਟਾਂ ਦੀ ਉਸਾਰੀ ਦੀਆਂ ਲਾਗਤਾਂ ਦਾ ਵੀ ਦੇਣਦਾਰ ਹੈ।

ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ 27 ਸਤੰਬਰ 2011 ਨੂੰ ਆਪਣੇ ਫੈਸਲੇ ਵਿਚ ਕੇਂਦਰ ਨੂੰ ਕਿਹਾ ਸੀ ਕਿ ਭਾਖੜਾ-ਬਿਆਸ ਪ੍ਰਬੰਧਨ ਬੋਰਡ ਵਿਚ ਹਿਮਾਚਲ ਦੀਆਂ ਹੱਕਦਾਰੀਆਂ ਦਾ ਹਿਸਾਬ-ਕਿਤਾਬ ਕਰਨ ਵੇਲੇ ਉਸ ਦੀਆਂ ਦੇਣਦਾਰੀਆਂ ਦਾ ਵੀ ਲੇਖਾ-ਜੋਖਾ ਕੀਤਾ ਜਾਵੇ। ਅਦਾਲਤ ਅਨੁਸਾਰ ਕੇਂਦਰ ਨੇ ਹਿਮਾਚਲ ਦੀਆਂ ਸਿਰਫ ਹੱਕਦਾਰੀਆਂ ਦਾ ਹਿਸਾਬ-ਕਿਤਾਬ ਕੀਤਾ ਹੈ, ਬਾਕੀ ਰਾਜਾਂ ਦੇ ਪੱਖ ਨੂੰ ਨਹੀਂ ਵਿਚਾਰਿਆ। ਸੁਪਰੀਮ ਕੋਰਟ ਨੇ ਮਾਮਲੇ ਦੀ ਸੁਣਵਾਈ ਪਹਿਲੀ ਜੁਲਾਈ 'ਤੇ ਪਾ ਦਿੱਤੀ।

# ਸ਼੍ਰੋਮਣੀ ਕਮੇਟੀ ਨੇ ਪਿੰਗਲਵਾੜੇ ਦਾ ਸਟਾਲ ਮੁੜ ਲਾਇਆ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪਿੰਗਲਵਾੜਾ ਸੰਸਥਾ ਦੇ ਧਰਮ ਪ੍ਰਚਾਰ ਦੇ ਸਟਾਲ ਨੂੰ ਬਾਹਰ ਕੱਢਣ ਤੋਂ ਬਾਅਦ ਸੰਗਤ ਵਿਚ ਫੈਲੇ ਰੋਸ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਨੇ ਸਟਾਲ ਮੁੜ ਉਸੇ ਹੀ ਬਰਾਂਡੇ ਵਿਚ ਲਗਾ ਦਿੱਤਾ ਹੈ। ਦੱਸਣਯੋਗ ਹੈ ਕਿ ਇਹ ਸਟਾਲ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅੰਮ੍ਰਿਤਸਰ ਫੇਰੀ ਤੋਂ ਅਗਲੇ ਦਿਨ ਹਟਾ ਦਿੱਤਾ ਗਿਆ ਸੀ ਤੇ ਸੰਸਥਾ ਨੇ ਦੋਸ਼ ਲਾਏ ਸਨ ਕਿ ਸ. ਸੁਖਬੀਰ ਨੂੰ ਇਹ ਸਟਾਲ ਰੜਕਿਆ ਸੀ ਤੇ ਉਨ੍ਹਾਂ ਦੇ ਹੁਕਮਾਂ 'ਤੇ ਹੀ ਇਹ ਕਾਰਵਾਈ ਕੀਤੀ ਗਈ ਸੀ।

ਪਿੰਗਲਵਾੜਾ ਦੀ ਪ੍ਰਧਾਨ ਬੀਬੀ ਇੰਦਰਜੀਤ ਕੌਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਟਾਲ ਬਾਹਰ ਸੁੱਟਣ ਦੇ ਰੋਸ ਵਜੋਂ ਸ਼ਾਂਤਮਈ ਧਰਨਾ ਲਗਾ ਕੇ ਗੁਰਬਾਣੀ ਦਾ ਪਾਠ ਦਾ ਆਰੰਭ ਕਰ ਦਿੱਤਾ ਸੀ। ਧਰਨੇ ਵਿਚ ਸੰਗਤਾਂ ਦੀ ਗਿਣਤੀ ਵਧਦੀ ਦੇਖ ਸ਼੍ਰੋਮਣੀ ਕਮੇਟੀ ਨੇ ਪਿੰਗਲਵਾੜਾ ਦਾ ਸਟਾਲ ਲਗਾ ਦਿੱਤਾ। ਧਰਨੇ ਵਿਚ ਸ਼ਾਮਲ ਹੋਏ ਸ਼੍ਰੋਮਣੀ ਅਕਾਲੀ ਦਲ (ਪੰਚ ਪਰਧਾਨੀ) ਦੇ ਮੀਤ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਆਖਰ ਜਿੱਤ ਉਸ ਫ਼ਕੀਰ ਭਗਤ ਪੂਰਨ ਸਿੰਘ ਦੀ ਹੋਈ ਹੈ ਜਿਸ ਨੇ ਅੰਮ੍ਰਿਤਸਰ ਵਿਚ ਪਿੰਗਲਵਾੜਾ ਸਥਾਪਤ ਕਰਕੇ ਸ਼ਹਿਰ ਦੇ ਇਤਿਹਾਸ ਨਾਲ ਇਕ ਹੋਰ ਅਧਿਆਇ ਜੋੜ ਦਿੱਤਾ।

ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਦਾ ਧਿਆਨ ਪਿੰਗਲਵਾੜਾ ਵੱਲ ਨਹੀਂ ਪਿੰਗਲਿਆਂ ਦੀ ਸੇਵਾ ਸੰਭਾਲ ਲਈ ਰੱਖੀ ਗੋਲਕ ਵੱਲ ਹੈ ਜਿਸ ਉਤੇ ਉਹ ਕਬਜ਼ਾ ਕਰਨ ਦੀਆਂ ਨੀਤੀਆਂ ਘੜ ਰਿਹਾ ਹੈ ਪਰ ਸੰਗਤਾਂ ਉਸ ਨੂੰ ਪਿੰਗਲਵਾੜਾ ਦੀ ਗੋਲਕ ਨਹੀਂ ਲੁੱਟਣ ਦੇਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦਾ ਖ਼ਜ਼ਾਨਾ, ਸ਼੍ਰੋਮਣੀ ਕਮੇਟੀ ਦੀ 9 ਸੌ ਕਰੋੜ ਤੋਂ ਵੀ ਵਧੇਰੇ ਦੀ ਗੋਲਕ ਖਾ ਕੇ ਬਾਦਲਾਂ ਦਾ ਢਿੱਡ ਨਹੀਂ ਭਰਿਆ ਤਾਂ ਪਿੰਗਲਿਆਂ ਦੀ ਸੇਵਾ ਸੰਭਾਲ ਲਈ ਆਈ ਮਾਇਆ ਨਾਲ ਵੀ ਨਹੀਂ ਭਰ ਸਕਦਾ।





# ਗੁਰੂ ਨਗਰੀ ਦੇ ਵਿਰਾਸਤੀ ਪ੍ਰਾਜੈਕਟਾਂ ਨੂੰ 'ਗਰੀਬੀ' ਨੇ ਪਾਇਆ ਘੇਰਾ

**ਅੰਮ੍ਰਿਤਸਰ:** ਅੰਮ੍ਰਿਤਸਰ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਤੋਂ ਪੰਜਾਬ ਸਰਕਾਰ ਨੇ ਪਾਸਾ ਫੇਰ ਲਿਆ ਹੈ। ਸਰਕਾਰ ਦੇ ਸ਼ਹਿਰ ਨੂੰ ਵਿਸ਼ਵ ਦਾ ਇਕ ਨੰਬਰ ਸ਼ਹਿਰ ਬਣਾਉਣ ਦੇ ਵਾਅਦੇ ਤੇ ਦਾਅਵੇ ਵਫ਼ਾ ਨਹੀਂ ਹੋਏ ਤੇ ਵਿਰਾਸਤੀ ਪ੍ਰੋਜੈਕਟ ਲੰਮੇ ਸਮੇਂ ਤੋਂ ਅੱਧ ਵਿਚਾਲੇ ਲਟਕੇ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਉਸਾਰੇ ਗਏ ਰਾਮ ਬਾਗ ਦੀ ਸਾਂਭ ਸੰਭਾਲ ਦਾ ਕੰਮ ਪਿਛਲੇ ਗਿਆਰਾਂ ਸਾਲਾਂ ਤੋਂ ਵਿਚਾਲੇ ਲਟਕਿਆ ਹੋਇਆ ਹੈ। ਉਨ੍ਹਾਂ ਵੱਲੋਂ 84 ਏਕੜ ਵਿਚ ਉਸਾਰੇ ਰਾਮਬਾਗ ਨੂੰ ਗਰਮੀਆਂ ਦੀ ਰਾਜਧਾਨੀ ਵਜੋਂ ਵਰਤਿਆ ਜਾਂਦਾ ਸੀ।

ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਤੇ ਪੰਜਾਬ ਦੇ ਸੈਰ ਸਪਾਟਾ ਵਿਕਾਸ ਵਿਭਾਗ ਵੱਲੋਂ ਇਸ ਦੀ ਸਾਂਭ ਸੰਭਾਲ ਦਾ ਪ੍ਰਾਜੈਕਟ ਜਾਰੀ ਹੈ ਪਰ ਅਜੇ ਤੱਕ ਕਿਸੇ ਸਿਰੇ ਨਹੀਂ ਲੱਗਿਆ। ਇਹ ਸਾਰਾ ਪ੍ਰਾਜੈਕਟ ਮੁਕੰਮਲ ਹੋਣ ਮਗਰੋਂ ਪੁਰਾਤੱਤਵ ਵਿਭਾਗ ਦੇ ਪ੍ਰਬੰਧ ਹੇਠ ਆਵੇਗਾ। ਦਿਲਚਸਪ ਗੱਲ ਇਹ ਵੀ ਹੈ ਕਿ ਰਾਮਬਾਗ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੇ ਚਾਲੀ ਸਾਲਾਂ ਦੀ ਹਕੂਮਤ ਦੇ ਇਤਿਹਾਸ ਨੂੰ ਦਰਸਾਉਂਦਾ ਮਹਾਰਾਜਾ ਰਣਜੀਤ ਸਿੰਘ ਪੈਨੋਰਾਮਾ ਨੂੰ ਸਰਕਾਰ ਸੈਲਾਨੀਆਂ ਲਈ ਵੇਖਣ ਵਾਸਤੇ ਪ੍ਰਫੁੱਲਿਤ ਨਹੀਂ ਕਰ ਸਕੀ। ਸਿੱਖ ਮਿਸਲਾਂ ਸਮੇਂ ਉਸਰਿਆ ਗੋਬਿੰਦਗੜ੍ਹ ਕਿਲਾ, ਜਿਸ ਦੀ ਮੁੜ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਸੀ, ਅਜੇ ਤੱਕ ਸੈਲਾਨੀਆਂ ਦੇ ਵੇਖਣ ਲਈ ਖੁੱਲ੍ਹ ਨਹੀਂ ਸਕਿਆ। ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਾਂਗਰਸ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਨੂੰ ਕਿਲੇ ਦੀਆਂ ਚਾਬੀਆਂ ਸੌਂਪੀਆਂ ਸਨ ਕਿਉਂਕਿ ਇਹ ਕਿਲ੍ਹਾ 1947 ਤੋਂ ਲੈ ਕੇ ਫੌਜ ਦੇ ਕਬਜ਼ੇ ਹੇਠ ਚਲਿਆ ਆ ਰਿਹਾ ਸੀ। ਕਿਲੇ ਦੇ ਦਰਵਾਜ਼ੇ ਪਿਛਲੇ ਅੱਠ ਸਾਲਾਂ ਤੋਂ ਖੁੱਲ੍ਹਣ ਦੇ ਇੰਤਜ਼ਾਰ ਵਿਚ ਹਨ ਪਰ ਇਸ ਦੀ ਮੁਰੰਮਤ ਦਾ ਕੰਮ ਪੂਰਾ ਨਹੀਂ ਹੋ ਸਕਿਆ।

ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਵਰੋਸਾਏ ਇਸ ਪਵਿੱਤਰ ਨਗਰ ਦੁਆਲੇ, ਇਸ ਦੀ ਸੁਰੱਖਿਆ ਲਈ ਮਹਾਰਾਜਾ ਰਣਜੀਤ ਸਿੰਘ ਨੇ ਚਾਰ ਦੀਵਾਰੀ ਦਾ ਨਿਰਮਾਣ ਕੀਤਾ ਸੀ। ਇਸ ਚਾਰ ਦੀਵਾਰੀ ਦੀ ਸੰਭਾਲ ਲਈ ਸਰਕਾਰ ਵੱਲੋਂ ਕੋਈ ਉਪਰਾਲੇ ਨਾ ਹੋਣ ਕਾਰਨ ਇਹ ਇਤਿਹਾਸਕ ਦੀਵਾਰ ਵੀ ਲੁਪਤ ਹੋ ਚੁੱਕੀ ਹੈ।

ਇਸ ਚਾਰ ਦੀਵਾਰੀ ਦੇ ਨਾਲ-ਨਾਲ ਆਲੇ-ਦੁਆਲੇ ਮਹਾਰਾਜਾ ਰਣਜੀਤ ਸਿੰਘ ਨੇ 12 ਦਰਵਾਜ਼ੇ ਵੀ ਉਸਾਰੇ ਸਨ। ਇਨ੍ਹਾਂ ਵਿਚੋਂ ਕਈ ਲੋਪ ਹੋ ਚੁੱਕੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਐਲਾਨ ਕੀਤਾ ਸੀ ਕਿ ਇਨ੍ਹਾਂ ਦਰਵਾਜ਼ਿਆਂ ਨੂੰ ਅਜਿਹੀ ਦਿੱਖ ਦਿੱਤੀ ਜਾਵੇਗੀ ਕਿ ਇਹ ਆਪਣਾ ਇਤਿਹਾਸ ਆਪ ਬਿਆਨ ਕਰਨਗੇ। ਸੈਰ ਸਪਾਟਾ ਵਿਭਾਗ ਪੰਜਾਬ ਵੱਲੋਂ ਚਾਰ ਕੁ ਸਾਲ ਪਹਿਲਾਂ ਦਰਬਾਰ ਸਾਹਿਬ ਨੇੜਲੀਆਂ ਤਿੰਨ ਕਿਲੋਮੀਟਰ ਵਿਚ ਪੈਂਦੀਆਂ ਵਿਰਾਸਤੀ ਇਮਾਰਤਾਂ ਨੂੰ ਵਿਖਾਉਣ ਲਈ 'ਹੈਰੀਟੇਜ ਵਾਕ' ਸ਼ੁਰੂ ਕੀਤੀ ਗਈ ਸੀ। ਵਿਰਾਸਤੀ ਥਾਵਾਂ ਨੂੰ ਜਾਂਦੇ ਰਾਹ ਦੀ ਅੱਜ ਹਾਲਤ ਖਸਤਾ ਹੋ ਗਈ ਹੈ ਤੇ ਸਰਕਾਰ ਵੱਲੋਂ ਕੋਈ ਉਪਰਾਲੇ ਵੀ ਨਹੀਂ ਕੀਤੇ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 2010 ਵਿਚ ਸ਼ੁਰੂ ਹੋਏ 'ਵਿਰਾਸਤੀ ਪਿੰਡ' ਦੀ ਉਸਾਰੀ ਦਾ ਕੰਮ ਮੁਕੰਮਲ ਨਾ ਹੋਣ ਕਾਰਨ ਇਹ ਸੁਪਨਾ ਵੀ ਸਾਕਾਰ ਨਹੀਂ ਹੋ ਸਕਿਆ। ਇਸੇ ਦੌਰਾਨ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਪੰਜਾਬ ਚੈਪਟਰ ਨੇ ਪੰਜਾਬ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਵਿਰਾਸਤੀ ਨਿਯਮ ਬਣਾਵੇ, ਜਿਨ੍ਹਾਂ ਅਧੀਨ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿਚਲੀਆਂ ਵਿਰਾਸਤੀ ਥਾਵਾਂ ਦੀ ਸੰਭਾਲ ਕੀਤੀ ਜਾਵੇ।

## ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਤੋਂ ਸੂਬਾ ਸਰਕਾਰ ਨੇ ਵੱਟਿਆ ਪਾਸਾ




## ਅੰਮ੍ਰਿਤਸਰ 'ਚ 'ਅਰਬਨ ਹੱਟ' ਨੂੰ ਮਿਲੀ ਮਨਜ਼ੂਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚ 'ਅਰਬਨ ਹੱਟ' ਵਿਕਸਤ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤਹਿਤ ਸ਼ਹਿਰ ਦੇ ਵਿਲੱਖਣ ਭੋਜਨਾਂ ਤੇ ਹੈਂਡੀਕਰਾਫਟ ਨੂੰ ਦਰਸਾਇਆ ਜਾਵੇਗਾ। ਇਹ ਪ੍ਰਾਜੈਕਟ ਇਸੇ ਸਾਲ ਜੁਲਾਈ ਤੱਕ ਮੁਕੰਮਲ ਕਰਨ ਦੀ ਸਮਾਂਹੱਦ ਮਿਥੀ ਗਈ ਹੈ। ਇਸ ਬਾਰੇ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨੇ ਕਿਹਾ ਕਿ ਇਸਨੂੰ ਗੁਰੂ ਤੇਗ ਬਹਾਦਰ ਹਸਪਤਾਲ ਦੇ ਸਾਹਮਣੇ ਸ਼ਹਿਰ ਦੇ ਵਿਚਕਾਰ ਸਥਾਪਤ ਕੀਤਾ ਜਾਵੇਗਾ, ਜਿਥੇ ਸਰਬੋਤਮ ਭੋਜਨ ਪਦਾਰਥ ਤੇ ਹੈਂਡੀਕਰਾਫਟ ਵਸਤਾਂ ਉਪਲਬਧ ਹੋਣਗੀਆਂ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਸ ਲਈ ਟੈਂਡਰ ਪ੍ਰਕਿਰਿਆ ਤੇ ਬਾਕੀ ਕਾਰਵਾਈਆਂ ਤੁਰੰਤ ਨਿਪਟਾਉਣ ਦੇ ਹੁਕਮ ਦਿੱਤੇ ਤਾਂ ਜੋ ਇਹ ਵਿਵਸਥਾ ਜੁਲਾਈ ਤੱਕ ਹਰ ਹੀਲੇ ਲਾਈ ਜਾ ਸਕੇ। ਸ. ਬਾਦਲ ਨੇ ਕਿਹਾ ਕਿ ਇਸਦੀ ਰਵਾਇਤੀ ਦਿੱਖ ਨੂੰ ਬਹਾਲ ਕੀਤਾ ਜਾਵੇ ਤੇ ਇਥੇ ਇਕ ਅਜਾਇਬ ਘਰ ਤੇ ਹੈਂਡੀਕਰਾਫਟ ਪ੍ਰਦਰਸ਼ਨੀ ਦਾ ਵੀ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ 20 ਕਰੋੜ ਦੀ ਲਾਗਤ ਨਾਲ ਇਕ ਸਾਲ ਦੇ ਅੰਦਰ-ਅੰਦਰ ਮੁਕੰਮਲ ਕੀਤਾ ਜਾਵੇਗਾ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਰੋਮ 'ਚ ਨਗਰ ਕੀਰਤਨ

**ਰੋਮ, ਇਟਲੀ (ਬਿਊਰੋ):** ਗੁਰਦੁਆਰਾ ਹਰਗੋਬਿੰਦ ਸੇਵਾ ਸੁਸਾਇਟੀ ਲਾਦਿਸਪੋਲੀ ਰੋਮ ਵਲੋਂ ਸ਼ਹਿਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਮੂਹ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਈਆਂ।

ਨਗਰ ਕੀਰਤਨ ਦਾ ਅਰੰਭ ਚੌਕ ਵਿਕਟੋਰੀਆ ਤੋਂ ਹੋਇਆ। ਖਾਲਸਾਈ ਰੰਗ 'ਚ ਰੰਗੀਆਂ ਸੰਗਤਾਂ ਦੇ ਕੌਮ ਦੀ ਚੜ੍ਹਦੀ ਕਲਾ ਲਈ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਗੂੰਜਾਊ ਜੈਕਾਰਿਆਂ ਨਾਲ ਸ਼ਹਿਰ ਗੂਜ ਉਠਿਆ। ਇਸ ਮੌਕੇ ਪ੍ਰਸਿਧ ਰਾਗੀ-ਢਾਡੀ ਜਥਿਆਂ ਨੇ ਸੰਗਤਾਂ ਨੂੰ ਮਹਾਨ ਸਿੱਖ ਧਰਮ ਦੀਆਂ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਦਾ ਹਾਲ ਜੋਸ਼ੀਲੀਆਂ ਵਾਰਾਂ ਗਾ ਕੇ ਵਰਣਨ ਕੀਤਾ। ਗਰਮਖਿਆਲੀ ਨੌਜਵਾਨਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ।

ਨਗਰ ਕੀਰਤਨ ਨੇ ਇਟਾਲੀਅਨ ਲੋਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਅਤੇ ਉਹ ਆਪਣੇ ਕੈਮਰਿਆਂ ਨਾਲ ਨਗਰ ਕੀਰਤਨ ਦੀਆਂ ਤਸਵੀਰਾਂ ਕੈਮਰਾਬੰਦ ਕਰ ਰਹੇ ਸਨ। ਰੋਮ ਗਤਕਾ ਅਕੈਡਮੀ ਨੇ ਗਤਕੇ ਦੇ ਪ੍ਰਭਾਵਸ਼ਾਲੀ ਜੌਹਰ ਵਿਖਾਏ। ਸੰਗਤਾਂ ਲਈ ਚਾਹ, ਪਕੌੜੇ, ਜੂਸ, ਮਠਿਆਈ, ਫਰੂਟ ਦਾ ਵਿਸ਼ੇਸ਼ ਪ੍ਰਬੰਧ ਸੀ। ਸਿੱਖੀ ਸੇਵਾ ਸੁਸਾਇਟੀ ਨੇ ਧਰਮ ਨਾਲ ਸਬੰਧਤ ਇਟਾਲੀਅਨ ਭਾਸ਼ਾ ਵਿਚ ਛਪੀਆਂ ਕਿਤਾਬਾਂ ਮੁਫਤ ਵੰਡੀਆਂ। ਨਗਰ ਕੀਰਤਨ ਵਿਚ ਗੁਰਦੁਆਰਾ ਸਿੰਘ ਸਭਾ ਸੰਨਵੀਤੋ, ਗੁਰੂ ਨਾਨਕ ਦਰਬਾਰ, ਗੁਰਦੁਆਰਾ ਸਿੰਘ ਸਭਾ ਲਵੀਨੀਓ, ਗੁਰਦੁਆਰਾ ਸਿੰਘ ਸਭਾ ਸਬੋਧੀਆ, ਗੁਰਦੁਆਰਾ ਸਿੰਘ ਸਭਾ ਫੋਨਦੀ, ਗੁਰਦੁਆਰਾ ਸਿੰਘ ਸਭਾ ਤੇਰਨੀ, ਗੁਰਦੁਆਰਾ ਸਿੰਘ ਸਭਾ ਨਾਪੋਲੀ, ਗੁਰਦੁਆਰਾ ਵੀਤੈਰਵੋ, ਵਿਲੈਤਰੀ ਦੀਆਂ ਸੰਗਤਾਂ ਸ਼ਾਮਲ ਸਨ।



## ਨੇਤਾਜੀ ਬਾਰੇ ਫਾਈਲਾਂ ਉਤੇ ਵਿਚਾਰ ਲਈ ਕਮੇਟੀ ਬਣੀ

**ਨਵੀਂ ਦਿੱਲੀ:** ਤਕਰੀਬਨ 70 ਸਾਲ ਪਹਿਲਾਂ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਮੌਤ ਜਾਂ ਗੁੰਮਸ਼ੁਦਗੀ ਨਾਲ ਸਬੰਧਤ ਫਾਈਲਾਂ ਨੂੰ ਜਨਤਕ ਕਰਨ ਦੀ ਸੰਭਾਵਨਾ ਉਤੇ ਵਿਚਾਰ ਲਈ ਸਰਕਾਰ ਨੇ ਕੈਬਨਿਟ ਸਕੱਤਰ ਅਜੀਤ ਸੇਠ ਦੀ ਅਗਵਾਈ ਹੇਠ ਅੰਤਰ ਮੰਤਰਾਲਾ ਕਮੇਟੀ ਬਣਾ ਦਿੱਤੀ ਹੈ। ਕਮੇਟੀ ਵਿਚ ਗ੍ਰਹਿ ਤੇ ਵਿਦੇਸ਼ ਮੰਤਰਾਲਿਆਂ, ਰਾਅ ਤੇ ਖੁਫ਼ੀਆ ਬਿਊਰੋ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਹਨ। ਤਕਰੀਬਨ 90 ਫਾਈਲਾਂ ਨੂੰ ਜਨਤਕ ਕਰਨ ਦੀ ਵੱਧ ਰਹੀ ਮੰਗ ਨੂੰ ਦੇਖਦਿਆਂ ਐਨ.ਡੀ.ਏ. ਸਰਕਾਰ ਨੇ ਕਮੇਟੀ ਬਣਾਈ ਹੈ।

# ਭਾਜਪਾ ਦੀਆਂ ਨਜ਼ਰਾਂ ਹੁਣ ਦਲਿਤ ਸਮਾਜ ਉਤੇ

**ਜਲੰਧਰ:** ਭਾਈਵਾਲ ਪਾਰਟੀ ਅਕਾਲੀ ਦਲ ਨੂੰ ਧੂਰੀ ਉਪ ਚੋਣ ਜਿੱਤਣ ਪਿੱਛੋਂ ਵਿਧਾਨ ਸਭਾ ਵਿਚ ਬਹੁਮਤ ਮਿਲਣ ਕਾਰਨ ਭਾਜਪਾ ਨੇ ਆਪਣੀਆਂ ਨਜ਼ਰਾਂ ਦਲਿੱਤ ਵੋਟ 'ਤੇ ਟਿਕਾ ਲਈਆਂ ਹਨ। ਦਲਿਤ ਸਮਾਜ ਵਿਚ ਆਧਾਰ ਹੋਰ ਮਜ਼ਬੂਤ ਕਰਨ ਲਈ ਭਾਜਪਾ 16 ਮਈ ਤੋਂ ਜਲੰਧਰ ਵਿਚ ਐੱਸ.ਸੀ. ਮੋਰਚੇ ਦੀ ਕੌਮੀ ਕਾਰਜਕਾਰਨੀ ਦੀ ਦੋ ਦਿਨਾਂ ਮੀਟਿੰਗ ਕਰਨ ਜਾ ਰਹੀ ਹੈ ਤੇ ਇਸ ਦਿਨ ਭਾਜਪਾ ਦੇ ਕੌਮੀ ਪ੍ਰਧਾਨ ਅਮਿੱਤ ਸ਼ਾਹ ਮੀਟਿੰਗ ਦਾ ਉਦਘਾਟਨ ਕਰਨ ਲਈ ਆ ਰਹੇ ਹਨ।

ਪਾਰਟੀ ਸੂਤਰਾਂ ਮੁਤਾਬਿਕ ਸ੍ਰੀ ਅਮਿੱਤ ਸ਼ਾਹ ਦਾ ਪਹਿਲਾਂ ਦੋ ਮਈ ਨੂੰ ਜਲੰਧਰ ਤੇ ਤਿੰਨ ਮਈ ਨੂੰ ਅੰਮ੍ਰਿਤਸਰ ਵਿਚ ਪ੍ਰੋਗਰਾਮ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਪਰ ਹੁਣ ਪਾਰਟੀ ਨੇ ਸੂਬੇ ਵਿਚ ਆਪਣੀ ਸਰਗਰਮੀ ਜਾਰੀ ਰੱਖਦੇ ਹੋਏ 16 ਮਈ ਤੋਂ ਐੱਸ.ਸੀ. ਦੀ ਪ੍ਰਦੇਸ਼ ਕਾਰਜਕਾਰਨੀ ਦੀ ਮੀਟਿੰਗ ਰੱਖ ਲਈ ਹੈ ਤੇ ਇਸ ਮੀਟਿੰਗ ਦਾ ਉਦਘਾਟਨ ਪਹਿਲੇ ਦਿਨ ਤਾਂ ਸ੍ਰੀ ਅਮਿੱਤ ਸ਼ਾਹ ਕਰਨਗੇ ਤੇ 17 ਮਈ ਨੂੰ ਭਾਜਪਾ ਦੇ ਕੌਮੀ ਆਗੂ ਇਸ ਮੀਟਿੰਗ ਵਿਚ ਸ਼ਾਮਲ ਹੋਣਗੇ।

ਦੱਸਣਯੋਗ ਹੈ ਕਿ ਦੋਆਬਾ ਖੇਤਰ ਵਿਚ ਦਲਿਤ ਆਧਾਰ ਜ਼ਿਆਦਾ ਹੈ ਤੇ ਪਾਰਟੀ ਇਸ ਖੇਤਰ ਵਿਚ ਆਪਣਾ ਆਧਾਰ ਹੋਰ ਵੀ ਮਜ਼ਬੂਤ ਕਰਨਾ ਚਾਹੁੰਦੀ ਹੈ। ਇਸ ਤੋਂ ਪਹਿਲਾਂ ਪਾਰਟੀ ਦੀ ਟਿਕਟ ਉਤੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਜਿੱਤੇ ਵਿਜੇ ਸਾਂਪਲਾ ਨੂੰ ਕੇਂਦਰੀ ਰਾਜ ਮੰਤਰੀ ਬਣਾਇਆ ਗਿਆ ਹੈ ਤੇ ਇਸ ਦਾ ਇਕ ਮਕਸਦ ਪਾਰਟੀ ਦਾ ਦਲਿਤ ਸਮਾਜ ਵਿਚ ਆਧਾਰ ਹੋਰ ਮਜ਼ਬੂਤ ਕਰਨਾ ਵੀ ਦੱਸਿਆ ਜਾਂਦਾ ਸੀ ਪਰ ਸ੍ਰੀ ਅਮਿੱਤ ਸ਼ਾਹ ਦਾ 16 ਮਈ ਦੇ ਜਲੰਧਰ ਦੌਰੇ ਦੇ ਕਈ ਅਰਥ ਲਏ ਜਾ ਰਹੇ ਹਨ ਕਿ ਪਾਰਟੀ ਦੀਆਂ ਨਜ਼ਰਾਂ ਹੁਣ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਸਥਿਤੀ ਮਜ਼ਬੂਤ ਕਰਨਾ ਤਾਂ ਹੈ ਹੀ ਨਾਲ ਹੀ ਦਲਿਤ ਸਮਾਜ ਵਿਚ ਆਪਣਾ ਆਧਾਰ ਹੋਰ ਮਜ਼ਬੂਤ ਕਰਨ ਲਈ ਪਾਰਟੀ ਨੇ ਤੇਜ਼ੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

## ਰੇਡੀਓ 'ਚੰਨ ਪ੍ਰਦੇਸੀ' ਦੀ ਤੀਜੀ ਵਰ੍ਹੇਗੰਢ 'ਤੇ ਸਮਾਗਮ 30 ਮਈ ਨੂੰ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਰੇਡੀਓ 'ਚੰਨ ਪ੍ਰਦੇਸੀ' ਦੀ ਤੀਜੀ ਵਰ੍ਹੇਗੰਢ ਮੌਕੇ ਇਕ ਸਮਾਗਮ ਆਉਂਦੀ 30 ਮਈ ਨੂੰ ਇਥੇ ਮੈਡਮ ਵਾਕਰ ਹਾਲ (617 ਇੰਡੀਆਨਾ ਐਵਨਿਊ) ਵਿਖੇ ਸ਼ਾਮੀ 6 ਵਜੇ ਤੋਂ ਹੋਵੇਗਾ।

ਇਸ ਮੌਕੇ 'ਤੇ ਪੇਸ਼ ਕੀਤੇ ਜਾਣ ਵਾਲੇ ਰੰਗਾਰੰਗ ਪ੍ਰੋਗਰਾਮ ਵਿਚ ਅਮਨ ਰੋਜ਼ੀ, ਆਤਮਾ ਸਿੰਘ, ਜਸਵਿੰਦਰ ਬਰਾੜ, ਦੀਪ ਢਿਲੋਂ ਅਤੇ ਜੈਸਮੀਨ ਜੱਸੀ ਆਪਣੀ ਗਾਇਕੀ ਅਤੇ ਕਲਾਕਾਰੀ ਦੇ ਜੌਹਰ ਦਿਖਾਉਣਗੇ। ਹੋਰ ਜਾਣਕਾਰੀ ਲਈ ਦਰਸ਼ਨ ਸਿੰਘ ਬਸਰਾਓਂ ਫੋਨ: 815-557-4991 ਜਾਂ ਸਰਵਣ ਸਿੰਘ ਟਿਵਾਣਾ ਨਾਲ ਫੋਨ: 219-670-4579 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty
9912 Kapalua Ln., Elk Grove, CA 95624



Please Contact For
Commercial or Residential Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਸਰਕਾਰੀ ਪ੍ਰਾਹੁਣਿਆਂ ਨੇ ਉਜਾੜ ਸੁੱਟਿਆ ਖਜ਼ਾਨਾ

**ਬਠਿੰਡਾ:** ਪੰਜਾਬ ਸਰਕਾਰ ਨੇ ਭਾਵੇਂ ਖਰਚੇ ਘਟਾਉਣ ਲਈ ਸਰਫਾ ਮੁਹਿੰਮ ਵਿੱਢੀ ਹੋਈ ਹੈ ਪਰ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਮਹਿਮਾਨ ਹੀ ਖਜ਼ਾਨੇ ਨੂੰ ਸਾਹ ਨਹੀਂ ਆਉਣ ਦੇ ਰਹੇ। ਪੰਜਾਬ ਦੇ ਪ੍ਰਾਹੁਣਚਾਰੀ ਮਹਿਕਮੇ ਵੱਲੋਂ ਇਨ੍ਹਾਂ ਮਹਿਮਾਨਾਂ ਦੀ ਟਹਿਲ ਸੇਵਾ ਖਾਤਰ ਚਾਹ-ਪਾਣੀ ਤੇ ਸਨੈਕਸ ਵਰਤਾਉਣ 'ਤੇ 64 ਲੱਖ ਰੁਪਏ ਖਰਚ ਦਿੱਤੇ। ਵੱਡਾ ਖਰਚਾ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਆਏ ਮਹਿਮਾਨਾਂ ਦਾ ਹੈ। ਛੇ ਵਰ੍ਹਿਆਂ ਵਿਚ ਖਜ਼ਾਨੇ ਵਿਚੋਂ ਮੁੱਖ ਮੰਤਰੀ ਦੇ ਮਹਿਮਾਨਾਂ ਦੀ ਖਾਤਰਦਾਰੀ ਉਤੇ 63.64 ਲੱਖ ਰੁਪਏ ਦਾ ਖਰਚ ਆਇਆ ਹੈ। ਪੰਜਾਬ ਭਵਨ ਯੂਨਿਟ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਤੇ ਦਫਤਰ ਵਿਚ ਆਉਣ ਵਾਲੇ ਮਹਿਮਾਨਾਂ ਦੀ ਟਹਿਲ ਸੇਵਾ ਕੀਤੀ ਜਾਂਦੀ ਹੈ। ਹਾਲਾਂਕਿ ਪ੍ਰਾਹੁਣਚਾਰੀ ਮਹਿਕਮੇ ਵੱਲੋਂ ਪ੍ਰਾਈਵੇਟ ਤੇ ਸਰਕਾਰੀ ਫਰਮਾਂ ਦੇ ਬਕਾਏ ਤਾਰਨੇ ਮੁਸ਼ਕਲ ਹੋਏ ਪਏ ਹਨ।

ਪ੍ਰਾਹੁਣਚਾਰੀ ਵਿਭਾਗ ਪੰਜਾਬ ਵੱਲੋਂ ਜੋ ਆਰ.ਟੀ.ਆਈ ਤਹਿਤ ਵੇਰਵੇ ਦਿੱਤੇ ਗਏ ਹਨ, ਉਨ੍ਹਾਂ ਅਨੁਸਾਰ ਸਾਲ 2009 ਤੋਂ ਦਸੰਬਰ 2014 ਤੱਕ ਮੁੱਖ ਮੰਤਰੀ ਦੀ ਰਿਹਾਇਸ਼ ਉਤੇ ਵਿਜ਼ੀਟਰਜ਼, ਡੈਲੀਗੇਟਸ ਤੇ ਅਫਸਰਾਂ ਦੀਆਂ ਮੀਟਿੰਗਾਂ ਵਿਚ ਵਰਤਾਏ ਚਾਹ-ਪਾਣੀ ਉਤੇ 44.90 ਲੱਖ ਰੁਪਏ ਖਰਚ ਆਏ ਹਨ ਜਦੋਂ ਕਿ ਮੁੱਖ ਮੰਤਰੀ ਦੇ ਦਫਤਰ ਵਿਚ ਵਰਤਾਏ ਸਨੈਕਸ ਤੇ ਚਾਹ- ਪਾਣੀ ਉਤੇ 18.73 ਲੱਖ ਰੁਪਏ ਖਰਚ ਆਏ ਹਨ। ਸਭ ਤੋਂ ਵੱਡਾ ਖਰਚ ਸਾਲ 2012 ਦੌਰਾਨ ਰਿਹਾ ਹੈ ਕਿਉਂਕਿ ਇਸ ਸਾਲ ਮਹਿਮਾਨਾਂ ਦੀ ਖਾਤਰਦਾਰੀ ਉਤੇ 14.76 ਲੱਖ ਰੁਪਏ ਖਰਚ ਆਏ ਸਨ। ਇਵੇਂ ਹੀ ਸਾਲ 2011 ਵਿਚ ਇਹੋ ਖਰਚਾ 14.71 ਲੱਖ ਰੁਪਏ ਰਿਹਾ। ਸਾਲ 2009 ਤੋਂ ਮਗਰੋਂ ਪ੍ਰਾਹੁਣਚਾਰੀ ਦਾ ਖਰਚਾ ਲਗਾਤਾਰ ਵੱਧ ਹੀ ਰਿਹਾ ਹੈ। ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਉਤੇ ਆਉਣ ਵਾਲੇ ਖਾਸ ਮਹਿਮਾਨਾਂ ਨੂੰ ਤਾਂ ਕਈ ਵਾਰੀ ਤੋਹਫੇ ਵੀ ਭੇਟ ਕੀਤੇ ਜਾਂਦੇ ਹਨ ਜਿਨ੍ਹਾਂ ਉਤੇ ਖਰਚਾ ਪ੍ਰਾਹੁਣਚਾਰੀ ਮਹਿਕਮਾ ਕਰਦਾ ਹੈ।

ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਉਤੇ ਸਾਲ 2014 ਵਿਚ ਚਾਹ ਪਾਣੀ ਉਤੇ ਖਰਚਾ 3.43 ਲੱਖ ਰੁਪਏ ਸੀ ਜੋ ਸਾਲ 2011 ਵਿਚ 12.45 ਲੱਖ ਰੁਪਏ ਸੀ। ਛੇ ਸਾਲ ਪਹਿਲਾਂ ਇਹ ਖਰਚੇ ਸੀਮਿਤ ਹੁੰਦੇ ਸਨ। ਪ੍ਰਾਹੁਣਚਾਰੀ ਮਹਿਕਮੇ ਤਰਫੋਂ ਇਹ ਖਰਚਾ ਇਕੱਲੇ ਚਾਹ-ਪਾਣੀ ਦਾ ਦਿੱਤਾ ਗਿਆ ਹੈ ਜਦੋਂ ਕਿ ਖਾਣਿਆਂ ਦੇ ਖਰਚੇ ਬਾਰੇ ਕੁਝ ਸਪਸ਼ਟ ਨਹੀਂ ਕੀਤਾ ਹੈ। ਇਵੇਂ ਹੀ ਜੋ ਪੰਜਾਬ ਕੈਬਨਿਟ ਦੀਆਂ ਮੀਟਿੰਗਾਂ ਹੁੰਦੀਆਂ ਹਨ, ਉਨ੍ਹਾਂ ਦੇ ਚਾਹ-ਪਾਣੀ 'ਤੇ 5.39 ਲੱਖ ਰੁਪਏ ਦਾ ਵੱਖਰਾ ਖਰਚਾ ਆਇਆ ਹੈ।

ਪੰਜਾਬ ਭਵਨ ਵਿਚ ਹੋਈਆਂ ਕੈਬਨਿਟ ਮੀਟਿੰਗਾਂ ਦਾ ਖਰਚ ਚਾਰ ਲੱਖ ਰੁਪਏ ਰਿਹਾ ਜਦੋਂ ਕਿ ਸਿਵਲ ਸਕੱਤਰੇਤ ਵਿਚ ਹੋਈਆਂ ਕੈਬਨਿਟ ਮੀਟਿੰਗਾਂ ਦੇ ਚਾਹ-ਪਾਣੀ ਦਾ ਖਰਚਾ 1.38 ਲੱਖ ਰੁਪਏ ਰਿਹਾ ਹੈ। ਜ਼ਿਆਦਾ ਮੀਟਿੰਗਾਂ ਵਿਚ ਹਾਈ ਟੀ ਤੇ ਮਿਨਰਲ ਵਾਟਰ ਹੀ ਵਰਤਾਇਆ ਗਿਆ ਹੈ ਜਦੋਂ ਕਿ ਕਈ ਮੀਟਿੰਗਾਂ ਵਿਚ ਪਨੀਰ ਪਕੌੜੇ, ਗੁਲਾਬ ਜਾਮਨਾਂ ਤੇ ਲੱਸੀ ਆਦਿ ਵੀ ਵਰਤਾਈ ਗਈ ਹੈ। ਹਰ ਮੀਟਿੰਗ ਵਿਚ 60 ਤੋਂ 100 ਵਿਅਕਤੀਆਂ ਤੱਕ ਦੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਤਾਂ ਪੰਜਾਬ ਭਵਨ ਵਿਚ ਕੈਚ ਕੰਪਨੀ ਦਾ 40 ਰੁਪਏ ਪ੍ਰਤੀ ਲੀਟਰ ਵਾਲਾ ਪਾਣੀ ਵਰਤਿਆ ਜਾਂਦਾ ਰਿਹਾ ਹੈ। ਨਾਗਰਿਕ ਚੇਤਨਾ ਮੰਚ ਦੇ ਸੀਨੀਅਰ ਆਗੂ ਜਗਮੋਹਨ ਕੌਸ਼ਲ ਦਾ ਪ੍ਰਤੀਕਰਮ ਸੀ ਕਿ ਜਦੋਂ ਕਿ ਇਸ ਵੇਲੇ ਸੂਬਾ ਮਾਲੀ ਸੰਕਟ ਵਿਚੋਂ ਲੰਘ ਰਿਹਾ ਹੈ ਤੇ ਮੁਲਾਜ਼ਮਾਂ ਉਤੇ ਵਿੱਤੀ ਕੱਟ ਲਗਾਏ ਜਾ ਰਹੇ ਹਨ ਤਾਂ ਇਸ ਮੌਕੇ ਮੁੱਖ ਮੰਤਰੀ ਤੇ ਕੈਬਨਿਟ ਨੂੰ ਸੰਜਮ ਤੇ ਸਾਦਗੀ ਦੇ ਰਾਹ ਪੈਣਾ ਚਾਹੀਦਾ ਹੈ।



### ਪ੍ਰਾਹੁਣਚਾਰੀ ਮਹਿਕਮੇ ਵੱਲੋਂ ਉਧਾਰ ਚੁਕਾਉਣ ਤੋਂ ਟਾਲਾ

ਸਰਕਾਰੀ ਵੇਰਵਿਆਂ ਅਨੁਸਾਰ ਪ੍ਰਾਹੁਣਚਾਰੀ ਮਹਿਕਮਾ ਕਈ ਅਦਾਰਿਆਂ ਦੇ ਬਿੱਲਾਂ ਦੀ ਅਦਾਇਗੀ ਨਹੀਂ ਕਰ ਸਕਿਆ ਹੈ। ਪ੍ਰਾਹੁਣਚਾਰੀ ਮਹਿਕਮੇ ਨੇ ਦਸੰਬਰ 2014 ਤੱਕ 68.89 ਲੱਖ ਦੇ ਬਕਾਏ ਤਾਰਨੇ ਹਨ। ਵੇਰਵਿਆਂ ਅਨੁਸਾਰ ਪੰਜਾਬ ਭਵਨ ਨੇ ਕਈ ਫਰਮਾਂ ਦੇ 22.25 ਲੱਖ ਦੇ ਬਕਾਏ ਦੇਣੇ ਹਨ ਜਦੋਂ ਕਿ ਸਿਵਲ ਸਕੱਤਰੇਤ ਤੇ ਵਿਧਾਨ ਸਭਾ ਕੰਟੀਨ ਨੇ 46.64 ਲੱਖ ਦੇ ਬਕਾਏ ਤਾਰਨੇ ਹਨ। ਅਹੂਲ ਫਿਸ਼ ਐਂਡ ਚਿਕਨ ਸ਼ਾਪ ਦੇ 1.10 ਲੱਖ ਰੁਪਏ ਤੇ ਗੁਰੂ ਨਾਨਕ ਡੇਅਰੀ ਦੇ 2.43 ਲੱਖ ਰੁਪਏ ਦੇ ਬਕਾਏ ਸਰਕਾਰ ਸਿਰ ਖੜ੍ਹੇ ਹਨ। ਇਵੇਂ ਸਰਕਾਰ ਨੇ ਪਨਸਪ ਦੇ 12.82 ਲੱਖ, ਮਿਲਕ ਪਲਾਂਟ ਮੁਹਾਲੀ ਦੇ 3.79 ਲੱਖ ਤੇ ਐਸ.ਐਂਡ.ਐਮ ਕੰਪਨੀ ਦੇ 64,799 ਰੁਪਏ ਦੇ ਬਕਾਏ ਤਾਰਨੇ ਹਨ। ਸਿਵਲ ਸਕੱਤਰੇਤ ਤੇ ਵਿਧਾਨ ਸਭਾ ਕੰਟੀਨ ਨੇ ਮਿਲਕ ਪਲਾਂਟ ਮੁਹਾਲੀ ਦੇ 15.40 ਲੱਖ ਰੁਪਏ, ਪਨਸਪ ਦੇ 23.46 ਲੱਖ ਰੁਪਏ ਤੇ ਗੁਰੂ ਨਾਨਕ ਡੇਅਰੀ ਦੇ 5.35 ਲੱਖ ਰੁਪਏ ਦੇ ਬਕਾਏ ਤਾਰਨੇ ਹਨ। ਪ੍ਰਾਹੁਣਚਾਰੀ ਵਿਭਾਗ ਇਸ ਦੇ ਬਾਵਜੂਦ ਪ੍ਰਾਹੁਣਚਾਰੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਦਾ ਹੈ। ਪ੍ਰਾਹੁਣਚਾਰੀ ਵਿਭਾਗ ਪੰਜਾਬ ਦੇ ਸੰਯੁਕਤ ਡਾਇਰੈਕਟਰ ਨਿਰਮਲ ਸਿੰਘ ਸੰਧੂ ਦਾ ਕਹਿਣਾ ਸੀ ਕਿ ਵੀ.ਆਈ.ਪੀਜ਼ ਦੇ ਚਾਹ ਪਾਣੀ ਦਾ ਖਰਚ ਬਜਟ ਮੁਤਾਬਕ ਹੀ ਕੀਤਾ ਜਾਂਦਾ ਹੈ ਤੇ ਨਿਯਮਾਂ ਤੋਂ ਬਾਹਰ ਜਾ ਕੇ ਕੋਈ ਖਰਚ ਨਹੀਂ ਕੀਤਾ ਜਾਂਦਾ ਹੈ। ਵਿਭਾਗ ਦੀ ਕੋਈ ਦੇਣਦਾਰੀ ਫੰਡਾਂ ਦੀ ਕਮੀ ਕਰਕੇ ਨਹੀਂ ਰੁਕੀ।

## ਕਤਲ ਕੇਸ ਵਿਚ ਅਕਾਲੀ ਆਗੂ ਸਣੇ ਛੇ ਨੂੰ ਕੈਦ

**ਪਟਿਆਲਾ:** ਇਥੇ ਤ੍ਰਿਪੜੀ ਇਲਾਕੇ ਵਿਚ ਰਹਿੰਦੇ ਡਕਾਲਾ ਨੇੜਲੇ ਪਿੰਡ ਬਠੋਈ ਕਲਾਂ ਦੇ ਨੌਜਵਾਨ ਤੇਜਿੰਦਰ ਸਿੰਘ ਦੇ ਤਿੰਨ ਸਾਲ ਪਹਿਲਾਂ ਸਿਓਣਾ ਚੌਕ ਵਿਚ ਝਗੜੇ ਦੌਰਾਨ ਹੋਏ ਕਤਲ ਮਾਮਲੇ ਵਿਚ ਅਦਾਲਤ ਨੇ ਅਕਾਲੀ ਆਗੂ ਤੇ ਮਾਰਕਿਟ ਕਮੇਟੀ




ਪਟਿਆਲਾ ਦੇ ਸਾਬਕਾ ਚੇਅਰਮੈਨ ਜਥੇਦਾਰ ਹਰਬੰਸ ਸਿੰਘ ਲੰਗ ਸਮੇਤ ਛੇ ਜਣਿਆਂ ਨੂੰ ਛੇ-ਛੇ ਮਹੀਨੇ ਦੀ ਕੈਦ ਜਦੋਂ ਕਿ ਅਕਾਲੀ ਆਗੂ ਦੇ ਪੁੱਤਰ ਅੰਮ੍ਰਿਤਪਾਲ ਸਿੰਘ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਅਨੁਸਾਰ ਕੇਸ ਦੇ ਫੈਸਲੇ ਦੌਰਾਨ ਜਥੇਦਾਰ ਹਰਬੰਸ ਸਿੰਘ, ਉਨ੍ਹਾਂ ਦੇ ਭਤੀਜੇ ਭਜਨ ਸਿੰਘ ਤੇ ਭਜਨ ਸਿੰਘ ਦੇ ਪੁੱਤਰ ਹਰਪ੍ਰੀਤ ਸਿੰਘ ਸਮੇਤ ਧਰਮਪਾਲ ਸਿੰਘ, ਸੁਖਿੰਦਰ ਸਿੰਘ ਤੇ ਗੁਰਦੀਪ ਸਿੰਘ ਵਾਸੀਆਨ ਪਿੰਡ ਲੰਗ ਨੂੰ ਅਦਾਲਤ ਵੱਲੋਂ ਛੇ-ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਉਂਜ ਇਹ ਸਾਰੇ ਛੇ ਜਣੇ ਪਹਿਲਾਂ ਹੀ ਇਸ ਤੋਂ ਵੱਧ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਹਨ ਤੇ ਜ਼ਮਾਨਤ 'ਤੇ ਬਾਹਰ ਆਏ ਹੋਏ ਸਨ, ਜਿਸ ਕਰਕੇ ਇਨ੍ਹਾਂ ਨੂੰ ਹੁਣ ਹੋਰ ਸਮਾਂ ਜੇਲ੍ਹ ਵਿਚ ਬਿਤਾਉਣ ਦੀ ਲੋੜ ਨਹੀਂ ਜਦੋਂਕਿ ਅਕਾਲੀ ਆਗੂ ਦੇ ਪੁੱਤਰ ਅੰਮ੍ਰਿਤਪਾਲ ਸਿੰਘ ਜਿਸ ਨੂੰ ਤਿੰਨ ਸਾਲ ਸਜ਼ਾ ਹੋਈ ਹੈ, ਦੀ ਵੀ ਜ਼ਮਾਨਤ ਮਨਜ਼ੂਰ ਹੋ ਗਈ ਹੈ। ਇਸ ਕਤਲ ਕੇਸ ਵਿਚ ਅਦਾਲਤ ਵੱਲੋਂ ਹਰਪ੍ਰੀਤ ਸਿੰਘ ਵਾਸੀ ਲੰਗ ਨੂੰ ਬਰੀ ਕਰ ਦਿੱਤਾ ਗਿਆ ਹੈ।

## *ਸਿੱਖਾਂ ਵਲੋਂ ਅਮਰੀਕੀ ਅਟਾਰਨੀ ਦਾ ਸਨਮਾਨ*

**ਵਾਸ਼ਿੰਗਟਨ:** ਅਮਰੀਕੀ ਅਟਾਰਨੀ ਜਨਰਲ ਐਰਿਕ ਹੋਲਡਰ ਵੱਲੋਂ ਚੁਣੌਤੀਆਂ ਭਰੇ ਸਮਿਆਂ ਦੌਰਾਨ ਖਾਸ ਕਰ ਕੇ 2012 ਵਿਚ ਵਿਸਕਾਨਸਿਨ ਦੇ ਗੁਰਦੁਆਰੇ ਤੇ ਹੋਏ ਹਮਲੇ ਤੋਂ ਅਮਰੀਕਾ ਵਿਚ ਸਿੱਖ ਭਾਈਚਾਰੇ ਦੀ ਕੀਤੀ ਬੇਮਿਸਾਲ ਮਦਦ ਸਦਕਾ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ। ਇਥੇ ਨਿਆਂ ਵਿਭਾਗ ਵਲੋਂ ਕਰਵਾਏ ਸਮਾਗਮ ਵਿਚ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਰੌਕਵਿਲੇ (ਮੇਰੀਲੈਂਡ) ਅਤੇ ਨੈਸ਼ਨਲ ਸਿੱਖ ਸੈਂਟਰ ਵੱਲੋਂ 64 ਸਾਲਾ ਸ੍ਰੀ ਹੋਲਡਰ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਤਾਮਰ ਪੱਤਰ, ਸਿੱਖ ਇਤਿਹਾਸ ਬਾਰੇ ਕਿਤਾਬ ਤੇ ਫੁਲਕਾਰੀ ਵੀ ਭੇਟ ਕੀਤੀ ਗਈ।

ਜੀ.ਜੀ.ਐਸ.ਐਫ. ਬੋਰਡ ਦੇ ਚੇਅਰਮੈਨ ਇੰਦਰ ਪਾਲ ਸਿੰਘ ਗੱਢ ਨੇ ਇਸ ਮੌਕੇ ਆਖਿਆ ਕਿ ਅਟਾਰਨੀ ਜਨਰਲ ਵੱਲੋਂ ਕੌਮ ਅਤੇ ਖਾਸ ਕਰ ਕੇ ਵਿਸਕਾਨਸਿਨ ਘਟਨਾ ਤੋਂ ਬਾਅਦ ਨਿਭਾਈਆਂ ਸੇਵਾਵਾਂ ਪ੍ਰਤੀ ਅਸੀਂ ਸਾਰੇ ਬੇਹੱਦ ਆਭਾਰ ਪ੍ਰਗਟ ਕਰਦੇ ਹਾਂ। ਪਿਛਲੇ ਕੁਝ ਸਮੇਂ ਤੋਂ ਨਿਆਂ ਵਿਭਾਗ ਨੇ ਸਿੱਖ ਭਾਈਚਾਰੇ ਖਿਲਾਫ ਕੀਤੇ ਜਾਂਦੇ ਨਫਰਤੀ ਹਮਲਿਆਂ ਤੇ ਨਜ਼ਰ ਰੱਖਣੀ ਸ਼ੁਰੂ ਕੀਤੀ ਹੈ। ਵਿਭਾਗ ਵਲੋਂ ਹੁਣ ਅਜਿਹਾ ਡੇਟਾ ਤਿਆਰ ਕੀਤਾ ਜਾ ਰਿਹਾ ਹੈ ਜਿਸ ਵਿਚ ਇਹ ਦਿਖਾਇਆ ਜਾਵੇਗਾ ਕਿ ਸਿੱਖਾਂ ਨੂੰ ਕਿੰਨੇ ਨਫ਼ਰਤੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਦੱਖਣੀ ਏਸ਼ੀਆ ਮੂਲ ਦੇ ਲੋਕਾਂ ਨੂੰ ਕਿਹੋ ਜਿਹੇ ਵਿਤਕਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

### *ਉੜੀਸਾ ਦੇ ਸਾਬਕਾ ਮੁੱਖ ਮੰਤਰੀ ਪਟਨਾਇਕ ਦਾ ਦੇਹਾਂਤ*

**ਤਿਰੁਪਤੀ:** ਉੜੀਸਾ ਦੇ ਸਾਬਕਾ ਮੁੱਖ ਮੰਤਰੀ ਤੇ ਆਸਾਮ ਦੇ ਸਾਬਕਾ ਰਾਜਪਾਲ ਜਾਨਕੀ ਬੱਲਭ ਪਟਨਾਇਕ ਦਾ ਇਥੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। 89 ਸਾਲਾ ਪਟਨਾਇਕ ਨੇ ਸ੍ਰੀ ਵੈਂਕਟੇਸ਼ਵਰ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਚ ਆਖਰੀ ਸਾਹ ਲਿਆ। ਉਹ ਇਥੇ ਕੌਮੀ ਸੰਸਕ੍ਰਿਤ ਵਿਦਿਆਪੀਠ ਦੀ ਕਾਨਵੋਕੇਸ਼ਨ ਅਤੇ ਮੰਦਰ ਵਿਚ ਪ੍ਰਾਰਥਨਾ ਲਈ ਪੁੱਜੇ ਸਨ। ਇਸ ਦੌਰਾਨ ਉਨ੍ਹਾਂ ਨੂੰ ਅੱਧੀ ਰਾਤ ਨੂੰ ਛਾਤੀ ਵਿਚ ਦਰਦ ਦੀ ਸ਼ਿਕਾਇਤ ਹੋਈ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਨ੍ਹਾਂ ਦੀ ਮੌਤ ਹੋ ਗਈ।



## ਪੰਜਾਬ ਸਰਕਾਰ ਦੇ 'ਕਾਲੇ ਕਾਨੂੰਨ' ਨੂੰ ਕੇਂਦਰ ਦੀ ਚੁਣੌਤੀ

### *ਕੇਂਦਰੀ ਗ੍ਰਹਿ ਮੰਤਰਾਲੇ ਦੇ ਸਵਾਲਾਂ ਦਾ ਜਵਾਬ ਦੇਣਾ ਹੋਇਆ ਔਖਾ*

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ 'ਜਨਤਕ ਤੇ ਨਿੱਜੀ ਜਾਇਦਾਦਾਂ ਦੀ ਭੰਨਤੋੜ ਰੋਕੂ ਕਾਨੂੰਨ-2014' ਦੇ ਲਾਗੂ ਹੋਣ ਬਾਰੇ ਲਾਈ ਸਵਾਲਾਂ ਦੀ ਝੜੀ ਨੇ ਰਾਜ ਦੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦੇ ਹੱਥ ਖੜ੍ਹੇ ਕਰਾ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ 2014 ਵਿਚ ਪਾਸ ਇਸ ਕਾਨੂੰਨ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਨਿੱਜੀ ਤੇ ਜਨਤਕ ਜਾਇਦਾਦਾਂ ਦੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਸੀ। ਸਰਕਾਰ ਨੇ ਇਸ ਦਾ ਜਵਾਬ ਅਜੇ ਭੇਜਿਆ ਹੀ ਸੀ ਕਿ ਵੀਡੀਓ ਫਿਲਮ ਦੀ ਪ੍ਰਮਾਣਕਤਾ ਬਾਰੇ ਜਵਾਬ ਮੰਗ ਲਿਆ ਗਿਆ।

ਸੂਤਰਾਂ ਮੁਤਾਬਕ ਕੇਂਦਰ ਨੇ ਤਾਜ਼ਾ ਪੱਤਰ ਵਿਚ ਅੰਦੋਲਨਕਾਰੀਆਂ ਵਿਰੁੱਧ ਵੀਡੀਓ ਫਿਲਮ ਨੂੰ ਸਬੂਤ ਵਜੋਂ ਵਰਤੇ ਜਾਣ ਬਾਰੇ ਵੀਡੀਓ ਦੀ ਪ੍ਰਮਾਣਕਤਾ ਸਪਸ਼ਟ ਕਰਨ ਲਈ ਕਿਹਾ ਹੈ। ਇਸ ਪੱਤਰ ਨੇ ਸੂਬਾਈ ਗ੍ਰਹਿ ਵਿਭਾਗ ਨੂੰ ਚੱਕਰਾਂ ਵਿਚ ਪਾਇਆ ਹੋਇਆ ਹੈ। ਗ਼ੌਰਤਲਬ ਹੈ ਕਿ ਇਹ ਕਾਨੂੰਨ ਲਾਗੂ ਕਰਨ ਲਈ ਕੇਂਦਰ ਦੀ ਪ੍ਰਵਾਨਗੀ ਜ਼ਰੂਰੀ ਹੈ। ਇਕ ਸੀਨੀਅਰ ਅਧਿਕਾਰੀ ਨੇ ਇਸ ਪੱਤਰ-ਵਿਹਾਰ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਵਾਬ ਤਾਂ ਭੇਜਿਆ ਜਾ ਰਿਹਾ ਹੈ ਪਰ ਕਾਨੂੰਨ ਲਾਗੂ ਹੋਣ ਬਾਰੇ ਹਾਲ ਦੀ ਘੜੀ ਬੇਯਕੀਨੀ ਦਾ ਮਾਹੌਲ ਹੈ। ਕੇਂਦਰ ਦਾ ਕਹਿਣਾ ਹੈ ਕਿ ਜੇਕਰ ਫਰਜ਼ੀ ਜਾਂ ਬਦਲੀ ਹੋਈ ਵੀਡੀਓ ਨੂੰ ਸਬੂਤ ਵਜੋਂ ਵਰਤਿਆ ਜਾਂਦਾ ਹੈ ਤਾਂ ਸਰਕਾਰ ਦਾ ਕੀ ਰੁਖ ਹੋਵੇਗਾ। ਇਹ ਵੀ ਪੁੱਛਿਆ ਗਿਆ ਹੈ ਕਿ ਘਟਨਾ ਦੀ ਵੀਡੀਓ ਕਿਸ ਅਥਾਰਟੀ ਦੀ ਨਿਗਰਾਨੀ ਹੇਠ ਬਣੇਗੀ ਤੇ ਕਾਨੂੰਨ ਮੁਤਾਬਕ ਕਿਸ ਤਰ੍ਹਾਂ ਦੀ ਵੀਡੀਓ ਨੂੰ ਮਾਨਤਾ ਹੋਵੇਗੀ। ਕੁਝ ਹੋਰ ਸਵਾਲ ਵੀ ਕੀਤੇ ਹਨ। ਵਧੀਕ ਮੁੱਖ ਸਕੱਤਰ (ਗ੍ਰਹਿ) ਜਗਪਾਲ ਸਿੰਘ ਸੰਧੂ ਨੇ ਕਿਹਾ ਕਿ ਰਾਜ ਸਰਕਾਰ ਵੱਲੋਂ ਕੇਂਦਰ ਨੂੰ ਜਵਾਬ ਭੇਜਿਆ ਜਾ ਰਿਹਾ ਹੈ ਤੇ ਕੇਂਦਰ ਦੀ ਪ੍ਰਵਾਨਗੀ ਪਿੱਛੋਂ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ਼ਾਂਤਮਈ ਅੰਦੋਲਨਾਂ 'ਤੇ ਇਹ ਕਾਨੂੰਨ ਪਾਬੰਦੀ ਨਹੀਂ ਲਾਉਂਦਾ। ਜੇਕਰ ਕੋਈ ਅੰਦੋਲਨ ਦੀ ਆੜ ਹੇਠ ਕਾਨੂੰਨ ਹੱਥ ਵਿਚ ਲਵੇਗਾ ਤਾਂ ਕਾਰਵਾਈ ਸੰਭਵ ਹੈ। ਗ਼ੌਰਤਲਬ ਹੈ ਕਿ ਪੰਜਾਬ ਦੀਆਂ ਜਨਤਕ ਜਥੇਬੰਦੀਆਂ ਨੇ ਇਸ ਨੂੰ 'ਕਾਲਾ ਕਾਨੂੰਨ' ਕਰਾਰ ਦੇ ਕੇ ਇਸ ਖਿਲਾਫ਼ ਸੰਘਰਸ਼ ਵਿੱਢਿਆ ਹੋਇਆ ਹੈ।

ਕਿਸਾਨ, ਮਜ਼ਦੂਰ ਤੇ ਖੱਬੇ ਪੱਖੇ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਸੰਘਰਸ਼ਸ਼ੀਲ ਲੋਕਾਂ ਦੀ ਆਵਾਜ਼ ਬੰਦ ਕਰਨ ਵਾਲਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਵੀਡੀਓਗ੍ਰਾਫੀ ਨੂੰ ਅਹਿਮ ਸਬੂਤ ਵਜੋਂ ਮੰਨਣਾ ਤੇ ਵੀਡੀਓਗ੍ਰਾਫੀ ਵਰਗਾ ਹਥਿਆਰ ਪੁਲਿਸ ਹੱਥ ਦੇਣ ਦੇ ਕਈ ਵਾਰ ਗਲਤ ਸਿੱਟੇ ਨਿਕਲਦੇ ਹਨ ਤੇ ਪੁਲਿਸ ਇਸ ਦੀ ਦੁਰਵਰਤੋਂ ਵੀ ਕਰਦੀ ਹੈ। ਇਸ ਅਧਿਕਾਰੀ ਦਾ ਕਹਿਣਾ ਹੈ ਕਿ ਜਨਤਕ ਹਿੱਤ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਵੱਲੋਂ ਹਰ ਪਹਿਲੂ ਨੂੰ ਵਿਚਾਰ ਕੇ ਹੀ ਕਾਨੂੰਨ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਦਾ ਮੰਨਣਾ ਹੈ ਕਿ ਕੋਈ ਵੀ ਕਾਨੂੰਨ ਕਹਾਲੀ ਵਿਚ ਲਾਗੂ ਨਾ ਹੋਵੇ।

# ਐਨ.ਆਰ.ਆਈ. ਸੰਗਤ ਦਰਸ਼ਨ ਵਾਲੇ ਵਾਅਦੇ ਵਫਾ ਹੀ ਨਾ ਹੋਏ

**ਮੋਗਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਬੀਤੇ ਵਰ੍ਹੇ ਕਰਵਾਏ ਗਏ ਐਨ.ਆਰ.ਆਈ. ਸੰਗਤ ਦਰਸ਼ਨਾਂ ਵਿਚ ਕੀਤੇ ਵਾਅਦੇ ਅਜੇ ਤੱਕ ਵਫਾ ਨਹੀਂ ਹੋਏ। ਸਮਾਗਮਾਂ ਵਿਚ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ ਪਰ ਇਹ ਫਰਿਆਦੀ ਅੱਜ ਵੀ ਇਨਸਾਫ ਦੀ ਉਡੀਕ ਕਰ ਰਹੇ ਹਨ।

ਬੀਤੇ ਵਰ੍ਹੇ 28 ਦਸੰਬਰ ਨੂੰ ਮੋਗਾ ਵਿਖੇ ਪਰਵਾਸੀ ਸੰਮੇਲਨ ਵਿਚ ਜਾਅਲਸਾਜ਼ੀ ਮਾਮਲੇ ਵਿਚ ਪੀੜਤ ਪਰਵਾਸੀ ਪੰਜਾਬੀ ਭੈਣਾਂ

ਨੇ ਵੀ ਸ਼ਿਕਾਇਤ ਮੁੱਖ ਮੰਤਰੀ ਨੂੰ ਦਿੱਤੀ ਸੀ ਪਰ ਪੁਲਿਸ ਨੇ ਪੰਜ ਮਹੀਨੇ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ। ਇਸ ਜਾਅਲਸਾਜ਼ੀ ਮਾਮਲੇ ਵਿਚ ਨਾਮਜ਼ਦ ਮਹਿਲਾ ਬਰਜਿੰਦਰ ਕੌਰ ਪਿੰਡ ਕਾਲੀਏਵਾਲਾ ਵਿਖੇ ਪਿਛਲੇ ਹਫਤੇ ਹੋਏ ਪਰਵਾਸੀ ਪੰਜਾਬੀ ਹਰਿੰਦਰ ਸਿੰਘ ਉਰਫ ਕਾਲਾ ਦੀ ਹੱਤਿਆ ਦੇ ਦੋਸ਼ ਵਿਚ ਨਾਮਜ਼ਦ ਹੈ। ਇਸ ਮਾਮਲੇ ਵਿਚ ਪੀੜਤ ਭੈਣਾਂ ਨੇ ਪੁਲਿਸ ਇੰਸਪੈਕਟਰ ਭੋਲਾ ਸਿੰਘ ਖਿਲਾਫ ਦੋਸ਼ ਲਾਏ ਸਨ ਪਰ ਮੁਢਲੀ ਜਾਂਚ ਵਿਚ ਐਨ.ਆਰ.ਆਈ. ਪੁਲਿਸ ਨੇ ਇੰਸਪੈਕਟਰ ਨੂੰ ਕਲਿਨ ਚਿੱਟ ਦੇ ਦਿੱਤੀ ਹੈ।

ਪਰਵਾਸੀ ਪੰਜਾਬੀ ਭੈਣਾਂ ਜਗਮੀਤ ਕੌਰ ਉਰਫ ਗੁਰਮੀਤ ਕੌਰ ਤੇ ਸੁਖਵਿੰਦਰ ਕੌਰ ਪਿੰਡ ਕਾਲੀਏਵਾਲਾ ਨੇ ਸ਼ਿਕਾਇਤ ਦਿੱਤੀ ਸੀ ਕਿ ਉਹ ਦੋਵੇਂ ਕੈਨੇਡਾ ਰਹਿੰਦੀਆਂ ਹਨ। ਉਨ੍ਹਾਂ ਦੇ ਪਿਤਾ ਨਛੱਤਰ ਸਿੰਘ ਦੀ ਇਕ ਅਪਰੈਲ 1993 ਨੂੰ, ਮਾਂ ਮਹਿੰਦਰ ਕੌਰ ਦੀ 2003 ਵਿਚ ਤੇ ਭਰਾ ਪਰਮਿੰਦਰ ਸਿੰਘ ਦੀ 2004 ਵਿਚ ਮੌਤ ਹੋ ਗਈ ਸੀ।

ਸ਼ਿਕਾਇਤ ਮੁਤਾਬਕ ਪੀੜਤ ਪਰਵਾਸੀ ਭੈਣਾਂ ਦਾ ਪਿਤਾ ਨਛੱਤਰ ਸਿੰਘ 27 ਏਕੜ ਜ਼ਮੀਨ ਦਾ ਮਾਲਕ ਸੀ ਤੇ ਉਸ ਦੀ ਮੌਤ ਬਾਅਦ 17 ਏਕੜ ਜ਼ਮੀਨ ਦਾ ਇੰਤਕਾਲ ਉਨ੍ਹਾਂ ਦੇ ਨਾਂ ਮਨਜ਼ੂਰ ਹੋ ਗਿਆ ਸੀ ਪਰ ਉਨ੍ਹਾਂ ਦੀ ਭਾਬੀ ਬਰਜਿੰਦਰ ਕੌਰ ਨੇ 17 ਏਕੜ ਜ਼ਮੀਨ ਹੜੱਪਣ ਲਈ ਉਨ੍ਹਾਂ ਦੇ ਪਿਤਾ ਦਾ ਜਾਅਲੀ ਵਸੀਅਤਨਾਮਾ ਬਣਾ ਕੇ ਅਦਾਲਤ ਵਿਚੋਂ 31 ਜੁਲਾਈ 2014 ਨੂੰ ਇਕ ਤਰਫ਼ਾ ਡਿਗਰੀ ਹਾਸਲ ਕਰਕੇ ਜ਼ਮੀਨ ਨਾਂ ਲਵਾ ਲਈ।

ਦੱਸਣਯੋਗ ਹੈ ਕਿ ਬੀਤੇ ਵਰ੍ਹੇ ਜਲੰਧਰ ਵਿਚ ਸੰਗਤ ਦਰਸ਼ਨ ਦੌਰਾਨ 234 ਸ਼ਿਕਾਇਤਾਂ ਆਈਆਂ ਸਨ। ਇਸੇ ਤਰ੍ਹਾਂ ਲੁਧਿਆਣਾ ਸੰਮੇਲਨ ਦੌਰਾਨ 174 ਪਰਵਾਸੀ ਪੰਜਾਬੀ ਆਪਣੀਆਂ ਸ਼ਿਕਾਇਤਾਂ ਲੈ ਕੇ ਆਏ ਸਨ। ਸੰਗਤ ਦਰਸ਼ਨ ਦੌਰਾਨ ਜ਼ਿਆਦਾਤਰ ਸ਼ਿਕਾਇਤਾਂ ਸਿਵਲ ਤੇ ਪੁਲਿਸ ਅਧਿਕਾਰੀਆਂ ਵਿਰੁੱਧ ਹੀ ਸਨ। ਪਰਵਾਸੀ ਪੰਜਾਬੀਆਂ ਨੇ ਆਪਣੇ ਦੁੱਖੜੇ ਮੁੱਖ ਮੰਤਰੀ ਅੱਗੇ ਫਰੋਲਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰੀ ਦਫ਼ਤਰਾਂ ਵਿਚ ਸੁਣਵਾਈ ਨਹੀਂ ਹੁੰਦੀ। ਕਈ ਪਰਵਾਸੀ ਪੰਜਾਬੀਆਂ ਨੇ ਕਿਹਾ ਕਿ ਜਦੋਂ ਉਹ ਥਾਣਿਆਂ ਤੱਕ ਜਾਂ ਪੁਲਿਸ ਦੇ ਉਚ ਅਧਿਕਾਰੀਆਂ ਕੋਲ ਜਾਂਦੇ ਹਨ ਤਾਂ ਉਨ੍ਹਾਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ।

ਇਕ ਸਵਾਲ ਦਾ ਜਵਾਬ ਦਿੰਦਿਆਂ ਸ. ਬਾਦਲ ਨੇ ਇਸ ਗੱਲ ਨੂੰ ਵੀ ਸਵੀਕਾਰਿਆ ਸੀ ਕਿ ਜੇਕਰ ਅਫ਼ਸਰਾਂ ਨੇ ਨੇਕ ਨੀਅਤ ਨਾਲ ਕੰਮ ਕੀਤਾ ਹੁੰਦਾ ਤਾਂ ਏਨੀਆਂ ਸ਼ਿਕਾਇਤਾਂ ਨਹੀਂ ਸੀ ਆਉਣੀਆਂ। ਉਨ੍ਹਾਂ ਅਫ਼ਸਰਾਂ ਨੂੰ ਨਸੀਹਤ ਦਿੱਤੀ ਕਿ ਉਹ ਆਪਣਾ ਕੰਮ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਕਰਨ।



## 84: ਖੋਖਰ ਤੇ ਗਿਰਧਾਰੀ ਨੂੰ ਰਾਹਤ ਤੋਂ ਨਾਂਹ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ 1984 ਸਿੱਖ ਕਤਲੇਆਮ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਸੱਜਣ ਕੁਮਾਰ ਦੇ ਨਜ਼ਦੀਕੀ ਬਲਵਾਨ ਖੋਖਰ ਤੇ ਗਿਰਧਾਰੀ ਲਾਲ ਦੀ ਸਜ਼ਾ ਮੁਲਤਵੀ ਕਰਕੇ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਆਸ਼ੂਤੋਸ਼ ਕੁਮਾਰ ਦੇ ਬੈਂਚ ਨੇ ਬਲਵਾਨ ਖੋਖਰ ਦੀ ਜ਼ਮਾਨਤ ਦੀ ਅਪੀਲ ਪ੍ਰਵਾਨ ਨਹੀਂ ਕੀਤੀ। ਬਲਵਾਨ ਖੋਖਰ ਦੇ ਵਕੀਲ ਨੇ 12 ਅਪ੍ਰੈਲ 2015 ਨੂੰ ਤਿਹਾੜ ਜੇਲ੍ਹ ਵਿਚ ਹੱਥਾਂ ਤੇ ਪੈਰਾਂ 'ਤੇ ਗੰਭੀਰ ਸੱਟਾਂ ਲੱਗਣ ਦਾ ਦਾਅਵਾ ਕਰਦਿਆਂ ਖੋਖਰ ਨੂੰ ਜ਼ਮਾਨਤ ਦੇਣ ਦੀ ਬੇਨਤੀ ਕੀਤੀ ਸੀ।

## ਆਈ.ਐਸ. ਵਲੋਂ 30 ਈਸਾਈਆਂ ਦੇ ਸਿਰ ਕਲਮ

**ਕਾਹਿਰਾ:** ਸੋਸ਼ਲ ਮੀਡੀਆ ਵੈੱਬਸਾਈਟਾਂ ਉਤੇ ਇਸਲਾਮਿਕ ਸਟੇਟ ਵਲੋਂ ਪਾਈ ਵੀਡੀਓ ਵਿਚ ਅਤਿਵਾਦੀਆਂ ਨੂੰ ਲਿਬੀਆ ਵਿਚ ਇਥੋਪੀਆ ਦੇ 30 ਈਸਾਈਆਂ ਦਾ ਸਿਰ ਕਲਮ ਕਰਦਾ ਦਿਖਾਇਆ ਗਿਆ ਹੈ; ਹਾਲਾਂਕਿ ਇਸ ਵੀਡੀਓ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਹੋਈ ਪਰ ਵੀਡੀਓ ਵਿਚ ਹੱਤਿਆਵਾਂ ਦਾ ਤਰੀਕਾ ਇਸਲਾਮਿਕ ਸਟੇਟ ਵਲੋਂ ਪਹਿਲਾਂ ਕੀਤੇ ਕਤਲਾਂ ਨਾਲ ਮਿਲਦਾ-ਜੁਲਦਾ ਹੈ। ਵੀਡੀਓ ਵਿਚ ਈਸਾਈਆਂ ਨੂੰ ਮੁਸਲਮਾਨਾਂ ਦਾ ਕਾਤਲ ਕਹਿ ਕੇ ਸੰਬੋਧਨ ਕੀਤਾ ਗਿਆ ਹੈ।

# ਸਾਵਧਾਨ ! ਖਬਰਦਾਰ !! ਧੋਖੇਬਾਜਾਂ ਤੋਂ ਬਚੋ

**ਸ਼ਿਕਾਗੋ (ਬਿਊਰੋ):** ਹਾਲ ਹੀ ਵਿਚ ਫੋਨ ਘਪਲਿਆਂ ਅਤੇ ਅਜਿਹੀਆਂ ਵਾਰਦਾਤਾਂ ਵਿਚ ਭਾਰੀ ਵਾਧਾ ਹੋਇਆ ਹੈ। ਇਨ੍ਹਾਂ ਘਪਲਿਆਂ ਵਿਚ ਕੋਈ ਅਣਪਛਾਤਾ ਵਿਅਕਤੀ, ਜਿਸ ਨੂੰ ਸ਼ਿਕਾਰ ਬਣਨ ਵਾਲੇ ਵਿਅਕਤੀ ਦੇ ਪਰਿਵਾਰ ਜਾਂ ਉਸ ਦੇ ਮਾਲੀ ਸਾਧਨਾਂ ਬਾਰੇ ਜਾਪਦਾ ਹੈ, ਨਿਜੀ ਜਾਣਕਾਰੀ ਹੁੰਦੀ ਹੈ, ਇਸ ਜਾਣਕਾਰੀ ਨੂੰ ਧੋਖੇ ਨਾਲ ਹਜ਼ਾਰਾਂ ਡਾਲਰਾਂ ਦਾ ਚੂਨਾ ਲਾਉਣ ਲਈ ਇਸਤੇਮਾਲ ਕਰ ਸਕਦਾ ਹੈ। ਹੇਠਾਂ ਕੁਝ ਚਿਤਾਵਨੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਫੋਨ ਕਰਨ ਵਾਲਾ ਵਿਅਕਤੀ ਕੋਈ ਘਪਲਾ ਕਰਨ ਵਾਲਾ ਹੈ! ਹੇਠਾਂ ਦਿੱਤੀਆਂ ਸਾਵਧਾਨੀਆਂ ਵਰਤ ਕੇ ਤੁਸੀਂ ਆਪਣੇ ਆਪ ਦਾ ਬਚਾਅ ਕਰ ਸਕਦੇ ਹੋ:




ਇਹ ਘਪਲੇ ਕਈ ਤਰ੍ਹਾਂ ਦੇ ਹਨ। ਮਿਸਾਲ ਵਜੋਂ ਘਪਲੇਬਾਜ ਜਾਅਲੀ ਨਾਂ, ਜਾਅਲੀ ਬੈਜ ਨੰਬਰ, ਜਾਅਲੀ ਈਮੇਲ ਅਤੇ ਜਾਅਲੀ ਫੋਨ ਨੰਬਰ ਜਿਨ੍ਹਾਂ ਦਾ ਏਰੀਆ ਕੋਡ ਸਹੀ ਜਾਪਦਾ ਹੈ, ਵਰਤਦੇ ਹਨ। ਇਸ ਤੋਂ ਇਲਾਵਾ ਉਹ ਅਜਿਹੇ ਹਥਕੰਡੇ ਵੀ ਵਰਤਦੇ ਹਨ ਕਿ ਕਾਲਰ ਆਈ ਡੀ ਉਤੇ ਫੋਨ ਨੰਬਰ ਸਹੀ ਨਜ਼ਰ ਆਵੇ।

ਸਰਕਾਰੀ ਅਤੇ ਅਧਿਕਾਰਤ ਤਰੀਕੇ ਅਪਨਾਉਣ ਦੀ ਥਾਂ ਇਹ ਘਪਲੇਬਾਜ ਤੁਹਾਨੂੰ ਕਹਿਣਗੇ ਕਿ ਪੈਸਾ ਪ੍ਰੀਪੇਡ ਕਾਰਡ (ਜਿਵੇਂ ਕਿ ਗਰੀਨ ਡਾਟ), ਵੈਸਟਰਨ ਯੂਨੀਅਨ, ਮਨੀ ਗਰਾਮ ਜਿਹੀਆਂ ਵਾਇਰ ਟਰਾਂਸਫਰ ਕੰਪਨੀਆਂ ਰਾਹੀਂ ਪੈਸਾ ਭੇਜਣ ਜਾਂ ਫਿਰ ਸਿੱਧਾ ਕਿਸੇ ਅਕਾਊਂਟ ਵਿਚ ਪੈਸਾ ਜਮ੍ਹਾ ਕਰਵਾਉਣ ਲਈ ਆਖਣਗੇ।

**ਇਸ ਤੋਂ ਇਲਾਵਾ ਇਸ ਸਮੇਂ ਜਿਹੜੇ ਕੁਝ ਹੋਰ ਘਪਲੇ ਕੀਤੇ ਜਾਂਦੇ ਹਨ, ਉਹ ਹਨ:**

(1) **ਬਕਾਇਆ ਅਦਾਇਗੀ:** ਘਪਲੇਬਾਜ ਇਸ ਤਰ੍ਹਾਂ ਜਾਹਰ ਕਰੇਗਾ ਕਿ ਉਹ ਆਈ ਆਰ ਐਸ ਜਿਹੀ ਕਿਸੇ ਸਰਕਾਰੀ ਏਜੰਸੀ, ਕਿਸੇ ਯੂਟੀਲਿਟੀ ਜਾਂ ਮਾਰਟਗੇਜ ਕੰਪਨੀ ਲਈ ਕੰਮ ਕਰਦਾ ਹੈ ਅਤੇ ਦਾਅਵਾ ਕਰੇਗਾ ਕਿ ਤੁਹਾਡਾ ਕੋਈ ਬਕਾਇਆ ਦੇਣ ਵਾਲਾ ਰਹਿੰਦਾ ਹੈ। ਘਪਲੇਬਾਜ ਅਦਾਇਗੀ ਤੁਰਤ ਨਾ ਕੀਤੇ ਜਾਣ 'ਤੇ ਤੁਹਾਨੂੰ ਗ੍ਰਿਫਤਾਰੀ, ਡਿਪੋਰਟੇਸ਼ਨ ਜਾਂ ਫਿਰ ਲਾਇਸੈਂਸ ਰੱਦ ਕਰਨ ਦੀ ਧਮਕੀ ਦੇਵੇਗਾ।

(2) **ਤੁਹਾਡਾ ਪੋਤਰਾ ਖਤਰੇ ਵਿਚ ਹੈ:** ਘਪਲੇਬਾਜ ਜਾਹਰ ਕਰੇਗਾ ਕਿ ਉਹ ਕਿਸੇ ਪੁਲਿਸ ਵਿਭਾਗ ਲਈ ਕੰਮ ਕਰਦਾ ਹੈ ਜਾਂ ਫਿਰ ਇਹ ਜਾਹਰ ਕਰੇਗਾ ਕਿ ਉਹ ਅਗਵਾਕਾਰ ਹੈ ਅਤੇ ਦਾਅਵਾ ਕਰੇਗਾ ਕਿ ਤੁਹਾਡਾ ਕੋਈ ਰਿਸ਼ਤੇਦਾਰ ਗ੍ਰਿਫਤਾਰ ਕਰ ਲਿਆ ਗਿਆ ਹੈ ਜਾਂ ਉਹ ਕਿਸੇ ਹਾਦਸੇ ਦਾ ਸ਼ਿਕਾਰ ਹੋ ਗਿਆ ਹੈ ਅਤੇ ਉਸ ਨੂੰ ਡਾਕਟਰੀ ਮਦਦ ਦੀ ਫੌਰੀ ਲੋੜ ਹੈ। ਜੇ ਤੁਸੀਂ ਫੌਰਨ ਪੈਸੇ ਨਾ ਭੇਜੇ ਤਾਂ ਉਸ ਨੂੰ ਡਾਕਟਰੀ ਮਦਦ ਨਹੀਂ ਮਿਲ ਸਕੇਗੀ ਜਾਂ ਫਿਰ ਉਹ ਰਿਹਾ ਨਹੀਂ ਹੋ ਸਕੇਗਾ।

(3) **ਵੱਡੀ ਲਾਟਰੀ:** ਘਪਲੇਬਾਜ ਇਹ ਜਾਹਰ ਕਰੇਗਾ ਕਿ ਤੁਹਾਡੀ ਕਿਸੇ ਕੀਮਤੀ ਚੀਜ਼ ਜਾਂ ਵੱਡੀ ਰਕਮ ਦੀ ਲਾਟਰੀ ਨਿਕਲੀ ਹੈ ਪਰ ਇਹ ਹਾਸਲ ਕਰਨ ਲਈ ਤੁਹਾਨੂੰ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਦੇਣੀ ਪਵੇਗੀ ਜਾਂ ਫਿਰ ਤੁਹਾਨੂੰ ਇਕ ਛੋਟੀ ਜਿਹੀ ਰਕਮ (ਜੋ ਕਈ ਵਾਰ ਹਜ਼ਾਰਾਂ ਡਾਲਰ ਹੁੰਦੀ ਹੈ) ਅਦਾ ਕਰਨੀ ਪਵੇਗੀ।

**ਘਪਲੇ ਰੋਕੇ ਕਿਵੇਂ ਜਾਣ ਅਤੇ ਇਨ੍ਹਾਂ ਦਾ ਜਵਾਬ ਕੀ ਹੋਵੇਗਾ?**

ਪਹਿਲੀ ਗੱਲ, ਕਿਸੇ ਵੀ ਗੈਰ-ਤਸਦੀਕਸ਼ੁਦਾ ਪਾਰਟੀ ਨੂੰ ਆਪਣੀ ਨਿਜੀ ਜਾਂ ਵਿਤੀ ਜਾਣਕਾਰੀ ਫੋਨ ਉਪਰ ਕਦੀ ਨਾ ਦਿਓ।

ਦੂਜੇ, ਕਦੀ ਵੀ ਘਬਰਾਹਟ ਵਿਚ ਆ ਕੇ ਕੋਈ ਅਦਾਇਗੀ ਨਾ ਕਰੋ।

**ਪਿਛਲੀ ਰਹਿੰਦੀ ਅਦਾਇਗੀ ਦਾ ਘਪਲਾ:** ਜੇ ਤੁਹਾਨੂੰ ਅਜਿਹਾ ਕੋਈ ਫੋਨ ਆਵੇ ਤਾਂ ਤੁਰਤ ਫੋਨ ਹੈਂਗਅਪ ਕਰ ਦਿਓ ਅਤੇ ਮਾਮਲੇ ਦੀ ਤਸਦੀਕ ਕਰਨ ਲਈ ਉਚਿਤ ਕਸਟਮਰ ਕੇਅਰ ਸਰਵਿਸ ਜਾਂ ਬਿਲਿੰਗ ਸੈਂਟਰ ਨਾਲ ਤੁਰਤ ਸੰਪਰਕ ਕਰੋ। (ਆਈ ਆਰ ਐਸ:1-800-829-1040)

**ਤੁਹਾਡਾ ਪੋਤਾ ਜਾਂ ਕੋਈ ਵੀ ਕਰੀਬੀ ਰਿਸ਼ਤੇਦਾਰ ਖਤਰੇ ਵਿਚ ਹੈ, ਦਾ ਘਪਲਾ:** ਜੇ ਤੁਹਾਨੂੰ ਅਜਿਹਾ ਕੋਈ ਫੋਨ ਆਉਂਦਾ ਹੈ ਤਾਂ ਤੁਰੰਤ ਫੋਨ ਹੈਂਗਅਪ ਕਰ ਦਿਓ ਅਤੇ ਫਿਰ ਆਪਣੇ ਰਿਸ਼ਤੇਦਾਰ ਨਾਲ ਅਸਲ ਸਥਿਤੀ ਦਾ ਪਤਾ ਲਾਉਣ ਲਈ ਫੌਰਨ ਸੰਪਰਕ ਕਰੋ। ਜੇ ਤੁਹਾਨੂੰ ਉਸ ਰਿਸ਼ਤੇਦਾਰ ਤੱਕ ਪਹੁੰਚ ਕਰਨ ਵਿਚ ਦਿੱਕਤ ਆਵੇ ਤਾਂ ਫਿਰ ਉਸ ਦੀ ਸਥਿਤੀ ਦਾ ਪਤਾ ਲਾਉਣ ਲਈ ਉਥੋਂ ਦੀ ਲੋਕਲ ਪੁਲਿਸ ਨਾਲ ਸੰਪਰਕ ਕਰੋ। ਖਿਆਲ ਰਹੇ, ਘਪਲੇਬਾਜ ਦਾ ਫੋਨ ਨੰਬਰ, ਉਸ ਬਾਰੇ ਕੋਈ ਜਾਣਕਾਰੀ ਅਤੇ ਦੱਸੀ ਗਈ ਰਕਮ ਦੇ ਵੇਰਵੇ ਜ਼ਰੂਰ ਨੋਟ ਕਰ ਲਏ ਜਾਣ।

# ਆਪਣੇ ਭਲੇ ਜੋਗੇ ਵੀ ਨਹੀਂ ਰਹੇ ਪੰਜਾਬ ਸਰਕਾਰ ਦੇ ਭਲਾਈ ਬੋਰਡ

**ਬਠਿੰਡਾ:** ਪੰਜਾਬ ਸਰਕਾਰ ਦੇ ਭਲਾਈ ਬੋਰਡ ਆਪਣਾ ਭਲਾ ਕਰਨ ਜੋਗੇ ਵੀ ਨਹੀਂ ਹਨ। ਇਨ੍ਹਾਂ ਬੋਰਡਾਂ ਕੋਲ ਸਿਰਫ ਚੇਅਰਮੈਨ ਹਨ। ਨਾ ਕੋਈ ਬਜਟ ਹੈ ਤੇ ਨਾ ਹੀ ਸਟਾਫ਼। ਬੋਰਡਾਂ ਕੋਲ ਕੋਈ ਕੰਮ ਵੀ ਨਹੀਂ ਹੈ। ਕਈ ਬੋਰਡ ਤਾਂ ਤਿੰਨ ਚਾਰ ਵਰ੍ਹਿਆਂ ਤੋਂ ਚੱਲ ਰਹੇ ਹਨ ਤੇ ਕਈ ਬੰਦ ਵੀ ਹੋ ਚੁੱਕੇ ਹਨ। ਇਕ-ਇਕ ਕਮਰੇ ਵਿਚ ਚੱਲਦੇ ਬੋਰਡਾਂ ਵਿਚੋਂ ਕਈਆਂ ਦੇ ਦਫ਼ਤਰਾਂ ਨੂੰ ਤਾਲੇ ਲੱਗੇ ਹੋਏ ਹਨ। ਇਨ੍ਹਾਂ ਬੋਰਡਾਂ ਦੇ ਦਫ਼ਤਰਾਂ ਨੂੰ ਆਰ.ਟੀ.ਆਈ. ਤਹਿਤ ਭੇਜੇ ਪੱਤਰ ਬੇਰੰਗ ਪਰਤ ਆਏ। ਬੋਰਡਾਂ ਲਈ ਮੁਹਾਲੀ ਦੇ ਫਾਰੈਸਟ ਕੰਪਲੈਕਸ ਵਿਚ ਕਮਰੇ ਅਲਾਟ ਕੀਤੇ ਹੋਏ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਦਲਿਤ ਵਿਕਾਸ ਬੋਰਡ ਕੰਮ ਕਰ ਰਿਹਾ ਹੈ। ਸਰਕਾਰ ਨੇ ਬੋਰਡ ਦੇ ਚੇਅਰਮੈਨ ਵਾਸਤੇ ਇਕ ਕਮਰਾ ਤਾਂ ਅਲਾਟ ਕਰ ਦਿੱਤਾ ਹੈ ਪਰ ਦਫ਼ਤਰ ਲਈ ਕੋਈ ਸਟਾਫ਼ ਨਹੀਂ ਦਿੱਤਾ ਹੈ। ਸਰਕਾਰ ਨੇ ਫਰਵਰੀ 2014 ਵਿਚ ਨੋਟੀਫਿਕੇਸ਼ਨ ਜਾਰੀ ਕਰਕੇ ਵਿਜੇ ਦਾਨਵ ਨੂੰ ਇਸ ਬੋਰਡ ਦਾ ਪ੍ਰਧਾਨ ਲਗਾਇਆ ਸੀ। ਬੋਰਡ ਦੇ ਦਫ਼ਤਰ ਵਿਚ ਨਾ ਸੇਵਾਦਾਰ ਹੈ ਤੇ ਨਾ ਹੀ ਕਲਰਕ ਹੈ, ਬਸ ਇਕੱਲਾ ਚੇਅਰਮੈਨ ਹੀ ਹੈ। ਚੇਅਰਮੈਨ ਕੋਲ ਨਾ ਗੱਡੀ ਹੈ ਤੇ ਨਾ ਹੀ ਡਰਾਈਵਰ। ਸ੍ਰੀ ਦਾਨਵ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਨਖ਼ਾਹ ਵੀ ਰੈਗੂਲਰ ਨਹੀਂ ਮਿਲਦੀ। ਉਨ੍ਹਾਂ ਬੋਰਡ ਚਲਾਉਣ ਲਈ ਆਪਣੇ ਪੱਲਿਓਂ ਇਕ ਪ੍ਰਾਈਵੇਟ ਮੁਲਾਜ਼ਮ ਰੱਖਿਆ ਹੈ। ਉਹ ਇਸ ਗੱਲੋਂ ਖ਼ੁਸ਼ ਹਨ ਕਿ ਮੁੱਖ ਮੰਤਰੀ ਉਨ੍ਹਾਂ ਵੱਲੋਂ ਉਠਾਏ ਜਾਂਦੇ ਮੁੱਦੇ ਪਹਿਲ ਦੇ ਆਧਾਰ ਉਤੇ ਹੱਲ ਕਰਦੇ ਹਨ ਪਰ ਇਸ ਗੱਲੋਂ ਨਾਖ਼ੁਸ਼ ਹਨ ਕਿ ਉਨ੍ਹਾਂ ਨੂੰ ਅਜੇ ਤੱਕ ਸਟਾਫ਼ ਹੀ ਨਹੀਂ ਦਿੱਤਾ ਗਿਆ।

ਇਹੋ ਹਾਲ ਪੰਜਾਬ ਰਾਜਪੂਤ ਭਲਾਈ ਬੋਰਡ ਦਾ ਹੈ। ਸਰਕਾਰ ਨੇ ਮਾਰਚ 2014 ਵਿਚ ਕੈਪਟਨ ਆਰ.ਐਸ.ਪਠਾਨੀਆ ਨੂੰ ਬੋਰਡ ਦਾ ਚੇਅਰਮੈਨ ਲਾਇਆ ਸੀ। ਸਰਕਾਰ ਨੇ ਨਾ ਬੋਰਡ ਨੂੰ ਸਟਾਫ਼ ਦਿੱਤਾ ਹੈ, ਨਾ ਗੱਡੀ ਤੇ ਨਾ ਹੀ ਡਰਾਈਵਰ। ਇਥੋਂ ਤੱਕ ਸਰਕਾਰ ਨੇ ਬੋਰਡ ਦੇ ਨਾ ਮੈਂਬਰ ਲਾਏ ਹਨ ਤੇ ਨਾ ਹੀ ਮੈਂਬਰ ਸਕੱਤਰ। ਚੇਅਰਮੈਨ ਪਠਾਨੀਆ ਨੇ ਦੱਸਿਆ ਕਿ ਉਨ੍ਹਾਂ ਨੇ ਭਲਾਈ ਵਿਭਾਗ ਤੋਂ ਉਧਾਰਾ ਡਾਟਾ ਅਪਰੇਟਰ ਲਿਆ ਹੈ ਤੇ ਸਰਕਾਰ ਤੋਂ ਚਾਰ ਮੁਲਾਜ਼ਮ ਮੰਗੇ ਹਨ। ਉਨ੍ਹਾਂ ਨੇ ਬੋਰਡ ਦੇ ਬਜਟ ਆਦਿ ਲਈ ਖ਼ਜ਼ਾਨਾ ਮੰਤਰੀ ਨਾਲ ਵੀ ਗੱਲ ਕੀਤੀ ਹੈ। ਪੰਜਾਬ ਰਾਜ ਮੁਲਾਜ਼ਮ ਭਲਾਈ ਬੋਰਡ ਦੇ ਦਫ਼ਤਰ ਤਾਂ ਹਾਲੇ ਤੱਕ ਤਾਲਾ ਵੀ ਨਹੀਂ ਖੁੱਲ੍ਹਿਆ ਹੈ। ਪਹਿਲੀ ਅਗਸਤ ਨੂੰ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਹੈ, ਜਿਸ ਨੂੰ ਸਰਕਾਰ ਨੇ ਹਾਲੇ ਤੱਕ ਪਹਿਲੀ ਤਨਖ਼ਾਹ ਵੀ ਨਹੀਂ ਦਿੱਤੀ ਹੈ। ਚੇਅਰਮੈਨ ਸੁਰਿੰਦਰ ਸਿੰਘ ਪਹਿਲਵਾਨ ਨੇ ਕਿਹਾ ਕਿ ਸਟਾਫ਼ ਨਾ ਹੋਣ ਕਰਕੇ ਉਹ ਦਫ਼ਤਰ ਨਹੀਂ ਗਏ ਹਨ।

ਇਹੀ ਕਹਾਣੀ ਪੰਜਾਬ ਰਾਜ ਵਪਾਰੀ ਪ੍ਰੋਤਸਾਹਨ ਬੋਰਡ ਦੀ ਹੈ। ਇਸ ਬੋਰਡ ਦਾ ਚੇਅਰਮੈਨ ਨਰੋਤਮ ਦੇਵ ਰੱਤੀ ਨੂੰ ਲਾਇਆ ਗਿਆ, ਜਿਨ੍ਹਾਂ ਕੋਲ ਇਕ ਸਰਕਾਰੀ ਪੀ.ਏ ਹੈ। ਇਸ ਤੋਂ ਬਿਨ੍ਹਾਂ ਕੋਈ ਮੁਲਾਜ਼ਮ ਨਹੀਂ ਹੈ। ਚੇਅਰਮੈਨ ਰੱਤੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦਫ਼ਤਰ ਜਾਣ ਦੀ ਬਹੁਤੀ ਲੋੜ ਨਹੀਂ ਪੈਂਦੀ। ਜਦੋਂ ਕਦੇ ਜਾਂਦੇ ਹਨ ਤਾਂ ਆਬਕਾਰੀ ਵਿਭਾਗ ਤੋਂ ਸੇਵਾਦਾਰ ਬੁਲਾ ਲੈਂਦੇ ਹਨ। ਪੰਜਾਬ ਵਿਚ ਪਹਿਲਾਂ ਪੰਜਾਬ ਗਊ ਭਲਾਈ ਬੋਰਡ ਸੀ। ਹੁਣ ਉਸ ਨੂੰ ਅਪਗਰੇਡ ਕਰਕੇ ਪੰਜਾਬ ਗਊ ਸੇਵਾ ਕਮਿਸ਼ਨ ਬਣਾ ਦਿੱਤਾ ਹੈ।

ਕਮਿਸ਼ਨ ਕੋਲ ਸਟਾਫ਼ ਤਾਂ ਹੈ ਪਰ ਬਜਟ ਨਹੀਂ ਹੈ। ਕਮਿਸ਼ਨ ਦੇ ਚੇਅਰਮੈਨ ਕੀਮਤੀ ਭਗਤ ਦਾ ਕਹਿਣਾ ਹੈ ਕਿ ਕਮਿਸ਼ਨ ਦਾ ਪੰਜਾਬ ਵਿੱਚ ਕੋਈ ਬਜਟ ਨਹੀਂ ਹੈ। ਉਨ੍ਹਾਂ ਨੇ ਬਜਟ ਦੀ ਮੰਗ ਸਰਕਾਰ ਕੋਲ ਉਠਾਈ ਹੈ।

ਪੀਪਲਜ਼ ਫਾਰ ਟਰਾਂਸਪੇਰੈਂਸੀ ਦੇ ਜਨਰਲ ਸਕੱਤਰ ਐਡਵੋਕੇਟ ਕਮਲ ਆਨੰਦ ਦਾ ਪ੍ਰਤੀਕਰਮ ਸੀ ਕਿ ਸਰਕਾਰ ਵੱਲੋਂ ਆਪਣੇ ਨੇੜਲਿਆਂ ਦੀ ਸਿਆਸੀ ਐਡਜਸਮੈਂਟ ਖ਼ਾਤਰ ਨਵੇਂ-ਨਵੇਂ ਬੋਰਡ ਬਣਾਏ ਜਾਂਦੇ ਹਨ। ਇਨ੍ਹਾਂ ਦੀ ਹਕੀਕਤ ਵਿਚ ਕੋਈ ਆਊਟਪੁਟ ਨਹੀਂ ਹੈ ਤੇ ਇਹ ਬੋਰਡ ਸਿਵਾਏ ਵਿੱਤੀ ਬੋਝ ਤੋਂ ਕੁਝ ਵੀ ਨਹੀਂ ਹਨ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 25 ਅਪਰੈਲ 2015*

## ਅੰਨਦਾਤੇ ਦਾ ਵਿਹੜਾ

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਭਾਰਤ ਦੀ ਕੇਂਦਰ ਸਰਕਾਰ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ, ਦੋਹਾਂ ਵਲੋਂ ਇਹ ਸਾਬਤ ਕਰਨ ਵਿਚ ਅੱਡੀ-ਚੋਟੀ ਦਾ ਜ਼ੋਰ ਲੱਗਾ ਹੋਇਆ ਹੈ ਕਿ ਇਹੀ ਕਿਸਾਨ ਪੱਖੀ ਹਨ। ਭੂਮੀ ਗ੍ਰਹਿਣ ਬਿੱਲ ਦਾ ਰੇੜਕਾ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਭਾਜਪਾ ਸਰਕਾਰ ਉਸ ਭੂਮੀ ਗ੍ਰਹਿਣ ਐਕਟ ਵਿਚ ਕੁਝ ਤਬਦੀਲੀਆਂ ਕਰਨਾ ਚਾਹੁੰਦੀ ਹੈ ਜਿਹੜਾ ਯੂ.ਪੀ.ਏ. ਸਰਕਾਰ ਨੇ ਬਣਵਾਇਆ ਸੀ। ਕਾਂਗਰਸ ਦਾ ਦੋਸ਼ ਹੈ ਕਿ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਤਬਦੀਲੀਆਂ ਕਿਸਾਨਾਂ ਦੇ ਖਿਲਾਫ ਅਤੇ ਜ਼ਮੀਨ ਹਾਸਲ ਕਰਨ ਵਾਲਿਆਂ ਦੇ ਹੱਕ ਵਿਚ ਭੁਗਤਣ ਵਾਲੀਆਂ ਹਨ। ਇਹ ਗੱਲ ਉਂਜ ਹੈ ਸੋਲਾਂ ਆਨੇ ਸੱਚ, ਪਰ ਵਿਧੀ ਦੀ ਵਿਡੰਬਨਾ ਇਹ ਹੈ ਕਿ ਦੋਵੇਂ ਧਿਰਾਂ ਇਸ ਮਾਮਲੇ 'ਤੇ ਇਕ-ਦੂਜੀ ਨੂੰ ਦੋਸ਼ੀ ਠਹਿਰਾ ਰਹੀਆਂ ਹਨ। ਦਰਅਸਲ, ਵਿਚਲਾ ਮਸਲਾ ਤਾਂ ਕਿਸਾਨ ਨੂੰ ਵੋਟਰ ਵਜੋਂ ਦੇਖਣ ਦਾ ਹੈ। ਆਪਣੀ ਸਰਕਾਰ ਦੇ ਦਸ ਸਾਲਾਂ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਕਿੰਨੀ ਵਾਰ ਇਹ ਕਹਿ ਕੇ ਲੋਕਾਂ ਉਤੇ ਬੋਝ ਪਾਉਂਦੇ ਰਹੇ ਹਨ ਕਿ ਸਖਤ ਕਦਮ ਉਠਾਏ ਬਗੈਰ ਗੱਡੀ ਚੱਲਣੀ ਨਹੀਂ ਹੈ। ਜਦੋਂ ਢਾਈ ਦਹਾਕੇ ਪਹਿਲਾਂ ਇਸੇ ਡਾ. ਮਨਮੋਹਨ ਸਿੰਘ ਦੀ ਹੀ ਅਗਵਾਈ ਹੇਠ ਆਰਥਿਕ ਸੁਧਾਰਾਂ ਦੀ ਲੜੀ ਸ਼ੁਰੂ ਹੋਈ ਸੀ ਅਤੇ ਸੰਸਾਰ ਬੈਂਕ ਦੇ ਕਰਜ਼ੇ ਵਾਲੇ ਪੈਸਿਆਂ ਦਾ ਮੀਂਹ ਵਰ੍ਹਨਾ ਸ਼ੁਰੂ ਹੋਇਆ ਸੀ, ਤਾਂ ਕਰਜ਼ਾ ਲੈਣ ਵਾਲਿਆਂ ਤੇ ਦੇਣ ਵਾਲਿਆਂ ਵਿਚਕਾਰ ਇਹ ਬਾਕਾਇਦਾ ਸਹਿਮਤੀ ਹੋਈ ਸੀ ਕਿ ਜਿੰਨੀ ਛੇਤੀ ਹੋ ਸਕੇ, ਵੱਧ ਤੋਂ ਵੱਧ ਕਿਸਾਨੀ ਨੂੰ ਜ਼ਮੀਨ ਤੋਂ ਬੇਦਖਲ ਕੀਤਾ ਜਾਵੇਗਾ। ਇਸ ਬੇਦਖਲੀ ਲਈ ਹੋਰ ਸਭ ਢੰਗ-ਤਰੀਕਿਆਂ ਦੇ ਨਾਲ-ਨਾਲ ਸਬਸਿਡੀ ਵਾਪਸ ਲੈਣ ਦਾ ਮੁੱਦਾ ਵੀ ਗਾਹੇ-ਬਗਾਹੇ ਚਰਚਾ ਦੇ ਕੇਂਦਰ ਵਿਚ ਆਉਂਦਾ ਰਿਹਾ ਹੈ। ਜ਼ਮੀਨ ਤੋਂ ਕਿਸਾਨ ਦੀ ਬੇਦਖਲੀ ਦਾ ਇਕ ਹੀ ਮਕਸਦ ਸੀ ਕਿ ਇਹ ਜ਼ਮੀਨ ਸਨਅਤੀ ਕਾਰੋਬਾਰ ਲਈ ਵਰਤੀ ਜਾਣੀ ਹੈ। ਇਸੇ ਆਧਾਰ ਉਤੇ ਹੀ ਕਾਂਗਰਸੀ ਆਗੂ ਹੁਣ ਸਰਕਾਰ ਉਤੇ ਵਾਰ-ਵਾਰ ਦੋਸ਼ ਲਾ ਰਹੇ ਹਨ ਕਿ ਇਹ ਜ਼ਮੀਨ ਗ੍ਰਹਿਣ ਕਰ ਕੇ ਧਨਾਢ ਸਨਅਤਕਾਰਾਂ ਨੂੰ ਦਿੱਤੀ ਜਾ ਰਹੀ ਹੈ। ਬਹੁਤੀ ਥਾਈਂ ਗ੍ਰਹਿਣ ਕੀਤੀ ਜ਼ਮੀਨ ਦੀ ਦੁਰਵਰਤੋਂ ਦੇ ਕੇਸ ਵੀ ਸਾਹਮਣੇ ਆਏ ਹਨ, ਭਾਵ ਜਿਸ ਮਕਸਦ ਲਈ ਜ਼ਮੀਨ ਗ੍ਰਹਿਣ ਕੀਤੀ ਗਈ, ਉਸ ਦੀ ਥਾਂ ਜ਼ਮੀਨ ਦੀ ਵਰਤੋਂ ਕਿਸੇ ਹੋਰ ਮਕਸਦ ਲਈ ਕੀਤੀ ਗਈ। ਵਿਚਾਰ ਕਰਨ ਵਾਲਾ ਮਸਲਾ ਹੁਣ ਇਹ ਹੈ ਕਿ ਅਜਿਹਾ ਤਾਂ ਦੋਹਾਂ ਸਰਕਾਰਾਂ ਵੇਲੇ ਹੁੰਦਾ ਰਿਹਾ ਹੈ। ਜ਼ਾਹਿਰ ਹੈ ਕਿ ਇਸ ਮਸਲੇ 'ਤੇ ਇਨ੍ਹਾਂ ਦੋਹਾਂ ਧਿਰਾਂ ਵਿਚੋਂ ਕੋਈ ਵੀ ਧਿਰ ਸੰਜੀਦਾ ਨਹੀਂ ਹੈ। ਦੋਵੇਂ ਧਿਰਾਂ ਹੀ ਸਿਆਸਤ ਕਰ ਰਹੀਆਂ ਹਨ। ਪਹਿਲਾਂ ਹੀ ਤਿੱਖੀ ਮਾਰ ਸਹਿ ਰਹੇ ਕਿਸਾਨ ਨੂੰ ਕੋਈ ਰਾਹਤ ਦੇਣ ਜਾਂ ਦਿਵਾਉਣ ਦਾ ਇਨ੍ਹਾਂ ਧਿਰਾਂ ਦਾ ਕੋਈ ਏਜੰਡਾ ਨਹੀਂ ਹੈ।

ਇਹ ਠੀਕ ਹੈ ਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਤਬਦੀਲੀਆਂ ਆਉਣੀਆਂ ਹੀ ਹੁੰਦੀਆਂ ਹਨ। ਇਸੇ ਤਰ੍ਹਾਂ ਠੀਕ ਹੀ ਤਰੱਕੀ ਦੇ ਅਗਲੇ ਪੌਡੇ ਉਤੇ ਪੈਰ ਰੱਖਣ ਲਈ ਸਨਅਤੀਕਰਨ ਵੀ ਬੜਾ ਜ਼ਰੂਰੀ ਹੈ, ਪਰ ਸਵਾਲ ਹੈ ਕਿ ਇਹ ਸਭ ਇਕੱਲੇ ਕਿਸਾਨ ਦੀ ਕੀਮਤ ਉਤੇ ਹੀ ਕਿਉਂ ਹੋਵੇ? ਅੱਜ ਤੱਕ ਨਾ ਤਾਂ ਕੋਈ ਮੁਆਵਜ਼ਾ ਨੀਤੀ ਬਣਾਈ ਗਈ ਹੈ ਅਤੇ ਨਾ ਹੀ ਜ਼ਮੀਨ ਤੋਂ ਉਜੜਨ ਵਾਲੇ ਕਿਸਾਨ ਦੇ ਮੁੜ-ਵਸੇਬੇ ਲਈ ਕੋਈ ਸਬੀਲ ਹੀ ਸੋਚੀ ਗਈ ਹੈ। ਪੰਜਾਬ ਦੀ ਹੀ ਮਿਸਾਲ ਹੈ। ਪੰਜਾਬ ਦੇ ਕਿਸਾਨਾਂ ਦੀ ਵਾਹੀਯੋਗ ਜ਼ਮੀਨ ਲੈਂਡ ਡਿਵੈਲਪਰ ਧੜਾ-ਧੜ ਲੈ ਰਹੇ ਹਨ। ਕਿਸਾਨਾਂ ਦੀ ਜ਼ਮੀਨ ਖੁੱਸਣ ਦੇ ਨਾਲ ਹੀ ਰੁਜ਼ਗਾਰ ਵੀ ਖੁੱਸ ਜਾਂਦਾ ਹੈ। ਜ਼ਮੀਨ ਵੇਚ ਕੇ ਵੱਟੇ ਪੈਸੇ ਮੁੱਕਦੇ-ਮੁੱਕਦੇ ਆਖਰਕਾਰ ਮੁੱਕ ਜਾਂਦੇ ਹਨ ਅਤੇ ਕਿਸਾਨ ਇਕ ਵਾਰ ਫਿਰ ਸੜਕ ਉਤੇ ਆ ਜਾਂਦਾ ਹੈ। ਚਾਹੀਦਾ ਤਾਂ ਇਹ ਹੈ ਕਿ ਕਿਸਾਨ ਨੂੰ ਜ਼ਮੀਨ ਤੋਂ ਬੇਦਖਲ ਕਰਨ ਦੇ ਨਾਲ ਹੀ ਉਸ ਦੇ ਰੁਜ਼ਗਾਰ ਦਾ ਵੀ ਪੱਕਾ ਪ੍ਰਬੰਧ ਕੀਤਾ ਜਾਵੇ, ਪਰ ਸਰਕਾਰ ਇਹ ਜ਼ਿੰਮੇਵਾਰੀ ਚੁੱਕਣ ਨੂੰ ਤਿਆਰ ਨਹੀਂ ਹੈ। ਹਾਂ, ਸਨਅਤਕਾਰਾਂ ਨੂੰ ਜ਼ਮੀਨ ਲੈ ਕੇ ਦੇਣ ਲਈ ਇਹ ਅਕਸਰ ਪੱਬਾਂ ਭਾਰ ਹੋਈ ਰਹਿੰਦੀ ਹੈ। ਇਹੀ ਉਹ ਨੁਕਤਾ ਹੈ ਜਿਸ ਤੋਂ ਦੋਵੇਂ ਧਿਰਾਂ ਬਚ ਰਹੀਆਂ ਹਨ ਅਤੇ ਸਤਹੀ ਪੱਧਰ ਉਤੇ ਹੀ ਕਿਸਾਨਾਂ ਨਾਲ ਹਮਦਰਦੀ ਜਤਾ ਰਹੀਆਂ ਹਨ। ਇਹ ਹਮਦਰਦੀ ਵੀ ਗਿਣਵੇਂ-ਚੁਣਵੇਂ ਚਾਰ ਦਿਨਾਂ ਲਈ ਹੀ ਹੁੰਦੀ ਹੈ। ਅੱਜ ਤੱਕ ਸਭ ਸਰਕਾਰਾਂ ਨੇ ਇਕ ਹੀ ਮੁਹਾਵਰਾ ਚਲਾਈ ਰੱਖਿਆ ਹੈ ਕਿ ਦੇਸ ਦੇ ਪਿੰਡ ਹੀ ਸਭ ਕੁਝ ਹਨ, ਪਰ ਸਹੂਲਤਾਂ ਦੇਣ ਦੇ ਮਾਮਲੇ ਵਿਚ ਇਨ੍ਹਾਂ ਸਰਕਾਰਾਂ ਨੂੰ ਪਿੰਡ ਦਾ ਕਦੀ ਵੀ ਚੇਤਾ ਨਹੀਂ ਆਇਆ। ਹਰ ਸੁੱਖ ਅਤੇ ਸਹੂਲਤ ਸ਼ਹਿਰਾਂ ਵਿਚ ਹੀ ਮੁਹੱਈਆ ਕਰਵਾਈ ਗਈ।

ਅੱਜ ਭਾਰਤ ਦੀ ਜਮਹੂਰੀਅਤ ਨੂੰ ਭਾਵੇਂ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਿ ਕੇ ਵਡਿਆਇਆ ਜਾਂਦਾ ਹੈ, ਪਰ ਇਸ ਜਮਹੂਰੀ ਨਿਜ਼ਾਮ ਵਿਚ ਆਮ ਬੰਦੇ ਦਾ ਬੜਾ ਘਾਣ ਹੋਇਆ ਹੈ। ਇਸ ਵਿਚ ਕਿਸਾਨ ਮੁੱਖ ਰੂਪ ਵਿਚ ਸ਼ਾਮਲ ਹੈ। ਇਸ ਦੀ ਇਕ ਤਾਜ਼ਾ ਮਿਸਾਲ ਕੇਂਦਰ ਸਰਕਾਰ ਵਲੋਂ ਜਿਣਸਾਂ ਦੇ ਭਾਅ ਬਾਰੇ ਬਣਾਈ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਿਸ਼ਾਂ ਹਨ। ਕਮੇਟੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਸੂਬਾ ਸਰਕਾਰ ਤੈਅਸ਼ੁਦਾ ਭਾਅ ਤੋਂ ਵੱਧ ਇਕ ਹੱਦ ਤੱਕ ਹੀ ਕਿਸਾਨਾਂ ਨੂੰ ਬੋਨਸ ਦੇ ਸਕੇਗੀ। ਜਿਹੜੀ ਵੀ ਸੂਬਾ ਸਰਕਾਰ ਇਹ ਨੇਮ ਤੋੜੇਗੀ, ਉਸ ਸੂਬੇ ਤੋਂ ਕੇਂਦਰ ਦੀਆਂ ਖਰੀਦ ਏਜੰਸੀਆਂ ਜਿਣਸ ਨਹੀਂ ਖਰੀਦਣਗੀਆਂ। ਕਮੇਟੀ ਦੀਆਂ ਇਹ ਸਿਫਾਰਿਸ਼ਾਂ ਹੁਣ ਲਾਗੂ ਹੋ ਚੁੱਕੀਆਂ ਹਨ। ਇਹ ਹੈ ਇਨ੍ਹਾਂ ਜਮਹੂਰੀ ਸਰਕਾਰਾਂ ਦਾ ਅਸਲ ਚਿਹਰਾ-ਮੁਹਰਾ! ਅਜਿਹੀਆਂ ਬਹੁਤ ਸਾਰੀਆਂ ਨੀਤੀਆਂ ਅਤੇ ਪਾਸ ਹੋਈਆਂ ਸਿਫਾਰਿਸ਼ ਬਾਰੇ ਆਮ ਬੰਦੇ ਨੂੰ ਕਦੀ ਪਤਾ ਵੀ ਨਹੀਂ ਲਗਦਾ। ਸਭ ਕੁਝ ਚੁੱਪ-ਚੁਪੀਤੇ ਹੋਈ ਜਾਂਦਾ ਹੈ। ਕੀ ਆਪਣੇ ਆਵਾਮ ਦਾ ਧਿਆਨ ਰੱਖਣਾ ਸਰਕਾਰ ਦੀ ਜ਼ਿੰਮੇਵਾਰੀ ਵਿਚ ਸ਼ਾਮਲ ਨਹੀਂ? ਨੀਤੀਆਂ ਅਤੇ ਪਹੁੰਚ ਤੋਂ ਤਾਂ ਇਹੀ ਕਨਸੋਅ ਮਿਲਦੀ ਹੈ ਕਿ ਸਰਕਾਰ ਕਿਸਾਨ ਅਤੇ ਆਮ ਆਵਾਮ ਨੂੰ ਖੁਸ਼ਹਾਲ ਕਰਨ ਦੀ ਥਾਂ ਧਨਾਢਾਂ ਨੂੰ ਖੁਸ਼ਹਾਲ ਕਰਨ ਵਾਲੇ ਰਾਹ ਦੀ ਰਾਹੀ ਬਣ ਗਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਧੂਰੀ ਨੇ ਪਾਈ ਨਾ ਪੂਰੀ*

ਝੋਲੀ ਉਨ੍ਹਾਂ ਦੀ ਵੋਟਾਂ ਦੇ ਨਾਲ ਭਰਦੇ, ਲੈਂਦੇ ਛਕਣ ਨੂੰ ਜਿਨ੍ਹਾਂ ਤੋਂ ਚੂਰੀਆਂ ਜੀ।
ਕੋਲ ਜਿਨ੍ਹਾਂ ਦੇ ਗੱਫੇ ਨਾ ਹੋਣ ਯਾਰੋ, ਲੋਕੀਂ ਰੱਖਦੇ ਉਨ੍ਹਾਂ ਤੋਂ ਦੂਰੀਆਂ ਜੀ।
ਪੈਸਾ-ਨਸ਼ਾ ਬਿਨ ਵੰਡਿਆਂ ਹਾਰ ਜਾਂਦੇ, ਜਿੱਤਣ ਵਾਸਤੇ ਲੈਂਦੇ ਜੋ ਲੂਹ੍ਰੀਆਂ ਜੀ।
ਪਾਣੀ ਭਰਦੀਆਂ ਠੋਕ ਕੇ ਹਾਕਮਾਂ ਦਾ, ਅਫਸਰਸ਼ਾਹੀ ਨੂੰ ਦਿੱਤੀਆਂ ਘੂਰੀਆਂ ਜੀ।
ਰੱਖੀ ਜਿਨ੍ਹਾਂ ਸੀ ਆਸ ਤਬਦੀਲੀਆਂ ਦੀ, ਸਿੱਟਾ ਦੇਖ ਕੇ ਸੰਗਤਾਂ ਝੂਰੀਆਂ ਜੀ।
ਹੋਇਆ ਓਹੀ ਜੋ ਪਾਰਖੂ ਸੋਚਦੇ ਸੀ, ਨਹੀਂਓ ਧੂਰੀ ਨੇ ਪਾਉਣੀਆਂ ਪੂਰੀਆਂ ਜੀ।

# ਕਾਮਾਗਾਟਾ ਮਾਰੂ ਦੀ ਮੁਲਕ-ਬਦਰ ਮੂੰਹਜ਼ੋਰ ਵਿਰਾਸਤ

ਮੌਜੂਦਾ ਦੌਰ ਵਿਚ ਸਫ਼ਰਯਾਫ਼ਤਾ ਆਬਾਦੀ ਦੇ ਹਿਜਰਤ, ਬੇਘਰੀ, ਬੇਵਸੀ, ਮਜਬੂਰੀਆਂ ਅਤੇ ਮੌਕਿਆਂ ਦੇ ਸੁਆਲ ਅਫ਼ਰੀਕਾ ਅਤੇ ਯੂਰਪ ਵਿਚਕਾਰਲੇ ਠੰਢੇ ਸਮੁੰਦਰ ਵਿਚ ਆ ਜੁੜੇ ਹਨ। ਦੂਜੇ ਪਾਸੇ ਆਵਾਸੀ ਨੇਮਾਂ ਦੀ ਸਖਤੀ ਅਤੇ ਹਥਿਆਰਾਂ ਦੀ ਪਹਿਰੇਦਾਰੀ ਨਾਲ ਹਕੂਮਤਾਂ ਸਰਹੱਦਾਂ ਨੂੰ ਕੰਧਾਂ ਵਿਚ ਤਬਦੀਲ ਕਰ ਰਹੀਆਂ ਹਨ। ਇੱਕ ਪਾਸੇ ਗੂਗਲ ਦੁਨੀਆਂ ਦੇ ਹਰ ਖੱਲ੍ਹ-ਖੂੰਜੇ ਵਿਚ ਛੋਟੀ ਤੋਂ ਛੋਟੀ ਨਿਸ਼ਾਨੀ ਦੱਸ ਕੇ ਚੱਤੇ ਪਹਿਰ ਰਾਹ ਦਰਸਾਵਾ ਬਣਿਆ ਹੋਇਆ ਅਤੇ ਦੂਜੇ ਪਾਸੇ ਰੂਮ ਸਾਗਰ ਵਿਚ ਤਰਦੀਆਂ ਲਾਸ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸ ਵੇਲੇ ਅਮਰੀਕੀ-ਯੂਰਪੀ ਮੁਲਕ ਅਫਰੀਕਾ ਦੇ ਹਰ ਚੱਪੇ-ਚੱਪੇ ਦੀ ਨਿਗਰਾਨੀ ਕਰ ਰਹੇ ਹਨ। ਜੰਗੀ ਮੁਹਿੰਮਾਂ ਵਿਚ ਹਜ਼ਾਰਾਂ ਮੀਲ ਦੂਰ ਬੈਠ ਕੇ ਸ਼ੱਕੀਆਂ ਦੀ ਹਰ ਹਰਕਤ ਦੇਖੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਬੇਮਨੁੱਖੀ ਮਸ਼ੀਨਾਂ ਨਾਲ ਚਿੱਤ ਕੀਤਾ ਜਾ ਰਿਹਾ ਹੈ। ਇਨ੍ਹਾਂ ਬੇਮਨੁੱਖੀ ਮਸ਼ੀਨਾਂ ਬਾਰੇ ਦਾਅਵਾ ਇਹ ਕੀਤਾ ਜਾ ਰਿਹਾ ਹੈ ਕਿ ਨਜ਼ਰ ਵਿਚ ਆਏ ਬਿਨਾਂ ਇਹ ਕੀੜੀ ਤੱਕ ਦੇਖ ਸਕਦੀਆਂ ਹਨ। ਦੂਜਾ ਪਾਸਾ ਇਹ ਹੈ ਕਿ ਹਿਜਰਤ ਲਈ ਮਜਬੂਰ ਆਬਾਦੀ ਆਪਣੇ



**ਦਲਜੀਤ ਅਮੀ**
ਫੋਨ: 91-97811-21873

ਕਲਬੂਤਾਂ ਵਿਚ ਸਾਹ ਚੱਲਦਾ ਰੱਖਣ ਲਈ ਕਿਸੇ ਵੀ ਸੂਈ ਦੇ ਨੱਕੇ ਵਿਚੋਂ ਨਿਕਲਣ ਲਈ ਤਿਆਰ ਹੈ। ਉਨ੍ਹਾਂ ਲਈ ਹਰ ਮੌਕਾ ਜ਼ਿੰਦਗੀ ਦਾ ਆਖਰੀ ਮੌਕਾ ਹੈ।

ਇਟਲੀ ਦੇ ਸਮੁੰਦਰ ਵਿਚ ਮੱਛੀਆਂ ਫੜਨ ਵਾਲੀ ਕਿਸ਼ਤੀ ਡੁੱਬ ਗਈ ਜਿਸ ਵਿਚ ਹਿਜਰਤਯਾਫ਼ਤਾ ਮੁਸਾਫ਼ਰ ਸਨ। ਤਕਰੀਬਨ 950 ਮੁਸਾਫ਼ਰਾਂ ਦੇ ਡੁੱਬ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਅਠਾਈ ਯੂਰਪੀ ਮੁਲਕਾਂ ਦੇ ਗ੍ਰਹਿ ਮੰਤਰੀ ਅਤੇ ਆਹਲਾ ਪੁਲਿਸ ਅਧਿਕਾਰੀ ਰੂਮ ਸਾਗਰ ਵਿਚ ਵਾਪਰਦੇ ਹਾਦਸਿਆਂ ਨਾਲ ਨਜਿੱਠਣ ਲਈ ਲੂਯਮਵਰਗ ਵਿਚ ਹੰਗਾਮੀ ਬੈਠਕ ਕਰ ਰਹੇ ਹਨ। ਹਾਦਸੇ ਦੇ ਅੰਕੜਿਆਂ ਦੀ ਬਦੌਲਤ ਇਹ ਹੰਗਾਮੀ ਬੈਠਕ ਹੋਈ ਅਤੇ ਇਸ ਨੂੰ ਖ਼ਬਰ ਦਾ ਰੁਤਬਾ ਮਿਲਿਆ ਹੈ। ਰੂਮ ਸਾਗਰ ਵਿਚ ਡੁੱਬ ਜਾਣ ਵਾਲਿਆਂ ਦੀ ਤ੍ਰਾਸਦੀ ਅੰਕੜਿਆਂ ਵਿਚ ਨਹੀਂ, ਸਗੋਂ ਬਚ ਜਾਣ ਵਾਲਿਆਂ ਦੇ ਚਿਹਰਿਆਂ ਉਤੇ ਉਕਰੀ ਹੋਈ ਹੈ। ਉਨ੍ਹਾਂ ਦੇ ਚਿਹਰਿਆਂ ਉਤੇ ਦਰਜ ਹੋਇਆ ਖ਼ੌਫ਼ ਤਾਂ ਮਨੁੱਖੀ ਸੰਵੇਦਨਾ ਨੇ ਪੜ੍ਹਨਾ ਹੈ ਪਰ ਇਹ ਸੁਆਲ ਪੁੱਛ ਲਿਆ ਜਾਣਾ ਚਾਹੀਦਾ ਹੈ ਕਿ 'ਇਹ ਭੁੱਖਾਂ ਦੇ ਮਾਰੇ ਕੌਣ ਹਨ ਜੋ ਲਾਰੇ ਬੰਨ੍ਹ ਤੁਰੇ ਹਨ?' ਇਨ੍ਹਾਂ ਜਿਉਣ-ਯੋਗਿਆਂ ਨੂੰ ਮੌਤ ਦੇ ਮੂੰਹ ਸਿਰਫ ਭੁੱਖਾਂ ਨੇ ਪਾਇਆ ਹੈ ਜਾਂ ਬੰਬਾਂ ਅਤੇ ਵਿਕਾਸ ਨੇ ਕੋਈ ਹਿੱਸਾ ਪਾਇਆ ਹੈ? ਇਨ੍ਹਾਂ ਨੂੰ ਉਨ੍ਹਾਂ ਰਾਹਾਂ ਉਤੇ ਤੁਰਨਾ ਪਿਆ ਹੈ ਜਿਨ੍ਹਾਂ ਦੀ ਸਾਰ ਇਹ ਨਹੀਂ ਜਾਣਦੇ। ਇਹ ਤਾਂ ਸਿਰਫ ਉਹ ਜਾਣਦੇ ਕਿ ਕਿਹਦੇ ਆਸਰੇ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਅਤੇ ਟਰੱਕਾਂ ਦੇ ਤਹਿਖਾਨਿਆਂ ਜਾਂ ਕਾਰਾਂ ਦੀਆਂ ਡਿੱਗੀਆਂ ਵਿਚ ਸਫਰ ਕੀਤਾ ਜਾਂਦਾ ਹੈ। ਇਹ ਅੰਦਾਜ਼ਾ ਤਾਂ ਬਾਅਦ ਵਿਚ ਲਗਾਇਆ ਜਾਵੇਗਾ ਕਿ ਇਸ ਤਜਰਬੇ ਵਿਚ ਬਚ ਜਾਣ ਵਾਲਿਆਂ ਦਾ ਕੀ ਖੁੱਸ ਗਿਆ? ਹਾਲੇ ਤਾਂ ਇਹ ਤੈਅ ਕਰਨਾ ਔਖਾ ਹੈ ਕਿ ਇਸ ਹਾਦਸੇ ਦੇ ਆਰ-ਪਾਰ ਖੜ੍ਹੀ ਲੋਕਾਈ ਲਈ ਚੰਗੇ-ਮੰਦੇ ਭਾਗਾਂ ਵਿਚਕਾਰਲੀ ਲਕੀਰ ਕਿੱਥੇ ਹੈ? ਮਨੁੱਖੀ ਇਤਿਹਾਸ ਵਿਚ ਸ਼ਾਇਦ ਕਦੇ ਇਹ ਵੀ ਦਰਜ ਹੋਵੇਗਾ ਕਿ ਇਸ ਤ੍ਰਾਸਦੀ ਦੀ ਮਾਰ ਹੇਠ ਆਈ ਲੋਕਾਈ ਅੰਦਰ ਬੁਜ਼ਦਿਲੀ ਅਤੇ ਜਿਉਂਦੇ ਰਹਿਣ ਦੀ ਰੀਝ ਰਲਗੱਡ ਕਿਵੇਂ ਹੁੰਦੀ ਰਹੀ।

ਜੇ ਇਸ ਤ੍ਰਾਸਦੀ ਨੂੰ ਇਟਲੀ ਵਿਚ ਹੋਏ ਹਾਦਸੇ ਤੱਕ ਮਹਿਦੂਦ ਕਰਨਾ ਕੁਤਾਹੀ ਹੋਵੇਗੀ ਤਾਂ ਅਫਰੀਕਾ ਤੱਕ ਮਹਿਦੂਦ ਕਰਨਾ ਵੀ ਭੁੱਲ ਹੋਵੇਗੀ। ਕਦੇ-ਕਦੇ ਤਾਂ ਪੰਜਾਬ ਵਿਚ ਮਾਲਟਾ ਕਾਂਡ ਨੂੰ ਯਾਦ ਕਰ ਲਿਆ ਜਾਂਦਾ ਹੈ ਜਿਸ ਵਿਚ ਦੱਖਣੀ ਏਸ਼ੀਆ ਦੇ ਸਾਰੇ ਮੁਲਕਾਂ ਦੇ ਜੀਅ ਇਸੇ ਤਰ੍ਹਾਂ ਇਟਲੀ ਦੇ ਸਮੁੰਦਰ ਵਿਚ ਡੁੱਬੇ ਸਨ। ਜੇ ਇਸ ਤ੍ਰਾਸਦੀ ਨੂੰ ਇਤਿਹਾਸ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇੱਕ ਪਾਸੇ ਕਾਮਾਗਾਟਾ ਮਾਰੂ ਅਤੇ ਦੂਜੇ ਪਾਸੇ ਫੈਂਚ ਫਾਨੋ ਦੀ ਅਲਜੀਰੀਆ ਤੋਂ ਫਰਾਂਸ ਬਾਰੇ ਲਿਖੀ ਕਿਤਾਬ ਵੱਡੀ ਲੜੀ ਦੀਆਂ ਦੋ ਕੜੀਆਂ ਜਾਪਦੀਆਂ ਹਨ। ਕਾਮਾਗਾਟਾ ਮਾਰੂ ਦੀ ਮੌਜੂਦਾ ਜੂਨ ਰੂਮ ਸਾਗਰ ਵਿਚ ਤੈਰਦੇ ਲਾਵਾਰਿਸ ਜਹਾਜ ਹਨ ਜਿਨ੍ਹਾਂ ਨੂੰ ਛੱਡ ਕੇ ਤਸਕਰ ਫਰਾਰ ਹੋ ਜਾਂਦੇ ਹਨ ਅਤੇ ਸਰਕਾਰਾਂ ਕੰਢੇ ਨਹੀਂ ਲੱਗਣ ਦਿੰਦੀਆਂ। ਜਨਵਰੀ ਦੇ ਮਹੀਨੇ ਦੋ ਵਾਰ ਹੋਇਆ ਕਿ ਮਨੁੱਖੀ ਤਸਕਰ ਮੁਸਾਫ਼ਰਾਂ ਨਾਲ ਭਰਿਆ ਮਾਲ ਜਹਾਜ ਸਮੁੰਦਰ ਦੇ ਵਿਚਕਾਰ ਛੱਡ ਕੇ ਫਰਾਰ ਹੋ ਗਏ। ਮੁਸਾਫ਼ਰਾਂ ਤੋਂ ਜਹਾਜ ਤੱਕ ਦੀ ਕੀਮਤ ਵਸੂਲ ਚੁੱਕੇ ਤਸਕਰ ਸਿਰਫ਼ ਇਸ ਧੰਦੇ ਦੇ ਅਰਥਚਾਰੇ ਦੀ ਦੱਸ ਨਹੀਂ ਪਾਉਂਦੇ ਸਗੋਂ ਇਸ ਦੀ ਕਰੂਰਤਾਂ ਦਾ ਭੇਤ ਵੀ ਖੋਲ੍ਹਦੇ ਹਨ। ਉਹ ਜਹਾਜ ਨੂੰ ਕੰਢੇ ਨਾਲ ਟਕਰਾਉਣ ਲਈ ਛੱਡ ਦਿੰਦੇ ਹਨ। ਸਮੁੰਦਰੀ ਫ਼ੌਜਾਂ ਇਨ੍ਹਾਂ ਲਾਵਾਰਿਸ ਜਹਾਜਾਂ ਨੂੰ ਕਬਜ਼ੇ ਵਿਚ ਲੈ ਲੈਂਦੀਆਂ ਹਨ। ਇਸ ਤੋਂ ਬਾਅਦ ਇਹ ਜਹਾਜਾਂ ਨੂੰ ਵਾਪਸ ਭੇਜਣ ਦੀ ਮਸ਼ਕ ਸ਼ੁਰੂ ਹੁੰਦੀ ਹੈ। ਦਵਾਈਆਂ ਅਤੇ ਖਾਣ-ਪੀਣ ਦਾ ਕੁਝ ਬੰਦੋਬਸਤ ਸਮੁੰਦਰ ਦੇ ਅੰਦਰ ਹੀ ਸਮੁੰਦਰੀ ਫ਼ੌਜਾਂ ਕਰਦੀਆਂ ਹਨ। ਇਸ ਤੋਂ ਬਾਅਦ ਕਾਗ਼ਜ਼ੀ ਕਾਰਵਾਈਆਂ ਹੁੰਦੀਆਂ ਹਨ। ਪਨਾਹ ਦੇਣ ਤੋਂ ਲੈ ਕੇ ਵਾਪਸ ਭੇਜਣ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਮੁਲਕ ਵਿਚ ਦਾਖ਼ਲ ਹੋਣ ਖਿਲਾਫ ਅਦਾਲਤੀ ਕਾਰਵਾਈਆਂ ਦਾ ਸਿਲਸਿਲਾ ਚੱਲਦਾ ਹੈ। ਇਸ ਤਰ੍ਹਾਂ ਸਿਰਫ਼ ਇਟਲੀ ਵਿਚ ਇੱਕ ਸਾਲ ਦੇ ਅੰਦਰ 1,70,000 ਮੁਸਾਫ਼ਰਾਂ ਨੂੰ ਨਜ਼ਰਬੰਦ ਕੀਤਾ ਗਿਆ। ਜੇ ਅਠਾਈ ਮੁਲਕ ਹੰਗਾਮੀ ਬੈਠਕ ਵਿਚ ਸ਼ਾਮਿਲ ਹੋਏ ਹਨ ਤਾਂ ਇਸ ਅੰਕੜੇ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਪੂਰਾ ਤਰੱਦਦ ਕੀਤਾ ਜਾਂਦਾ ਹੈ ਕਿ ਕਾਗਜ਼ੀ ਕਾਰਵਾਈ ਨਾ ਕਰਨੀ ਪਵੇ। ਇਨ੍ਹਾਂ ਮੁਸਾਫ਼ਰਾਂ ਦੀ ਸਮੁੰਦਰ ਵਿਚ ਮੌਤ ਨੂੰ ਯੂਰਪੀ ਮੁਲਕ ਨਜ਼ਰਅੰਦਾਜ਼ ਕਰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਇਨ੍ਹਾਂ ਦੇ ਸਮੁੰਦਰ ਵਿਚ ਮਰ ਜਾਣ ਨੂੰ ਬਿਹਤਰ ਮੰਨਦੇ ਹਨ। ਇਸ ਤਰ੍ਹਾਂ ਉਹ ਕਾਗ਼ਜ਼ੀ ਕਾਰਵਾਈ ਅਤੇ ਆਵਾਸੀਆਂ ਦੇ ਬੋਝ ਤੋਂ ਬਚ ਜਾਂਦੇ ਹਨ। ਉਹ ਇਸੇ ਤੱਥ ਵਿਚੋਂ ਤਸੱਲੀ ਲੱਭਦੇ ਹਨ ਕਿ ਸਮੁੰਦਰ ਦੇ ਬਰਫ਼ੀਲੇ ਪਾਣੀਆਂ ਨੇ ਉਨ੍ਹਾਂ ਦੇ ਹੱਥ ਖ਼ੂਨ ਨਾਲ ਲਿਬੜਨ ਤੋਂ ਬਚਾ ਲਏ ਹਨ। ਜੇ ਮੌਜੂਦਾ ਦੌਰ ਵਿਚ ਜੰਗਬਾਜ਼ ਮੁਲਕਾਂ ਨੇ ਆਪਣੇ ਫ਼ੌਜੀਆਂ ਦੀਆਂ ਮੌਤਾਂ ਦੀ ਗਿਣਤੀ ਘਟਾ ਕੇ ਆਵਾਮੀ ਰਾਏ ਜੰਗੀ ਮੁਹਿੰਮਾਂ ਦੇ ਪੱਖ ਵਿਚ ਉਸਾਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ ਤਾਂ ਉਹ ਆਪਣੀਆਂ ਨੀਤੀਆਂ ਕਾਰਨ ਵਹਿੰਦੇ ਖ਼ੂਨ ਤੋਂ ਵੀ ਹੱਥ ਬਚਾਉਣ ਦਾ ਸਿਰਤੋੜ ਤਰਦੱਦ ਕਰ ਰਹੇ ਹਨ।

ਖੋਜੀ ਪੱਤਰਕਾਰਾਂ ਦੇ ਕੌਮਾਂਤਰੀ ਅਦਾਰੇ (ਇੰਟਰਨੈਸ਼ਨਲ ਕਨਸੋਰਟੀਅਮ ਆਫ਼ ਇੰਵੈਸਟੀਗੇਟਿੰਗ ਜਰਨਲਿਸਟ) ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਵਰਲਡ ਬੈਂਕ ਦੀ ਵਿਕਾਸ ਯੋਜਨਾਵਾਂ ਦੇ ਨਤੀਜੇ ਵਜੋਂ 14 ਮੁਲਕਾਂ ਵਿਚ 34 ਲੱਖ ਲੋਕ ਹਿਜਰਤ ਕਰਨ ਲਈ ਮਜਬੂਰ ਹੋਏ ਹਨ। ਵਰਲਡ ਬੈਂਕ ਇਨ੍ਹਾਂ ਲੋਕਾਂ ਦੀ ਰਾਖੀ ਕਰਨ ਵਿਚ ਨਾਕਾਮਯਾਬ ਰਿਹਾ ਹੈ। ਵਰਲਡ ਬੈਂਕ ਅਤੇ ਇਸ ਦੇ ਸਹਿਯੋਗੀ ਵਿੱਤੀ ਅਦਾਰਿਆਂ ਨੇ ਮਨੁੱਖੀ ਹਕੂਕ ਦੇ ਉਲੰਘਣ, ਬਲਾਤਕਾਰ, ਕਤਲ ਅਤੇ ਤਸ਼ੱਦਦ ਦੇ ਇਲਜ਼ਾਮਾਂ ਵਿਚ ਘਿਰੀਆਂ ਸਰਕਾਰਾਂ ਅਤੇ ਕੰਪਨੀਆਂ ਦੀਆਂ ਯੋਜਨਾਵਾਂ ਵਿਚ ਸਰਮਾਇਆ ਲਗਾਇਆ ਹੈ। ਇਲਜ਼ਾਮਾਂ ਦੀ ਤਸਦੀਕ ਕਰਦੇ ਸਬੂਤ ਹੋਣ ਦੇ ਬਾਵਜੂਦ ਵਰਲਡ ਬੈਂਕ ਨੇ ਆਪਣੀ ਵਿੱਤੀ ਹਮਾਇਤ ਜਾਰੀ ਰੱਖੀ ਹੈ। ਇਥੋਪੀਆ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਦੁਨੀਆਂ ਦੇ ਸਭ ਤੋਂ ਜੋਖ਼ਮ ਭਰੀਆਂ ਕਰਾਰ ਦਿੱਤੀਆਂ ਗਈਆਂ ਯੋਜਨਾਵਾਂ ਵਿਚ ਪੰਜਾਹ ਅਰਬ ਅਮਰੀਕੀ ਡਾਲਰ ਖ਼ਰਚੇ ਗਏ ਸਨ। ਇਨ੍ਹਾਂ ਯੋਜਨਾਵਾਂ ਰਾਹੀਂ ਹੁੰਦੇ ਚੌਗਿਰਦੇ ਅਤੇ ਸਮਾਜਕ ਨੁਕਸਾਨ ਨੂੰ 'ਬੇਮਿਸਾਲ ਅਤੇ ਬੇਮੋੜ' ਕਰਾਰ ਦਿੱਤਾ ਜਾ ਚੁੱਕਾ ਹੈ।

ਮੌਜੂਦਾ ਹਾਲਾਤ ਵਿਚ ਅਮੀਰ ਮੁਲਕਾਂ ਨੇ ਵਪਾਰ ਅਤੇ ਜੰਗ ਨੂੰ ਰਲਗੱਡ ਕੀਤਾ ਹੈ ਜਿਸ ਦਾ ਪ੍ਰਗਟਾਵਾ ਉਨ੍ਹਾਂ ਦੇ ਸਰਹੱਦਾਂ ਨਾਲ ਲੱਗਦੇ ਸਮੁੰਦਰਾਂ ਵਿਚ ਹੁੰਦਾ ਹੈ। ਸਰਹੱਦਾਂ ਉਤੇ ਤਾਇਨਾਤ ਗਾਰਦਾਂ ਆਪਣੀ ਜ਼ਿੰਮੇਵਾਰੀ ਤੋਂ ਕਿਨਾਰਾ ਕਰਨ ਅਤੇ ਕਾਗ਼ਜ਼ੀ-ਅਦਾਲਤੀ ਕਾਰਵਾਈ ਤੋਂ ਬਚਣ ਲਈ ਲਾਸ਼ਾਂ ਦੇ ਪੰਚਨਾਮੇ ਕਰਨ ਨੂੰ ਤਰਜੀਹ ਦਿੰਦੀਆਂ ਹਨ। ਇਸੇ ਸੋਚ ਦਾ ਪ੍ਰਗਟਾਵਾ ਯੂਰਪੀ ਮੁਲਕ ਰੂਮ ਸਾਗਰ ਵਿਚ ਕਰ ਰਹੇ ਹਨ। ਇਨ੍ਹਾਂ ਮੁਲਕਾਂ ਨੇ ਗ਼ਰੀਬ ਮੁਲਕਾਂ ਦੇ ਬੰਦੇ ਅੰਦਰ ਅੱਗ ਲਗਾਈ ਹੈ ਜੋ ਕਿਸੇ ਵੀ ਭੱਠੀ ਵਿਚ ਪੈਣ ਨੂੰ ਤਿਆਰ ਹੈ। ਹੁਣ ਇਨ੍ਹਾਂ ਮੁਲਕਾਂ ਦਾ ਤਰਦੱਦ ਇਸੇ ਮਸ਼ਕ ਵਿਚ ਲੱਗਿਆ ਹੈ ਕਿ ਸਮੁੰਦਰ ਵਿਚ ਡੁੱਬਦੀਆਂ ਲਾਸ਼ਾਂ ਯੂਰਪੀ ਸਰਕਾਰਾਂ ਦੇ ਸਿਰ ਕਤਲ ਬਣ ਕੇ ਨਾ ਪੈਣ। ਇਹ ਖ਼ੁਦਕੁਸ਼ੀ ਹੋਣ ਜਾਂ ਗਲਤੀ ਹੋਣ ਪਰ ਯੂਰਪੀ ਮੁਲਕਾਂ ਦਾ ਮਨੁੱਖੀ ਹਕੂਕ ਦੀ ਰਾਖੀ ਦਾ ਬਹੀ-ਖ਼ਾਤਾ ਖਰਾਬ ਨਾ ਕਰਨ।

ਇੱਕ ਪਾਸੇ ਆਪਣੇ ਸਲੀਕੇ ਦੇ ਬਹੀ-ਖ਼ਾਤੇ ਸੁਥਰੇ ਰੱਖਣ ਦਾ ਤਰੱਦਦ ਹੈ ਅਤੇ ਦੂਜੇ ਪਾਸੇ ਜੰਗੀ ਮੁਹਿੰਮਾਂ ਤੇ ਵਿੱਤੀ ਪੂੰਜੀ ਦਾ ਹਮਲਾਵਰ ਖ਼ਾਸਾ ਹੈ ਜੋ ਬੰਦੇ ਨੂੰ ਮੁਲਕ-ਬਦਰ ਕਰ ਰਿਹਾ ਹੈ। ਇਹ ਧਾਰਨਾ ਵੀ ਵਿਚਾਰ ਦੀ ਮੰਗ ਕਰਦੀ ਹੈ ਕਿ ਮੁਲਕ ਨਾਮ ਦੀ ਪਛਾਣ ਬੰਦੇ ਨੂੰ ਬੱਦੂ ਬਣਾ ਰਹੀ ਹੈ। ਮੁਕਾਮੀ ਸਰਕਾਰਾਂ ਵਿਦੇਸ਼ੀ ਪੂੰਜੀ ਦੇ ਪੱਖ ਵਿਚ ਖੜ੍ਹ ਗਈਆਂ ਹਨ ਅਤੇ ਵਿਕਾਸ ਯੋਜਨਾਵਾਂ ਲਈ ਕੁਦਰਤੀ ਸਰੋਤਾਂ ਅਤੇ ਜ਼ਮੀਨ ਉਤੇ ਦਾਅਵੇਦਾਰੀ ਤੋਂ ਮਹਿਰੂਮ ਹੋ ਰਿਹਾ ਬੰਦਾ ਹਰ ਥਾਂ ਬੇਮੁਲਕ ਹੈ। ਇਨ੍ਹਾਂ ਹਾਲਾਤ ਵਿਚ ਪੈਦਾ ਹੁੰਦੀ ਬੇਕਿਰਕ ਹਿੰਸਾ ਬੰਦੇ ਨੂੰ ਅਜਿਹੀ ਖ਼ਾਨਾਜੰਗੀ ਦਾ ਸ਼ਿਕਾਰ ਬਣਾਉਂਦੀ ਹੈ ਕਿ ਇਸ ਦੀਆਂ ਪਰਤਾਂ ਖੋਲ੍ਹਣਾ ਬੰਦੇ ਦੇ ਵੱਸੋਂ ਬਾਹਰ ਹੋ ਜਾਂਦਾ ਹੈ। ਇਸ ਬੰਦੇ ਨੂੰ ਕਾਰਾਂ ਦੀਆਂ ਡਿੱਗੀਆਂ, ਟਰੱਕਾਂ ਦੇ ਤਹਿਖ਼ਾਨੇ, ਮਨੁੱਖੀ ਤਸਕਰੀ, ਠੰਢੇ ਸਮੁੰਦਰਾਂ ਦੇ ਗੋਤੇ ਅਤੇ ਅਮੀਰ ਮੁਲਕਾਂ ਦੇ ਰਿਸ਼ਵਤਖ਼ੋਰ ਮੁਲਾਜ਼ਮ ਜ਼ਿੰਦਗੀ ਦਾ ਆਖ਼ਰੀ ਮੌਕਾ ਮੁਹੱਈਆ ਕਰਦੇ ਹਨ। ਦੁਨੀਆਂ ਭਰ ਦੇ ਹਥਿਆਰ, ਜੇਲ੍ਹਾਂ, ਥਾਣੇ, ਕਾਨੂੰਨ ਅਤੇ ਪਾਬੰਦੀਆਂ ਬੰਦੇ ਨੂੰ ਇਸ ਮੌਕੇ ਨੂੰ ਹਾਮੀ ਭਰਨ ਤੋਂ ਨਹੀਂ ਰੋਕ ਸਕਦੇ। ਜੇ ਕੋਈ ਗੋਦੀ ਚੁੱਕੇ ਬੱਚਿਆਂ ਨਾਲ ਚਾਰ ਕੱਪੜਿਆਂ ਵਿਚ ਰੂਮ ਸਾਗਰ ਵਿਚ ਤਰਦੇ ਤਸਕਰਾਂ ਦੇ ਜਹਾਜ ਵਿਚ ਸਵਾਰ ਹੋ ਸਕਦੀ ਹੈ ਤਾਂ ਉਸ ਕੋਲ ਗੁਆਉਣ ਲਈ ਕੀ ਬਚਿਆ ਹੈ? ਇਹ ਬਿਨਾਂ ਹਥਿਆਰਾਂ ਤੋਂ ਚੱਲਦਾ ਜਹਾਦ ਜਾਪਦਾ ਹੈ ਜਿਸ ਵਿਚ ਸ਼ਹਾਦਤ, ਹੂਰਾਂ, ਜੰਨਤ ਅਤੇ ਤਹੂਰ ਮੌਤ ਤੋਂ ਬਾਅਦ ਨਹੀਂ ਮਿਲਣਾ ਸਗੋਂ ਥੁੜ੍ਹਾਂ ਦਾ ਤੋੜ ਫਾਨੀ ਸੰਸਾਰ ਵਿਚ ਲੱਭਣ ਲਈ ਸਭ ਕੁਝ ਦਾਅ ਉਤੇ ਲਗਾ ਦਿੱਤਾ ਗਿਆ ਹੈ।


ਇਹ ਮਨੁੱਖੀ ਜਹਾਦ ਹੈ ਜੋ ਹਰ ਰੰਗ, ਨਸਲ, ਬੋਲੀ ਅਤੇ ਸੋਚ ਦੀਆਂ ਹੱਦਾਂ ਪਾਰ ਕਰ ਕੇ ਮਨੁੱਖ ਨੰਗੇ ਧੜ ਕਰ ਰਿਹਾ ਹੈ। ਸੀਰੀਆ ਵਿਚੋਂ ਜਾਨ ਬਚਾ ਕੇ, ਇਥੋਪੀਆ ਵਿਚ ਉਜੜ ਕੇ, ਲੀਬੀਆ ਤੋਂ ਭੱਜ ਕੇ ਅਤੇ ਬੰਗਲਾਦੇਸ਼ੀ ਦੀ ਮੰਦਹਾਲੀ ਤੋਂ ਪਰੇਸ਼ਾਨ ਹੋ ਕੇ ਬੰਦੇ ਇਟਲੀ ਵਿਚ ਮਾਲਟਾ ਨੂੰ ਜਾਂਦੀ ਕਿਸ਼ਤੀ ਵਿਚ ਇਕੱਠੇ ਹੋ ਜਾਂਦੇ ਹਨ। ਰੂਮ ਸਾਗਰ ਵਿਚ ਮੱਛੀਆਂ ਦੀ ਖ਼ੁਰਾਕ ਬਣ ਗਏ ਜੀਆਂ ਦੀ ਪਛਾਣ ਕਿਸੇ ਮੁਲਕ ਨਾਲ ਨਹੀਂ ਜੁੜਦੀ। ਇਨ੍ਹਾਂ ਦੀ ਮੁਲਕ-ਬਦਰੀ ਮੁਲਕ ਨਾਮ ਦੀ ਧਾਰਨਾ ਉਤੇ ਸੁਆਲ ਹੈ। ਮੁਲਕ ਮਨੁੱਖ ਨੇ ਬਣਾਇਆ ਹੈ ਜੋ ਆਪਣੀ ਤਾਕਤ ਦਾ ਕੋਹਜਾ ਪ੍ਰਗਟਾਵਾ ਮਨੁੱਖੀ ਪਿੰਡੇ ਉਤੇ ਕਰ ਰਿਹਾ ਹੈ। ਕੱਲ੍ਹ ਦੇ ਗ਼ੁਲਾਮ ਮੁਲਕ ਮੌਜੂਦਾ ਦੌਰ ਵਿਚ ਬਸਤਾਨ ਮੁਲਕਾਂ ਦੇ ਦਰਬਾਨ ਬਣ ਗਏ ਹਨ। ਕਾਨੂੰਨੀ ਦੀ ਹਰ ਤਬਦੀਲੀ ਅਤੇ ਹਰ ਰਿਆਇਤ ਉਤੇ ਦਾਅਵੇਦਾਰੀ ਵਿਚ ਪਹਿਲ ਬਸਤਾਨ ਮੁਲਕਾਂ ਨੂੰ ਮਿਲ ਰਹੀ ਹੈ। ਜਦੋਂ ਇਸ ਹਾਲਤ ਵਿਚ ਮਨੁੱਖ ਅੰਦਰਲੀ ਖ਼ਾਨਾਜੰਗੀ ਘਰ ਅਤੇ ਰਿਸ਼ਤੇਦਾਰੀਆਂ ਵਰਗੀ ਹਰ ਧਾਰਨਾ ਨੂੰ ਬੇਮਾਅਨਾ ਕਰਦੀ ਹੋਈ ਆਖ਼ਰੀ ਮੌਕੇ ਦੀ ਭਾਲ ਵਿਚ ਹੈ ਤਾਂ ਰੂਮ ਸਾਗਰ ਵਿਚ ਤਰਦੀਆਂ ਲਾਸ਼ਾਂ ਦਾ ਲਾਵਾਰਿਸ ਰਹਿ ਜਾਣਾ ਸੁਭਾਵਿਕ ਵੀ ਹੋ ਸਕਦਾ ਹੈ। ਉਂਜ ਇੰਟਰਨੈਸ਼ਨਲ ਕਨਸੋਰਟੀਅਮ ਆਫ਼ ਇੰਵੈਸਟੀਗੇਟਿੰਗ ਜਰਨਲਿਸਟ ਦੇ ਅਧਿਐਨ ਦਾ ਵਿਸ਼ਾ ਬਣੇ ਜਿਨ੍ਹਾਂ 14 ਮੁਲਕਾਂ ਵਿਚ ਇੱਕ ਨਾਮ ਭਾਰਤ ਹੈ। ਰੂਮ ਸਾਗਰ ਵਿਚ ਕਾਮਾਗਾਟਾ ਮਾਰੂ ਦੀ ਵਿਰਾਸਤ ਗੋਤੇ ਖਾ ਰਹੀ ਹੈ। ਕੀ ਇਹ ਵਿਰਾਸਤ ਜੂਹਬੰਦ ਕੀਤੇ ਜਾਣ ਦੇ ਹਰ ਤਰੱਦਦ ਤੋਂ ਨਾਬਰ ਹੈ? ਜੇ ਨਾਬਰ ਹੈ ਤਾਂ ਇਹ ਵਿਰਾਸਤ ਕਿਸ ਦੀ ਹੈ?

*ਉਰੂਗੁਏ ਨਿਵਾਸੀ ਉਘੇ ਲਾਤੀਨੀ ਅਮਰੀਕੀ ਲੇਖਕ-ਪੱਤਰਕਾਰ ਐਡੂਆਰਡੋ ਗਾਲਿਆਨੋ ਦਾ ਲੰਘੀ 13 ਅਪਰੈਲ ਨੂੰ ਦੇਹਾਂਤ ਹੋ ਗਿਆ। ਉਹ ਲੇਖਣੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਦਲੇਰੀ ਦੀ ਮਿਸਾਲ ਸਨ। ਰਾਜਕੀ ਦਮਨ ਨੂੰ ਬਹੁਤ ਨੇੜਿਉਂ ਦੇਖਣ ਵਾਲੇ, ਆਵਾਮੀ ਸੰਘਰਸ਼ਾਂ ਦਾ ਅਡੋਲ ਰਹਿ ਕੇ ਸਾਥ ਦੇਣ ਵਾਲੇ ਅਤੇ ਤਬਦੀਲੀ ਦੀ ਉਮੀਦ ਨੂੰ ਹਮੇਸ਼ਾ ਜ਼ਿੰਦਾ ਰੱਖਣ ਵਾਲੇ ਗਾਲਿਆਨੋ ਦਾ ਸਦੀਵੀ ਵਿਛੋੜਾ ਉਦਾਸ ਕਰਨ ਵਾਲਾ ਹੈ। ਉਨ੍ਹਾਂ ਦੀ ਕਿਤਾਬ 'ਓਪਨ ਵੇਨਜ਼ ਆਫ ਲੈਟਿਨ ਅਮੈਰਿਕਾ' ਕਿਸੇ ਜਾਣਕਾਰੀ ਦੀ ਮੁਥਾਜ ਨਹੀਂ। ਦੁਨੀਆਂ ਜਿਸ ਢਾਂਚੇ ਉਪਰ ਚੱਲ ਰਹੀ ਹੈ ਅਤੇ ਇਸ ਬਾਰੇ ਵਿਚ ਜੋ ਝੂਠ ਪ੍ਰਚਾਰਿਆ ਜਾਂਦਾ ਹੈ, ਗਾਲਿਆਨੋ ਨੇ ਤਾ-ਉਮਰ ਆਪਣੀ ਲੇਖਣੀ ਵਿਚ ਉਸ ਨੂੰ ਬਹੁਤ ਬਾਰੀਕੀ ਨਾਲ ਪੇਸ਼ ਕੀਤਾ ਹੈ; ਇਹ ਭਾਵੇਂ ਉਸ ਦੀਆਂ ਡਾਇਰੀਨੁਮਾ ਕਿਤਾਬਾਂ ਹੋਣ ਜਾਂ ਲਾਤੀਨੀ ਅਮਰੀਕਾ (ਮੈਮਰੀਜ਼ ਆਫ ਫਾਇਰ) ਅਤੇ ਦੁਨੀਆਂ (ਮਿਰਰਜ਼) ਦੇ ਇਤਿਹਾਸ ਨੂੰ ਮੁੜ ਲਿਖਣਾ ਹੋਵੇ। ਉਸ ਨੂੰ ਸ਼ਰਧਾਂਜਲੀ ਵਜੋਂ ਉਸ ਦੀ ਕਿਤਾਬ 'ਅੱਪਸਾਈਡ ਡਾਊਨ' ਵਿਚੋਂ ਕੁਝ ਅੰਸ਼ ਪਾਠਕਾਂ ਦੀ ਨਜ਼ਰ ਕੀਤੇ ਜਾ ਰਹੇ ਹਨ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਅਨਿਆਂ ਦਾ ਪਹਿਲਾ ਪਾਠ

ਐਡੂਆਰਡੋ ਗਾਲਿਆਨੋ

ਰੰਗ-ਬਰੰਗੀ ਇਸ਼ਤਿਹਾਰਬਾਜ਼ੀ ਸੈਨਤਾਂ ਮਾਰਦੀ ਹੈ ਕਿ ਆਓ, ਖਰੀਦੋ ਅਤੇ ਖ਼ਰਚ ਕਰੋ; ਨਾਲ ਹੀ ਅੱਜ ਦੀ ਅਰਥ-ਵਿਵਸਥਾ ਇਉਂ ਰੋਕਦੀ ਹੈ, ਜਿਵੇਂ ਕਹਿ ਰਹੀ ਹੋਵੇ- ਚਲਦੇ ਬਣੋ, ਨੇੜੇ ਨਾ ਫਟਕਿਓ! ਖ਼ਰੀਦਣ-ਖ਼ਰਚਣ ਦੇ ਇਹ ਸੱਦੇ ਜੋ ਸਾਡੇ ਸਾਰਿਆਂ ਉਪਰ ਥੋਪ ਦਿੱਤੇ ਗਏ ਹਨ, ਠੀਕ ਉਸੇ ਵਕਤ ਜ਼ਿਆਦਾਤਰ ਲੋਕਾਂ ਦੀ ਪਹੁੰਚ ਤੋਂ ਬਾਹਰ ਵੀ ਰੱਖੇ ਗਏ ਹਨ। ਨਿਉਂਦਾ ਦੇ ਕੇ ਦੁਰਕਾਰਨ ਵਾਲਾ ਬਾਜ਼ਾਰੀ ਹਿਸਾਬ-ਕਿਤਾਬ ਦਾ ਕੁਲ ਜਮਾਂ-ਜੋੜ ਇਹੀ ਬਣਦਾ ਹੈ ਕਿ ਕੁਝ ਹੋਰ ਕਦਮ ਜੁਰਮ ਵੱਲ ਵਧ ਜਾਂਦੇ ਹਨ। ਅਖਬਾਰਾਂ ਵਿਚ ਆਏ ਦਿਨ ਛਪ ਰਹੀਆਂ ਜੁਰਮ ਦੀਆਂ ਖਬਰਾਂ ਸਾਡੇ ਵਕਤ ਦੇ ਐਸੇ ਹੀ ਵਿਅੰਗਾਂ ਨੂੰ ਕਿਸੇ ਆਰਥਿਕ ਜਾਂ ਸਿਆਸੀ ਰਪਟ ਤੋਂ ਕਿਤੇ ਜ਼ਿਆਦਾ ਉਜਾਗਰ ਕਰਦੀਆਂ ਹਨ!



ਆਪਣੀ ਬਾਜ਼ਾਰੂ ਸਜ-ਧਜ ਦੀ ਦਾਅਵਤ ਵਿਚ ਇਹ ਦੁਨੀਆਂ ਸਾਰਿਆਂ ਨੂੰ ਖਿਚਦੀ ਅਤੇ ਬੁਲਾਉਂਦੀ ਤਾਂ ਹੈ, ਲੇਕਿਨ ਬਹੁਤਿਆਂ ਲਈ ਆਪਣਾ ਦਰਵਾਜ਼ਾ ਬੰਦ ਹੀ ਰੱਖਦੀ ਹੈ। ਇਸ ਤਰ੍ਹਾਂ, ਇਥੇ ਇਕੋ ਸਮੇਂ ਬਰਾਬਰੀ ਅਤੇ ਨਾਬਰਾਬਰੀ- ਦੋਹਾਂ ਦੀ ਖੇਡ ਖੇਡੀ ਜਾਂਦੀ ਹੈ। ਸਾਰਿਆਂ ਨੂੰ ਇੱਕੋ ਤਰ੍ਹਾਂ ਦੀ ਸੋਚ ਅਤੇ ਆਦਤਾਂ 'ਚ ਢਾਲਦੇ ਹੋਏ ਜਿਥੇ 'ਬਰਾਬਰੀ' ਦਾ ਡੰਡਾ ਚਲਾਇਆ ਜਾਂਦਾ ਹੈ, ਉਥੇ ਜਦੋਂ ਸਾਰਿਆਂ ਨੂੰ ਬਰਾਬਰ ਮੌਕੇ ਦੇਣ ਦੀ ਗੱਲ ਆਉਂਦੀ ਹੈ ਤਾਂ ਇਥੇ ਮੌਜੂਦ ਨਾਬਰਾਬਰੀ ਲੁਕੋਇਆਂ ਵੀ ਨਹੀਂ ਲੁਕਦੀ।


'ਬਰਾਬਰੀ' ਦਾ ਡੰਡਾ ਅਤੇ ਨਾਬਰਾਬਰੀ: ਸਿਰਫ਼ ਖ਼ਰੀਦਣ ਅਤੇ ਖ਼ਰਚਣ ਦਾ ਹੁਕਮ ਦੇਣ ਵਾਲੀ ਸੋਚ ਅੱਜ ਸਾਡੇ ਸਾਰਿਆਂ ਉਪਰ ਬੁਰੀ ਤਰ੍ਹਾਂ ਹਾਵੀ ਹੈ। ਕੁੱਲ ਆਲਮ ਵਿਚ ਅੱਜ ਜੋ ਨਾਬਰਾਬਰੀ ਦਾ ਪ੍ਰਬੰਧ ਕਾਇਮ ਕੀਤਾ ਜਾ ਰਿਹਾ ਹੈ, ਉਸ ਨੂੰ ਇਸ ਸੋਚ ਤੋਂ ਅਲੱਗ ਕਰ ਕੇ ਦੇਖਿਆ ਹੀ ਨਹੀਂ ਜਾ ਸਕਦਾ। ਇਸ ਤਰ੍ਹਾਂ ਇਕ ਦੂਜੇ ਦੀਆਂ ਜੜ੍ਹਾਂ ਵਿਚ ਤੇਲ ਦਿੰਦੀਆਂ ਅਤੇ ਚਿਹਰਾ ਸ਼ਿੰਗਾਰਦੀਆਂ-ਲੁਕੋਂਦੀਆਂ ਇਨ੍ਹਾਂ ਦੋ ਜੌੜੀਆਂ ਭੈਣਾਂ ਦੀ ਹਕੂਮਤ ਬਿਨਾਂ ਕਿਸੇ ਭੇਦਭਾਵ ਦੇ ਸਾਡੇ ਸਾਰਿਆਂ ਉਪਰ ਲੱਦ ਦਿੱਤੀ ਗਈ ਹੈ।

ਸਾਰਿਆਂ ਨੂੰ ਇੱਕੋ ਜਿਹਾ ਬਣਾ ਦੇਣ 'ਤੇ ਤੁਲਿਆ ਇਹ ਪ੍ਰਬੰਧ ਇਨਸਾਨੀਅਨ ਦੇ ਸਭ ਤੋਂ ਖ਼ੂਬਸੂਰਤ ਅਹਿਸਾਸ ਨੂੰ ਖ਼ਤਮ ਕਰ ਰਿਹਾ ਹੈ; ਉਹ ਅਹਿਸਾਸ ਜਿਸ ਦੇ ਸਾਡੇ ਸਾਰਿਆਂ ਵਿਚ ਮੌਜੂਦ ਕਈ-ਕਈ ਰੰਗ ਆਪਸ ਵਿਚ ਕਿਤੇ ਡੂੰਘੇ ਜੁੜੇ ਹੋਏ ਹਨ। ਆਖਿਰ, ਇਸ ਦੁਨੀਆਂ ਦਾ ਸਭ ਤੋਂ ਵੱਡਾ ਖ਼ਜ਼ਾਨਾ ਇਸ ਇੱਕੋ ਦੁਨੀਆਂ ਵਿਚ ਵਸੇ ਬਹੁਤ ਸਾਰੇ ਵੱਖੋ-ਵੱਖਰੇ ਸੰਸਾਰ ਹੀ ਤਾਂ ਹਨ, ਜਿਨ੍ਹਾਂ ਦੇ ਆਪਣੇ ਅਲੱਗ-ਅਲੱਗ ਸੰਗੀਤ, ਦੁੱਖ-ਦਰਦ, ਰੰਗ, ਜ਼ਿੰਦਗੀ ਜਿਉਣ, ਕੁਝ ਕਹਿਣ, ਸੋਚਣ, ਕੁਝ ਵਜਾਉਣ, ਖਾਣ, ਕੰਮ ਕਰਨ, ਨੱਚਣ-ਗਾਉਣ, ਖੇਡਣ, ਮੁਹੱਬਤ ਕਰਨ, ਪੀੜਾ ਝੱਲਣ ਅਤੇ ਖੁਸ਼ੀ ਮਨਾਉਣ ਦੇ ਹਜ਼ਾਰਾਂ ਤਰੀਕੇ ਹਨ ਜਿਨ੍ਹਾਂ ਨੂੰ ਅਸੀਂ ਧਰਤੀ ਉਪਰ ਆਪਣੇ ਲੱਖਾਂ ਵਰ੍ਹਿਆਂ ਦੇ ਸਫਰ ਦੌਰਾਨ ਤਲਾਸ਼ਿਆ ਹੈ।

ਸਾਨੂੰ ਸਾਰਿਆਂ ਨੂੰ ਮਹਿਜ਼ ਮੂੰਹ ਬਣਾਈ ਤਮਾਸ਼ਾ ਦੇਖਦੇ ਰਹਿਣ ਵਾਲਿਆਂ ਵਿਚ ਤਬਦੀਲ ਕਰ ਦੇਣ ਵਾਲਾ 'ਬਰਾਬਰ' ਪ੍ਰਬੰਧ ਕਿਸੇ ਹਿਸਾਬ-ਕਿਤਾਬ ਵਿਚ ਆਉਂਦਾ ਹੀ ਨਹੀਂ। ਐਸਾ ਕੋਈ ਕੰਪਿਊਟਰ ਨਹੀਂ ਬਣਿਆ ਜੋ ਇਹ ਦੱਸ ਸਕੇ ਕਿ ਕਿਵੇਂ 'ਮਾਸ ਕਲਚਰ' ਦਾ ਕਾਰੋਬਾਰ ਸਾਡੇ ਸਤਰੰਗੇ ਸੰਸਾਰਾਂ ਤੇ ਸਨਮਾਨ ਦੇ ਬੁਨਿਆਦੀ ਹੱਕ ਉਪਰ ਰੋਜ਼ ਹੀ ਡਾਕੇ ਮਾਰਦਾ ਹੈ। ਹਾਲਾਂਕਿ ਹਕੀਕਤ ਇਹੀ ਹੈ ਕਿ ਇਸ ਕਾਰੋਬਾਰ ਦੀ 2ਜੀ-3ਜੀ ਫਰਾਡ1 ਤਰੱਕੀ' (ਮੂਲ ਲਿਖਤ ਵਿਚ ਇਸਤੇਮਾਲ ਕੀਤੇ ਸ਼ਬਦਾਂ ਦਾ ਇਥੇ ਭਾਵ ਹੈ- ਵਿਨਾਸ਼ਕਾਰੀ ਵਿਕਾਸ ਹੋਵੇਗਾ। ਹਿੰਦੁਸਤਾਨ ਦੇ ਪ੍ਰਸੰਗ ਵਿਚ ਇਸ ਨੂੰ ਹੋਰ ਢੁੱਕਵਾਂ ਬਣਾਉਣ ਲਈ '2ਜੀ-3ਜੀ ਫਰਾਡ1 ਤਰੱਕੀ' ਵਾਕੰਸ਼ ਦਾ ਇਸਤੇਮਾਲ ਕੀਤਾ ਗਿਆ ਹੈ) ਨੇ ਸਾਡੀ ਦੇਖਣੀ-ਸੋਚਣੀ ਖਤਮ ਕਰ ਦਿੱਤੀ ਹੈ। ਹਾਲ ਇਹ ਹੈ ਕਿ ਵਕਤ ਆਪਣੇ ਇਤਿਹਾਸ ਤੋਂ ਅਤੇ ਥਾਂਵਾਂ ਆਪਣੀਆਂ ਅਦਭੁੱਤ ਵੰਨ-ਸੁਵੰਨਤਾਵਾਂ ਤੋਂ ਖਾਲੀ ਤੇ ਅਣਜਾਣ ਬਣਨ ਲੱਗ ਗਈਆਂ ਹਨ। ਦੁਨੀਆਂ ਦੇ ਮਾਲਕ ਲੋਕ ਉਹੀ ਹਨ ਜਿਨ੍ਹਾਂ ਦੇ ਹੱਥ ਵਿਚ ਸੰਚਾਰ-ਸੂਚਨਾ ਦੇ 'ਵੱਡੇ' ਮਾਧਿਅਮਾਂ ਦੀ ਲਗਾਮ ਹੈ, ਉਹ ਸਾਨੂੰ ਖ਼ੁਦ ਨੂੰ ਹਮੇਸ਼ਾ ਇਕ ਹੀ ਸ਼ੀਸ਼ੇ ਵਿਚ ਦੇਖਦੇ ਰਹਿਣ ਦੀ ਇਜਾਜ਼ਤ ਦਿੰਦੇ ਹਨ। ਉਹੀ ਸ਼ੀਸ਼ਾ ਜਿਥੇ ਦੂਜੇ ਪਾਸਿਉਂ ਸਿਰਫ਼ ਖ਼ਰੀਦਣ ਅਤੇ ਖ਼ਰਚਣ ਦੀਆਂ ਨਸੀਹਤਾਂ-ਸਿਖਿਆਵਾਂ ਨਿਕਲਦੀਆਂ ਹਨ।

ਜਿਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ, ਉਹ ਕੁਝ ਨਹੀਂ ਹਨ। ਜਿਨ੍ਹਾਂ ਦੇ ਕੋਲ ਕਾਰ ਨਹੀਂ ਹੈ, ਜੋ ਬਰੈਂਡਿਡ ਜੁੱਤੀ ਜਾਂ ਵਿਦੇਸ਼ੀ ਪਰਫਿਊਮ ਇਸਤੇਮਾਲ ਨਹੀਂ ਕਰਦੇ, ਉਹ ਤਾਂ ਬੱਸ ਜਿਉਣ ਦਾ ਦਿਖਾਵਾ ਹੀ ਕਰ ਰਹੇ ਹਨ। ਦਰਾਮਦ ਉਪਰ ਪਲਦੀ ਆਰਥਿਕਤਾ ਅਤੇ ਆਡੰਬਰ ਦਾ ਪਸਾਰਾ ਕਰਦੀ ਸੰਸਕ੍ਰਿਤੀ! ਐਸੇ ਹੀ ਬਕਵਾਸਾਂ ਦੇ ਰਾਜ ਵਿਚ ਸਾਨੂੰ ਸਾਰਿਆਂ ਨੂੰ ਧੱਕ-ਧੱਕ ਕੇ ਇਕ ਵੱਡੇ ਜਹਾਜ ਉਪਰ ਬਿਠਾ ਦਿੱਤਾ ਗਿਆ ਹੈ। ਖ਼ਪਤਵਾਦ ਦਾ ਰਟਣ-ਮੰਤਰ ਕਰਵਾਉਂਦਾ ਇਹ ਜਹਾਜ ਮੰਡੀ ਦੀਆਂ ਉਠਦੀਆਂ-ਮਚਲਦੀਆਂ ਲਹਿਰਾਂ ਨਾਪਦਾ ਹੈ। ਜ਼ਾਹਿਰ ਹੈ, ਜ਼ਿਆਦਾਤਰ ਲੋਕ ਇਸ ਜਹਾਜ ਤੋਂ ਬਾਹਰ ਸੁੱਟ ਦਿੱਤੇ ਜਾਣ ਲਈ ਸਰਾਪੇ ਹੋਏ ਹਨ, ਲੇਕਿਨ ਸਫ਼ਰ ਦਾ ਭਰਪੂਰ ਮਜ਼ਾ ਲੈਣ ਦਾ ਖ਼ਰਚ ਜੋ ਵਿਦੇਸ਼ੀ ਕਰਜ਼ੇ ਲੈ ਕੇ ਚੁਕਾਇਆ ਜਾਂਦਾ ਹੈ, ਸਾਰਿਆਂ ਦੇ ਸਿਰ ਚੜ੍ਹਦਾ ਹੈ। ਕਰਜ਼ੇ ਦੀ ਰਕਮ ਨਾਲ ਇਹ ਇੰਤਜ਼ਾਮ ਕੀਤਾ ਜਾਂਦਾ ਹੈ ਕਿ ਇਕ ਬਹੁਤ ਹੀ ਨਿੱਕਾ ਜਿਹਾ, ਸਿਮਟਿਆ ਜਿਹਾ ਤਬਕਾ ਖੁਦ ਨੂੰ 'ਨਵੇਂ ਫੈਸ਼ਨ' ਦੀਆਂ ਤਮਾਮ ਗ਼ੈਰ-ਜ਼ਰੂਰੀ ਚੀਜ਼ਾਂ ਨਾਲ ਲੱਦ ਲਵੇ। ਇਹ ਸਾਡੇ ਉਸ ਮੱਧਵਰਗ ਲਈ ਹੁੰਦੀਆਂ ਹਨ ਜੋ ਕੁਝ ਵੀ ਖਰੀਦ ਕੇ 'ਵੱਡਾ' ਅਤੇ ਹਾਈ-ਫਾਈ ਨਜ਼ਰ ਆਉਣਾ ਚਾਹੁੰਦਾ ਹੈ ਅਤੇ ਉਸ ਉਚ ਤਬਕੇ ਲਈ ਵੀ ਜੋ ਆਪਣੇ ਵਰਗੇ ਲੋਕਾਂ ਦੀ ਨਕਲ ਕਰ ਕੇ ਉਨ੍ਹਾਂ ਤੋਂ ਵੀ ਉਚਾ ਹੋ ਜਾਣ ਦੀਆਂ ਜੁਗਤਾਂ ਲਾਉਂਦਾ ਰਹਿੰਦਾ ਹੈ। ਫਿਰ ਟੀ.ਵੀ. ਤਾਂ ਹੈ ਹੀ ਇਨ੍ਹਾਂ ਸਾਰੇ ਤਬਕਿਆਂ ਨੂੰ ਵਿਸ਼ਵਾਸ ਦਿਵਾਉਣ ਲਈ, ਕਿ ਉਹ ਤਮਾਮ ਮੰਗਾਂ ਕਿੰਨੀਆਂ ਜ਼ਰੂਰੀ ਹਨ ਜੋ ਦਰਅਸਲ, ਦੁਨੀਆਂ ਦਾ ਉਤਰੀ ਹਿੱਸਾ ਬੇਰੋਕ ਬਣਾਉਂਦਾ ਹੈ ਤੇ ਪੂਰੀ ਕਾਮਯਾਬੀ ਨਾਲ ਦੱਖਣੀ ਹਿੱਸੇ ਨੂੰ ਭੇਜਦਾ ਰਹਿੰਦਾ ਹੈ। (ਉਤਰ ਤੇ ਦੱਖਣ ਦਾ ਇਥੇ ਭਾਵ ਧਰਤੀ ਉਪਰ ਮੌਜੂਦ ਵਸੀਲਿਆਂ ਦੀ ਵੰਡ ਤੋਂ ਹੈ)

ਲਾਤੀਨੀ ਅਮਰੀਕਾ ਦੇ ਉਨ੍ਹਾਂ ਕਰੋੜਾਂ ਬੱਚਿਆਂ ਦੀ ਇਸ ਜ਼ਿੰਦਗੀ ਦੇ ਕੀ ਮਾਅਨੇ ਹਨ ਜੋ ਇਸ ਸਮੁੱਚੇ ਦੌਰ ਵਿਚ ਵੱਡੇ ਹੋ ਰਹੇ ਹਨ ਅਤੇ ਬੇਕਾਰੀ ਤੇ ਫ਼ਾਕਾਕਸ਼ੀ ਦੇਖਣ ਲਈ ਜਵਾਨ ਹੋ ਰਹੇ ਹਨ। ਇਸ਼ਤਿਹਾਰਬਾਜ਼ੀ ਦੀ ਦੁਨੀਆਂ ਬੜੀ ਵਚਿੱਤਰ ਹੈ। ਇਹ ਮੰਗ ਵਧਾਉਂਦੀ ਹੈ ਜਾਂ ਹਿੰਸਾ? ਟੈਲੀਵਿਜ਼ਨ ਵੀ ਮੰਡੀ ਨੂੰ ਆਪਣੀਆਂ ਪੂਰੀਆਂ ਸੇਵਾਵਾਂ ਦਿੰਦਾ ਹੈ। ਇਹ ਸਾਨੂੰ ਵਸਤਾਂ ਦੀ ਇਸ਼ਤਿਹਾਰਬਾਜ਼ੀ ਦੇ ਢੇਰ 'ਤੇ ਬਿਠਾ ਕੇ ਸਾਨੂੰ ਜ਼ਿੰਦਗੀ ਦੇ ਚੰਗੀ-ਭਲੀ ਚਲਦੇ ਰਹਿਣ ਦਾ ਭਰਮ ਪਾਲਣਾ ਸਿਖਾਉਂਦਾ ਹੈ, ਨਾਲ ਹੀ ਰੋਜ਼ ਹਿੰਸਾ ਦੀ ਆਡੀਓ-ਵਿਜ਼ੂਅਲ ਖ਼ੁਰਾਕ ਵੀ ਦਿੰਦਾ ਹੈ। ਇਸ ਦੀ ਆਦਤ ਸਾਨੂੰ 'ਵੀਡੀਓ ਗੇਮਾਂ' ਰਾਹੀਂ ਪਹਿਲਾਂ ਹੀ ਪੈ ਚੁੱਕੀ ਹੈ। ਜੁਰਮ ਟੀ.ਵੀ. ਉਪਰ ਆਉਣ ਵਾਲਾ ਸਭ ਤੋਂ ਰੌਚਕ ਪ੍ਰੋਗਰਾਮ ਬਣ ਗਿਆ ਹੈ। ਵੀਡੀਓ ਗੇਮਾਂ ਦੀ ਹਿੰਸਾ ਨਾਲ ਲਬਰੇਜ਼ ਦੁਨੀਆਂ ਸਾਨੂੰ ਨਿੱਤ ਅਤੇ ਜ਼ਿਆਦਾ ਹਿੰਸਕ ਤੇ ਵਹਿਸ਼ੀ ਬਣਨ ਦੇ ਨਵੇਂ ਗੁਰ-ਮੰਤਰ ਸਿਖਾਉਂਦੀ ਹੈ। ਜਿਵੇਂ 'ਮਾਰੋ ਉਨ੍ਹਾਂ ਨੂੰ, ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਮਾਰ ਦੇਣ' ਜਾਂ 'ਤੁਸੀਂ ਇਕੱਲੇ ਹੋ, ਸਿਰਫ਼ ਆਪਣੇ ਉਪਰ ਭਰੋਸਾ ਰੱਖੋ।' ਇਸ ਸਾਰੀ ਉਥਲ-ਪੁਥਲ ਦੇ ਗਵਾਹ ਬਣ ਰਹੇ ਆਧੁਨਿਕ ਸ਼ਹਿਰ ਵਧ-ਫੁੱਲ ਰਹੇ ਹਨ। ਲਾਤੀਨੀ ਅਮਰੀਕਾ ਦੇ ਸ਼ਹਿਰ ਵਧ ਕੇ ਦੁਨੀਆਂ ਦੇ ਮਹਾਂ ਸ਼ਹਿਰਾਂ ਵਿਚ ਸ਼ੁਮਾਰ ਹੋ ਰਹੇ ਹਨ। ਵਧਦੇ-ਫੁੱਲਦੇ ਸ਼ਹਿਰਾਂ ਨਾਲ ਜੁਰਮ ਵੀ ਉਸ ਤੋਂ ਜਾਂ ਉਸ ਤੋਂ ਵੀ ਕਿਤੇ ਜ਼ਿਆਦਾ ਹੋਸ਼ ਉਡਾ ਦੇਣ ਵਾਲੀ ਰਫਤਾਰ ਨਾਲ ਵਧ ਰਹੇ ਹਨ।




*ਐਡੂਆਰਡੋ ਗਾਲਿਆਨੋ ਦੀਆਂ ਦੋ ਅਹਿਮ ਕਿਤਾਬਾਂ ਦੇ ਟਾਈਟਲ।*

ਅੱਜ ਦੀ ਆਰਥਿਕਤਾ ਨੂੰ ਜ਼ਰੂਰਤ ਹੈ ਵਧ ਰਹੀ ਪੈਦਾਵਾਰ ਦੀ ਖ਼ਪਤ ਦੀ ਅਤੇ ਲਾਭ ਬਣਾਈ ਰੱਖਣ ਲਈ ਮੰਡੀ ਦਾ ਵਧਾਰਾ ਕਰਦੇ ਜਾਣ ਦੀ। ਨਾਲ ਹੀ ਲਾਗਤ-ਖ਼ਰਚ ਘੱਟ ਬਣਾਈ ਰੱਖਣ ਲਈ ਇਹ ਸਭ ਤੋਂ ਸਸਤੇ ਕਿਰਤੀ ਅਤੇ ਕੱਚਾ ਮਾਲ ਵੀ ਭਾਲਦੀ ਹੈ। ਇਹ ਅੰਤਰ-ਵਿਰੋਧ ਹੀ ਮੰਡੀ ਦਾ ਮੂਲ-ਮੰਤਰ ਹੈ ਜੋ ਸਾਨੂੰ ਨਿੱਤ ਵਧਦੀਆਂ ਕੀਮਤਾਂ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਘੱਟੋ-ਘੱਟ ਮਜ਼ਦੂਰੀ ਵੀ ਅਦਾ ਨਾ ਕਰਨ ਦੇ ਆਮ ਬਣਦੇ ਜਾ ਰਹੇ ਮਾਮਲਿਆਂ ਵਿਚ ਨਜ਼ਰ ਆਉਂਦਾ ਹੈ। ਇਹ ਅੰਤਰ-ਵਿਰੋਧ ਹੀ ਦੁਨੀਆਂ ਦੇ ਦੋ ਨਾਬਰਾਬਰ ਹਿੱਸਿਆਂ ਵਿਚ ਵੰਡੇ ਰਹਿਣ ਦੀ ਜੜ੍ਹ ਹੈ, ਜਦੋਂ ਵਿਕਸਤ ਉਤਰੀ ਹਿੱਸਾ (ਸਾਮਰਾਜਵਾਦ) ਦੱਖਣੀ ਤੇ ਪੂਰਬੀ ਹਿੱਸਿਆਂ ਨੂੰ ਆਪਣੀਆਂ ਕੰਪਨੀਆਂ ਦੇ ਖਰੀਦਦਾਰ ਬਣਾ ਰਿਹਾ ਹੈ। ਇਹ ਸਾਮਰਾਜਵਾਦ ਦਾ ਨਵਾਂ ਰੂਪ ਹੈ ਜੋ ਵੱਡੇ ਅਤੇ ਵਿਕਸਤ ਮੁਲਕਾਂ ਦੀ ਮੰਡੀਵਾਦੀ ਧੌਂਸ ਤੋਂ ਜ਼ਾਹਿਰ ਹੁੰਦਾ ਹੈ। ਖ਼ਰੀਦਦਾਰ ਵਧਾਉਂਦੇ ਰਹਿਣ ਦੀ ਇਸ ਅੰਨ੍ਹੀ ਰਫ਼ਤਾਰ ਨਾਲ ਵਧਦੀ ਹੈ ਤਾਂ ਸਿਰਫ਼ ਹਾਸ਼ੀਏ ਉਪਰ ਧੱਕੇ ਲੋਕਾਂ ਦੀ ਤਾਦਾਦ, ਜੋ ਮੁਜਰਿਮ ਬਣਨ ਲਈ ਮਜਬੂਰ ਹਨ। ਸਭ ਕੁਝ ਖ਼ਰੀਦ ਲੈਣ ਦੀ ਇਸ ਸਨਕ ਵਿਚ ਹਰ ਬੰਦਾ ਉਹ ਸਾਰਾ ਕੁਝ ਖ਼ਰੀਦ ਲੈਣਾ ਚਾਹੁੰਦਾ ਹੈ ਜੋ ਉਹ ਦੂਜਿਆਂ ਕੋਲ ਦੇਖਦਾ ਹੈ ਅਤੇ ਇਸ ਦੇ ਲਈ ਉਸ ਨੂੰ ਹਿੰਸਾ ਤੋਂ ਵੀ ਕੋਈ ਪਰਹੇਜ਼ ਨਹੀਂ ਹੈ। ਸਾਰੇ ਹੀ ਇਸ ਆਪਾਧਾਪੀ ਅਤੇ ਮੁਕਾਬਲੇ ਲਈ ਖ਼ੁਦ ਨੂੰ ਤਿਆਰ ਕਰ ਰਹੇ ਹਨ। ਕੋਈ ਵੀ ਕਦੇ ਵੀ ਮਾਰਿਆ ਜਾ ਸਕਦਾ ਹੈ, ਉਹ ਲੋਕ ਜੋ ਭੁੱਖ ਨਾਲ ਮਰ ਰਹੇ ਹਨ ਅਤੇ ਉਹ ਵੀ ਜਿਨ੍ਹਾਂ ਦੇ ਕੋਲ ਲੋੜ ਤੋਂ ਜ਼ਿਆਦਾ ਖਾਣ ਲਈ ਹੈ।

ਸਭਿਆਚਾਰਕ ਵੰਨ-ਸੁਵੰਨਤਾਵਾਂ ਖ਼ਤਮ ਕਰ ਕੇ ਸਾਰਿਆਂ ਨੂੰ ਇੱਕੋ ਜਿਹਾ ਖ਼ਰੀਦਦਾਰ ਬਣਾ ਦੇਣ ਦਾ ਇਹ ਸਮੁੱਚਾ ਅਮਲ ਕਿਵੇਂ ਕੰਮ ਕਰ ਰਿਹਾ ਹੈ, ਇਸ ਨੂੰ ਅੰਕੜਿਆਂ ਨਾਲ ਨਹੀਂ ਦਿਖਾਇਆ ਜਾ ਸਕਦਾ। ਹਾਲਾਂਕਿ ਇਸ ਦੇ ਉਲਟ ਇਸ ਪ੍ਰਬੰਧ ਦੀ ਆਰਥਿਕ ਨਾਬਰਾਬਰੀ ਨੂੰ ਬਿਆਨ ਕਰਨ ਲਈ ਬਥੇਰੇ ਅੰਕੜੇ ਹਨ। ਅਸੀਂ ਇਸ ਨੂੰ ਦੇਖ ਸਕਦੇ ਹਾਂ। ਇਸ ਸਮੁੱਚੇ ਪ੍ਰਬੰਧ ਨੂੰ ਬਰਕਰਾਰ ਰੱਖਣ ਲਈ ਸੰਸਾਰ ਬੈਂਕ ਇਸ ਕੌੜੀ ਸੱਚਾਈ ਨੂੰ ਸਵੀਕਾਰ ਕਰਦਾ ਹੈ। ਨਾਲ ਹੀ ਸੰਯੁਕਤ ਰਾਸ਼ਟਰ ਦੀਆਂ ਕਈ ਜਥੇਬੰਦੀਆਂ ਵੀ ਇਸ ਦੀ ਤਸਦੀਕ ਕਰਦੀਆਂ ਹਨ। ਦੁਨੀਆਂ ਦਾ ਅਰਥਚਾਰਾ ਕਦੇ ਵੀ ਐਨੀ ਨਾਬਰਾਬਰੀ ਵਧਾਉਣ ਵਾਲਾ ਨਹੀਂ ਰਿਹਾ ਅਤੇ ਨਾ ਕਦੇ ਦੁਨੀਆਂ ਨੇ ਐਨਾ ਕਰੂਰ ਅਨਿਆਂ ਦੇਖਿਆ ਸੀ। 1960 ਵਿਚ ਦੁਨੀਆਂ ਦੀ ਆਬਾਦੀ ਦਾ ਸਭ ਤੋਂ ਅਮੀਰ 20 ਫ਼ੀਸਦੀ ਹਿੱਸਾ ਸਭ ਤੋਂ ਗ਼ਰੀਬ 20 ਫ਼ੀਸਦੀ ਦੇ ਮੁਕਾਬਲੇ 30 ਗੁਣਾਂ ਜ਼ਿਆਦਾ ਅਮੀਰ ਅਤੇ ਸਾਧਨ-ਸੰਪਨ ਸੀ। ਇਸ ਤੋਂ ਬਾਅਦ ਤਾਂ ਇਹ ਪਾੜਾ ਹੋਰ ਵਧਦਾ ਗਿਆ ਹੈ।

# ਭਾਰਤ ਦੇ ਮੂਲ ਵਾਸੀ

ਐਂਬਰੋਸ ਪਿੰਟੋ

ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਭਾਰਤ ਦੇ ਮੂਲ ਨਿਵਾਸੀਆਂ ਵਜੋਂ ਜਾਣਿਆ ਜਾਂਦਾ ਹੈ। ਮੁਲਕ ਦੀ ਆਬਾਦੀ ਵਿਚ ਉਨ੍ਹਾਂ ਦਾ ਹਿੱਸਾ 25 ਫ਼ੀਸਦੀ ਤੋਂ ਵਧੇਰੇ ਹੈ। ਹਾਲਾਂ ਕਿ ਭਾਰਤ ਸਰਕਾਰ ਸੰਯੁਕਤ ਰਾਸ਼ਟਰ ਵਿਚ ਲਗਾਤਾਰ ਮੂਲ ਨਿਵਾਸੀ ਲੋਕਾਂ ਦੇ ਸੰਕਲਪ ਦੀ ਹੋਂਦ ਅਤੇ ਇਸ ਨੂੰ ਇਨ੍ਹਾਂ ਭਾਈਚਾਰਿਆਂ 'ਤੇ ਲਾਗੂ ਕਰਨ ਦੀ ਗੱਲ ਤੋਂ ਇਨਕਾਰ ਕਰਦੀ ਰਹੀ ਹੈ, ਫਿਰ ਵੀ 13 ਸਤੰਬਰ 2007 ਨੂੰ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਵਿਚ ਭਾਰਤ ਨੇ ਇਨ੍ਹਾਂ ਦੇ ਹੱਕ ਵਿਚ ਵੋਟ ਦਿੱਤੀ। ਭਾਰਤ ਨੇ ਕੌਮਾਂਤਰੀ ਕਿਰਤ ਸੰਗਠਨ (ਆਈ.ਐਲ.ਓ.) ਦੀ ਉਸ ਕਨਵੈਨਸ਼ਨ 'ਤੇ ਵੀ ਦਸਤਖ਼ਤ ਕੀਤੇ ਹੋਏ ਹਨ ਜੋ ਆਜ਼ਾਦ ਦੇਸ਼ਾਂ ਵਿਚ ਮੂਲ ਨਿਵਾਸੀਆਂ ਅਤੇ ਹੋਰ ਕਬਾਇਲੀ ਤੇ ਗ਼ੈਰ-ਕਬਾਇਲੀ ਲੋਕਾਂ ਦੀ ਰਾਖੀ ਨਾਲ ਸਬੰਧਤ ਹੈ। ਭਾਰਤ ਵਲੋਂ ਸੰਯੁਕਤ ਰਾਸ਼ਟਰ ਦੀਆਂ ਕਈ ਹੋਰ ਕਨਵੈਨਸ਼ਨਾਂ ਦੀ ਵੀ ਪੁਸ਼ਟੀ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਵਿਚ ਬੰਧੂਆ ਮਜ਼ਦੂਰੀ ਕਨਵੈਨਸ਼ਨ, ਬੰਧੂਆ ਮਜ਼ਦੂਰੀ ਦਾ ਖਾਤਮਾ ਕਨਵੈਨਸ਼ਨ, ਬਰਾਬਰ ਮੁਆਵਜ਼ਾ ਕਨਵੈਨਸ਼ਨ ਅਤੇ ਰੁਜ਼ਗਾਰ ਵਿਚ ਵਿਤਕਰਾ ਵਿਰੋਧੀ ਕਨਵੈਨਸ਼ਨ ਆਦਿ ਸ਼ਾਮਿਲ ਹਨ। ਫਿਰ ਵੀ, ਭਾਰਤ ਵਿਚ ਮੂਲ ਨਿਵਾਸੀ ਦੇ ਸੰਕਲਪ 'ਤੇ ਅਕਸਰ ਸਵਾਲ ਉਠਾਏ ਜਾਂਦੇ ਰਹੇ ਹਨ। 5 ਜਨਵਰੀ 2011 ਨੂੰ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਸਪਸ਼ਟ ਰੂਪ ਵਿਚ ਕਹਿ ਦਿੱਤਾ ਕਿ ਅਨੁਸੂਚਿਤ ਕਬੀਲੇ ਇਥੋਂ ਦੇ ਮੂਲ ਨਿਵਾਸੀ ਲੋਕ ਹਨ। ਮਹਾਭਾਰਤ ਦੇ ਦਿਨਾਂ ਤੋਂ ਇਨ੍ਹਾਂ ਲੋਕਾਂ ਦੇ ਹੁੰਦੇ ਦਮਨ ਦੇ ਇਤਿਹਾਸ ਦੀ ਵੀ ਅਦਾਲਤ ਵਲੋਂ ਵਿਆਖਿਆ ਕੀਤੀ ਗਈ ਜਿਸ ਵਿਚ ਕਿਹਾ ਗਿਆ ਕਿ ਇਹ ਭਾਈਚਾਰੇ ਭਾਰਤ ਦੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਹੋਏ ਅਤੇ ਨਾਜ਼ੁਕ ਹਾਲਤ ਦੇ ਸ਼ਿਕਾਰ ਲੋਕ ਹਨ।

ਅਨੁਸੂਚਿਤ ਜਾਤੀਆਂ ਦੇ ਲੋਕ ਵੀ ਘੱਟ ਦੱਬੇ ਹੋਏ ਨਹੀਂ। ਜਾਤ-ਪਾਤ ਦੀ ਸਮਾਜਕ ਸੰਸਥਾ ਨੇ ਦਲਿਤਾਂ ਦੇ ਜੀਵਨ 'ਤੇ ਕਹਿਰ ਢਾਹਿਆ ਹੈ। ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਿੰਡਾਂ ਤੋਂ ਬਾਹਰ ਅਤਿਅੰਤ ਮਾੜੀਆਂ ਹਾਲਤਾਂ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਹੇਠਲੇ ਦਰਜੇ ਦੇ ਕੰਮ ਕਰਨ ਤੱਕ ਹੀ ਸੀਮਤ ਰੱਖਿਆ ਜਾਂਦਾ ਹੈ। ਉਚੀਆਂ ਜਾਤੀਆਂ ਨਾਲ ਪਾਣੀ ਵਰਗੇ ਕੁਦਰਤੀ ਸਰੋਤ ਸਾਂਝੇ ਕਰਨ ਦੀ ਵੀ ਇਨ੍ਹਾਂ ਉਤੇ ਪਾਬੰਦੀ ਰਹੀ ਹੈ। ਇਨ੍ਹਾਂ ਨੂੰ ਵੇਖਣਾ ਅਤੇ ਛੂਹਣਾ ਵੀ ਅਸ਼ੁੱਭ ਮੰਨਿਆ ਜਾਂਦਾ ਰਿਹਾ ਹੈ। ਇਨ੍ਹਾਂ ਲੋਕਾਂ ਦੀ ਇਸ ਅਰਧ-ਮਨੁੱਖੀ ਜ਼ਿੰਦਗੀ ਨੂੰ ਇਨ੍ਹਾਂ ਦੇ ਨਾਲ-ਨਾਲ ਬਾਕੀਆਂ ਵਲੋਂ ਵੀ ਚੀਜ਼ਾਂ ਦੀ ਮੌਜੂਦਾ ਵਿਵਸਥਾ ਵਜੋਂ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਭਾਰਤ ਦੇ ਅਸਲੀ ਮੁਢਲੇ ਨਿਵਾਸੀ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਬਹੁਤੇ ਘਰ-ਵਿਹੂਣੇ ਹਨ। ਜੇ ਕਈਆਂ ਕੋਲ ਘਰ ਹੁੰਦਾ ਵੀ ਹੈ ਤਾਂ ਉਨ੍ਹਾਂ ਨਾਲ ਭਾਰਤੀ ਸਮਾਜ ਤੋਂ ਬਾਹਰਲੇ ਵਿਅਕਤੀਆਂ ਵਰਗਾ ਵਿਹਾਰ ਕੀਤਾ ਜਾਂਦਾ ਹੈ। ਆਪਣੇ ਘਰ ਵਿਚ ਰਹਿਣ ਵਾਲੇ ਅਜਿਹੇ ਲੋਕਾਂ ਨੂੰ ਵੀ ਉਨ੍ਹਾਂ ਦੇ ਹੀ ਘਰਾਂ ਵਿਚ ਵਿਦੇਸ਼ੀ ਬਣਾ ਦਿੱਤਾ ਗਿਆ ਅਤੇ ਹੋਰਨਾਂ ਨੇ ਉਨ੍ਹਾਂ ਦੇ ਘਰਾਂ 'ਤੇ ਕਬਜ਼ੇ ਕਰ ਲਏ। ਆਖਰ ਕਿਨ੍ਹਾਂ ਲੋਕਾਂ ਨੇ ਇਨ੍ਹਾਂ ਦੇ ਘਰਾਂ 'ਤੇ ਕਬਜ਼ੇ ਕੀਤੇ ਹੋਏ ਹਨ? ਭਾਰਤ ਮੁੱਖ ਤੌਰ 'ਤੇ ਅਪਰਵਾਸੀਆਂ ਦਾ ਦੇਸ਼ ਹੈ। ਭਾਰਤ ਵਿਚ ਰਹਿ ਰਹੇ 70 ਫ਼ੀਸਦੀ ਦੇ ਕਰੀਬ ਲੋਕ ਅਪਰਵਾਸੀਆਂ ਦੇ ਹੀ ਵੰਸ਼ਜ਼ ਹਨ। ਲੋਕ ਸੁਖਾਵੀਂ ਜ਼ਿੰਦਗੀ ਜਿਉਣ ਲਈ ਗ਼ੈਰ-ਸੁਖਾਵੇਂ ਖੇਤਰਾਂ ਵਿਚੋਂ ਸੁਖਾਵੇਂ ਇਲਾਕਿਆਂ ਵੱਲ ਪਰਵਾਸ ਕਰਦੇ ਰਹੇ ਹਨ। ਜਦੋਂ ਸਨਅਤੀਕਰਨ ਦਾ ਅਮਲ ਸ਼ੁਰੂ ਹੋਇਆ ਤਾਂ ਲੋਕ ਇਕ ਵਾਰ ਫਿਰ ਬਿਹਤਰ ਰੁਜ਼ਗਾਰ ਅਤੇ ਸੁਖ ਦੀ ਭਾਲ ਵਿਚ ਪੱਛਮ ਵੱਲ ਜਾਣ ਲੱਗੇ। ਭਾਰਤੀਆਂ ਨੇ ਵੱਡੀ ਗਿਣਤੀ ਵਿਚ ਅਮਰੀਕਾ ਅਤੇ ਯੂਰਪ ਵਰਗੀਆਂ ਵਿਦੇਸ਼ੀ ਧਰਤੀਆਂ 'ਤੇ ਸੁਖਾਵੀਂ ਜ਼ਿੰਦਗੀ ਦੀ ਭਾਲ ਵਿਚ ਪਰਵਾਸ ਕੀਤਾ। ਉਨ੍ਹਾਂ ਨੂੰ ਉਥੇ ਸੁਖਾਵੀਂ ਜ਼ਿੰਦਗੀ ਮਿਲੀ ਵੀ। ਅਨੇਕਾਂ ਲੋਕ ਤਾਂ ਪ੍ਰਾਪਤੀਆਂ ਵਿਚ ਉਥੇ ਲੰਮੇ ਸਮੇਂ ਤੋਂ ਵਸ ਰਹੇ ਲੋਕਾਂ ਤੋਂ ਵੀ ਅੱਗੇ ਲੰਘ ਚੁੱਕੇ ਹਨ। ਇਕ ਸਰਵੇਖਣ ਮੁਤਾਬਿਕ 2010 ਵਿਚ ਭਾਰਤੀ-ਅਮਰੀਕੀ ਲੋਕਾਂ ਦੀ ਸਾਲਾਨਾ ਪਰਿਵਾਰਕ ਆਮਦਨ 88000 ਡਾਲਰ ਸੀ ਜੋ ਸਾਰੇ ਏਸ਼ੀਅਨ ਅਮਰੀਕਨਾਂ (66000 ਡਾਲਰ) ਅਤੇ ਸਾਰੇ ਅਮਰੀਕੀਆਂ (49800 ਡਾਲਰ) ਨਾਲੋਂ ਕਿਤੇ ਵੱਧ ਸੀ। ਭਾਰਤੀ-ਅਮਰੀਕੀਆਂ ਦੇ ਉੱਚੇ ਵਿਦਿਅਕ ਪੱਧਰਾਂ ਕਰ ਕੇ ਇਸ ਵਿਚ ਹੈਰਾਨੀ ਦੀ ਵੀ ਕੋਈ ਗੱਲ ਨਹੀਂ ਹੈ। ਬਾਲਗ ਅਮਰੀਕੀ-ਭਾਰਤੀਆਂ ਦਾ ਸਿਰਫ 9 ਫ਼ੀਸਦੀ ਹਿੱਸਾ ਗ਼ਰੀਬੀ ਵਿਚ ਰਹਿੰਦਾ ਹੈ। ਇਸ ਦੀ ਤੁਲਨਾ ਵਿਚ ਅਜਿਹੇ ਏਸ਼ੀਅਨ-ਅਮਰੀਕਨਾਂ ਦੀ ਗਿਣਤੀ 12 ਫ਼ੀਸਦੀ ਅਤੇ ਅਮਰੀਕਨਾਂ ਦੀ ਗਿਣਤੀ 13 ਫ਼ੀਸਦੀ ਹੈ। 2010 ਵਿਚ ਭਾਰਤੀ-ਅਮਰੀਕੀਆਂ ਵਿਚੋਂ 28 ਫ਼ੀਸਦੀ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਖੇਤਰਾਂ ਵਿਚ ਕੰਮ ਕਰ ਰਹੇ ਸਨ। ਪੜ੍ਹਾਈ-ਲਿਖਾਈ ਪੱਖੋਂ ਭਾਰਤੀ-ਅਮਰੀਕੀ ਵੱਡੀ ਗਿਣਤੀ ਵਿਚ ਪ੍ਰਾਪਤੀਆਂ ਕਰ ਰਹੇ ਹਨ। ਹਜ਼ਾਰਾਂ ਭਾਰਤੀ ਐਚ.ਵੰਨ-ਬੀ ਵੀਜ਼ਾ ਪ੍ਰੋਗਰਾਮ ਹੇਠ ਗਏ ਹਨ ਜਿਸ ਤਹਿਤ ਉੱਚ ਪੱਧਰੀ ਕੁਸ਼ਲਤਾ ਵਾਲੇ ਲੋਕਾਂ ਨੂੰ ਵੀਜ਼ਾ ਦਿੱਤਾ ਜਾਂਦਾ ਹੈ। 2010 ਵਿਚ ਕੁੱਲ ਜਾਰੀ ਹੋਏ ਐਚ.ਵੰਨ-ਬੀ ਵੀਜ਼ਿਆਂ ਵਿਚੋਂ 56 ਫ਼ੀਸਦੀ ਵੀਜ਼ੇ ਭਾਰਤੀਆਂ ਨੂੰ ਮਿਲੇ ਸਨ।

ਭਾਵ ਇਹ ਹੈ ਕਿ ਦੂਜੇ ਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਲੋਕ ਆਪਣੇ ਮੁਕਾਬਲੇ ਦੀ ਸਮਰੱਥਾ 'ਤੇ ਮਿਹਨਤ ਨਾਲ ਹੌਲੀ-ਹੌਲੀ ਅਹਿਮ ਨੌਕਰੀਆਂ ਅਤੇ ਸੱਤਾ ਦੇ ਅਹਿਮ ਅਹੁਦਿਆਂ 'ਤੇ ਕਾਬਜ਼ ਹੋ ਜਾਂਦੇ ਹਨ। ਉਹ ਉਸ ਧਰਤੀ ਦੇ ਮੂਲ ਨਿਵਾਸੀ ਨਾ ਹੋਣ ਦੇ ਬਾਵਜੂਦ ਉਥੋਂ ਦੇ ਅਜਾਰੇਦਾਰੀ ਵਾਲੇ ਨਾਗਰਿਕ ਬਣ ਜਾਂਦੇ ਹਨ।

## ਸਤਿਯੁਗੀ ਬੰਦੇ-1



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਤਿਆਰੀ ਕਿਥੋਂ ਦੀ ਖਿੱਚੀ ਐ, ਜੁਆਨਾ!

*ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। -ਸੰਪਾਦਕ*

ਅੱਜ ਦਾ ਰਾਮਪੁਰਾ ਫੂਲ ਉਨ੍ਹਾਂ ਮੰਡੀਆਂ ਵਿਚੋਂ ਹੈ ਜੋ ਰਿਆਸਤੀ ਰਾਜਿਆਂ ਨੇ ਵਪਾਰਕ ਕੇਂਦਰਾਂ ਦੀ ਲੋੜ ਮਹਿਸੂਸ ਕਰਦਿਆਂ ਬਹੁਤ ਪਹਿਲਾਂ ਕਾਇਮ ਕੀਤੀਆਂ ਸਨ। 'ਅੱਜ ਦਾ' ਸ਼ਬਦ ਮੈਂ ਇਸ ਵਾਸਤੇ ਵਰਤੇ ਹਨ ਕਿਉਂਕਿ ਮੇਰੇ ਬਚਪਨ ਵਿਚ ਸਿਰਫ਼ ਰੇਲਵੇ ਸਟੇਸ਼ਨ ਦਾ ਨਾਂ ਰਾਮਪੁਰਾ ਫੂਲ ਸੀ, ਸਟੇਸ਼ਨ ਦੇ ਦੁਆਲੇ ਦੀ ਆਬਾਦੀ ਦਾ ਨਹੀਂ। ਇਸ ਸ਼ਹਿਰ ਦਾ ਭੂਗੋਲ ਅਤੇ ਇਸ ਦੇ ਨਾਂ ਦਾ ਇਤਿਹਾਸ ਜਾਣਨਾ ਦਿਲਚਸਪ ਹੋਵੇਗਾ। ਪਾਠਕ ਨੂੰ ਉਸ ਤੋਂ ਇਹ ਵੀ ਪਤਾ ਲੱਗੇਗਾ ਕਿ ਰਿਆਸਤਾਂ ਕਿਵੇਂ ਇਕ ਦੂਜੀ ਵਿਚ ਗੁੰਦੀਆਂ ਹੋਈਆਂ ਹੁੰਦੀਆਂ ਸਨ। ਰਾਮਪੁਰਾ ਫੂਲ ਸ਼ਹਿਰ ਦੇ ਵਿਚਕਾਰੋਂ ਰੇਲ ਦੀ ਲੀਹ ਲੰਘਦੀ ਹੈ। ਰਿਆਸਤਾਂ ਵੇਲੇ ਲੀਹ ਤੋਂ ਚੜ੍ਹਦੇ ਵੱਲ ਦੇ ਹਿੱਸੇ ਨੂੰ ਲੋਕ ਪਟਿਆਲਾ ਮੰਡੀ ਆਖਦੇ ਸਨ ਕਿਉਂਕਿ ਉਹ ਪਟਿਆਲਾ ਰਿਆਸਤ ਵਿਚ ਸੀ। ਛਿਪਦੇ ਵੱਲ ਦਾ ਹਿੱਸਾ ਨਾਭਾ ਰਿਆਸਤ ਵਿਚ ਹੋਣ ਸਦਕਾ ਨਾਭਾ ਮੰਡੀ ਕਿਹਾ ਜਾਂਦਾ ਸੀ। ਨਾਭਾ ਮੰਡੀ ਕਾਗ਼ਜ਼ਾਂ ਵਿਚ ਮੰਡੀ ਫੂਲ ਸੀ। ਇਹ ਉਸ ਪਾਸੇ ਤਿੰਨ ਕੋਹ ਵਾਟ ਪ੍ਰਸਿੱਧ ਪਿੰਡ ਫੂਲ ਹੋਣ ਕਰਕੇ ਸੀ। ਇਸੇ ਤਰ੍ਹਾਂ ਪਟਿਆਲਾ ਮੰਡੀ ਦਾ ਲਿਖਤੀ ਨਾਂ ਅੱਧਾ ਕੋਹ ਵਾਟ ਪਿੰਡ ਰਾਮਪੁਰਾ ਹੋਣ ਕਰਕੇ ਰਾਮਪੁਰਾ ਮੰਡੀ ਸੀ। ਜਦੋਂ ਰੇਲ ਆਈ, ਸਟੇਸ਼ਨ ਨੂੰ ਦੋਵਾਂ ਮੰਡੀਆਂ ਦੀ ਹੱਦ ਉਤੇ ਹੋਣ ਕਾਰਨ ਮਿੱਸਾ ਨਾਂ ਰਾਮਪੁਰਾ ਫੂਲ ਦੇ ਦਿੱਤਾ ਗਿਆ।

ਜਦੋਂ ਰਿਆਸਤਾਂ ਖ਼ਤਮ ਹੋ ਗਈਆਂ, ਕੁਦਰਤੀ ਸੀ, ਨਾ ਕੋਈ ਨਾਭਾ ਮੰਡੀ ਰਹੀ ਤੇ ਨਾ ਪਟਿਆਲਾ ਮੰਡੀ। ਦੋਵੇਂ ਹਿੱਸਿਆਂ ਦੇ ਪੂਰੇ ਸ਼ਹਿਰ ਦਾ ਨਾਂ ਸਟੇਸ਼ਨ ਦੇ ਨਾਂ ਵਾਂਗ ਸਾਂਝਾ ਰਾਮਪੁਰਾ ਫੂਲ ਕਰ ਦਿੱਤਾ ਗਿਆ। ਉਥੋਂ ਮੇਰਾ ਪਿੰਡ ਪਿਥੋ ਤਿੰਨ ਕੋਹ ਵਾਟ ਹੈ। ਉਥੋਂ ਐਨੀ ਹੀ ਵਾਟ ਮੰਡੀ ਕਲਾਂ ਹੈ, ਤੇ ਸਬੱਬ ਨਾਲ ਦੋਵਾਂ ਪਿੰਡਾਂ ਦੀ ਵਾਟ ਵੀ ਏਨੀ, ਤਿੰਨ ਕੁ ਕੋਹ ਹੀ ਹੈ। ਇਉਂ ਰਾਮਪੁਰਾ ਫੂਲ, ਪਿਥੋ ਤੇ ਮੰਡੀ ਕਲਾਂ ਦੀ ਇਕੋ ਜਿੰਨੀਆਂ ਲੰਮੀਆਂ ਬਾਹੀਆਂ ਵਾਲੀ ਤਿਕੋਣ ਬਣ ਜਾਂਦੀ ਹੈ।

ਪਿੰਡਾਂ ਦੇ ਨਾਂ ਟਿਕਣ ਦਾ ਇਤਿਹਾਸ ਵੀ ਬੜਾ ਦਿਲਚਸਪ ਹੈ। ਕਿਸੇ ਯੂਨੀਵਰਸਿਟੀ ਵਿਦਿਆਰਥੀ ਨੂੰ ਇਸ ਬਾਰੇ ਜ਼ਰੂਰ ਖੋਜ ਕਰਨੀ ਚਾਹੀਦੀ ਹੈ। ਉਹਨੂੰ ਪੀ-ਐਚ. ਡੀ. ਦੀ ਡਿਗਰੀ ਮਿਲ ਜਾਵੇਗੀ ਅਤੇ ਇਤਿਹਾਸ ਨੂੰ ਇਕ ਬਿਲਕੁਲ ਨਿਵੇਕਲੇ ਵਿਸ਼ੇ ਸਬੰਧੀ ਬਹੁਤ ਮਹੱਤਵਪੂਰਨ ਵੇਰਵਾ ਮਿਲ ਜਾਵੇਗਾ। ਰਾਮਪੁਰਾ, ਨਾਨਕਪੁਰਾ, ਹਰਰਾਇਪੁਰ, ਕ੍ਰਿਸ਼ਨ ਨਗਰ, ਗੋਬਿੰਦਪੁਰਾ ਜਿਹੇ ਨਾਂ ਇਤਿਹਾਸ ਤੇ ਧਰਮ ਦੀ ਦੇਣ ਹਨ। ਤੂਤਾਂ ਵਾਲਾ, ਅੱਕਾਂ ਵਾਲੀ, ਮੱਝਾਂ ਵਾਲੀ, ਮੋਰਾਂਵਾਲੀ, ਕੁੱਤੀਵਾਲ, ਆਦਿ ਨਾਂਵਾਂ ਦੇ ਆਪਣੇ ਵਿਚੋਂ ਹੀ ਉਨ੍ਹਾਂ ਦਾ ਪਿਛੋਕੜ ਦਿੱਸ ਪੈਂਦਾ ਹੈ। ਪਰ ਸ਼ਾਇਦ, ਸਭ ਤੋਂ ਬਹੁਤੇ ਪਿੰਡਾਂ ਦੇ ਨਾਂ ਉਨ੍ਹਾਂ ਦੇ ਮੋਢੀ ਬੰਦਿਆਂ ਦੇ ਨਾਂ ਸਦਕਾ ਟਿਕੇ ਹੋਏ ਹਨ। ਗੰਡਾ ਸਿੰਘ ਵਾਲਾ, ਚੜ੍ਹਤ ਸਿੰਘ ਵਾਲਾ ਆਦਿ ਨਾਂ ਉਨ੍ਹਾਂ ਪਿੰਡਾਂ ਦੀ ਮੋਹੜੀ ਗੱਡਣ ਵਾਲੇ ਬੰਦਿਆਂ ਦੇ ਨਾਂ ਸਦਕਾ ਰੱਖੇ ਗਏ। ਫੂਲ ਵੀ, ਜਿਵੇਂ ਸਭ ਜਾਣਦੇ ਹੀ ਹਨ, ਫੂਲਕੀਆਂ ਰਿਆਸਤਾਂ ਦੇ ਵਡੇਰੇ ਬਾਬਾ ਫੂਲ ਦਾ ਨਾਂ ਸੀ। ਪਿਥੋ ਵੀ ਸਾਡੇ ਪਿੰਡ ਦੇ ਮੋੜ੍ਹੀ-ਗੱਡ ਬਜ਼ੁਰਗ ਦਾ ਨਾਂ ਹੀ ਦਸਦੇ ਹਨ। ਉਸ ਜ਼ਮਾਨੇ ਵਿਚ ਬੰਦਿਆਂ ਦੇ ਨਾਂ ਅਜਿਹੇ ਹੀ ਹੁੰਦੇ ਸਨ।

ਕੁਝ ਬੰਦੇ ਅਜਿਹੇ ਮਸ਼ਹੂਰ ਹੋ ਜਾਂਦੇ ਜਾਂ ਕਹਿ ਲਵੋ, ਕਰਮਾਂ ਵਾਲੇ ਹੁੰਦੇ ਕਿ ਪਿੰਡ ਦਾ ਨਾਂ ਸਦੀਆਂ ਤੋਂ ਕੋਈ ਹੋਰ ਹੁੰਦਾ ਹੈ, ਪਰ ਉਸ ਮੂਲ ਨਾਂ ਨਾਲ ਉਨ੍ਹਾਂ ਦਾ ਨਾਂ ਵੀ ਜੁੜ ਜਾਂਦਾ। ਕਈ ਮਸ਼ਹੂਰ ਬੰਦਿਆਂ ਦਾ ਨਾਂ ਤਾਂ ਉਨ੍ਹਾਂ ਦੇ ਜਿਉਂਦੇ-ਜੀਅ ਹੀ ਉਨ੍ਹਾਂ ਦੇ ਪਿੰਡ ਦਾ ਨਾਂ ਬਣ ਜਾਂਦਾ। ਇਸ ਦੀ ਇਕ ਪ੍ਰਸਿੱਧ ਮਿਸਾਲ ਪਿੰਡ ਪੱਤੋ ਹੈ। ਇਸ ਪੁਰਾਣੇ ਨਾਂ ਨਾਲ ਉਥੋਂ ਦੀ ਪ੍ਰਸਿੱਧ ਸ਼ਖ਼ਸੀਅਤ ਹੀਰਾ ਸਿੰਘ ਦਾ ਨਾਂ ਉਹਦੇ ਜਿਉਂਦੇ-ਜੀਅ ਹੀ ਜੁੜ ਕੇ ਪਿੰਡ 'ਪੱਤੋ ਹੀਰਾ ਸਿੰਘ' ਹੋ ਗਿਆ। ਬਿਲਕੁਲ ਇਸੇ ਤਰ੍ਹਾਂ ਸਾਡੇ ਗੁਆਂਢੀ ਪਿੰਡ ਮੰਡੀ ਕਲਾਂ ਦਾ ਨਾਂ ਉਥੋਂ ਦੇ ਪ੍ਰਸਿੱਧ ਮਹਾਜਨ ਗੁਲਾਬ ਚੰਦ ਸਦਕਾ, ਜਿਸ ਨੂੰ ਲੋਕ ਆਮ ਕਰਕੇ ਗੁਲਾਬੂ ਸੇਠ ਆਖਦੇ ਸਨ, ਉਹਦੇ ਜਿਉਂਦੇ-ਜੀਅ ਹੀ 'ਗੁਲਾਬੂ ਕੀ ਮੰਡੀ' ਹੋ ਗਿਆ। ਸਰਕਾਰੀ ਦਫ਼ਤਰਾਂ ਵਿਚ ਲੰਮੇ ਸਮੇਂ ਤੋਂ ਉਰਦੂ-ਫ਼ਾਰਸੀ ਦਾ ਬੋਲਬਾਲਾ ਰਿਹਾ ਸੀ। ਇਸ ਕਾਰਨ ਜੇ ਨੇੜੇ-ਨੇੜੇ ਇਕ ਨਾਂ ਵਾਲੇ ਦੋ ਪਿੰਡ ਹੁੰਦੇ, ਕਾਗ਼ਜ਼ਾਂ ਵਿਚ ਵੱਡੇ ਪਿੰਡ ਨਾਲ 'ਵੱਡੇ' ਦੇ ਬਰਾਬਰ ਦਾ ਫ਼ਾਰਸੀ ਸ਼ਬਦ 'ਕਲਾਂ' ਅਤੇ ਛੋਟੇ ਪਿੰਡ ਨਾਲ 'ਖ਼ੁਰਦ' ਜੋੜ ਦਿੱਤਾ ਜਾਂਦਾ। ਪਰ ਇਹ ਸ਼ਬਦ ਕਦੀ ਵੀ ਬਹੁਤੇ ਪ੍ਰਚਲਿਤ ਨਾ ਹੋਏ। ਲੋਕ ਅਜਿਹੇ ਪਿੰਡਾਂ ਨਾਲ ਛੋਟਾ-ਵੱਡਾ ਹੀ ਲਾਉਂਦੇ। ਮੰਡੀ ਕਲਾਂ ਨੂੰ ਵੀ ਲੋਕ ਵੱਡੀ ਮੰਡੀ ਆਖਦੇ। ਜਿਉਂ ਹੀ ਗੁਲਾਬ ਚੰਦ, ਜੋ ਲੋਕਾਂ ਲਈ ਗੁਲਾਬੂ ਸੀ, ਮਸ਼ਹੂਰ ਹੋਇਆ, ਪਿੰਡ ਦਾ ਨਾਂ ਗੁਲਾਬੂ ਕੀ ਮੰਡੀ ਹੋ ਗਿਆ। ਗੁਲਾਬੂ ਮੈਥੋਂ ਇਕ-ਦੋ ਪੀੜ੍ਹੀਆਂ ਪਹਿਲਾਂ ਹੋਇਆ ਹੈ। ਬਚਪਨ ਵਿਚ ਮੈਂ ਆਪਣੇ ਬਜ਼ੁਰਗਾਂ ਤੋਂ ਉਹਦੀ ਇਕ ਕਹਾਣੀ ਸੁਣੀ ਸੀ। ਉਦੋਂ ਤਾਂ ਉਹ ਸਿਰਫ਼ ਦਿਲਚਸਪ ਹੀ ਲੱਗੀ ਸੀ, ਮਗਰੋਂ ਵੱਡੇ ਹੋ ਕੇ ਉਹਦਾ ਮਾਨਵੀ ਤੇ ਸਭਿਆਚਾਰਕ ਅਰਥ ਸਮਝ ਵਿਚ ਆਇਆ ਤਾਂ ਸੇਠ ਗੁਲਾਬ ਚੰਦ ਦੀ ਪੰਜਾਬੀਅਤ ਦੇਖ ਕੇ ਮੇਰੇ ਮੂੰਹੋਂ 'ਵਾਹ' ਨਿਕਲਣਾ ਕੁਦਰਤੀ ਸੀ।

ਜਿਨ੍ਹਾਂ ਪਿੰਡਾਂ ਦਾ ਨਾਂ ਮੰਡੀ ਪਿਆ ਹੋਇਆ ਹੈ, ਸ਼ਾਇਦ ਉਥੇ, ਉਦੋਂ ਸ਼ਹਿਰੀ ਬਾਜ਼ਾਰ ਅਜੇ ਜ਼ਿਆਦਾ ਵਿਕਸਤ ਨਾ ਹੋਏ ਹੋਣ। ਕਾਰਨ, ਚੰਡੀਗੜ੍ਹ ਦੀ 'ਆਪਣੀ ਮੰਡੀ' ਵਾਂਗ ਸਥਾਨਕ ਚੀਜ਼ਾਂ ਦਾ ਵਣਜ ਜਾਂ ਵਟਾਂਦਰਾ ਹੁੰਦਾ ਹੋਵੇਗਾ। ਦਸਦੇ ਹਨ, ਗੁਲਾਬੂ ਦਾ ਕਾਰੋਬਾਰ ਖਾਸਾ ਵਧਿਆ ਹੋਇਆ ਸੀ। ਉਹਦੀ ਹੱਟ ਪਿੰਡ ਦੇ ਲੋਕਾਂ ਦੀਆਂ ਲੋੜਾਂ ਤਾਂ ਪੂਰੀਆਂ ਕਰਦੀ ਹੀ, ਨੇੜੇ ਦੇ ਪਿੰਡਾਂ ਦੇ ਆਮ ਲੋਕ ਤੇ ਛੋਟੇ ਦੁਕਾਨਦਾਰ ਵੀ ਉਹਤੋਂ ਮਾਲ ਖਰੀਦਦੇ। ਉਹ ਭਾਅ ਵੀ ਠੀਕ ਲਾਉਂਦਾ ਅਤੇ ਲੈਣ-ਦੇਣ ਦਾ ਵੀ ਖਰਾ ਸੀ। ਔਖ-ਸੌਖ ਵੇਲੇ ਉਹ ਲੋਕਾਂ ਦੇ ਕੰਮ ਆਉਣਾ ਵੀ ਆਪਣਾ ਫ਼ਰਜ਼ ਸਮਝਦਾ ਸੀ ਅਤੇ ਹੁਧਾਰ ਦੇ ਦਿੰਦਾ ਸੀ। ਕੁੱਲ ਮਿਲਾ ਕੇ ਉਹ ਇੱਜ਼ਤਦਾਰ ਤੇ ਭਲਾ ਆਦਮੀ ਸਮਝਿਆ ਜਾਂਦਾ ਸੀ।

ਕਈ ਛੋਟੇ ਪਿੰਡ ਤਾਂ ਇਕ ਬਜ਼ੁਰਗ ਦੀ ਪੀੜ੍ਹੀ-ਦਰ-ਪੀੜ੍ਹੀ ਵਧੀ-ਫੁੱਲੀ ਔਲਾਦ ਨਾਲ ਹੀ ਵਸੇ ਹੋਏ ਹੁੰਦੇ। ਪਰ ਜੇ ਕਿਸੇ ਪਿੰਡ ਦੀ ਸਮਾਜਕ ਬਣਤਰ ਵੰਨ-ਸੁਵੰਨੀ ਵੀ ਹੁੰਦੀ, ਤਾਂ ਵੀ ਉਹ ਸਭਿਆਚਾਰਕ, ਸੰਸਕਾਰੀ, ਭਾਈਚਾਰਕ ਤੇ ਜਜ਼ਬਾਤੀ ਪੱਖੋਂ ਇਕਸਾਰ ਤੇ ਇਕਰੂਪ ਹੀ ਹੁੰਦਾ। ਇਕ ਦੀ ਰਿਸ਼ਤੇਦਾਰੀ ਸਭ ਦੀ ਰਿਸ਼ਤੇਦਾਰੀ ਹੁੰਦੀ। ਖਾਸ ਕਰਕੇ ਧੀ ਨੂੰ ਤਾਂ ਸਾਰੇ ਪਿੰਡ ਦੀ ਧੀ ਹੀ ਸਮਝਿਆ ਜਾਂਦਾ। ਕੁਦਰਤੀ ਸੀ, ਜਦੋਂ ਉਹ ਵਿਆਹੀ ਜਾਂਦੀ, ਉਹਦਾ ਪਤੀ ਸਿਰਫ਼ ਉਸ ਘਰ ਦਾ ਜੁਆਈ ਹੋਣ ਦੀ ਥਾਂ ਪਿੰਡ ਦਾ ਜੁਆਈ ਅਖਵਾਉਂਦਾ। ਤੇ ਜਦੋਂ ਕੁੜੀ ਬਾਲ-ਬੱਚੇ ਵਾਲੀ ਹੋ ਜਾਂਦੀ, ਉਹਦੇ ਧੀਆਂ-ਪੁੱਤ ਪੂਰੇ ਪਿੰਡ ਲਈ ਦੋਹਤੀਆਂ-ਦੋਹਤੇ ਹੁੰਦੇ। ਜੁਆਈ ਲਈ ਸਤਿਕਾਰ ਤੇ ਦੋਹਤੇ ਲਈ ਪਿਆਰ ਆਪਣੀ ਮਿਸਾਲ ਆਪ ਹੀ ਹੁੰਦਾ ਸੀ। ਘਰ ਦੀਆਂ ਮੱਝਾਂ-ਗਾਈਆਂ ਹੋਣ ਦੇ ਬਾਵਜੂਦ ਆਂਢੀ-ਗੁਆਂਢੀ ਦੁੱਧ ਦੀ ਗੜਵੀ ਜੁਆਈ ਲਈ ਜ਼ਰੂਰ ਦੇ ਕੇ ਜਾਂਦੇ। ਦੋਹਤੇ ਲਈ ਤਾਂ ਕੋਈ ਗੰਨਿਆਂ ਦੀ ਥੱਬੀ ਸੁੱਟ ਜਾਂਦਾ, ਕੋਈ ਮੱਕੀ ਦੀਆਂ ਛੱਲੀਆਂ ਦੀ ਝੋਲੀ ਦੇ ਜਾਂਦਾ। ਉਦੋਂ ਸੜਕਾਂ ਹੈ ਨਹੀਂ ਸਨ। ਕੱਚੇ ਰਾਹੀਂ ਨਾ ਟਾਂਗਾ ਹੁੰਦਾ ਸੀ, ਨਾ ਬਸ। ਲੋਕ ਪੈਦਲ ਜਾਂਦੇ ਜਾਂ ਵਾਹੀ-ਖੇਤੀ ਵਾਲੇ ਬੋਤਿਆਂ ਅਤੇ ਬਲ੍ਹਦ-ਗੱਡਿਆਂ ਉਤੇ। ਸਰਦੇ-ਪੁਜਦੇ ਬੰਦੇ ਆਉਣ-ਜਾਣ ਵਾਸਤੇ, ਤੇ ਕਿਸੇ ਹੱਦ ਤੱਕ ਸ਼ਾਨ ਵਾਸਤੇ, ਘੋੜਾ ਜਾਂ ਘੋੜੀ ਰਖਦੇ। ਇਕ ਦਿਨ ਗੁਲਾਬੂ ਸੇਠ ਆਪਣੀ ਘੋੜੀ ਉਤੇ ਚੜ੍ਹਿਆ ਮੰਡੀ ਫੂਲ ਤੋਂ ਪਿੰਡ ਨੂੰ ਜਾ ਰਿਹਾ ਸੀ। ਕੁਝ ਦੂਰ ਜਾ ਕੇ ਉਹ ਇਕ ਪੈਦਲ ਨੌਜਵਾਨ ਨਾਲ ਜਾ ਮਿਲਿਆ। ਮੁੰਡੇ ਨੇ ਵਾਹਵਾ ਸ਼ੁਕੀਨੀ ਲਾਈ ਹੋਈ ਸੀ। ਕਿਤੇ ਰਿਸ਼ਤੇਦਾਰੀ ਵਿਚ ਚੱਲਿਆ ਲਗਦਾ ਸੀ। ਸ਼ੁਕੀਨੀ ਤਾਂ ਇਹ ਸੋਅ ਵੀ ਦਿੰਦੀ ਸੀ ਕਿ ਸ਼ਾਇਦ ਸਹੁਰੀਂ ਹੀ ਚੱਲਿਆ ਹੋਵੇ।

ਮੁੰਡੇ ਦੀ ਟੌਹਰ ਦੇਖ ਕੇ ਗੁਲਾਬੂ ਨੇ ਮਖੌਲੀ ਜਿਹੇ ਰੰਗ ਵਿਚ ਪੁੱਛਿਆ, "ਦੌਲਤਖਾਨਾ ਕਿਹੜਾ ਹੈ ਜੁਆਨ ਦਾ?" ਉਹਨੇ ਆਪਣਾ ਪਿੰਡ ਦੱਸ ਦਿੱਤਾ। ਸੇਠ ਨੇ ਜਾਣਨਾ ਚਾਹਿਆ, "ਤਿਆਰੀ ਕਿਥੋਂ ਦੀ ਖਿੱਚੀ ਐ?" ਮੁੰਡਾ ਬੋਲਿਆ, "ਐਹ ਗੁਲਾਬੂ ਕੀ ਮੰਡੀ ਜਾਣੈ।" ਗੁਲਾਬੂ ਦਾ ਤੀਜਾ ਸਵਾਲ ਸੀ, "ਕੀ ਰਿਸ਼ਤੇਦਾਰੀ ਹੈ ਬਈ ਤੇਰੀ ਗੁਲਾਬੂ ਕੀ ਮੰਡੀ?" ਉਹਨੇ ਜਵਾਬ ਦਿੱਤਾ, "ਮੈਂ ਜੀ ਗੁਲਾਬੂ ਕੀ ਮੰਡੀ ਦਾ ਜੁਆਈ ਹਾਂ।"

ਮੁੰਡੇ ਦੇ ਮੂੰਹੋਂ 'ਗੁਲਾਬੂ ਕੀ ਮੰਡੀ ਦਾ ਜੁਆਈ' ਸੁਣ ਕੇ ਗੁਲਾਬੂ ਦਾ ਮਖੌਲੀ ਰੰਗ ਝੱਟ ਗੰਭੀਰਤਾ ਵਿਚ ਬਦਲ ਗਿਆ। ਉਹ ਬੋਲਿਆ, "ਠਹਿਰ ਬਈ ਜੁਆਨਾ।" ਤੇ ਘੋੜੀ ਤੋਂ ਉਤਰ ਕੇ ਕਹਿੰਦਾ, "ਜੇ ਗੁਲਾਬੂ ਕੀ ਮੰਡੀ ਦਾ ਜੁਆਈ ਹੈਂ, ਫੇਰ ਤੂੰ ਤੁਰ ਕੇ ਨਾ ਜਾ। ਐਹ ਘੋੜੀ ਲੈ ਜਾ। ਮੈਂ ਆਪੇ ਪੈਦਲ ਆ ਜਾਊਂ।...ਜਾਣਾ ਕਿਹੜੇ ਘਰ ਐ?" ਮੁੰਡੇ ਨੇ ਲਗਾਮ ਫੜਨੋਂ ਝਿਜਕਦਿਆਂ ਦੱਸਿਆ, "ਜੀ, ਪਰਤਾਪੇ ਰਵੀਦਾਸੀਏ ਦੇ।" ਗੁਲਾਬੂ ਨੇ ਲਗਾਮ ਉਹਦੇ ਹੱਥ ਵਿਚ ਫੜਾਈ, "ਪਰਤਾਪ ਸਿਉਂ ਨੂੰ ਕਹੀਂ, ਘੋੜੀ ਸੇਠਾਂ ਦੇ ਘਰ ਦੇ ਆਵੇ।"

ਮੁੰਡਾ ਘੋੜੀ ਨੂੰ ਅੱਡੀ ਲਾ ਕੇ ਅੱਗੇ ਨਿੱਕਲ ਗਿਆ! ਗੁਲਾਬੂ ਸੇਠ ਪਿੱਛੇ-ਪਿੱਛੇ ਪੈਦਲ ਤੁਰ ਪਿਆ।

*(ਚਲਦਾ)*




ਮਿਲ ਪਿਆ ਜੁਗਨੀ ਨੂੰ ਇਕ ਨੇਤਾ
ਉਹਨੂੰ ਪਲ ਵਿਚ ਆ ਗਿਆ ਚੇਤਾ
ਇਹ ਖਾਵੇ ਬਜਰੀ ਨਾਲ ਰੇਤਾ
ਜੁਗਨੀ ਨੇ ਧੌਣੋ ਫੜ ਲਿਆ ਏ
ਫੜ ਗੋਡਿਆਂ ਥੱਲੇ ਧਰ ਲਿਆ ਏ।

ਜੁਗਨੀ ਗਈ ਸਾਧ ਦੇ ਡੇਰੇ
ਉਹ ਅੱਖਾਂ ਮਾਰੇ ਕੁੜੀਆਂ ਛੇੜੇ
ਮਾਰੇ ਖਿੱਚ ਕੇ ਉਹਦੇ ਲਫੇੜੇ
ਲੁੱਚੇ ਦੀਆਂ ਪੈਣ ਦੁਹਾਈਆਂ ਜੀ
ਜੁਗਨੀ ਨੇ ਰੌਣਕਾਂ ਲਾਈਆਂ ਜੀ।

ਦੇਖੇ ਰਾਜਨੀਤੀ ਦੀਆਂ ਖੇਲਾਂ
ਚਲਦੀਆਂ ਬਿਜਲੀ ਦੇ ਨਾਲ ਰੇਲਾਂ
ਭਰੀਆਂ ਵੈਲੀਆਂ ਦੇ ਨਾਲ ਜੇਲ੍ਹਾਂ
ਜੁਗਨੀ ਵੀ ਅੰਦਰੋਂ ਡਰਦੀ ਐ
ਉਤੋਂ ਮੌਜ ਮਸਤੀਆਂ ਕਰਦੀ ਐ।

ਜੁਗਨੀ ਪਿੰਡ 'ਚ ਮਾਰਿਆ ਗੇੜਾ
ਵਿਛਿਆ ਸੱਥਰ ਭਰਿਆ ਵਿਹੜਾ
ਮਰ ਗਿਆ ਕੱਲਾ ਪੁੱਤ ਸੀ ਜਿਹੜਾ
ਜੁਗਨੀ ਵੀ ਯਾਰੋ ਵਿਲਕ ਪਈ
ਬਿਨ ਚਿੱਕੜ ਤੋਂ ਹੀ ਤਿਲਕ ਗਈ।

ਦੱਸੋ ਕਿੱਦਾਂ ਪੱਖੇ ਚੱਲਣ
ਬਿਜਲੀ ਪਾਕਿਸਤਾਨ ਨੂੰ ਘੱਲਣ
ਘੋਟਿਆ ਸਾਗ ਬਿਨ੍ਹਾਂ ਹੀ ਅੱਲਣ
ਜੁਗਨੀ ਵੀ ਮਨ ਦੀਆਂ ਸਹਿੰਦੀ ਐ
ਬੱਸ ਪੀਂਘ ਝੂਟਦੀ ਰਹਿੰਦੀ ਐ।

ਪੰਜ-ਸੱਤ ਝੂਠੇ ਕੇਸ ਬਣਾ ਕੇ
ਡੱਕ'ਤੀ ਥਾਣੇ ਵਿਚ ਲਿਜਾ ਕੇ
ਲੈ ਜਾਓ ਜੁਗਨੀ ਕੋਈ ਛੁਡਾ ਕੇ
ਬਚਣੇ ਦੇ ਕਰਦੀ ਹੀਲੇ ਆ
ਚਿੱਟੇ ਲਾਹ ਕੇ ਪਾ ਲਏ ਨੀਲੇ ਆ।

ਪੜ੍ਹ ਕੇ ਕੰਮ ਕਾਰ ਕੋਈ ਹੈਨੀ
ਗਏ ਸਭ ਪੁੱਠੇ ਰਾਹੇ ਪੈ ਨੀਂ
ਅਰਸ਼ੋਂ ਗਿਆ ਚੁਬਾਰਾ ਢਹਿ ਨੀਂ
ਭੌਰੇ ਦੇਖ ਤਮਾਸ਼ਾ ਤੂੰ ਝੱਲਿਆ
ਜੁਗਨੀ ਨੂੰ ਦੌਰਾ ਪੈ ਚੱਲਿਆ।

#

## ਸਤਿਕਾਰ ਚਾਹੀਦਾ ਏ

ਬਾਬਲ ਮੈਨੂੰ ਵਿਹੜੇ 'ਚੋਂ
ਦੇ ਦੇ ਮੁੱਠ ਮਿੱਟੀ ਦੀ,
ਯਾਦਾਂ ਫਰੋਲਣ ਲਈ
ਕੋਈ ਆਹਰ ਚਾਹੀਦਾ ਏ।
ਵੰਡ ਦੇ ਜਗੀਰਾਂ ਤੂੰ
ਮੇਰੀ ਮਾਂ ਜਾਇਆਂ ਨੂੰ,
ਮੈਨੂੰ ਮੇਰੇ ਹਿੱਸੇ ਦਾ
ਸਤਿਕਾਰ ਚਾਹੀਦਾ ਏ।
ਬਾਬਲ ਮੈਨੂੰ ਵਿਹੜੇ 'ਚੋਂ...

ਲੇਅ ਤਿੜਕੇ ਕੰਧਾਂ ਦੇ
ਬੂਹੇ ਵੀ ਹਿੱਲਦੇ ਨੇ,
ਤੇਰੀ ਹਵੇਲੀ ਵਿਚ
ਨਾ ਪਿੱਪਲ ਝੁੱਲਦੇ ਨੇ।
ਤੇੜਾਂ ਨੂੰ ਭਰ ਆਵਾਂ
ਠੋਕਾਂ ਚੁਗਾਠਾਂ ਨੂੰ,
ਮੈਨੂੰ ਬਸ ਥੋੜ੍ਹਾ ਜਿਹਾ
ਅਧਿਕਾਰ ਚਾਹੀਦਾ ਏ।
ਬਾਬਲ ਮੈਨੂੰ ਵਿਹੜੇ 'ਚੋਂ...

ਕਾਹਦੀ ਖੇਚਲ ਧੀਆਂ ਦੀ
ਬੁੱਕ ਪਾਣੀ ਪੀਵਾਂਗੀ,
ਗਲ ਲੱਗ ਕੇ ਬਚਪਨ ਦੇ
ਰੱਜ ਰੱਜ ਕੇ ਜੀਵਾਂਗੀ।
ਬੱਸ ਸਿਰ 'ਤੇ ਹੱਥ ਧਰ ਕੇ
ਦੇ ਦੇ ਦਿਲਾਸਾ ਤੂੰ,
ਮੈਨੂੰ ਤੇਰੀ ਛੋਹ ਵਰਗਾ
ਸੰਸਾਰ ਚਾਹੀਦਾ ਏ।
ਬਾਬਲ ਮੈਨੂੰ ਵਿਹੜੇ 'ਚੋਂ...

ਕਿਹੋ ਜਿਹਾ ਮੌਸਮ ਹੈ
ਕਿੱਦਾਂ ਦੀ ਹਵਾ ਚੱਲੀ,
ਧਰਤੀ ਹੋ ਗਈ ਅੰਬਰ ਦੀ
ਅੰਬਰ ਧਰਤੀ ਆ ਮੱਲੀ।
ਮੈਂ ਵਿਚ ਦੁਮੇਲ ਖੜ੍ਹੀ
ਆਪਣੀ ਥਾਂ ਲੱਭਦੀ ਹਾਂ,
ਮੈਨੂੰ ਮੇਰੇ ਕੱਦ ਜਿੱਡਾ
ਘਰ-ਬਾਰ ਚਾਹੀਦਾ ਏ।
ਬਾਬਲ ਮੈਨੂੰ ਵਿਹੜੇ 'ਚੋਂ...

ਕਦੀ ਸਭ ਕੁਝ ਸਾਂਝਾ ਸੀ
ਮਿਲ-ਜੁਲ ਦੁੱਖ ਜਰਦੇ ਸੀ,
ਪਾਣੀ ਮੰਗਿਆਂ ਦਿੰਦੇ ਨਹੀਂ
ਜੋ ਪਾਣੀ ਭਰਦੇ ਸੀ।
ਨਫ਼ਰਤ ਵਿਚ ਸੜ ਗਿਆ
ਹਰ ਰਿਸ਼ਤਾ ਠਰ ਗਿਆ,
ਖੇਸੀ ਦੇ ਨਿੱਘ ਵਰਗਾ
ਮੈਨੂੰ ਪਰਿਵਾਰ ਚਾਹੀਦਾ ਏ।
ਬਾਬਲ ਮੈਨੂੰ ਵਿਹੜੇ ਚੋਂ...

*-ਦਵਿੰਦਰ ਕੌਰ ਗੁਰਾਇਆ*
*ਫੋਨ: 571-315-9543*

## ਦੁਨੀਆਂ

ਇਸ ਰੰਗ ਬਦਲਦੀ ਦੁਨੀਆਂ ਵਿਚ
ਕਈ ਆਪਣੇ ਸੱਜਣ ਖੋ ਜਾਂਦੇ।
ਲੱਖ ਮਰਦੇ ਰਹੋ ਤੁਸੀਂ ਕਿਸੇ ਲਈ
ਦਿਲ ਸਾੜ ਕੇ ਲਾ ਕੇ ਲੋ ਜਾਂਦੇ।
ਭਾਵੇਂ ਲੱਖ ਸਫਾਈਆਂ ਪੇਸ਼ ਕਰੋ
ਉਹ, ਪਿੱਠ ਦਿਖਾ ਕੇ ਅਹੁ ਜਾਂਦੇ।
ਮਤਲਬ ਦੇ ਸਾਥੀ ਬਹੁਤੇ ਨੇ
ਬਿਨ ਮਤਲਬ ਅੱਖਾਂ ਭਉਂ ਜਾਂਦੇ।
ਇਥੇ ਦੁੱਖ ਕਿਸੇ ਨੇ ਕੀ ਸੁਣਨਾ
ਅੱਗੋਂ ਆਪਣਾ ਰੋਣਾ ਰੋ ਜਾਂਦੇ।
'ਦਿਲਾਵਰ' ਦੁਨੀਆਂ ਜਿੱਤ ਹੋਣੀ ਨਹੀਂ
ਤਾਂ ਮਨ ਨੂੰ ਜਿੱਤ ਕੇ ਸੌਂ ਜਾਂਦੇ।

*-ਦਿਲਾਵਰ ਸਿੰਘ ਜੌਹਲ*
*ਫੋਨ: 516-567-8943*

## ਕੁਕਨੂਸ

ਜਿਹੜੇ ਦੇਸ਼ ਵਿਚ ਕੁਖਾ ਦੇ ਹੋਣ ਸੌਦੇ,
ਓਸ ਦੇਸ਼ ਤੋਂ ਵਾਰੀਏ ਜਾਨ ਕਿੱਦਾ?
ਜਿਹੜਾ ਪੱਥਰਾਂ ਵਿਚ ਤਬਦੀਲ ਹੋਇਆ,
ਉਹਨੂੰ ਮੰਨੀਏ ਅਸੀਂ ਭਗਵਾਨ ਕਿੱਦਾ?
ਆਇਆ ਲੁੱਟਣ ਦੇ ਲਈ ਸਮੇਤ ਲਸ਼ਕਰ,
ਬਣਿਆ ਦੇਸ਼ ਦਾ ਦੱਸੋ ਮਹਿਮਾਨ ਕਿੱਦਾ?
ਜਿਹਦੇ ਹੋਣ ਤਲਵਾਰ ਤੋਂ ਫੱਟ ਗਹਿਰੇ,
ਭੁੱਲ ਜਾਵੇਗੀ ਬਦ ਜ਼ੁਬਾਨ ਕਿੱਦਾ?
ਜਿਥੇ ਰਾਜ ਹੈ ਗੰਗਾ ਦੇ ਪਾਂਡਿਆਂ ਦਾ,
ਰੋਟੀ ਖਾਂਦੇ ਨੇ ਉਥੇ ਜਜਮਾਨ ਕਿੱਦਾ?
ਮਰ ਗਈ ਫਸਲ ਤੇ ਉਚੀ ਕਬੀਲਦਾਰੀ,
ਫਾਹੇ ਲੱਗੂ ਨਾ ਭੁਖਾ ਕਿਸਾਨ ਕਿੱਦਾ?
ਜਿਨ੍ਹਾਂ ਘਰਾਂ 'ਚ ਨਸ਼ੇ ਨੇ ਲਾਏ ਡੇਰੇ,
ਪੁਤਰ ਹੋਣਗੇ ਉਥੇ ਜਵਾਨ ਕਿੱਦਾ?
ਇਥੇ ਕਿਰਪਾ ਜੇ ਕੌਤਕੀ ਬਾਬਿਆਂ ਦੀ,
ਅੱਗੇ ਦੇਸ਼ ਤੋਂ ਚੀਨ, ਜਪਾਨ ਕਿੱਦਾ?
ਕਾਲੇ ਹਿਰਨ ਲਈ ਕਾਲਾ ਕਾਨੂੰਨ ਹਾਜਰ,
ਕਾਤਲ ਬਣੇਗਾ ਖਾਨ ਸਲਮਾਨ ਕਿੱਦਾ?
ਸੜ ਕੇ ਆਪਣੀ ਰਾਖ 'ਚੋਂ ਹੋਏ ਪੈਦਾ,
'ਕੁਕਨੂਸ' ਦਾ ਮਿਟੂ ਨਿਸ਼ਾਨ ਕਿੱਦਾ?

*-ਹਰਜਿੰਦਰ ਸਿੰਘ ਗੁਲਪੁਰ*


## ਵਿਅੰਗ

ਡਿਪਟੀ ਭੋਲਿਆ ਵੇਚ ਕੇ ਨਸ਼ੇ ਡਾਢੇ
ਖੱਟੀ ਭੰਡੀ ਦੀ ਖੱਟੀ ਸੰਸਾਰ ਅੰਦਰ।
ਵਿਕਰੀ ਨਸ਼ਿਆਂ ਦੀ ਕਰੀ ਕਰਾਈ ਡਾਢੀ,
ਘਾਟਾ ਖਾਧਾ ਈ ਹੁਣ ਵਪਾਰ ਅੰਦਰ।
ਖਾਕੀ ਵਰਦੀ ਚਾੜ੍ਹ ਕੇ ਖੱਲ ਉਤੇ
ਦਬਕਾ ਰੱਖਿਆ ਵਾਹਵਾ ਬਾਜ਼ਾਰ ਅੰਦਰ।
ਵਿਕੀ ਆਤਮਾ ਵੇਖ ਕੇ ਜੀਜੇ ਦੀ 'ਗਿੱਲ'
ਜਰਨੈਲ ਮਾਝੇ ਦਾ ਸਾਲਾ ਸਰਕਾਰ ਅੰਦਰ।

*-ਜੁਗਰਾਜ ਗਿੱਲ, ਸ਼ਾਰਲਟ*

# ਭਾਰਤੀ ਹਾਕਮਾਂ ਨੂੰ ਇਤਿਹਾਸ ਤੋਂ ਸਬਕ ਸਿੱਖਣ ਦੀ ਲੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ, ਜਿਹੜੇ ਇਤਿਹਾਸ ਨੂੰ ਸਿਰਫ ਰਾਜਿਆਂ ਦੇ ਨਾਂਵਾਂ ਅਤੇ ਉਨ੍ਹਾਂ ਵਲੋਂ ਕੀਤੇ ਰਾਜ ਦੇ ਕੈਲੰਡਰ ਵਾਲੇ ਸਾਲਾਂ ਦੀ ਗਿਣਤੀ ਤੱਕ ਸੀਮਤ ਸਮਝਦੇ ਹਨ। ਹੁਣ ਵਾਲੇ ਕੈਲੰਡਰ ਜਦੋਂ ਹਾਲੇ ਚਾਲੂ ਨਹੀਂ ਸਨ ਹੋਏ, ਇਤਿਹਾਸ ਵਿਚ ਉਦੋਂ ਵੀ ਲੋਕ ਵੱਸਦੇ ਸਨ ਤੇ ਰਾਜੇ ਰਾਜ ਕਰਦੇ ਸਨ। ਉਦੋਂ ਕੌਣ ਰਾਜਾ ਕਿੰਨਾ ਸਮਾਂ ਰਾਜ ਕਰਦਾ ਰਿਹਾ, ਇਸ ਨੂੰ ਮਿਣਨ-ਮਾਪਣ ਲਈ ਹੁਣ ਵਾਲੇ ਵੱਡੇ ਇਤਿਹਾਸਕਾਰ ਉਸ ਰਾਜ ਦਾ ਸਮਾਂ ਲਿਖਣ ਵੇਲੇ ਉਸ ਦੇ ਨਾਲ ਅੰਗਰੇਜ਼ੀ ਵਿਚ 'ਬੀ ਸੀ' ਅਤੇ ਹਿੰਦੀ ਤੇ ਪੰਜਾਬੀ ਵਿਚ 'ਈਸਾ ਪੂਰਬ' ਲਿਖ ਛੱਡਦੇ ਹਨ। ਈਸਾ ਦੇ ਪੈਦਾ ਹੋਣ ਤੋਂ ਪਹਿਲਾਂ ਵਾਲਿਆਂ ਨੂੰ ਇਸ ਦਾ ਨਹੀਂ ਸੀ ਪਤਾ ਕਿ ਈਸਾ ਨੇ ਆਉਣਾ ਹੈ, ਇਸ ਲਈ ਆਪਣੇ ਸਮੇਂ ਦਾ ਹਿਸਾਬ 'ਜਲੂਸੀ ਸਾਲ' ਨਾਲ ਰੱਖਦੇ ਸਨ ਤੇ ਜਲੂਸੀ ਸਾਲ ਹਰ ਰਾਜੇ ਵਲੋਂ ਆਪਣੇ ਤਾਜ ਦੀ ਵਰ੍ਹੇਗੰਢ ਮੌਕੇ ਕੱਢੇ ਜਾਣ ਵਾਲੇ ਜਲੂਸ ਤੋਂ ਮੰਨਿਆ ਜਾਂਦਾ ਸੀ। ਫਿਰ ਅਸੀਂ ਉਸੇ ਰਾਜ ਦਾ ਸਮਾਂ 'ਈਸਾ ਪੂਰਬ' ਨਾਲ ਜੋੜ ਲਿਆ ਤੇ ਇਹ ਵਹਿਮ ਕਰਨ ਲਗ ਪਏ ਕਿ ਸਾਨੂੰ ਇਤਿਹਾਸ ਦੀ ਸਮਝ ਲੱਗ ਗਈ ਹੈ। ਇਤਿਹਾਸ ਸਿਰਫ ਰਾਜਿਆਂ ਨਾਲ ਬੱਝਾ ਨਹੀਂ ਹੁੰਦਾ, ਇਸ ਨੂੰ ਮਨੁੱਖੀ ਵਿਕਾਸ ਦੇ ਯੁਗਾਂ ਅਤੇ ਪੜਾਵਾਂ ਤੋਂ ਵੀ ਗਿਣਨਾ ਚਾਹੀਦਾ ਹੈ।

ਪਿਛਲੇ ਦਿਨੀਂ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਆਪਣੇ ਵਿਦੇਸ਼ ਦੌਰੇ ਦੌਰਾਨ ਉਥੇ ਆਈਆਂ ਭੀੜਾਂ ਅੱਗੇ ਕਈ ਪੱਖਾਂ ਤੋਂ ਸਿਰਫ ਝੂਠ ਦਾ ਗੁਤਾਵਾ ਕਰਨ ਲੱਗਾ ਹੋਇਆ ਸੀ, ਉਦੋਂ ਵੀ ਇਤਿਹਾਸ ਆਪਣੀ ਯਾਦ ਤਾਜ਼ਾ ਕਰਵਾ ਰਿਹਾ ਸੀ ਅਤੇ ਇਸ ਦੀ ਝਲਕ ਦਿੱਲੀ ਤੋਂ ਮਸਾਂ ਪੌਣੇ ਦੋ ਸੌ ਕਿਲੋਮੀਟਰ ਦੂਰ ਤੋਂ ਮਿਲ ਗਈ ਸੀ। ਵਿਦੇਸ਼ ਵਿਚ ਝੂਠ ਦੇ ਗੁਤਾਵੇ ਦੀ ਗੱਲ ਅਸੀਂ ਇਸ ਕਰ ਕੇ ਕਹੀ ਹੈ ਕਿ ਤੱਥਾਂ ਨੂੰ ਤੋੜ-ਮਰੋੜ ਕੇ ਆਪਣੇ ਮੂੰਹੋਂ ਆਪ ਮੀਆਂ-ਮਿੱਠੂ ਬਣਨ ਦੇ ਸੁਭਾਅ ਮੁਤਾਬਕ ਇਸ ਵਾਰ ਨਰਿੰਦਰ ਮੋਦੀ ਇਹ ਕਹਿੰਦਾ ਰਿਹਾ ਕਿ ਬਤਾਲੀ ਸਾਲਾਂ ਬਾਅਦ ਕੋਈ ਭਾਰਤੀ ਪ੍ਰਧਾਨ ਮੰਤਰੀ ਕੈਨੇਡਾ ਆਇਆ ਹੈ। ਇਹ ਵੀ ਕੋਰਾ ਝੂਠ ਹੈ। ਪੰਜ ਸਾਲ ਪਹਿਲਾਂ ਜੂਨ 2010 ਵਿਚ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੈਨੇਡਾ ਵਿਚ ਹੋਏ ਜੀ-20 ਸਮਾਗਮ ਵਿਚ ਹਿੱਸਾ ਲੈਣ ਪਿੱਛੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਨਾਲ ਸਾਂਝਾ ਬਿਆਨ ਜਾਰੀ ਕੀਤਾ ਸੀ। ਅਸੀਂ ਉਸ ਗੱਪ-ਗੇੜ ਵਿਚ ਫਸਣ ਦੀ ਥਾਂ ਇਹ ਦੱਸਣ ਦੀ ਖੁਸ਼ੀ ਮਹਿਸੂਸ ਕਰਾਂਗੇ ਕਿ ਉਸ ਦੇ ਵਿਦੇਸ਼ ਦੌਰੇ ਦੌਰਾਨ ਦਿੱਲੀ ਤੋਂ ਪੌਣੇ ਦੋ ਸੌ ਕਿਲੋਮੀਟਰ ਦੂਰ ਹਰਿਆਣੇ ਦੇ ਹਿਸਾਰ ਜ਼ਿਲ੍ਹੇ ਵਿਚ ਰੱਖੀਖੇੜੀ ਪਿੰਡ ਦੇ ਸਿਵਿਆਂ ਤੋਂ ਇਤਿਹਾਸ ਨੇ ਫਿਰ ਸਿਰ ਚੁੱਕਿਆ ਹੈ। ਉਥੇ ਸ਼ਮਸ਼ਾਨ ਘਾਟ ਵਾਲੇ ਖੰਡਰ ਪੁੱਟਣ ਤੋਂ ਪੰਜ ਹਜ਼ਾਰ ਸਾਲ ਪੁਰਾਣੀ ਸਿੰਧ ਘਾਟੀ ਦੀ ਉਸ ਸੱਭਿਅਤਾ ਦੇ ਦਰਸ਼ਨ ਹੋਏ ਹਨ, ਜਿਹੜੀ ਮੋਹੰਜੋਦੜੋ, ਹੜੱਪਾ ਤੋਂ ਸਾਡੇ ਪੰਜਾਬ ਦੇ ਸਰਹੰਦ ਤੇ ਖਮਾਣੋਂ ਵਿਚਾਲੇ ਉਚਾ ਪਿੰਡ ਸੰਘੋਲ ਤੱਕ ਫੈਲੀ ਸਾਬਤ ਹੁੰਦੀ ਹੈ। ਸਾਨੂੰ ਇਹ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਮਹਾਨ ਸੱਭਿਅਤਾ ਦੇ ਵਾਰਸ ਲੋਕ ਹਾਂ, ਜਿਸ ਦੇ ਨਾਗਰਿਕ ਉਦੋਂ ਪੱਕੇ ਘਰਾਂ ਵਿਚ ਰਹਿਣ ਦੇ ਯੋਗ ਹੋ ਚੁੱਕੇ ਸਨ, ਜਦੋਂ ਅੱਜ ਦੇ ਵਿਕਸਤ ਦੇਸ਼ਾਂ ਵਾਲਿਆਂ ਦੇ ਵੱਡਿਆਂ ਨੂੰ ਅਜੇ ਕੱਪੜੇ ਪਾਉਣੇ ਨਹੀਂ ਸੀ ਆਏ ਅਤੇ ਜੰਗਲਾਂ ਵਿਚ ਨੰਗੇ ਫਿਰਦੇ ਸਨ। ਸਾਡੀ ਸਿੰਧ ਘਾਟੀ ਵਾਲੀ ਮਹਾਨ ਸੱਭਿਅਤਾ ਦੇ ਸਬੂਤ ਲੱਭਣ ਦਾ ਤਾਜ਼ਾ ਯਤਨ ਸਿਰੇ ਚਾੜ੍ਹਨ ਲਈ ਲੱਗੀ ਹੋਈ ਟੀਮ ਵਿਚ ਸਿਰਫ ਭਾਰਤੀ ਹੀ ਨਹੀਂ, ਦੱਖਣੀ ਕੋਰੀਆ ਤੋਂ ਆਏ ਹੋਏ ਮਾਹਰ ਵੀ ਹਨ।

ਜਦੋਂ ਅਸੀਂ ਕਹਿੰਦੇ ਹਾਂ ਕਿ 'ਸਾਨੂੰ ਇਹ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਮਹਾਨ ਸੱਭਿਅਤਾ ਦੇ ਵਾਰਸ ਲੋਕ ਹਾਂ', ਤਾਂ ਸਿਰ ਵਿਚ



*ਮਹਾਰਾਜਾ ਅਸ਼ੋਕ ਮਹਾਨ*

ਠੰਢਾ ਪਾਣੀ ਪਾ ਕੇ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਸ ਮਹਾਨ ਸੱਭਿਅਤਾ ਵਾਲਾ ਭਾਰਤ ਦੇਸ਼ ਬਾਕੀਆਂ ਤੋਂ ਅੱਗੇ ਜਾਂਦਾ ਪਿਛੇ ਕਿਉਂ ਰਹਿ ਗਿਆ ਸੀ? ਜਦੋਂ ਅਸੀਂ ਇਸ ਪੱਖ ਵੱਲ ਧਿਆਨ ਮਾਰਨ ਦਾ ਯਤਨ ਕਰਾਂਗੇ ਤਾਂ ਪਤਾ ਲੱਗੇਗਾ ਕਿ ਜੋ ਕੁਝ ਭਾਰਤ ਵਿਚ ਹੁਣ ਹੁੰਦਾ ਪਿਆ ਹੈ, ਉਦੋਂ ਵੀ ਏਸੇ ਨੇ ਬੇੜਾ ਗਰਕ ਕੀਤਾ ਸੀ।

ਸਾਨੂੰ ਇਤਿਹਾਸ ਦਾ ਨਾਇਕ ਪ੍ਰਿਥਵੀ ਰਾਜ ਚੌਹਾਨ ਬੜਾ ਚੰਗਾ ਲੱਗਦਾ ਹੈ ਤੇ ਜੈ ਚੰਦ ਨੂੰ ਵੱਡਾ ਗੱਦਾਰ ਕਹਿ ਕੇ ਅਸੀਂ ਤਸੱਲੀ ਕਰ ਲੈਂਦੇ ਹਾਂ, ਪਰ ਉਹ ਦੋਵੇਂ ਸਕੀ ਮਾਸੀ ਦੇ ਪੁੱਤਰ ਸਨ, ਆਖਰ ਜੈ ਚੰਦ ਨੂੰ ਗੱਦਾਰ ਬਣਨ ਲਈ ਕਿਸ ਨੇ ਮਜਬੂਰ ਕੀਤਾ ਸੀ? ਇਹ ਸਾਰਾ ਮਾਹੌਲ ਉਸ ਪ੍ਰਿਥਵੀ ਰਾਜ ਚੌਹਾਨ ਦੀ ਜ਼ੋਰਾਵਰੀ ਦਾ ਨਤੀਜਾ ਸੀ, ਜਿਸ ਨੂੰ ਅਸੀਂ ਆਪਣਾ ਨਾਇਕ ਮੰਨੀ ਜਾਂਦੇ ਹਾਂ। ਪ੍ਰਿਥਵੀ ਰਾਜ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਹਰ ਵਾਰ ਇਹੋ ਕੁਝ ਹੁੰਦਾ ਰਿਹਾ ਹੈ। ਲਾਹੌਰ ਦਾ ਸਰਬ-ਸਾਂਝਾ ਕਿਹਾ ਜਾਂਦਾ ਰਾਜ ਰਣਜੀਤ ਸਿੰਘ ਦੇ ਕੋੜਮੇ ਤੋਂ ਅੰਗਰੇਜ਼ ਇਸ ਲਈ ਖੋਹ ਸਕੇ ਸਨ ਕਿ ਪੰਜਾਬ ਦੇ ਬਾਕੀ ਸਿੱਖ ਰਾਜੇ ਉਨ੍ਹਾਂ ਦੇ ਨਾਲ ਨਹੀਂ ਸਨ ਖੜੋਤੇ, ਪਰ ਨਾਲ ਕਿਉਂ ਨਹੀਂ ਸਨ, ਇਸ ਬਾਰੇ ਕੋਈ ਗੱਲ ਨਹੀਂ ਕਰਦਾ। ਜਿਹੜਾ ਸਿੱਖ ਰਾਜਾ ਅੰਗਰੇਜ਼ਾਂ ਦੀ ਸ਼ਰਣ ਵਿਚ ਸਭ ਤੋਂ ਪਹਿਲਾਂ ਗਿਆ, ਉਹ ਜੀਂਦ ਵਾਲਾ ਭਾਗ ਸਿੰਘ ਸੀ ਤੇ ਉਹ ਓਪਰਾ ਨਹੀਂ, ਰਣਜੀਤ ਸਿੰਘ ਦਾ ਸਕਾ ਮਾਮਾ ਸੀ। ਜਦੋਂ ਮਾਮੇ ਨੇ ਵੇਖਿਆ ਕਿ ਰਣਜੀਤ ਸਿੰਘ ਨੇ ਆਪਣੀ ਸੱਸ ਦਾ ਲਿਹਾਜ ਨਹੀਂ ਕੀਤਾ ਅਤੇ ਉਸ ਦੀ ਰਿਆਸਤ ਖੋਹਣ ਲਈ ਵਿਚਾਰੀ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਹੈ, ਮਾਮੇ ਨੂੰ ਇਹ ਗੱਲ ਸੁੱਝ ਗਈ ਕਿ ਆਪਣੀ ਤਾਕਤ ਵਧਾ ਰਿਹਾ ਭਾਣਜਾ ਖੈਰ ਰੱਖਣ ਵਾਲਾ ਨਹੀਂ। ਇਸ ਤੋਂ ਡਰ ਕੇ ਉਹ ਅੰਗਰੇਜ਼ ਦੀ ਸ਼ਰਣ ਗਿਆ ਸੀ। ਇਸ ਤੋਂ ਪਹਿਲਾਂ ਲਾਹੌਰ ਦਰਬਾਰ ਦੀ ਫੌਜ ਫਰੀਦਕੋਟ ਉਤੇ ਚੜ੍ਹਾਈ ਕਰ ਕੇ ਕਾਬਜ਼ ਹੋ ਚੁੱਕੀ ਸੀ, ਜਿਸ ਨੂੰ ਛੁਡਾਉਣ ਲਈ ਉਥੋਂ ਦੇ ਰਾਜੇ ਨੇ ਅੰਗਰੇਜ਼ ਦੀ ਮਦਦ ਲਈ ਤੇ ਉਸ ਦੇ ਪਿੱਛੋਂ ਉਸ ਨੇ ਅੰਗਰੇਜ਼ਾਂ ਨੂੰ ਆਪਣੇ ਸਰਪ੍ਰਸਤ ਮੰਨ ਕੇ ਉਨ੍ਹਾਂ ਦਾ ਸਾਥ ਦਿੱਤਾ ਸੀ। ਜੇ ਕਦੇ ਰਣਜੀਤ ਸਿੰਘ ਨੇ ਫਰੀਦਕੋਟ ਦੀ ਰਿਆਸਤ ਉਤੇ ਹਮਲੇ ਤੇ ਆਪਣੀ ਸੱਸ ਦੀ ਰਿਆਸਤ ਖੋਹਣ ਦਾ ਯਤਨ ਨਾ ਕੀਤਾ ਹੁੰਦਾ ਤਾਂ ਅੰਗਰੇਜ਼ਾਂ ਦਾ ਪੱਕਾ ਡੇਰਾ ਪੰਜਾਬ ਵਿਚ ਲੱਗਣ ਵਾਲੇ ਅਗਲੇ ਹਾਲਾਤ ਵੀ ਏਨੇ ਸੌਖੇ ਇਸ ਰਾਜ ਵਿਚ ਨਹੀਂ ਸਨ ਬਣ ਸਕਣੇ।

ਸਾਨੂੰ ਸਕੂਲੀ ਪੜ੍ਹਾਈ ਦੇ ਸਮੇਂ ਤੋਂ ਸਮਰਾਟ ਅਸ਼ੋਕ ਦੀ ਮਹਾਨਤਾ ਪੜ੍ਹਾਈ ਗਈ ਹੈ, ਜਿਸ ਵਿਚ ਕਾਲਿੰਗਾ ਦੀ ਲੜਾਈ ਦਾ ਜ਼ਿਕਰ ਖਾਸ ਮਾਅਨੇ ਰੱਖਦਾ ਹੈ। ਉਨ੍ਹਾਂ ਮਾਅਨਿਆਂ ਨੂੰ ਸਿਰਫ ਏਥੋਂ ਤੱਕ ਸੀਮਤ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਅਸ਼ੋਕ ਏਨਾ ਮਹਾਨ ਸੀ ਕਿ ਇੱਕੋ ਜੰਗ ਲੜਨ ਪਿੱਛੋਂ ਉਥੇ ਵਗਿਆ ਖੂਨ ਵੇਖ ਕੇ ਉਸ ਦਾ ਮਨ ਉਦਾਸ ਹੋ ਗਿਆ ਤੇ ਫਿਰ ਉਹ ਸ਼ਾਂਤੀ ਦਾ ਦੂਤ ਬਣ ਕੇ ਹੋਰਨਾਂ ਨੂੰ ਉਪਦੇਸ਼ ਦੇਂਦਾ ਰਿਹਾ ਸੀ। ਏਨੀ ਗੱਲ ਕਹਿਣ ਨਾਲ ਇਤਿਹਾਸ ਦੇ ਵਰਕੇ ਨਹੀਂ ਪਲਟੇ ਜਾ ਸਕਦੇ। ਇਸ ਪ੍ਰਚਾਰ ਹੇਠ ਅਸ਼ੋਕ ਵੱਲੋਂ ਲੜੀ ਗਈ ਉਸ ਜੰਗ ਦਾ ਕਾਰਨ ਅਣਗੌਲਿਆ ਕੀਤਾ ਜਾ ਰਿਹਾ ਹੈ। ਅਸ਼ੋਕ ਦੇ ਕੋਲ ਬੜੇ ਲੰਮੇ-ਚੌੜੇ ਦੇਸ਼ ਦਾ ਰਾਜ ਸੀ। ਭਾਰਤ ਦੇ ਦੱਖਣੀ ਪਾਸੇ ਇੱਕ ਥਾਂ, ਜਿੱਧਰ ਅੱਜ ਵਾਲਾ ਉੜੀਸਾ ਹੈ, ਇੱਕ ਰਿਆਸਤ ਕਾਲਿੰਗਾ ਹੁੰਦੀ ਸੀ, ਜਿਹੜੀ ਅਸ਼ੋਕ ਦੇ ਏਡੇ ਵੱਡੇ ਰਾਜ ਅੱਗੇ ਹੱਥ ਦੀ ਸਭ ਤੋਂ ਛੋਟੀ ਉਂਗਲ ਚੀਚੀ ਵੀ ਨਹੀਂ, ਚੀਚੀ ਦਾ ਪੋਟਾ ਜਾਪਦੀ ਸੀ। ਮਹਾਨ ਅਸ਼ੋਕ ਤੋਂ ਉਹ ਆਜ਼ਾਦ ਰਿਆਸਤ ਸਹਾਰੀ ਨਹੀਂ ਸੀ ਗਈ ਤੇ ਕਬਜ਼ਾ ਕਰਨ ਤੁਰ ਪਿਆ ਸੀ। ਅੱਗੋਂ ਉਸ ਛੋਟੀ ਜਿਹੀ ਰਿਆਸਤ ਦੇ ਲੋਕਾਂ ਦੀ ਅਣਖ ਜਾਗ ਪਈ ਤੇ ਉਹ ਜਾਨ ਹੂਲਵੀਂ ਜੰਗ ਲੜੇ ਸਨ। ਹਜ਼ਾਰਾਂ ਲੋਕਾਂ ਨੂੰ ਆਪਣਾ ਰਾਜ ਹੋਰ ਵੱਡਾ ਕਰ ਲੈਣ ਦੇ ਲਾਲਚ ਦੀ ਭੇਟ ਚਾੜ੍ਹ ਕੇ ਅਸ਼ੋਕ ਨੂੰ ਸ਼ਾਂਤੀ ਦਾ ਚੇਤਾ ਆ ਗਿਆ। ਇਤਿਹਾਸ ਵਿਚ ਅਸ਼ੋਕ ਨਾਇਕ ਬਣ ਗਿਆ ਤੇ ਉਹ ਲੋਕ ਅਣਗੌਲੇ ਕਰ ਕੇ ਇਹ ਗੱਲ ਲੁਕਾ ਲਈ ਗਈ ਕਿ ਲੜ ਮਰਨ ਲਈ ਉਨ੍ਹਾਂ ਨੂੰ 'ਮਹਾਨ ਅਸ਼ੋਕ' ਨੇ ਹੀ ਮਜਬੂਰ ਕੀਤਾ ਸੀ।

ਆਓ! ਰਤਾ ਸਾਡੇ ਸਮੇਂ ਦੀ ਕਹਾਣੀ ਫੋਲ ਕੇ ਵੇਖੀਏ। ਭਾਰਤ ਨੂੰ ਰਵਾਇਤ ਮੁਤਾਬਕ ਹਿੰਦੁਸਤਾਨ ਇਸ ਲਈ ਕਿਹਾ ਜਾਂਦਾ ਹੈ ਕਿ ਮੱਧ ਏਸ਼ੀਆ ਵੱਲੋਂ ਆਉਂਦੇ ਲੋਕਾਂ ਨੂੰ 'ਸਿੰਧ' ਨਹੀਂ ਸੀ ਕਹਿਣਾ ਆਉਂਦਾ ਅਤੇ 'ਹਿੰਦ' ਕਹਿੰਦੇ ਹੁੰਦੇ ਸਨ। ਬਾਅਦ ਵਿਚ ਜਦੋਂ ਉਨ੍ਹਾਂ ਤੋਂ ਵੀ ਪਰੇ ਯੂਰਪ ਵਾਲੇ ਆਏ, ਉਹ ਹਿੰਦ ਤੇ ਸਿੰਧ ਦੋਵੇਂ ਸ਼ਬਦ ਕਹਿਣ ਦੀ ਥਾਂ ਏਥੋਂ ਦੇ ਮਹਾਨ ਦਰਿਆ ਸਿੰਧ ਨੂੰ 'ਇੰਡਸ' ਆਖਣ ਕਰ ਕੇ ਭਾਰਤ ਨੂੰ ਵੀ 'ਇੰਡੀਆ' ਕਹਿੰਦੇ ਸਨ। ਛੇਵੀਂ ਸਦੀ ਤੱਕ ਹਿੰਦੂ ਸ਼ਬਦ ਵੀ ਭਾਰਤ ਵਿਚ ਕਿਸੇ ਨੇ ਨਹੀਂ ਸੀ ਸੁਣਿਆ। ਹੁਣ ਇਸ ਭਾਰਤ ਨੂੰ ਬਦੋ-ਬਦੀ ਹਿੰਦੁਸਤਾਨ ਨਾਲ ਜੋੜ ਕੇ 'ਹਿੰਦੂ-ਸਤਾਨ' ਬਣਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਭਾਜਪਾ ਅਤੇ ਇਸ ਦੇ ਪਿੱਛੇ ਖੜੇ ਆਰ ਐਸ ਐਸ ਵਾਲੇ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਜੇ ਦੇਸ਼ ਦਾ ਨਾਂ 'ਹਿੰਦੁਸਤਾਨ' ਹੈ ਤਾਂ ਏਥੇ ਵੱਸਣ ਵਾਲਾ ਹਰ ਨਾਗਰਿਕ ਵੀ 'ਹਿੰਦੂ' ਮੰਨਿਆ ਜਾਣਾ ਚਾਹੀਦਾ ਹੈ। 'ਹਿੰਦੁਸਤਾਨ' ਇਸ ਦੇਸ਼ ਦਾ ਨਾਂ ਸਿਰਫ ਰਵਾਇਤੀ ਹੈ, ਭਾਰਤ ਦੇ ਸੰਵਿਧਾਨ ਵਿਚ ਇਸ ਦੀ ਕੋਈ ਮਾਨਤਾ ਨਹੀਂ। ਸੰਵਿਧਾਨ ਦੇ ਮੁੱਢ ਵਿਚ ਅੰਗਰੇਜ਼ੀ ਵਿਚ ਦਰਜ ਹੈ ਕਿ 'ਇੰਡੀਆ, ਦੈਟ ਇਜ਼ ਭਾਰਤ', ਫਿਰ ਅੱਗੇ ਹਿੰਦੀ ਵਿਚ ਲਿਖਿਆ ਹੈ ਕਿ 'ਭਾਰਤ, ਅਰਥਾਤ ਇੰਡੀਆ, ਰਾਜਯੋਂ ਕਾ ਸੰਘ ਹੋਗਾ'। ਸਾਡੇ ਦੇਸ਼ ਦਾ ਸੰਵਿਧਾਨ ਬਣਾਉਣ ਵਾਲੇ ਲੋਕ ਇਸ ਪੱਖੋਂ ਬੜੇ ਸਿਆਣੇ ਨਿਕਲੇ ਕਿ ਉਨ੍ਹਾਂ ਨੇ ਅੱਧੀ-ਪੌਣੀ ਸਦੀ ਲੰਘਾ ਕੇ ਵੀ ਜਿਹੜੀ 'ਹਿੰਦੁਸਤਾਨ' ਦੀ ਧਾਰਨਾ ਤੋਂ ਪੁਆੜਾ ਪੈਣਾ ਸੀ, ਉਹ ਇਸ ਵਿਚ ਨਹੀਂ ਸੀ ਲਿਖੀ।

ਸੰਵਿਧਾਨ ਬਣਾਉਣ ਵਾਲੇ ਲੋਕ ਸਿਆਣੇ ਸਨ, ਪਰ ਜਿਨ੍ਹਾਂ ਕੋਲ ਇਸ ਵੇਲੇ ਭਾਰਤ ਦੀ ਕਮਾਨ ਹੈ, ਉਹ ਮੁੜ ਕੇ ਉਹੋ ਕੁਝ ਕਰ ਰਹੇ ਹਨ, ਜਿਸ ਨੇ ਸੰਸਾਰ ਦੀ ਇਸ ਮਹਾਨ ਸੱਭਿਅਤਾ ਦੇ ਵਾਰਸ ਭਾਰਤ ਦੇਸ਼ ਨੂੰ ਬਾਕੀ ਦੁਨੀਆਂ ਤੋਂ ਅੱਗੇ-ਅੱਗੇ ਜਾ ਰਹੇ ਨੂੰ ਕੱਖੋਂ ਹੌਲਾ ਕਰ ਦਿੱਤਾ ਸੀ। ਕਦੇ ਕਿਸੇ ਧਰਮ ਅਸਥਾਨ ਦੀ ਭੰਨ-ਤੋੜ ਅਤੇ ਕਦੇ ਕਿਸੇ ਧਰਮ ਦੇ ਪੈਰੋਕਾਰਾਂ ਉਤੇ ਗੱਦਾਰੀ ਦੇ ਦੋਸ਼ ਲਾਉਂਦੇ ਭਾਸ਼ਣ ਕਰੀ ਜਾਣ ਦਾ ਸਿੱਟਾ ਇਹੋ ਨਿਕਲੇਗਾ। ਕਿਸੇ ਇੱਕ ਰਾਜ ਵਿਚ ਜਿੱਥੇ ਵਿਰੋਧੀ ਪਾਰਟੀ ਦੀ ਸਰਕਾਰ ਹੈ, ਉਸ ਨੂੰ ਝਟਕਾਉਣ ਤੇ ਆਪਣਾ ਕਬਜ਼ਾ ਜਮਾਉਣ ਲਈ ਪਾਪੜ ਵੇਲਣ ਨਾਲ ਪੁਰਾਣੇ ਸਮੇਂ ਦੀ ਕਾਲਿੰਗਾ ਦੀ ਲੜਾਈ ਵਰਗੀ ਸਿੱਧੀ ਜੰਗ ਦਾ ਮੁੱਢ ਤਾਂ ਨਹੀਂ ਬਣੇਗਾ, ਪਰ ਮਾਨਸਿਕਤਾ ਵਿਚ ਇਹੋ ਜਿਹਾ ਕਿੱਲ ਠੋਕ ਦੇਵੇਗਾ ਕਿ ਉਹ ਲੋਕ ਦਿੱਲੀ ਵੱਲ ਵੇਖਣ ਦੀ ਥਾਂ ਦਿੱਲੀ ਤੋਂ ਦੂਰ ਰਹਿਣ ਦੀ ਸੋਚਣ ਲੱਗਣਗੇ। ਮੁੱਢਲੇ ਦੌਰ ਵਾਲੇ ਜੈ ਚੰਦ ਅਤੇ ਉਨੀਵੀਂ ਸਦੀ ਦੇ ਫਰੀਦਕੋਟੀਏ ਪਹਾੜਾ ਸਿੰਘ ਪੈਦਾ ਹੋਣ ਤੋਂ ਰੋਕਣ ਦੀ ਲੋੜ ਹੈ, ਪਰ ਰਾਜ ਕਰਦੀ ਧਿਰ ਤਾਂ ਰਾਜਾ ਅਸ਼ੋਕ ਤੋਂ ਪਹਿਲਾਂ ਦੇ ਉਸ ਪਿਛੋਕੜ ਨੂੰ ਵੀ ਭੁਲਾਈ ਫਿਰਦੀ ਹੈ, ਜਿਸ ਦੀ ਝਲਕ ਹੁਣ ਦਿੱਲੀ ਤੋਂ ਪੌਣੇ ਦੋ ਸੌ ਕਿਲੋਮੀਟਰ ਦੂਰ ਇੱਕ ਪਿੰਡ ਦੀਆਂ ਮੜ੍ਹੀਆਂ ਦਾ ਸੀਨਾ ਪਾੜ ਕੇ ਦਿਖਾਈ ਦਿੱਤੀ ਹੈ।

ਅਲਾਮਾ ਇਕਬਾਲ ਨੇ ਜਦੋਂ ਤਰਾਨਾ-ਇ-ਹਿੰਦੀ ਲਿਖਿਆ ਤਾਂ ਦੋ ਗੱਲਾਂ ਇਸ ਵਿਚ ਉਚੇਚੀਆਂ ਲਿਖ ਦਿੱਤੀਆਂ ਸਨ, ਜਿਹੜੀਆਂ ਅੱਜ ਵੀ ਵੱਡੇ ਅਰਥ ਰੱਖਦੀਆਂ ਹਨ। ਪਹਿਲੀ ਇਹ ਕਿ "ਯੂਨਾਨ-ਓ-ਮਿਸਰ-ਓ-ਰੂਮਾ, ਸਬ ਮਿਟ ਗਏ ਜਹਾਂ ਸੇ, ਅਬ ਤਕ ਮਗਰ ਹੈ ਬਾਕੀ, ਨਾਮ-ਓ-ਨਿਸ਼ਾਂ ਹਮਾਰਾ" ਇਸ ਤੋਂ ਭਾਵ ਇਹ ਹੈ ਕਿ ਯੂਨਾਨ, ਮਿਸਰ ਤੇ ਰੋਮ ਦੇ ਸਾਮਰਾਜ ਦੁਨੀਆਂ ਤੋਂ ਮਿਟ ਗਏ, ਪਰ ਸਾਡਾ ਨਾਮ ਤੇ ਨਿਸ਼ਾਨ ਅੱਜ ਵੀ ਕਾਇਮ ਹੈ। ਦੂਸਰੀ ਇਹ ਵੀ ਲਿਖ ਦਿੱਤੀ ਕਿ 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ' ਹਸਤੀ ਦੇ ਨਾ ਮਿਟਣ ਪਿੱਛੇ ਜਿਹੜੀ ਰਾਜ਼ ਦੀ 'ਬਾਤ' ਹੈ, ਜੇ ਉਸ ਨੂੰ ਸਮਝ ਲਿਆ ਜਾਵੇ ਤਾਂ ਘੱਟ-ਗਿਣਤੀਆਂ ਵਿਰੁਧ ਨਿੱਤ ਦਿਨ ਦੀ ਚਾਂਦਮਾਰੀ ਤੇ ਰਾਜਨੀਤੀ ਵਿਚ 'ਮੈਂ ਹੀ ਮੈਂ' ਦਾ ਏਜੰਡਾ ਨਹੀਂ ਚੱਲ ਸਕਦਾ। ਇੱਕ ਧਰਮ ਦਾ ਦੂਸਰਿਆਂ ਉਤੇ ਗਲਬਾ ਪਾਉਣ ਦਾ ਯਤਨ, ਇੱਕ ਪਾਰਟੀ ਦੇ ਮੂਹਰੇ ਬਾਕੀਆਂ ਦੀ ਸਫ ਵਲ੍ਹੇਟਣ ਤੇ ਪਾਰਟੀ ਅੰਦਰ ਵੀ ਇੱਕ ਧਿਰ ਦੇ ਨਾਂ ਉਤੇ ਇੱਕ ਧਾੜ ਵਲੋਂ ਬਾਕੀਆਂ ਨੂੰ ਖੂੰਜੇ ਲਾ ਦੇਣ ਦਾ ਅਰਥ ਇਹੋ ਨਿਕਲਦਾ ਹੈ। ਸਿੰਧ ਘਾਟੀ ਦੀ ਸੱਭਿਅਤਾ ਦੇ ਵਾਰਸ ਭਾਰਤ ਨੇ 'ਯੂਨਾਨ, ਮਿਸਰ, ਰੋਮ' ਵਾਂਗ ਇਤਿਹਾਸ ਦੇ ਕੂੜੇਦਾਨ ਵਿਚ ਪੈਣ ਤੋਂ ਬਚਣਾ ਹੈ ਤਾਂ ਇਹ ਚਾਲੇ ਰਾਜਸੀ ਲੀਡਰਾਂ ਨੂੰ ਛੱਡਣੇ ਹੋਣਗੇ।

# ਅਕਾਲੀਆਂ ਤੇ ਅਨਿਲ ਜੋਸ਼ੀ ਵਿਚਾਲੇ ਮਤਭੇਦ ਮੁੜ ਉਭਰੇ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਆਪਸੀ ਮਤਭੇਦ ਮੁੜ ਉਭਰ ਆਏ ਹਨ। ਹਾਕਮ ਧਿਰ ਦੇ ਜ਼ਿਲ੍ਹਾ ਜਥੇ ਦੇ ਆਗੂਆਂ ਨੇ ਭਾਜਪਾ ਦੇ ਕੈਬਨਿਟ ਮੰਤਰੀ ਅਨਿਲ ਜੋਸ਼ੀ 'ਤੇ ਕਈ ਗੰਭੀਰ ਦੋਸ਼ ਲਾਏ ਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਅਕਾਲੀ ਆਗੂਆਂ ਵੱਲੋਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਕੋਲ ਪਹੁੰਚ ਵੀ ਕੀਤੀ ਜਾਵੇਗੀ। ਜੇ ਸੁਣਵਾਈ ਨਾ ਹੋਈ ਤਾਂ 2 ਮਈ ਨੂੰ ਸ੍ਰੀ ਸ਼ਾਹ ਦੀ ਸੰਭਾਵਿਤ ਆਮਦ ਮੌਕੇ ਉਨ੍ਹਾਂ ਦਾ ਘਿਰਾਉ ਕੀਤਾ ਜਾਵੇਗਾ।

ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਉਪਕਾਰ ਸਿੰਘ ਸੰਧੂ ਨੇ ਆਖਿਆ ਕਿ ਉਹ ਅਮਿਤ ਸ਼ਾਹ ਨੂੰ ਪੱਤਰ ਭੇਜ ਕੇ ਸ੍ਰੀ ਜੋਸ਼ੀ ਦੀਆਂ ਵਧੀਕੀਆਂ ਸਬੰਧੀ ਜਾਣੂੰ ਕਰਵਾਉਣਗੇ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਜੋਸ਼ੀ ਵੱਲੋਂ ਆਪਣੇ ਵਿਭਾਗ ਨੂੰ ਆਪਣੀ ਜਗੀਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਵਧੀਕੀਆਂ ਕਾਰਨ ਲੋਕ ਪ੍ਰੇਸ਼ਾਨ ਹਨ। ਉਨ੍ਹਾਂ ਆਪਣੇ ਹਲਕੇ ਵਿਚ 100 ਕਰੋੜ ਤੋਂ ਵੱਧ ਖ਼ਰਚ ਕੀਤਾ ਹੈ ਅਤੇ ਤਰਨ ਤਾਰਨ ਨੇੜੇ ਆਪਣੇ ਜੱਦੀ ਪਿੰਡ ਸੰਘਾ ਵਿਚ 1.21 ਕਰੋੜ ਰੁਪਏ ਖ਼ਰਚੇ ਹਨ ਪਰ ਉਨ੍ਹਾਂ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਦੀ ਮੁਰੰਮਤ ਨਹੀਂ ਕਰਵਾਈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838


# ਪੀ ਸੀ ਐਸ ਸੈਕਰਾਮੈਂਟੋ ਦੇ ਵਿਸਾਖੀ ਮੇਲੇ ਨੇ ਪੰਜਾਬੀ ਸਭਿਆਚਾਰ ਦੇ ਰੰਗ ਬਖੇਰੇ

ਪੀ ਸੀ ਐਸ ਸੈਕਰਾਮੈਂਟੋ ਦੇ ਵਿਸਾਖੀ ਮੇਲੇ ਨੇ ਪੰਜਾਬੀ ਸਭਿਆਚਾਰ ਦੇ ਰੰਗ ਬਖੇਰੇ

ਸੈਕਰਾਮੈਂਟੋ (ਬਿਊਰੋ): ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਬੀਤੇ ਸਨਿਚਰਵਾਰ ਇਥੇ ਐਲਕ ਗਰੂਵ ਦੇ ਐਸ ਈ ਐਸ ਹਾਲ ਵਿਚ ਕਰਵਾਏ ਗਏ 26ਵੇਂ ਵਿਸਾਖੀ ਮੇਲੇ ਵਿਚ ਜਿੱਥੇ ਗਿੱਧੇ ਭੰਗੜੇ, ਗੀਤਾਂ ਅਤੇ ਬੋਲੀਆਂ ਨੇ ਰੰਗ ਬੰਨਿਆ, ਉਥੇ ਹਾਲ ਦੇ ਬਾਹਰ ਵੰਨ-ਸੁਵੰਨੇ ਗਹਿਣਿਆਂ ਅਤੇ ਪੰਜਾਬੀ ਪਹਿਰਾਵਿਆਂ ਦੇ ਸਟਾਲਾਂ ਉਤੇ ਖਾਸ ਕਰ ਬੀਬੀਆਂ ਦੀ ਲੱਗੀ ਭੀੜ ਨੇ ਪੰਜਾਬ ਦੇ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਵੰਨ-ਸਵੰਨੀਆਂ ਪੁਸ਼ਾਕਾਂ ਅਤੇ ਸੂਟਾਂ ਵਿਚ ਸਜੀਆਂ ਕੁੜੀਆਂ-ਚਿੜੀਆਂ ਇਉਂ ਜਾਪ ਰਹੀਆਂ ਸਨ ਜਿਵੇਂ ਮੇਲੇ ਵਿਚ ਪਰੀਆਂ ਉਤਰ ਆਈਆਂ ਹੋਣ।




ਮੇਲੇ ਦਾ ਉਦਘਾਟਨ ਵਤਨੋਂ ਦੂਰ ਆਪਣੇ ਵਿਰਾਸਤੀ ਸਭਿਆਚਾਰ ਨੂੰ ਸੰਭਾਲਣ ਅਤੇ ਅਗਲੇਰੀ ਪੀੜੀ ਨੂੰ ਇਸ ਨਾਲ ਜੋੜੀ ਰੱਖਣ ਦਾ ਤਹੱਈਆ ਕਰਕੇ ਤੁਰੀ ਇਸ ਸੰਸਥਾ ਦੇ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ ਅਤੇ ਸੰਸਥਾ ਦੇ ਮੈਂਬਰਾਂ ਨੇ 27 ਖੂਬਸੂਰਤ ਗੁਬਾਰੇ ਨੀਲੇ ਅੰਬਰਾਂ ਵਿਚ ਚਾਵਾਂ ਨਾਲ ਉਡਾਉਂਦਿਆਂ ਕੀਤਾ। ਸ. ਫਰਵਾਲਾ ਨੇ ਇਸ ਮੌਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਆਏ ਮਹਿਮਾਨਾਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦਾ ਸੁਨੇਹਾ ਵੀ ਦਿਤਾ।









ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਪਿੰਡਾਂ ਦੇ ਪੰਜਾਬੀ ਦ੍ਰਿਸ਼ਾਂ ਨਾਲ ਸਜੀ ਸਟੇਜ ਤੋਂ ਨਾਭੇ ਵਾਲੀਆਂ ਬੀਬੀਆਂ ਦੇ ਪ੍ਰਸਿਧ ਢਾਡੀ ਜਥੇ ਨੇ ਖਾਲਸੇ ਦੀ ਸਿਰਜਣਾ ਦੇ ਇਸ ਖਾਸ ਦਿਨ ਦੀ ਖੁਸ਼ੀ ਸਰੋਤਿਆਂ ਨਾਲ ਸਾਂਝੀ ਕਰਨ ਪਿਛੋਂ ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸੰਗਰਾਮੀ ਯੋਧਿਆਂ ਭਗਤ ਸਿੰਘ ਅਤੇ ਊਧਮ ਸਿੰਘ ਦੀ ਬਹਾਦਰੀ ਦੀਆਂ ਵਾਰਾਂ ਗਾ ਕੇ ਫਿਜ਼ਾ ਵਿਚ ਹਰ ਪਾਸੇ ਵੀਰ-ਰਸੀ ਰੰਗ ਘੋਲ ਦਿਤਾ।

ਇਸ ਉਪਰੰਤ ਪੰਜਾਬੀਆਂ ਦੇ ਦਿਲਾਂ ਵਿਚ ਨੱਚਦੇ ਵਿਸਾਖੀ ਦੇ ਚਾਵਾਂ ਨੂੰ ਤਰਨ ਢਿਲੋਂ ਅਤੇ ਅਮਨਦੀਪ ਸੰਧੂ (ਕੁਈਨਜ਼ ਗਰੁਪ) ਦੀਆਂ ਬੱਚੀਆਂ ਨੇ ਆਪਣੇ ਬਾ-ਕਮਾਲ ਭੰਗੜੇ ਨਾਲ ਟਹਿਕਣ ਲਾ ਦਿਤਾ। ਫੇਰ ਤਾਂ ਬੱਸ ਭੰਗੜੇ ਅਤੇ ਗਿੱਧੇ ਦਾ ਉਹ ਪਿੜ ਬੱਝਾ ਕਿ ਬੱਸ ਪੁੱਛੋਂ ਹੀ ਨਾ। ਗਿੱਧਾ ਅਤੇ ਭੰਗੜਾ ਪਾਉਂਦੇ ਕਲਾਕਾਰਾਂ ਨੇ ਫੱਬਵੀਆਂ ਰੰਗ ਬਰੰਗੀਆਂ ਪੁਸ਼ਾਕਾਂ, ਤੁਰਲੇਦਾਰ ਪੱਗਾਂ, ਕੰਨੀਦਾਰ ਚਾਦਰਿਆਂ, ਖੁਲੇ ਕੁੜਤਿਆਂ ਤੇ ਕਢਾਈਦਾਰ ਜੈਕਟਾਂ ਸਜਾ ਕੇ ਆਪਣੀ ਪੂਰੀ ਚੜ੍ਹਤ ਬਣਾਈ ਹੋਈ ਸੀ। ਸਟੇਜ 'ਤੇ ਨਚਦੇ ਹੋਏ ਨਿਕੇ ਨਿਕੇ ਬੱਚੇ ਕਿਸੇ ਬਗੀਚੇ ਦੇ ਖਿੜੇ ਫੁਲਾਂ 'ਤੇ ਤਿਤਲੀਆਂ ਤੇ ਭੌਰਿਆਂ ਦਾ ਭੁਲੇਖਾ ਪਾ ਰਹੇ ਸਨ।

'ਪੰਜਾਬ ਭੰਗੜਾ ਅਕੈਡਮੀ ਸਟਾਕਟਨ' ਦੀ ਇਸ ਮੇਲੇ ਵਿਚ ਪਹਿਲੀ ਵਾਰ ਆਈ ਨਵੀਂ ਟੀਮ ਨੇ ਸਟੇਜ 'ਤੇ ਸੁਹਣੇ ਰੰਗ ਬੰਨੇ। ਪਰਨੀਤ ਸਿੱਧੂ ਦੀ ਨਿਗਰਾਨੀ ਹੇਠ ਤਿਆਰ ਹੋਇਆ 'ਭੰਗੜਾ', ਹਰਜੀਤ ਸਿੰਘ ਦੇ ਨਿਰਦੇਸ਼ਨ ਹੇਠ 'ਵਿਰਸਾ ਪੰਜਾਬ ਦਾ' ਅਤੇ ਮਨਪ੍ਰੀਤ ਦੀ ਦੇਖ-ਰੇਖ ਹੇਠ 'ਮਿੱਤਰਾਂ ਦੀ ਟੌਹਰ ਵੱਖਰੀ' ਵਖੋ-ਵੱਖਰੀਆਂ ਟੀਮਾਂ ਨੇ ਆਪੋ-ਆਪਣੀ ਕਲਾ ਦੇ ਜੌਹਰ ਵਿਖਾ ਕੇ ਦਰਸ਼ਕਾਂ ਦੀ ਖੂਬ ਵਾਹ ਵਾਹ ਖੱਟੀ। ਗਿੱਧੇ ਦੀਆਂ ਟੀਮਾਂ ਦੇ ਬੱਚੇ ਵੀ ਪੂਰੀ ਤਿਆਰੀ ਨਾਲ ਸੱਜ ਧੱਜ ਕੇ ਆਏ ਸਨ। ਗਹਿਣਿਆਂ ਨਾਲ ਸਜੀਆਂ ਬੱਚੀਆਂ ਨੂੰ ਭਾਵੇਂ ਇਨ੍ਹਾਂ ਗਹਿਣਿਆਂ ਦੇ ਨਾਂਵਾਂ ਦਾ ਪਤਾ ਨਾ ਵੀ ਹੋਏ ਪਰ ਨੱਚਣ ਵਿਚ ਉਨ੍ਹਾਂ ਕੋਈ ਕਸਰ ਨਹੀਂ ਸੀ ਛੱਡੀ।

ਪਰਨੀਤ ਸਿੱਧੂ ਦਾ ਤਿਆਰ ਕਰਵਾਇਆ 'ਮਜਾਜਣਾਂ ਦਾ ਗਿੱਧਾ', ਕਿਰਨਦੀਪ ਸਿੱਧੂ ਦੀ ਟੀਮ ਦਾ 'ਪੰਜਾਬ ਦੀ ਸ਼ਾਨ ਧੀਆਂ' ਅਤੇ ਇਸੇ ਤਰ੍ਹਾਂ ਹੋਰ ਗਿੱਧਾ ਟੀਮਾਂ ਨੇ ਪੂਰੇ ਰੰਗ ਬੰਨੇ। ਬੱਚਿਆਂ ਦੀਆਂ ਕਲਾਕਾਰੀ ਅਦਾਵਾਂ ਦੇਖ ਕੇ ਹਾਲ ਵਾਰ ਵਾਰ ਤਾੜੀਆਂ ਨਾਲ ਗੂੰਜ ਉਠਦਾ। ਦਿਵਾ ਜੀ ਨੇ ਸੋਲੋ ਡਾਂਸ ਕਰਦਿਆਂ ਹਾਲ ਵਿਚ ਬੈਠੇ ਦਰਸ਼ਕਾਂ ਦਾ ਪੂਰਾ ਧਿਆਨ ਆਪਣੇ ਵਲ ਖਿੱਚੀ ਰਖਿਆ।

ਬੀਨਾ ਸਾਗਰ, ਯੋਧਬੀਰ, ਚਰਨਜੀਤ ਚੰਨਾ, ਅਵਤਾਰ ਲਾਖਾ ਅਤੇ ਜਸਵੰਤ ਸ਼ਾਦ ਦੀ ਟੀਮ ਦੀਆਂ ਤਿਆਰ ਕੀਤੀਆਂ ਸਕਿਟਾਂ ਆਪਣੀਆਂ ਵਿਅੰਗਮਈ ਚੋਟਾਂ ਨਾਲ ਹਾਸਿਆਂ ਦੇ ਫੁਹਾਰੇ ਛੁਡਾ ਰਹੀਆਂ ਸਨ। 'ਜਸ ਪੰਜਾਬੀ' ਟੀ.ਵੀ. ਨਾਲ ਜੁੜੇ ਦਵਿੰਦਰ ਹੋਠੀ ਨੇ ਲੰਬੀ ਵਿਅੰਗ ਭਰਪੂਰ ਕਵਿਤਾ ਨਾਲ ਸਰੋਤਿਆਂ ਨੂੰ ਬੰਨੀ ਰਖਿਆ। ਸ਼ਿੰਗਾਰਾ ਰਾਮ ਨੇ ਹੀਰ ਦੇ ਕੁਝ ਬੰਦ ਸੁਣਾ ਕੇ ਖਾਸ ਕਰ ਪੰਜਾਬ ਵਿਚ ਵੱਡੇ ਹੋ ਕੇ ਆਏ ਦਰਸ਼ਕਾਂ ਨੂੰ ਹੀਰ ਦੀ ਯਾਦ ਇਕ ਵਾਰ ਮੁੜ ਤਾਜ਼ਾ ਕਰਵਾ ਦਿੱਤੀ। ਜਾਣੇ-ਪਛਾਣੇ ਪੰਜਾਬੀ ਲੋਕ ਕਲਾਕਾਰਾਂ ਜਗਮੀਤ ਸਿੰਘ ਜੱਗਾ, ਜੀਤਾ ਗਿੱਲ ਅਤੇ ਰਛਪਾਲ ਸਿੰਘ ਫਰਵਾਲਾ ਨੇ ਪੂਰੇ ਤਰੰਨਮ ਨਾਲ ਗੀਤ ਗਾਉਂਦਿਆਂ ਸਮੇਂ ਨੂੰ ਬੰਨ ਕੇ ਰੱਖ ਦਿਤਾ।



ਇਸ ਮੌਕੇ ਪ੍ਰਬੰਧਕ ਕਮੇਟੀ ਨੇ 'ਸਾਡੇ ਲੋਕ' ਦੇ ਮੁੱਖ ਸੰਪਾਦਕ ਸਤਨਾਮ ਸਿੰਘ ਖਾਲਸਾ ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਤੋਂ ਇਲਾਵਾ ਪਿਛਲੇ 20 ਸਾਲਾਂ ਤੋਂ ਪੀ ਸੀ ਐਸ ਸੈਕਾਮੈਂਟੋ ਨਾਲ ਜੁੜੇ ਆ ਰਹੇ ਤੀਰਥ ਸਿੰਘ ਸਹੋਤਾ ਅਤੇ ਬਖਸ਼ੀਸ਼ ਸਿੰਘ ਗਿੱਲ ਦਾ ਸਨਮਾਨ ਕੀਤਾ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਾਖੂਬੀ ਕੀਤਾ।

ਮੇਲੇ ਦੀ ਸਫਲਤਾ ਲਈ ਕਮੇਟੀ ਦੇ ਮੈਂਬਰਾਂ ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜਾਇਬ ਕਾਹਲੋਂ, ਰਛਪਾਲ ਫਰਵਾਲਾ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁਕੀ, ਪਵਿਤਰ ਨਾਹਲ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹਦੀ, ਮਨੋਹਰ ਲਾਲ ਰੱਤੀ, ਜਰਨੈਲ ਮੰਦਰ, ਰਾਜ ਬਰਾੜ, ਬਖਸ਼ੀਸ਼ ਗਿੱਲ, ਦਲਜੀਤ ਸਿੰਘ ਲੋਪੋਂ, ਕਰਮਜੀਤ ਮਿਨਹਾਸ, ਬਲਵੰਤ ਸਿੰਘ ਕੰਦੋਲਾ, ਪ੍ਰੇਮ ਕੁਮਾਰ ਚੁੰਬਰ, ਵਿਜੈ ਪਰਿਹਾਰ ਅਤੇ ਰਾਜ ਬਰਾੜ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ। ਵੀਡੀਓ ਅਤੇ ਫੋਟੋਗਰਾਫੀ ਦੀ ਸੇਵਾ ਕਮੇਟੀ ਮੈਂਬਰ ਭੁਪਿੰਦਰ ਰੀਹਲ ਨੇ ਮੁਫਤ ਨਿਭਾਈ।

ਪ੍ਰੋਗਰਾਮ ਦੇ ਅੰਤ ਵਿਚ ਰਛਪਾਲ ਸਿੰਘ ਫਰਵਾਲਾ ਨੇ ਦੂਰੋਂ-ਨੇੜਿਓਂ ਇਸ ਮੇਲੇ ਦਾ ਅਨੰਦ ਮਾਣਨ ਆਏ ਦਰਸ਼ਕਾਂ, ਕਮੇਟੀ ਮੈਂਬਰਾਂ, ਮਾਇਕ ਸਹਾਇਤਾ ਦੇਣ ਵਾਲੇ ਸਮੂਹ ਹਿਤੈਸ਼ੀਆਂ, ਗਾਇਕਾਂ, ਕਲਾਕਾਰਾਂ, ਮੀਡੀਏ ਅਤੇ ਲਾਈਟ ਐਂਡ ਸਾਊਂਡ ਵਾਲਿਆਂ ਦਾ ਧੰਨਵਾਦ ਕੀਤਾ। ਪੀ ਸੀ ਐਸ ਸੈਕਰਾਮੈਟੋ ਵਲੋਂ 2016 ਦਾ ਵਿਸਾਖੀ ਮੇਲਾ 16 ਅਪ੍ਰੈਲ ਨੂੰ ਮਨਾਇਆ ਜਾਵੇਗਾ।



*ਰਛਪਾਲ ਸਿੰਘ ਫਰਵਾਲਾ*





# ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ: ਤਸਵੀਰਾਂ ਦੀ ਜ਼ੁਬਾਨੀ





























Rehal's
woodwork
specializes in:
* Box beds * Custom cabinets
* Entertainment centers and more

Avtar Rehal : (209) 535 - 4652
Juginder Rehal : (209) 585 - 8982
Gurpreet Rehal : (209) 277 - 1585
WWW.REHALSWOODWORK.COM




433 Industrial Dr. Ste J Livingston, CA 95334


ਗੁਰੂ ਤੇਗ ਬਹਾਦਰ ਸਪੋਰਟਸ ਕਲੱਬ (ਕੈਲੇਫੋਰਨੀਆ) ਵੱਲੋਂ
ਕੈਲੀਫੋਰਨੀਆ ਕਬੱਡੀ ਕੱਪ
JAMES LOGAN HIGH SCHOOL
NIRVANA
1800 H. St. Union City CA 94587
ਮਿਤੀ 26 ਅਪ੍ਰੈਲ 2015
ਦਿਨ ਐਤਵਾਰ ਨੂੰ
ਡਾਇਮੰਡ ਸਪਾਂਸਰ
ਦੀਦਾਰ ਸਿੰਘ ਬੈਂਸ
ਚਰਨਜੀਤ ਸਿੰਘ ਬਾਠ
ਅਵਤਾਰ ਸਿੰਘ ਗਿੱਲ
ਗੁਰਨਾਮ ਸਿੰਘ ਪੰਮਾ
ਸਰਬਜੀਤ ਸਿੰਘ ਛੱਬਾ ਬਿਆੜਾ
ਰਾਜ ਭਨੋਟ
ਨਿਰਭੈ ਸਿੰਘ ਗਰੇਵਾਲ
ਤ੍ਰਿਲੋਚਨ ਸਿੰਘ ਲੱਛਰ
ਮਲਕੀਤ ਸਿੰਘ ਬੋਪਾਰਾਏ (ਬੋਪਾਰਾਏ ਬ੍ਰਦਰਜ਼)
ਅਮੋਲਕ ਸਿੰਘ ਗਾਖਲ
ਇਕਬਾਲ ਸਿੰਘ ਗਾਖਲ
ਦਲਵਿੰਦਰ ਸਿੰਘ ਧੂਤ
ਸਵੇਰੇ 9 ਵਜੇ ਤੋਂ ਰਾਤ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਸ ਟੂਰਨਾਮੈਂਟ ਵਿਚ ਕਬੱਡੀ ਦੇ ਮੈਚਾਂ ਤੋਂ ਇਲਾਵਾ ਕੁਸ਼ਤੀ, ਵਾਲੀਵਾਲ, ਬਾਸਕਟਬਾਲ ਦੇ ਮੈਚ ਵੀ ਕਰਵਾਏ ਜਾਣਗੇ। ਇਹ ਟੂਰਨਾਮੈਂਟ ਪੂਰਾ ਪਰਿਵਾਰਕ ਟੂਰਨਾਮੈਂਟ ਹੋਵੇਗਾ ਅਤੇ ਸਕਿਓਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ। ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਵੱਲੋਂ ਸਾਰਿਆਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਟੂਰਨਾਮੈਂਟ ਦਾ ਆਨੰਦ ਮਾਣੋ।
Participating Teams : India, Canada East, Canada West, England, USA & More
ਗੋਲਡ ਸਪਾਂਸਰ
ਕਿਰਪਾਲ ਸਿੰਘ ਸਹੋਤਾ
ਜਤਿੰਦਰ ਸਿੰਘ ਭੰਗੂ
ਪਰਮਜੀਤ ਸਿੰਘ ਖਹਿਰਾ
ਜਸਵਿੰਦਰ ਸਿੰਘ ਸ਼ੇਰਗਿੱਲ
ਸੁੱਖੀ ਚੀਮਾ
ਪ੍ਰੀਤ ਇੰਦਰ ਸਿੰਘ
ਕਮਲ ਖੰਗੂੜਾ
ਸੁੱਖੀ ਘੁੰਮਣ
ਰਘਬੀਰ ਸਿੰਘ ਸ਼ੇਰਗਿੱਲ
ਲਖਵੀਰ ਸਿੰਘ ਕਾਲਾ ਸਹੋਤਾ ਟਰੇਸੀ
ਨਵਿੰਦਰ ਸਿੰਘ ਭਰਾੜ (ਲਾਕ ਭਰਾੜ)
ਜੈਕ ਰਾਮ ਅਤੇ ਪੌਲ ਰਾਮ
ਛਿੰਦਰਪਾਲ ਸਿੰਘ ਸਹੋਤਾ
ਰਾਜ ਗਰੇਵਾਲ
ਟੋਨੀ ਸਿੰਘ ਗਿੱਲ
ਮਲਾਗਰ ਸਿੰਘ ਖਹਿਰਾ
ਜਸਵਿੰਦਰ ਸਿੰਘ ਰਾਏ
ਅੰਮ੍ਰਿਤਪਾਲ ਸਿੰਘ ਟਿਵਾਣਾ
ਜਸਵੀਰ ਸਿੰਘ ਸੋਹਲ
ਸੁੱਖੀ ਸੰਘੇੜਾ Try-Us Transportation
ਕਮਲ ਖੰਗੂੜਾ
ਅਮਨ ਟਿਵਾਣਾ
ਗੁਰਦਿਆਲ ਸਿੰਘ ਢਿੱਲੋਂ
ਦਰਸ਼ਨ ਸਿੰਘ ਚੀਮਾ (ਚੀਮਾ ਟਰੱਕਿੰਗ)
ਸੁਰਿੰਦਰ ਸਿੰਘ ਉਪਲ
ਕੁਲਬੀਰ ਸਿੰਘ ਦੁਸਾਂਝ
ਮੰਗਲ ਸਿੰਘ ਢਿੱਲੋਂ
ਕੁਲਵਿੰਦਰ ਸਿੰਘ ਸੁਪਰਾਏ
ਰਾਣਾ ਉਪਲ
ਦਰਸ਼ਨ ਸਿੰਘ ਸਹੋਤਾ
ਬਲਵਿੰਦਰ ਵਿਰਕ
ਬੌਬੀ ਸੰਘਾ
ਹੈਰੀ ਭੰਗੂ
ਕੁਲਦੀਪ ਲਾਲੀ
ਸੰਤੋਖ ਐਸ ਤੱਖਰ
ਸ਼ਮਸ਼ੇਰ ਸਿੰਘ ਬਿਦ
ਹਰਨੇਕ ਸਿੰਘ ਅਟਵਾਲ
ਗੁਲਵਿੰਦਰ ਸਿੰਘ ਭਿੰਦਾ (ਗਾਖਲ)
ਜਸਪ੍ਰੀਤ ਸਿੰਘ ਅਟਾਰਨੀ
ਸੁਰਿੰਦਰ ਸਿੰਘ ਪਾਬਲਾ
ਬਾਬ ਉਪਲ
ਨਸੀਬ ਮਾਵੀ
ਹਰਜੀਤ ਸਿੰਘ ਚਾਹਲ
ਰਾਕੇਸ਼ ਕੁਮਾਰ ਗੋਲਡ ਮੈਡਲਿਸਟ ਵੀ ਆਪਣੀ ਕਲਾ ਦੇ ਜੌਹਰ ਦਿਖਾਉਣਗੇ
ਅੰਡਰ 21 ਟੀਮ ਨੂੰ ਡਾ. ਪਰਮਜੀਤ ਸਿੰਘ ਸ਼ੌਕਰ ਅਤੇ ਕੁਲਬੀਰ ਸਿੰਘ ਰੰਧਾਵਾ ਫਸਟ ਪ੍ਰਾਈਜ਼ ਦੇਣਗੇ।
ਕੈਨੇਡਾ ਈਸਟ ਟੀਮ ਦੀ ਅਗਵਾਈ ਕਰਨਗੇ ਸ. ਪਰਮਜੀਤ ਸਿੰਘ ਦਿਓਲ
ਕੈਨੇਡਾ ਵੈਸਟ ਟੀਮ ਦੀ ਅਗਵਾਈ ਕਰਨਗੇ ਸ. ਸੁਖਮਿੰਦਰ ਸਿੰਘ ਪੰਧੇਰ
ਨਾਰਥ ਵੇਅ ਸਪੋਰਟਸ ਕਲੱਬ ਟੀਮ ਦੇ ਸਪਾਂਸਰ ਹਨ ਸ. ਗੁਰਦਿਆਲ ਸਿੰਘ ਢਿੱਲੋਂ, ਸੈਂਟਾ ਰੋਜ਼ਾ ਬ੍ਰਦਰਜ਼
ਇਸ ਟੂਰਨਾਮੈਂਟ 'ਚ ਇੰਡੀਆ ਤੋਂ ਸਟਾਰ ਪਲੇਅਰ ਪਹੁੰਚ ਰਹੇ ਹਨ
ਇਸ ਟੂਰਨਾਮੈਂਟ 'ਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਤੇ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਟੀਮ ਵੀ ਭਾਗ ਲਵੇਗੀ।
ਸਿਲਵਰ ਸਪਾਂਸਰ : ਕਾਬਲ ਸਿੰਘ ਰੰਧਾਵਾ, ਹਰਬੰਸ ਸਿੰਘ ਚਹਿਲ, ਇੰਦਰਜੀਤ ਸਿੰਘ ਸਿੱਧੂ, ਕੇਵਲ ਸਚਦੇਵ, ਰਘਬੀਰ ਸਿੰਘ ਕਾਲਾ, ਹਰਜਿੰਦਰ ਸਿੰਘ ਸੈਣੀ, ਕਰਨੈਲ ਸਿੰਘ, ਪਰਮਜੀਤ ਸਿੰਘ, ਗੁਰਮਿੰਦਰ ਸਿੰਘ, ਜੱਸਾ ਭੰਗੂ, ਕੰਵਲ ਸੰਧੂ, ਕਸ਼ਮੀਰ ਸਿੰਘ ਧੁੱਗਾ, ਮਾਲਵਾ ਐਸੋਸੀਏਟਸ, ਬੇ ਸਿਟੀ ਐਕਸਪ੍ਰੈਸ, ਅਵਤਾਰ ਐਸ ਤਾਰੀ, ਦੋਆਬਾ ਇੰਸ਼ੋਰੈਂਸ, ਐਸ ਐਸ. ਟਰੱਕਿੰਗ, ਕੌਂਟੀਨੈਂਟਲ ਟਰੱਕ ਰਿਪੇਅਰ, ਐਬਰਨ ਪੇਟ ਹੌਸਪਿਟਲ, ਡਾ. ਕਸ਼ਮੀਰਾ ਰੰਗੀ, ਫੇਅਰਵੇਅਰ ਆਟੋ ਸੈਂਟਰ, ਤੱਬਰ ਇਨਵੈਸਟਮੈਂਟ, ਟੇਸਟ ਆਫ ਇੰਡੀਆ, ਪ੍ਰੀਤ ਫੈਬਰਿਕ, ਕੁਮਾਰ ਜਵੇਲਰਜ਼, ਇੰਪਰੀਅਲ ਟਰੱਕ ਰਿਪੇਅਰ ਇੰਕ., ਬੱਬੂ, ਮਨੀ ਸਿੰਘ, ਸਤਪਾਲ ਸਿੰਘ, ਰਾਣਾ ਸੰਧੂ, ਜੱਸਾ ਭੰਗੂ, ਜਸਵਿੰਦਰ ਸਿੰਘ ਜੰਡੀ, ਕੁਲਦੀਪ ਸਿੰਘ ਬਾਜਵਾ, ਭੁਪਿੰਦਰ ਸਿੰਘ ਔਲਖ, ਵੌਲਵੋ ਟਰੱਕ ਡੀਲਰ ਓਕਲੈਂਡ, ਜਸਵੰਤ ਸਰਾਂ, ਮਨੀ ਦੂਰਾ, ਰਾਣਾ ਕਾਹਲੋਂ, ਹਰਦੀਪ ਔਲਖ, ਲਖਮਨ ਮਾਂਗਟ, ਹਰਵਿੰਦਰ ਧਾਲੀਵਾਲ, ਕੁਲਵੀਰ ਚੀਮਾ, ਸਤਨਾਮ ਬਾਠ, ਬਲਵਿੰਦਰ ਸੰਧੂ, ਰਣਜੀਤ ਗਿੱਲ, ਲੱਕੀ, ਹਾਇਰ, ਗੁਰਜਿੰਦਰ ਮਾਨ, ਕੈਮਨੀ ਰਿਆੜ, ਜਸਪੰਤ ਸਿੰਘ, ਮਨਿੰਦਰ ਦਿਓਲ, ਮਨਮੋਹਨ ਸਿੰਘ, ਸੁਰਿੰਦਰ ਸਿੰਘ, ਸਨੀ ਸਿੰਘ, ਅਰਜੁਨ ਸਿੰਘ, ਨੀਟੂ ਪੰਮਾ, ਗੁਰਿੰਦਰ ਸਿੰਘ
ਸ. ਸੁਰਜਨ ਸਿੰਘ ਚੱਠਾ
ਦੀ ਕਬੱਡੀ ਨੂੰ ਮਹਾਨ ਦੇਣ ਕਾਰਨ ਕੈਲੀਫੋਰਨੀਆ ਕਬੱਡੀ ਕੱਪ ਵਿਚ ਸਨਮਾਨਤ ਕੀਤਾ ਜਾਵੇਗਾ
ਰਾਜਵਿੰਦਰ ਸਿੰਘ ਰੰਡਿਆਲਾ
ਇਕਬਾਲ ਗਾਲਿਬ
ਟੂਰਨਾਮੈਂਟ ਦੌਰਾਨ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ ਅਤੇ ਕੈਨੇਡਾ ਤੋਂ ਇਕਬਾਲ ਗਾਲਿਬ ਕਰਨਗੇ
• ਕੈਲੀ ਫੋਰਨੀਆ ਦਾ ਸਭ ਤੋਂ ਵੱਡਾ ਟੂਰਨਾਮੈਂਟ
• ਬੱਚਿਆਂ ਤੇ ਬੀਬੀਆਂ ਦੇ ਬੈਠਣ ਲਈ ਵੱਖਰਾ ਪ੍ਰਬੰਧ।
• ਸਕਿਓਰਿਟੀ ਦਾ ਖਾਸ ਪ੍ਰਬੰਧ
• ਆਪਣੀ ਕਿਸਮ ਦਾ ਇਕੋ-ਇਕ ਅਨੋਖਾ ਟੂਰਨਾਮੈਂਟ ਜਿੱਥੇ ਖੇਡ ਦਰਸ਼ਕ ਖੇਡਾਂ ਦਾ ਪੂਰਾ ਅਨੰਦ ਮਾਣ ਸਕਦੇ ਹਨ।
• ਦੇਸ਼ਾਂ-ਵਿਦੇਸ਼ਾਂ ਵਿਚੋਂ ਦਰਸ਼ਕਾਂ ਦੀ ਮੰਗ 'ਤੇ ਉਚ ਕੋਟੀ ਦੇ ਖਿਡਾਰੀ ਵੀ ਪਹੁੰਚ ਰਹੇ ਹਨ।
• ਕਬੱਡੀ ਤੋਂ ਇਲਾਵਾ ਬਾਸਕਟਬਾਲ, ਵਾਲੀਬਾਲ ਤੇ ਕੁਸ਼ਤੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ।
ਕੁਲਵੰਤ ਸਿੰਘ ਖਹਿਰਾ ਚੇਅਰਮੈਨ
ਮੰਗਲ ਸਿੰਘ ਭੰਡਾਲ ਪ੍ਰਧਾਨ
ਪ੍ਰੀਤਮ ਸਿੰਘ ਗਰੇਵਾਲ ਵਾਈਸ ਪ੍ਰਧਾਨ
ਕੁਲਵੰਤ ਸਿੰਘ ਨਿੱਝਰ ਵਾਈਸ ਪ੍ਰਧਾਨ
ਬਲਜੀਤ ਸਿੰਘ ਮਾਨ ਵਾਈਸ ਪ੍ਰਧਾਨ
ਅਮਰਜੀਤ ਸਿੰਘ ਸੰਘਾ ਵਾਈਸ ਪ੍ਰਧਾਨ
ਹਰਜਿੰਦਰ ਸਿੰਘ ਜੌਹਲ ਜਨਰਲ ਸਕੱਤਰ
ਸਰਬਜੀਤ ਸਰਾਓ ਸਕੱਤਰ ਜਨਰਲ
ਇੰਦਰਜੀਤ ਬਿਦ ਸਕੱਤਰ
ਸੰਤੋਖ ਸਿੰਘ ਜੱਜ ਖਜ਼ਾਨਚੀ
ਰਿਪੀ ਟਿਵਾਣਾ ਸਕੱਤਰ
ਗੁਰਜੀਤ ਸਿੰਘ ਗਿੱਲ ਸਕੱਤਰ
ਸੁਖਵੰਤ ਸਿੰਘ ਖਹਿਰਾ ਖਜ਼ਾਨਚੀ
ਸਤਨਾਮ ਸਿੰਘ ਬੱਲ ਸਕੱਤਰ
ਪਰਮਿੰਦਰ ਸਿੰਘ ਗਿੱਲ ਸਕੱਤਰ
ਤੀਰਥ ਸਿੰਘ ਸੱਲ ਸਕੱਤਰ
ਜਸਬੀਰ ਸਿੰਘ ਨਾਹਲ ਸਕੱਤਰ




# ਲਾਲ ਬੈਂਡ ਦੀ ਲਲਕਾਰ

## ਗੀਤ-ਸੰਗੀਤ ਨਾਲ ਲੋਕਾਇਤ ਦਾ ਹੋਕਾ

**ਕਲਾ ਪਰਿਕਰਮਾ**

'ਲਾਲ ਬੈਂਡ' ਦਾ ਨਾਂ 'ਲਾਲ' ਰੱਖਿਆ ਗਿਆ ਸੀ ਅਤੇ ਇਹ 2007 ਵਿਚ ਜਦੋਂ ਪਾਕਿਸਤਾਨ ਦੇ ਰਾਸ਼ਟਰਪਤੀ ਪਰਵੇਜ਼ ਮੁਸ਼ਰਫ਼ ਨੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਇਫ਼ਤਖਾਰ ਚੌਧਰੀ ਨੂੰ ਬਰਤਰਫ਼ ਕਰ ਦਿੱਤਾ ਸੀ, ਉਸ ਵੇਲੇ ਹੋਂਦ ਵਿਚ ਆਇਆ ਸੀ। 'ਲਾਲ' ਫਿਰ 'ਲਾਲ ਬੈਂਡ' ਵਜੋਂ ਮਸ਼ਹੂਰ ਹੋ ਗਿਆ। ਇਸ ਬੈਂਡ ਦਾ ਮੁੱਖ ਮਕਸਦ ਲੋਕ ਪੱਖੀ ਪ੍ਰਗਤੀਸ਼ੀਲ ਗੀਤ ਨਾਲ ਲੋਕਾਂ ਨੂੰ ਜਾਗਰੂਕ ਕਰਨਾ ਹੈ। ਬੈਂਡ ਨੇ ਇਨਕਲਾਬੀ ਸ਼ਾਇਰਾਂ ਫੈਜ਼ ਅਹਿਮਦ ਫੈਜ਼, ਹਬੀਬ ਜਾਲਿਬ ਅਤੇ ਅਹਿਮਦ ਫਰਾਜ਼ ਦੀਆਂ ਰਚਨਾਵਾਂ ਗਾਈਆਂ ਹਨ। ਤੈਮੂਰ ਰਹਿਮਾਨ, ਮਾਹਵਾਸ਼ ਵੱਕਾਰ ਅਤੇ ਹੈਦਰ ਰਹਿਮਾਨ ਅੱਜ ਕੱਲ੍ਹ ਇਸ ਬੈਂਡ ਦੇ ਰੂਹ-ਏ-ਰਵਾਂ ਹਨ। ਪਹਿਲਾਂ ਸ਼ਹਿਰਮ ਅਜ਼ਹਰ ਵੀ ਇਸ ਦੇ ਬੈਂਡ ਦਾ ਮੈਂਬਰ ਸੀ, ਪਰ ਪਿਛੋਂ ਉਹ ਬੈਂਡ ਤੋਂ ਅਲੱਗ ਹੋ ਗਿਆ ਸੀ।

ਲਾਲ ਬੈਂਡ ਦੀ ਪਹਿਲੀ ਐਲਬਮ 'ਉਮੀਦ-ਏ-ਸਹਰ' 2009 ਵਿਚ ਫਾਇਰ ਰਿਕਾਰਡਜ਼ (ਜੀ.ਓ.ਟੀ.ਵੀ) ਨੇ ਰਿਲੀਜ਼ ਕੀਤੀ

**ਜਗਜੀਤ ਸਿੰਘ ਸੇਖੋਂ**

ਸੀ। 2012 ਵਿਚ 'ਉਠੋ ਮੇਰੀ ਦੁਨੀਆਂ' ਭਾਰਤ ਵਿਚ ਟਾਈਮਜ਼ ਮਿਊਜ਼ਿਕ ਅਤੇ ਪਾਕਿਸਤਾਨ ਵਿਚ ਫਾਇਰ ਰਿਕਾਰਡਜ਼ ਨੇ ਹੀ ਰਿਲੀਜ਼ ਕੀਤੀ ਸੀ। ਗੌਰਤਲਬ ਹੈ ਕਿ 6 ਜੂਨ 2014 ਨੂੰ ਪਾਕਿਸਤਾਨ ਦੂਰਸੰਚਾਰ ਅਥਾਰਟੀ ਦੀ ਬੇਨਤੀ ਉਤੇ 'ਫੇਸਬੁੱਕ' ਨੇ ਲਾਲ ਬੈਂਡ ਦਾ ਪੇਜ਼ ਬੰਦ ਕਰ ਦਿੱਤਾ ਸੀ। ਇਸ 'ਤੇ ਲਾਲ ਬੈਂਡ ਦੇ ਹੱਕ ਵਿਚ ਸੰਸਾਰ ਭਰ ਵਿਚ ਮੁਹਿੰਮ ਚੱਲ ਨਿਕਲੀ। ਅਥਾਰਟੀ ਨੇ ਇਨਕਾਰ ਕੀਤਾ ਕਿ ਇਸ ਨੇ ਲਾਲ ਬੈਂਡ ਦਾ 'ਫੇਸਬੁੱਕ' ਪੇਜ਼ ਬੰਦ ਕਰਵਾਉਣ ਲਈ ਕੋਈ ਤਰੱਦਦ ਕੀਤਾ ਸੀ। ਇਹ ਪੇਜ਼ ਫਿਰ ਦੁਬਾਰਾ ਸ਼ੁਰੂ ਕਰ ਦਿੱਤਾ ਗਿਆ।



ਤੈਮੂਰ ਰਹਿਮਾਨ ਲਾਲ ਬੈਂਡ ਦਾ ਲੀਡਰ ਅਤੇ ਤਰਜਮਾਨ ਹੈ। ਉਹ ਸਮਾਜਵਾਦ ਨੂੰ ਸਮਰਪਿਤ ਹੈ ਅਤੇ ਸਿਆਸੀ ਸਰਗਰਮੀਆਂ ਵੀ ਕਰਦਾ ਹੈ। ਕਮਿਊਨਿਸਟ ਮਜ਼ਦੂਰ ਕਿਸਾਨ ਪਾਰਟੀ ਦਾ ਉਹ ਜਨਰਲ ਸਕੱਤਰ ਹੈ। ਅੱਲੜ ਉਮਰ ਵਿਚ ਉਹ ਅਦਾਕਾਰੀ ਨੂੰ ਸਮਰਪਿਤ ਹੋ ਗਿਆ ਸੀ। ਇੰਗਲੈਂਡ ਦੀ ਸੁਸੈਕਸ ਯੂਨੀਵਰਸਿਟੀ ਤੋਂ ਉਸ ਨੇ ਮਾਸਟਰਜ਼ ਕੀਤੀ ਹੈ। ਮਗਰੋਂ ਉਹ ਪੀਐਚ.ਡੀ. ਕਰ ਕੇ ਡਾਕਟਰ ਵੀ ਬਣ ਗਿਆ।



*ਨਵੀਂ ਦਿੱਲੀ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰ ਰਹੇ 'ਲਾਲ ਬੈਂਡ' ਦੇ ਮੈਂਬਰ।*

ਬੈਂਡ ਦੀ ਮਹਿਲਾ ਮੈਂਬਰ ਮਹਾਵਾਸ਼ ਵੱਕਾਰ 2000 ਤੋਂ 2006 ਤੱਕ ਰੇਡੀਓ ਨੈਟਵਰਕ ਉਤੇ ਰੇਡੀਓ ਜੌਕੀ (ਆਰ.ਜੇ) ਵੀ ਰਹੀ ਹੈ। ਇਸ ਕੁੜੀ ਨੇ ਆਪਣਾ ਸੰਗੀਤ ਕਰੀਅਰ 2007 ਵਿਚ ਲਾਲ ਬੈਂਡ ਨਾਲ ਹੀ ਸ਼ੁਰੂ ਕੀਤਾ ਸੀ। ਉਦੋਂ ਹੈਦਰ ਰਹਿਮਾਨ, ਅਮੀਰ, ਆਸਿਫ਼, ਸਲਮਾਨ ਤੇ ਜਮਾਲ ਉਸ ਦੇ ਸਾਥੀ ਸਨ।

ਹੈਦਰ ਰਹਿਮਾਨ ਮੁੱਖ ਰੂਪ ਵਿਚ ਬੰਸੁਰੀਵਾਦਕ ਹੈ। ਉਹ ਭਾਰਤੀ ਬੰਸੁਰੀਵਾਦਕ ਹਰੀ ਪ੍ਰਸਾਦ ਚੌਰਸੀਆ ਤੋਂ ਬਹੁਤ ਪ੍ਰਭਾਵਿਤ ਹੈ ਅਤੇ ਚਾਰ ਮਹੀਨੇ ਚੌਰਸੀਆ ਦੀ ਸ਼ਾਗਿਰਦੀ ਕਰ ਚੁੱਕਾ ਹੈ। ਬੰਸੁਰੀ ਵਜਾਉਣੀ ਉਹਨੇ ਬਚਪਨ ਤੋਂ ਹੀ ਸ਼ੁਰੂ ਕਰ ਦਿੱਤੀ ਸੀ। ਉਸ ਨੇ ਹੋਰ ਕਈ ਦੇਸ਼ਾਂ ਵਿਚ ਆਪਣੇ ਪ੍ਰੋਗਰਾਮ ਪੇਸ਼ ਕੀਤੇ। ਲੰਡਨ ਤੋਂ ਉਸ ਨੇ ਅਰਥ ਸ਼ਾਸਤਰ ਦੀ ਮਾਸਟਰਜ਼ ਕੀਤੀ ਹੈ। ਕਹਿੰਦੇ ਹਨ ਕਿ ਸਟੇਜ ਉਤੇ ਜਾਣ ਤੋਂ ਪਹਿਲਾਂ ਉਹ ਕਦੇ ਰਿਹਰਸਲ ਨਹੀਂ ਕਰਦਾ ਅਤੇ ਬੰਸੁਰੀ ਦੇ ਸੁਰ ਵੀ ਆਪਣੀ ਮਰਜ਼ੀ ਨਾਲ ਲਾਉਂਦਾ ਹੈ। ਉਸ ਨੂੰ ਸੁਣਨ ਵਾਲਿਆਂ ਦਾ ਕਹਿਣਾ ਹੈ ਕਿ ਉਹ ਆਪਣੀ ਪੰਜ-ਸੱਤ ਮਿੰਟ ਦੀ ਪੇਸ਼ਕਾਰੀ ਵਿਚ ਹੀ ਧੰਨ-ਧੰਨ ਕਰਵਾ ਦਿੰਦਾ ਹੈ। ਅਜ਼ਹਰ ਮਾਰਕਸੀ ਅਰਥ ਸ਼ਾਸਤਰੀ ਕਾਰਕੁਨ ਅਤੇ ਗਾਇਕ ਹੈ। ਉਸ ਨੂੰ ਆਮ ਕਰ ਕੇ ਸਮਾਜਵਾਦੀ ਗਾਇਕ ਕਿਹਾ ਜਾਂਦਾ ਹੈ। ਉਸ ਨੇ ਅਮਰੀਕਾ ਦੀ ਮੈਸਾਚੂਸੈਟਸ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਪੀਐਚ.ਡੀ ਕੀਤੀ ਹੈ। ਪ੍ਰਗਤੀਸ਼ੀਲ ਹਲਕਿਆਂ ਵਿਚ ਲਾਲਾ ਬੈਂਡ ਦੀ ਖੂਬ ਧੁੰਮਾਂ ਹਨ।

*ਖੱਬਿਉਂ ਸੱਜੇ... ਇਨਕਲਾਬੀ ਸ਼ਾਇਰੀ ਦੀ ਤਿੱਕੜੀ- ਫੈਜ਼ ਅਹਿਮਦ ਫੈਜ਼, ਹਬੀਬ ਜਾਲਿਬ ਅਤੇ ਅਹਿਮਦ ਫਰਾਜ਼।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-166



*ਢਿੱਡ ਦੀ ਖਾਤਰ ਜਾ ਪੰਜਾਬੀ ਖ਼ਾਕ ਕਿਤੇ ਵੀ ਛਾਣੇ।*
*ਰੋਟੀ ਮੱਕੀ ਦੀ, ਸਾਗ ਸਰੋਂ ਦਾ ਨਹੀਂ ਭੁੱਲ ਸਕਦਾ ਖਾਣੇ।*
*ਨਵੇਂ ਜੁਗ ਵਿਚ ਨਵੀਆਂ ਗੱਲਾਂ ਹੋਈ ਜਾਵਣ ਲੱਖਾਂ,*
*ਮੁਲਕ ਮੇਰੇ ਦੀਆਂ ਇਹ ਨਿਸ਼ਾਨੀਆਂ ਸਾਂਭ ਸਾਂਭ ਕੇ ਰੱਖਾਂ।*

## ਕੈਪਸ਼ਨ ਮੁਕਾਬਲਾ-164



ਵਿਹਲੇ ਹੋ ਕੇ ਆ ਗਏ ਘਰਾਂ ਤੋਂ
ਵਿਚ ਸੱਥ ਦੇ ਰੌਣਕਾਂ ਲਾਈਆਂ।
ਆਪੋ ਆਪਣੇ ਮੰਗ ਲਏ ਆੜੀ
ਢਾਣੀਆਂ ਅੱਡੋ ਅੱਡ ਬਣਾਈਆਂ।
ਫੈਂਟ ਫੈਂਟ ਕੇ ਵੰਡ ਲਏ ਪੱਤੇ
ਮਨੋ-ਮਨੀ ਸਕੀਮਾਂ ਲਾਈਆਂ।
ਨੌਂ ਤੋਂ ਤੇਰਾਂ ਬੰਨ੍ਹੀ ਜਾਵਣ
ਢੇਰੀਆਂ ਅੱਡੋ-ਅੱਡ ਬਣਾਈਆਂ।
ਸ਼ੀਪ ਲੱਗੀ ਤੋਂ ਮਾਰਨ ਬੜ੍ਹਕਾਂ
ਦੁੱਖ ਤਕਲੀਫ਼ਾਂ ਸਭ ਭੁਲਾਈਆਂ।
ਘਰੋਂ ਕਈ ਸੁਨੇਹੇ ਆ ਗਏ
ਬਾਜ਼ੀਆਂ ਮੁੱਕਣ 'ਚ ਨਾ ਆਈਆਂ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

ਪੱਠੇ-ਦੱਥੇ ਤੋਂ ਵਿਹਲੇ ਹੋ ਕੇ
ਸੱਥ ਵਿਚ ਜੁੜ ਗਈ ਢਾਣੀ।
ਬਾਬਿਆਂ ਆਪਣੇ ਆੜੀ ਮਿੱਚ ਕੇ
ਇਕੱਠੇ ਹੋ ਬਹਿ ਗਏ ਹਾਣੀ।
ਰੰਗਾਂ ਨੰਬਰਾਂ ਦੀ ਇਸ ਖੇਡ ਵਿਚ
ਮਨ ਪ੍ਰਚਾਵੇ ਕੋਈ ਜੂਆ ਲਾ ਕੇ ਤੁਰ ਗਿਆ।
ਕਰਦਾ ਰਿਹਾ ਕੋਈ ਗਿਣਤੀ-ਮਿਣਤੀ
ਲਾ ਬਲੱਫ ਕੋਈ ਸਰ ਕਰ ਗਿਆ।
ਜ਼ਿੰਦਗੀ ਦਾ ਖੇਡ ਭੀ ਲੱਗਦਾ
ਤਾਸ਼ ਦੀ ਬਾਜ਼ੀ ਵਾਂਗਰਾਂ।
ਜੋ ਜਿੱਤਿਆ ਬਣਿਆ 'ਸਿਕੰਦਰ'
'ਸ਼ਿਵ' ਹਾਰਿਆ ਰਿਹਾ ਮਾਰਦਾ ਚਾਂਗਰਾਂ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਤਾਸ਼ ਦਾ ਵੀ ਭੁੱਸ ਬੁਰਾ
ਨੌਜਵਾਨ, ਬਜ਼ੁਰਗ ਸਭ ਵਿਹਲੜ,
ਬਹਿ ਦਰਵਾਜ਼ੇ ਜਾਂ ਦੀਵਾਨਖਾਨੇ
ਸਜ ਧਜ ਤਖਤ-ਪੋਸ਼ 'ਤੇ
ਜਾਂ ਭੁੰਨੇ ਹੀ ਡੇਰੇ ਲਾ ਲੈਂਦੇ।
ਮੀਚੀ ਲਾਉਂਦੇ ਜੋ ਸਾਰਾ ਦਿਨ
ਖੂਹ, ਘਰ ਲਈ ਰੱਖਿਆ ਕਾਮਾ
ਪਾ ਪਾ ਰੌਲਾ ਖਿੱਲ੍ਹੀਆਂ ਪਾਉਂਦੇ।
ਫਲਾਣਿਆ ਓ ਧਿਮਕੜਿਆ
ਰੋਟੀ ਠੰਢੀ ਹੋ'ਗੀ, ਚਾਹ ਪੀ ਲੈ
ਆਵਾਜ਼ਾਂ ਉਨ੍ਹਾਂ ਲਈ ਅਕਸਰ ਸੁਣਦੀਆਂ।

***-ਦਰਸ਼ਨਪਾਲ ਦੋਸਾਂਝ***

# ਖਾਲਸਾ ਸਾਜਨਾ ਦਿਵਸ ਸਬੰਧੀ ਗੁਰਦੁਆਰਾ ਫਰੀਮਾਂਟ ‘ਚ ਸੈਮੀਨਾਰ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਚ ਪ੍ਰਬੰਧਕ ਕਮੇਟੀ ਵਲੋਂ ਖਾਲਸੇ ਦੇ ਸਾਜਨਾ ਦਿਵਸ ਸੰਬਧੀ “ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ” ਦੇ ਵਿਸ਼ੇ ਉਤੇ ਇਕ ਸੈਮੀਨਾਰ ਕਰਵਾਇਆ ਗਿਆ। ਪੂਰੇ ਹਫਤੇ ਦੇ ਸਮਾਗਮਾਂ ਵਿਚ ਵਿਚਾਰ ਗੋਸ਼ਟੀ ਦਾ ਇਹ ਇਕ ਅਹਿਮ ਸਮਾਗਮ ਹੋ ਨਿਬੜਿਆ ਜਿਸ ਵਿਚ ਵੱਖ ਵੱਖ ਬੁਲਾਰਿਆਂ ਨੇ ਖਾਲਸੇ ਦੇ ਪ੍ਰਗਟ ਹੋਣ ਦੇ ਇਲਾਹੀ ਰੂਪ ਨੂੰ ਆਪੋ-ਆਪਣੀ ਖੋਜ ਅਨੁਸਾਰ ਸੰਗਤਾਂ ਅੱਗੇ ਪੇਸ਼ ਕੀਤਾ।







ਭਾਈ ਰਾਮ ਸਿੰਘ ਭਾਈ ਅਮਰੀਕ ਸਿੰਘ ਭਾਈ ਮਨਵਿੰਦਰ ਸਿੰਘ ਭਾਈ ਜਸਦੇਵ ਸਿੰਘ ਭਾਈ ਬਲਵਿੰਦਰਪਾਲ ਸਿੰਘ

ਵਿਚਾਰ ਗੋਸ਼ਟੀ ਵਿਚ ਹਿੱਸਾ ਲੈਣ ਵਾਲੇ ਖੋਜੀਆਂ ਨੇ ਗੁਰੂ ਨਾਨਕ ਸੱਚ ਤੋਂ ਸ਼ੁਰੂ ਕਰਕੇ ਹੁਣ ਤੱਕ ਦੇ ਸਿੱਖ ਇਤਿਹਾਸ ਦਾ ਮੁਲਾਂਕਣ ਕਰਦਿਆਂ ਲਗਪਗ ਹਰ ਵੱਡੀ ਘਟਨਾ ਦੇ ਇਲਾਹੀ, ਸਮਾਜਿਕ, ਮਾਨਸਿਕ, ਰਾਜਨੀਤਕ ਤੇ ਧਾਰਮਿਕ ਕਾਰਨਾਂ ਤੇ ਅਸਰਾਂ ਬਾਰੇ ਸੰਕੇਤਕ ਤੇ ਸਪਸ਼ਟ ਚਰਚਾ ਕੀਤੀ ਅਤੇ ਕਿਹਾ ਕਿ ਖਾਲਸੇ ਦੀ ਰਚਨਾ ਤੇ ਇਸ ਦੇ ਪ੍ਰਗਟ ਹੋਣ ਦਾ ਰਾਜ ਗੁਰਬਾਣੀ ਤੇ ਸਮੁੱਚੇ ਸਿੱਖ ਇਤਿਹਾਸ ਵਿਚੋਂ ਲਭਿਆ ਤੇ ਖੋਜਿਆ ਜਾ ਸਕਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਹੋਈ ਅਲੌਕਿਕ ਘਟਨਾ ਨੇ ਕਾਇਨਾਤ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੇ ਵਿਚਾਰ ਰਖਦਿਆਂ ਖਾਲਸੇ ਦੀ ਉਤਪਤੀ ਦੇ ਕੁਲ ਇਤਿਹਾਸ ਨੂੰ ਚੰਦ ਲਫਜ਼ਾਂ ਵਿਚ ਬੜੇ ਸੁਚੱਜੇ ਢੰਗ ਨਾਲ ਸਮਝਾਉਂਦਿਆਂ ਦੱਸਿਆ ਕਿ ਖਾਲਸੇ ਦੀ ਯਾਦ, ਖਾਲਸੇ ਦੇ ਪ੍ਰਗਟ ਹੋਣ ਨੂੰ ਉਸ ਰੂਪ ਵਿਚ ਹੀ ਵੇਖਣਾ ਬਣਦਾ ਹੈ, ਜਿਸ ਰੂਪ ਵਿਚ ਗੁਰੂ ਸਾਹਿਬ ਨੇ ਇਸ ਨੂੰ ਰਚਿਆ। ਡਾ. ਸੰਦੀਪ ਸਿੰਘ ਨੇ ਖਾਲਸੇ ਦੇ ਉਚੇ ਮੁਕਾਮ ਬਾਰੇ ਅੰਗਰੇਜ਼ੀ ਵਿਚ ਤਕਰੀਰ ਕਰਦਿਆਂ ਗੁਰਬਾਣੀ ਦੇ ਚਾਨਣ ਵਿਚ ਖਾਲਸੇ ਦੇ ਉਚੇ ਗੁਣਾਂ ਦਾ ਨਿਚੋੜ ਪੇਸ਼ ਕੀਤਾ।

ਫਰਿਜ਼ਨੋ ਤੋਂ ਪਹੁੰਚੇ ਭਾਈ ਮਨਵਿੰਦਰ ਸਿੰਘ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਖਾਲਸੇ ਦੇ ਉਚ ਚਰਿਤਰ ਨੂੰ ਦੋ ਪੱਖਾਂ ਵਿਚ ਪੁਰਾਤਨ ਸਿੱਖ ਸ਼ਹੀਦਾਂ ਦੀ ਮਹਾਨ ਕੁਰਬਾਨੀ ਦੇ ਜਜ਼ਬੇ ਤੋਂ ਮਿਲੀ ਪ੍ਰੇਰਨਾ ਨੂੰ ਵੀਹਵੀਂ ਤੇ ਇੱਕੀਵੀਂ ਸਦੀ ਦੇ ਮਹਾਨ ਤੇ ਬਹਾਦਰ ਸਿੱਖ ਸ਼ਹੀਦਾਂ ਦੇ ਸੰਦਰਭ ਵਿਚ ਪੇਸ਼ ਕਰਦਿਆਂ ਦੱਸਿਆ ਕਿ ਖਾਲਸੇ ਦੀ ਨਿਰਸਵਾਰਥ ਤੇ ਸੁਚੀ ਭਾਵਨਾ ਲਗਾਤਾਰ ਸਿੱਖ ਕੌਮ ਵਿਚ ਵਿਚਰ ਰਹੀ ਹੈ ਜੋ ਕਦੇ-ਕਦੇ ਸਥਾਨਕ ਤੇ ਨਿਜੀ ਕਾਰਨਾਂ ਕਰਕੇ ਭਟਕਦੀ ਵੀ ਹੈ ਪਰ ਜਦ ਗੁਰੂ ਨਾਨਕ ਸੱਚ ਦਾ ਝਲਕਾਰਾ ਆਪਣੇ ਅਸਲ ਰੂਪ ਵਿਚ ਮਨ ਆਤਮਾ ਨੂੰ ਛੂਹੰਦਾ ਹੈ ਤਾਂ ਕ੍ਰਿਸ਼ਮੇ ਵਾਪਰਦੇ ਹਨ, ਇਹ ਹੁਣ ਵੀ ਵਾਪਰ ਰਹੇ ਨੇ ਤੇ ਭਵਿੱਖ ਵਿਚ ਵੀ ਵਾਪਰਨਗੇ ਜਿਸ ਵਿਚ ਰੱਬੀ ਬਾਣੀ ਤੇ ਸੁੱਚੇ ਸਿੱਖ ਇਤਿਹਾਸ ਨੇ ਆਪਣਾ ਬਣਦਾ ਅਹਿਮ ਹਿੱਸਾ ਲਗਾਤਾਰ ਬਖਸ਼ਿਸ਼ ਕਰਦੇ ਰਹਿਣਾ ਹੈ।

ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵਲੋਂ ਬੋਲਦਿਆਂ ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਖਾਲਸੇ ਦੇ ਪ੍ਰਗਟ ਹੋਣ ਦੀ ਇਲਾਹੀ ਬਖਸ਼ਿਸ਼ ਅਤੇ ਇਸ ਨਾਲ ਖੁਣਸ, ਦੁਸ਼ਮਣੀ ਤੇ ਵੈਰ ਰਖਦੀਆਂ ਸ਼ੈਤਾਨੀ ਤਾਕਤਾਂ ਦਾ ਜ਼ਿਕਰ ਕਰਦਿਆਂ ਇਸ ਦੇ ਬਿਪਰ ਸੰਸਕਾਰੀ ਰੂਪ ਦਾ ਜ਼ਿਕਰ ਕੀਤਾ। ਗੁਰੂ ਨਾਨਕ ਸਾਹਿਬ ਵੇਲੇ ਦੇ ਜੋਗੀਆਂ, ਨਾਥਾਂ ਤੇ ਸਿੱਧਾਂ ਦੇ ਰੂਪ ਵਿਚ ਸਿੱਖੀ ਨਾਲ ਵੈਰ ਕਮਾਉਣ ਦੀ ਭਾਵਨਾ ਦੇ ਪੈਦਾ ਹੋਣ ਦੀ ਘਟਨਾ ਨੂੰ ਭਾਈ ਗੁਰਦਾਸ ਜੀ ਦੀ ਗਵਾਹੀ ਨਾਲ ਪੇਸ਼ ਕਰਦਿਆਂ ਅੱਜ ਦੇ ਬਿਪਰ ਸੰਸਕਾਰ ਦੀ ਆਰ ਐਸ ਐਸ ਤੇ ਕਾਂਗਰਸੀ ਰੂਪਾਂ ਦੀ ਵਿਆਖਿਆ ਕਰਦਿਆਂ ਇਸ ਖੁਣਸ ਦੇ ਇਤਿਹਾਸਕ ਕਾਰਨਾਂ ਨੂੰ ਪੇਸ਼ ਕੀਤਾ। ਬ੍ਰਾਹਮਣਵਾਦ ਦੇ ਪ੍ਰਤੀਨਿਧ ਗੰਗੂ, ਚੰਦੂ ਤੇ ਸੁੱਚਾ ਨੰਦ ਦੇ ਰੂਪ ਵਿਚ ਇਸ ਖੁਣਸ ਨੂੰ ਮਾਰਜਿਨਲਾਈਜ਼ ਦੇ ਨਵੇਂ ਅਰਥਾਂ ਵਿਚ ਪੇਸ਼ ਕੀਤਾ ਜੋ ਨਿਜੀ ਤੋਂ ਲੈ ਕੇ ਸੰਸਾਰ ਭਰ ਵਿਚ ਵਿਚਰ ਰਹੀ ਹਉਮੈ ਤੇ ਹੰਕਾਰ ਦੀ ਮਨੁੱਖੀ ਸੋਚ ਨੂੰ ਪ੍ਰਭਾਵਿਤ ਕਰ ਰਹੀ ਹੈ।

ਸੁਪਰੀਮ ਕੌਂਸਲ ਦੇ ਸਾਬਕਾ ਸੀਨੀਅਰ ਮੈਂਬਰ ਭਾਈ ਰਾਮ ਸਿੰਘ ਨੇ ਖਾਲਸੇ ਦੀ ਰਚਨਾ, ਉਦੇਸ਼ ਤੇ ਪੰਜ ਕੱਕਾਰਾਂ ਬਾਰੇ ਅੰਗਰੇਜ਼ੀ ਤੇ ਪੰਜਾਬੀ ਵਿਚ ਤਕਰੀਰ ਕਰਦਿਆਂ ਖਾਲਸੇ ਦੇ ਮਹਾਨ ਇਲਾਹੀ ਸਿਧਾਂਤਾਂ ਬਾਰੇ ਵਿਸਥਾਰ ਵਿਚ ਵਿਚਾਰ ਸਾਂਝੇ ਕੀਤੇ। ਕੱਕਾਰਾਂ ਬਾਰੇ ਸਿੱਖ ਨਜ਼ਰੀਆ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਕੱਕਾਰਾਂ ਦਾ ਸਬੰਧ ਅਕਾਲ ਪੁਰਖ, ਗੁਰੂ ਸਾਹਿਬਾਨ ਤੇ ਸਿੱਖ ਵਿਸ਼ਵਾਸ ਨਾਲ ਹੈ, ਇਨ੍ਹਾਂ ਨੂੰ ਕਦੇ ਵੀ ਦੁਨਿਆਵੀ ਢੰਗ-ਤਰੀਕਿਆਂ ਨਾਲ ਸਿੱਧ ਕਰਨਾ ਅਗਿਆਨਤਾ ਤੇ ਅਵੱਗਿਆ ਹੈ। ਗੁਰੂ ਸਾਹਿਬ ਦੇ ਹੁਕਮ ਨੂੰ ਇਲਾਹੀ ਸ਼ਾਨਾਂ ਨਾਲ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਜਿਸ ਨੂੰ ਸਿਰਫ ਮੁਹੱਬਤ ਕੀਤੀ ਜਾ ਸਕਦੀ ਹੈ।

ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਨੇ ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਵਲੋਂ ਆਈਆਂ ਸੰਗਤਾਂ ਅਤੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਖਾਲਸੇ ਦੇ ਸਾਜਨਾ ਦਿਵਸ ਦੇ ਸਮਾਗਮਾਂ ਬਾਰੇ ਤਸੱਲੀ ਦਾ ਪ੍ਰਗਟਾਵਾ ਕੀਤਾ।

## ਸੈਕਰਾਮੈਂਟੋ ‘ਚ ਪੰਜਾਬੀ ਲੋਕ ਨਾਈਟ 2 ਮਈ ਨੂੰ

**ਸੈਕਰਾਮੈਂਟੋ (ਬਿਊਰੋ):** ਲੋਕ ਨਾਚਾਂ, ਗੀਤਾਂ, ਗਿੱਧਾ ਤੇ ਫੈਸ਼ਨ ਸ਼ੋਅ ਦੀ ਪੇਸ਼ਕਾਰੀ ਕਰਦਾ ਇਕ ਪ੍ਰੋਗਰਾਮ ‘ਪੰਜਾਬੀ ਲੋਕ ਨਾਈਟ’ ਸਥਾਨਕ ਮਿਰਾਜ ਪੈਲੇਸ ਵਿਚ ਆਉਂਦੀ 2 ਮਈ, ਸਨਿਚਰਵਾਰ ਨੂੰ ਸ਼ਾਮ 6 ਵਜੇ ਕਰਵਾਇਆ ਜਾਵੇਗਾ।

ਪ੍ਰੋਗਰਾਮ ਦੀਆਂ ਪ੍ਰਬੰਧਕ ਬੀਬੀਆਂ ਜਸਵਿੰਦਰ ਕੌਰ ਮੱਟੂ, ਰੁਪਿੰਦਰ ਕੌਰ ਗਿੱਲ ਅਤੇ ਅਕਾਲਦੀਪ ਨੇ ਬੀਤੇ ਸ਼ੁੱਕਰਵਾਰ ਨੂੰ ਪੰਜਾਬੀ ਢਾਬਾ ਡਿਕਸਨ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਗੀਤ-ਸੰਗੀਤ ਦੀਆਂ ਵੰਨਗੀਆਂ ਤੋਂ ਇਲਾਵਾ ਔਰਤਾਂ ਲਈ ਕਰਵਾਇਆ ਜਾ ਰਿਹਾ ਫੈਸ਼ਨ ਸ਼ੋਅ ਵੀ ਖਾਸ ਹੋਵੇਗਾ ਜਿਸ ਪ੍ਰਤੀ ਬੇਹੱਦ ਉਤਸ਼ਾਹ ਹੈ। ਪ੍ਰੋਗਰਾਮ ਦਾ ਸੰਚਾਲਨ ਸੁਖਵਿੰਦਰ ਸੰਘੇੜਾ ਅਤੇ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਕਰੇਗੀ। ਆਉਣ ਵਾਲਿਆਂ ਨੂੰ ਖਾਣਾ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਮਿਰਾਜ ਪੈਲੇਸ (2159 ਐਲ ਕੋਮੀਨੋ ਐਵਨਿਊ, ਸੈਕਰਾਮੈਂਟੋ) ਪਹੁੰਚਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਰੁਪਿੰਦਰ ਗਿੱਲ 916-346-9167, ਜਸਵਿੰਦਰ ਕੌਰ ਮੱਟੂ 530-301-9258 ਜਾਂ ਅਕਾਲਦੀਪ 415-912-9521 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਪੰਜਾਬੀ ਢਾਬਾ ਡਿਕਸਨ ‘ਤੇ ਸ਼ੋਅ ਦੀਆਂ ਪ੍ਰਬੰਧਕਾਂ ਹਾਜ਼ਰ ਸ਼ਖਸੀਅਤਾਂ ਨਾਲ

## ਸੈਕਰਾਮੈਂਟੋ ਵਿਚ ਵਿਸਾਖੀ ਨੂੰ ਸਮਰਪਿਤ ਸਮਾਗਮ

**ਸੈਕਰਾਮੈਂਟੋ (ਬਿਊਰੋ):** ਇਥੇ ਸਾਊਥਗੇਟ ਟਾਊਨ ਐਂਡ ਟੈਰਿਸ ਅਪਾਰਟਮੈਂਟਾਂ (ਚੰਡੀਗੜ੍ਹ ਦੀਆਂ ਅਪਾਰਟਮੈਂਟਾਂ) ਦੇ ਕੰਬਾਨਾ ਹਾਲ ਵਿਚ ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ ਕੀਤਾ ਗਿਆ। ਇਹ ਸਮਾਗਮ ਡਾ. ਪਰਗਟ ਸਿੰਘ ਹੁੰਦਲ, ਸ. ਸਵਰਨ ਸਿੰਘ ਬਾਜਵਾ ਅਤੇ ਕੁਲਵਿੰਦਰ ਸਿੰਘ ਚੀਮਾ ‘ਤੇ ਆਧਾਰਤ ਪ੍ਰਧਾਨਗੀ ਮੰਡਲ ਦੀ ਦੇਖ-ਰੇਖ ਹੇਠ ਸਿਰੇ ਚੜ੍ਹਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸ. ਕੁਲਦੀਪ ਸਿੰਘ ਸੰਘੇੜਾ ਨੇ ਵਿਸਾਖੀ ਦੀ ਮਹਾਨਤਾ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕੀਤੇ।



ਇਸ ਮੌਕੇ ਚਰਨ ਸਿੰਘ ਜੱਜ, ਮਹਿੰਦਰ ਸਿੰਘ ਘੱਗ, ਡਾ. ਉਜਾਗਰ ਸਿੰਘ ਅਤੇ ਸੁਰਿੰਦਰਪਾਲ ਸਿੰਘ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਖਾਲਸਾ ਪੰਥ ਦੀ ਸਾਜਨਾ ਯੁਗ ਪਲਟਾਊ ਘਟਨਾ ਸੀ। ਇਸ ਨੇ ਨਾ ਸਿਰਫ਼ ਸਿੱਖ ਲਹਿਰ ਦੀ ਜਥੇਬੰਧਕ ਪ੍ਰਣਾਲੀ ਵਿਚ ਹੀ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ, ਸਗੋਂ ਸਿੱਖ ਮਾਨਸਿਕਤਾ ਵਿਚ ਵੀ ਵਿਸ਼ੇਸ਼ ਕਿਸਮ ਦਾ ਅਹਿਸਾਸ ਭਰ ਦਿੱਤਾ ਸੀ। 1699 ਦੀ ਵਿਸਾਖੀ ਨੇ ਪਿਛਲੇ ਲੰਮੇ ਸਮੇਂ 200 ਸਾਲ ਤੋਂ ਚਲੀ ਆ ਰਹੀ ਸਿੱਖ ਲਹਿਰ ਨੂੰ ਸੰਪੂਰਨ ਵੀ ਕੀਤਾ ਅਤੇ ਇਸ ਨੂੰ ਕੌਮੀ ਪਛਾਣ ਵੀ ਮੁਹੱਈਆ ਕੀਤੀ। ਇਹ ਇਕ ਵਿਸ਼ੇਸ਼ ਸਮਾਜ ਦੀ ਕਾਇਆ ਕਲਪ ਕਰਨ ਵਾਲਾ ਅਦੁੱਤੀ ਕਾਰਨਾਮਾ ਸੀ। ਵਿਸਾਖੀ ਦੀ ਘਟਨਾ ਨੇ ਸਿੱਖ ਸਿਧਾਂਤਾਂ ਅਤੇ ਸੰਕਲਪਾਂ ਨੂੰ ਸੰਸਥਾਤਮਕ ਰੂਪ ਹੀ ਨਹੀਂ ਦਿੱਤਾ, ਸਗੋਂ ਇਨ੍ਹਾਂ ਸੰਸਥਾਵਾਂ ਰਾਹੀਂ ਦੁਨੀਆਂ ਸਾਹਮਣੇ ਐਸੀਆਂ ਪਰੰਪਰਾਵਾਂ ਵੀ ਕਾਇਮ ਕੀਤੀਆਂ ਸਨ ਜਿਹੜੀਆਂ ਸਮਾਜਕ ਅਤੇ ਰਾਜਨੀਤੀ ਦੇ ਖੇਤਰ ਵਿਚ ਪਹਿਲੀਆਂ ਸਾਬਤ ਹੋਈਆਂ; ਜਿਵੇਂ ਸਰਬਤ ਖਾਲਸੇ ਦੀ ਸੰਸਥਾ ਵਿਸ਼ੇਸ਼ ਕਿਸਮ ਦੀ ਜਮਹੂਰੀਅਤ ਦਾ ਸੰਕਲਪ ਅਤੇ ਪੰਜ ਪਿਆਰਿਆਂ ਦੇ ਰੂਪ ਵਿਚ ਬਹੁਮੁਖੀ ਅਗਵਾਈ ਦਾ ਸੰਕਲਪ ਹੈ।

ਬੀਬੀ ਗੁਰਮੇਲ ਕੌਰ ਨੇ ਆਪਣੇ ਸੰਖੇਪ ਭਾਸ਼ਣ ਵਿਚ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਅਣਖ ਨਾਲ ਜਿਉਣ ਦਾ ਸਬਕ ਸਿਖਾਇਆ ਅਤੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ‘ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦਾ ਨਾਅਰਾ ਬੁਲੰਦ ਕੀਤਾ।

ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਅਤੇ ਸੂਬਾ ਸਿਟੀ ਵਲੋਂ ਡਾ. ਪਰਗਟ ਸਿੰਘ ਹੁੰਦਲ, ਹਰਬੰਸ ਸਿੰਘ ਜਗਿਆਸੂ, ਹਰਮੇਸ਼ ਬੰਗਾ, ਹਰਚਰਨ ਸਿੰਘ, ਪਰਮਿੰਦਰ ਸਿੰਘ ਰਾਏ ਅਤੇ ਜਸਵੰਤ ਜੱਸੀ ਨੇ ਆਪਣੀਆਂ ਕਵਿਤਾਵਾਂ ਦੁਆਰਾ 1699 ਦੀ ਵਿਸਾਖੀ ਦੀ ਮਹਾਨਤਾ ਅਤੇ ਖਾਲਸੇ ਦੀ ਸਿਰਜਣਾ ਬਾਰੇ ਚਾਨਣਾ ਪਾਇਆ। ਗੀਤਕਾਰ ਜੀਵਨ ਰੱਤੂ ਨੇ ਆਪਣੇ ਦੋ ਗੀਤ ਪੇਸ਼ ਕੀਤੇ। ਸਟੇਜ ਦੀ ਕਾਰਵਾਈ ਚਰਨ ਸਿੰਘ ਜੱਜ ਨੇ ਨਿਭਾਈ। ਸਮਾਗਮ ਵਿਚ ਸੁਰਿੰਦਰ ਸਿੰਘ ਗਿੱਲ, ਦਿਲਜੀਤ ਸਿੰਘ ਅਟਵਾਲ, ਲਹਿੰਬਰ ਸਿੰਘ, ਮਨਜਿੰਦਰ ਸਿੰਘ, ਜਸਵਿੰਦਰ ਅਤੇ ਬਾਲੀ ਸਮੇਤ ਸਾਰਿਆਂ ਨੇ ਆਏ ਮਹਿਮਾਨਾਂ ਦੀ ਸੇਵਾ ਕੜਾਹ-ਪ੍ਰਸ਼ਾਦ ਅਤੇ ਚਾਹ-ਪਾਣੀ ਨਾਲ ਕੀਤੀ।

## ਸਿੱਖ ਰਾਈਡਰਜ਼ ਨੇ ਪੀਸ ਆਫੀਸਰਜ਼ ਮੈਮੋਰੀਅਲ ਰਨ ਵਿਚ ਹਿੱਸਾ ਲਿਆ

**ਵਾਈਸਾਲੀਆ, ਕੈਲੀਫੋਰਨੀਆ (ਬਿਊਰੋ):** ਸਿੱਖ ਰਾਈਡਰਜ਼ ਆਫ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਨੇ ਪਿਛਲੇ ਦਿਨੀਂ ਟੂਲੈਰੀ ਕਾਉਂਟੀ ਦੇ ਪੀਸ ਆਫੀਸਰਜ਼ ਮੈਮੋਰੀਅਲ ਮੋਟਰਸਾਈਕਲ ਰਨ ਵਿਚ ਹਿੱਸਾ ਲਿਆ ਅਤੇ ਕਰੀਬ 5400 ਡਾਲਰ ਫੰਡ ਇਕੱਠਾ ਕਰਕੇ ਟੂਲੈਰੀ ਕਾਉਂਟੀ ਪੀਸ ਆਫੀਸਰਜ਼ ਸੰਸਥਾ ਨੂੰ ਭੇਟ ਕੀਤਾ। ਸਿੱਖ ਰਾਈਡਰਜ਼ ਸੰਸਥਾ ਦੇ ਦਸ ਮੋਟਰਸਾਈਕਲ ਸਵਾਰਾਂ ਨੇ ਇਸ ਰਨ ਵਿਚ ਭਾਗ ਲਿਆ।



ਗੌਰਤਲਬ ਹੈ ਕਿ ਇਸ ਰਨ ਦਾ ਮੁਖ ਮਕਸਦ ਡਿਊਟੀ ਦੌਰਾਨ ਸ਼ਹੀਦ ਹੋਏ ਪੁਲਿਸ ਕਰਮਚਾਰੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਪੀੜਤ ਪਰਿਵਾਰਾਂ ਲਈ ਫੰਡ ਇਕੱਤਰ ਕਰਨਾ ਸੀ। ਇਸ ਮੌਕੇ ਸਿੱਖ ਰਾਈਡਰਜ਼ ਆਫ ਅਮਰੀਕਾ ਦੇ ਮੈਂਬਰਾ ਨੇ ਸਿੱਖ ਪਹਿਚਾਣ ਦਰਸਾਉਂਦੀਆਂ ਟੀ-ਸ਼ਰਟਾਂ ਤੇ ਪਾਣੀ ਦੀਆਂ ਬੋਤਲਾਂ ਵੀ ਵੰਡੀਆਂ। ਲੋਕਾਂ ਨੇ ਸਿੱਖ ਰਾਈਡਰਜ਼ ਆਫ ਅਮਰੀਕਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਤੋਂ ਇਲਾਵਾ ਡਿਊਟੀ ਦੌਰਾਨ ਸ਼ਹੀਦ ਹੋਏ ਪੁਲਿਸ ਮੁਲਾਜਮਾਂ ਦੇ ਪਰਿਵਾਰਾਂ ਲਈ ਫੰਡ ਇਕੱਤਰ ਕਰਨ ਲਈ 25 ਅਪਰੈਲ ਨੂੰ ਡੈਲਸ, ਟੈਕਸਾਸ ਵਿਚ ਵੀ ਸਿੱਖ ਰਾਈਡਰਜ਼ ਵਲੋਂ ਇੱਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਿੱਖ ਰਾਈਡਰਜ਼ ਦੇ 20 ਮੈਂਬਰ ਆਪਣੇ ਖਰਚੇ ‘ਤੇ ਉਥੇ ਪਹੁੰਚ ਰਹੇ ਹਨ।

ਚੇਤੇ ਰਹੇ, ਸਿੱਖ ਰਾਈਡਰਜ਼ ਦੇ ਮੈਂਬਰ ਅਮਰੀਕਾ ਵਿਚ ਸਿੱਖ ਪਹਿਚਾਣ ਨੂੰ ਲੈ ਕੇ ਸਥਾਨਕ ਲੋਕਾਂ ਦੇ ਸਮਾਗਮਾਂ ਵਿਚ ਸ਼ਮੂਲੀਅਤ ਕਰਕੇ ਹੋਰ ਵਰਗਾਂ ਦੇ ਲੋਕਾਂ ਨੂੰ ਸਿੱਖੀ ਪਹਿਰਾਵੇ, ਦਸਤਾਰ ਅਤੇ ਪਹਿਚਾਣ ਸਬੰਧੀ ਜਾਗਰੂਕ ਕਰਦੇ ਰਹਿੰਦੇ ਹਨ।

## ਪੀਸੀਏ ਵਲੋਂ ਵਿਸਾਖੀ ਮੌਕੇ ਵਿਸ਼ੇਸ਼ ਗੁਰਮਤਿ ਦੀਵਾਨ

**ਫਰਿਜ਼ਨੋ (ਬਿਊਰੋ):** ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਵਿਖੇ 10 ਤੋਂ 16 ਅਪਰੈਲ ਤੱਕ ਗੁਰਮਤਿ ਦੀਵਾਨ ਸਜਾਏ ਗਏ। ਇਨ੍ਹਾਂ ਦੀਵਾਨਾਂ ਵਿਚ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਵਿਦਵਾਨ ਸੱਜਣਾਂ ਕੋਲੋਂ ਸਰਵਣ ਕੀਤੀ। ਇਸੇ ਦੌਰਾਨ 16 ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਗੁਰੂ ਘਰ ਵਿਚ ਇਹ ਸਮਾਗਮ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਹਿਯੋਗ ਨਾਲ ਕਰਵਾਏ ਗਏ। ਸੰਸਥਾ ਅਨੁਸਾਰ ਇਨ੍ਹਾਂ ਦੀਵਾਨਾਂ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾਂ ਨੂੰ ਸਿੱਖੀ ਨਾਲ ਜੋੜਨਾ ਹੈ।



ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰ ਕੇ ਸੰਗਤ ਨੂੰ ਵਹਿਮਾਂ-ਭਰਮਾਂ ਦਾ ਪੱਲਾ ਛੱਡ ਕੇ ਸ਼ਬਦ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਭਾਈ ਗੁਰਬਚਨ ਸਿੰਘ ਅਤੇ ਬੀਬੀ ਜਸਵੀਰ ਕੌਰ ਨੇ ਵੀ ਦੀਵਾਨਾਂ ਵਿਚ ਹਾਜ਼ਰੀ ਭਰ ਕੇ ਸੰਗਤ ਨੂੰ ਗੁਰਮਤਿ ਸਿਧਾਂਤ ਤੋਂ ਜਾਣੂ ਕਰਵਾਇਆ। ਸਟੇਜ ਸੰਭਾਲਦਿਆਂ ਗੁਰਦੁਆਰਾ ਸਹਿਬ ਦੇ ਸਕੱਤਰ ਗੁਰਪ੍ਰੀਤ ਸਿੰਘ ਮਾਨ ਨੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕਰਨ ਲਈ ਰੇਡੀਓ ਪੰਜਾਬ ਦਾ ਧੰਨਵਾਦ ਕੀਤਾ। ਪੀਸੀਏ ਮੈਂਬਰ ਸੁਖਬੀਰ ਸਿੰਘ ਭੰਡਾਲ ਅਤੇ ਮਿੱਕੀ ਸਰਾਂ ਨੇ ਦੱਸਿਆ ਕਿ ਸੰਸਥਾ ਦੇ ਮੈਬਰਾਂ ਨੇ ਗੁਰਦੁਆਰਾ ਸਾਹਿਬ ਨੂੰ ਮਾਲੀ ਭੇਟਾ ਵੀ ਦਿੱਤੀ। ਸੰਸਥਾ ਵਲੋਂ ਅਜਿਹੇ ਹੋਰ ਵੀ ਉਪਰਾਲੇ ਕੀਤੇ ਜਾਣਗੇ।

# ਕਿਸਾਨ ਖੁਦਕੁਸ਼ੀਆਂ ਬਾਰੇ ਸਰਕਾਰ ਨੇ ਅੱਖਾਂ ਮੀਟੀਆਂ

## ਪੀੜਤ ਪਰਿਵਾਰਾਂ ਨੂੰ ਰਾਹਤ ਦੀ ਥਾਂ ਅਪਨਾਈ ਟਾਲਣ ਦੀ ਨੀਤੀ



**ਚੰਡੀਗੜ੍ਹ:** ਮਾਰਚ ਤੇ ਅਪ੍ਰੈਲ ਮਹੀਨੇ ਵਿਚ ਹੋਈਆਂ ਬੇਮੌਸਮੀਆਂ ਬਾਰਿਸ਼ਾਂ, ਤੇਜ਼ ਹਵਾਵਾਂ ਤੇ ਗੜੇਮਾਰੀ ਨਾਲ ਦੇਸ਼ ਭਰ ਵਿਚ ਵੱਡੀ ਪੱਧਰ ਉਤੇ ਕਣਕ, ਆਲੂ, ਸਰ੍ਹੋਂ ਤੇ ਫਲ-ਸਬਜ਼ੀਆਂ ਆਦਿ ਫ਼ਸਲਾਂ ਦੇ ਹੋਏ ਨੁਕਸਾਨ ਤੋਂ ਬਾਅਦ ਕਿਸਾਨ ਖ਼ੁਦਕੁਸ਼ੀਆਂ ਵਿਚ ਵਾਧਾ ਹੋਇਆ ਹੈ। ਇਕ ਹਫ਼ਤੇ ਦੌਰਾਨ ਹੀ ਪੰਜਾਬ ਦੇ ਤਿੰਨ ਤੇ ਹਰਿਆਣਾ ਦੇ ਚਾਰ ਕਿਸਾਨਾਂ ਵੱਲੋਂ ਕੀਤੀ ਖ਼ੁਦਕੁਸ਼ੀ ਕਰ ਲਈ। ਪੰਜਾਬ ਦੇ ਕਿਸਾਨ ਸਿਰ 35 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੇ ਅੰਕੜੇ ਸੱਤਾਧਾਰੀ ਲੋਕਾਂ ਦੀ ਰੂਹ ਨੂੰ ਹਲੂਣਾ ਨਹੀਂ ਦੇ ਸਕੇ। ਇਕ ਅੰਦਾਜ਼ੇ ਮੁਤਾਬਿਕ ਹਰ 30 ਮਿੰਟ ਬਾਅਦ ਇਕ ਕਿਸਾਨ ਭਾਰਤ ਵਿਚ ਖ਼ੁਦਕੁਸ਼ੀ ਕਰ ਰਿਹਾ ਹੈ। ਦੁਨੀਆ ਭਰ ਵਿਚੋਂ ਇਹ ਅੰਕੜਾ ਸਭ ਤੋਂ ਉਪਰ ਹੈ। ਦਿਹਾਤੀ ਆਰਥਿਕਤਾ ਤੇ ਖ਼ਾਸ ਕਰਕੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਉਤੇ ਨਜ਼ਰ ਰੱਖਣ ਵਾਲੇ ਪ੍ਰਸਿੱਧ ਪੱਤਰਕਾਰ ਪੀ. ਸਾਈਨਾਥ ਦੀ ਇਕ ਰਿਪੋਰਟ ਅਨੁਸਾਰ 1995 ਤੋਂ ਲੈ ਕੇ ਹੁਣ ਤੱਕ ਤਿੰਨ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ।

ਦੂਜੇ ਪਾਸੇ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਬਾਰੇ ਤਿੰਨ ਯੂਨੀਵਰਸਿਟੀਆਂ ਤੋਂ ਨਵੇਂ ਸਿਰਿਓਂ ਸਰਵੇਖਣ ਕਰਾਉਣ ਦੇ ਸਰਕਾਰੀ ਫੈਸਲੇ ਤੋਂ ਕਿਸਾਨ ਜਥੇਬੰਦੀਆਂ ਔਖੀਆਂ ਹਨ। ਜਥੇਬੰਦੀਆਂ ਨੇ ਨਵੇਂ ਸਰਵੇਖਣ ਦੀ ਆੜ ਵਿਚ ਸਰਕਾਰ ਉਤੇ ਪਹਿਲੇ ਫੈਸਲਿਆਂ ਤੋਂ ਭੱਜਣ ਦੇ ਦੋਸ਼ ਲਾਏ ਹਨ। ਕਿਸਾਨ ਆਗੂਆਂ ਅਨੁਸਾਰ ਪੰਜਾਬ ਸਰਕਾਰ ਨੇ 30 ਸਤੰਬਰ, 2013 ਨੂੰ ਜਾਰੀ ਪੱਤਰ ਰਾਹੀਂ ਸਰਵੇਖਣ ਤੇ ਉਸ ਸਰਵੇਖਣ ਦੀ ਰਿਪੋਰਟ ਦੇ ਆਧਾਰ ਉਤੇ ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਿਆਂ ਦੀ ਗੱਲ ਕੀਤੀ ਸੀ ਤੇ ਉਸ ਤੋਂ ਬਾਅਦ 10 ਨਵੰਬਰ, 14 ਨੂੰ ਪੱਤਰ ਜਾਰੀ ਕਰਕੇ ਹੁਕਮ ਦਿੱਤਾ ਸੀ ਕਿ 31 ਮਾਰਚ, 2013 ਤੋਂ ਬਾਅਦ ਹੋਈਆਂ ਖ਼ੁਦਕੁਸ਼ੀਆਂ ਦੀ ਰਿਪੋਰਟ ਸਬੰਧਤ ਡੀ.ਸੀ. ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਹਰ ਮਹੀਨੇ ਸਰਕਾਰ ਨੂੰ ਭੇਜੇ ਪਰ ਸਰਕਾਰ ਦਾ ਇਹ ਫੈਸਲੇ ਮਹਿਜ਼ ਕਾਗਜ਼ਾਂ ਦਾ ਪੁਲੰਦਾ ਬਣਕੇ ਰਹਿ ਗਿਆ।

ਮਾਰਚ, 2009 ਵਿਚ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਦੇ ਫੈਸਲੇ ਅਨੁਸਾਰ ਪੀੜਤ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ, ਜਿਸ ਤਹਿਤ ਸਾਲ 2000 ਤੋਂ 2010 ਤੱਕ ਦੇ ਸਰਵੇਖਣ ਵਿਚ ਪੰਜਾਬ ਦੇ 6926 ਪੀੜਤ ਕਿਸਾਨ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ ਪਰ ਸਰਕਾਰ ਦੇ ਫੈਸਲੇ ਤੋਂ ਪੰਜ ਸਾਲ ਬਾਅਦ ਕਿਸਾਨਾਂ ਨੂੰ ਬਠਿੰਡੇ ਵਿਚ ਮੋਰਚਾ ਲਾ ਕੇ ਇਹ ਮੁਆਵਜ਼ਾ ਹਾਸਲ ਕਰਨਾ ਪਿਆ ਪਰ ਫਿਰ ਵੀ ਇਨ੍ਹਾਂ ਵਿਚੋਂ 4688 ਪੀੜਤਾਂ ਨੂੰ ਹੀ ਮੁਆਵਜ਼ਾ ਮਿਲਿਆ ਤੇ ਸਰਕਾਰ ਆਪਣੇ ਵਾਅਦੇ ਅਨੁਸਾਰ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣੋਂ ਭੱਜ ਗਈ।

ਲਾਚਾਰ ਕਿਸਾਨਾਂ ਦੀਆਂ ਇਹ ਖ਼ੁਦਕੁਸ਼ੀਆਂ ਸਿਰਫ ਅੰਕੜਿਆਂ ਵਿਚ ਸਿਮਟ ਕੇ ਰਹਿ ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ 2000 ਤੋਂ 2010 ਤੱਕ ਕਰਵਾਏ ਸਰਵੇ ਮੁਤਾਬਿਕ ਤਕਰੀਬਨ ਸੱਤ ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਲੰਬੇ ਸਮੇਂ ਤੱਕ ਤਾਂ ਸਰਕਾਰ ਇਹ ਗੱਲ ਮੰਨਣ ਲਈ ਹੀ ਤਿਆਰ ਨਹੀਂ ਹੋਈ ਕਿ ਕਿਸਾਨ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਰਿਹਾ ਹੈ। ਮਾਹਿਰਾਂ ਦੀ ਮੰਨੀ ਜਾਵੇ ਤਾਂ ਕਿਸਾਨ ਤੇ ਖੇਤ ਮਜ਼ਦੂਰ ਦੀ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। 70 ਫ਼ੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜਿਸ ਵਿਚੋਂ ਵੱਡਾ ਹਿੱਸੇ ਦੀ ਰੋਜ਼ੀ-ਰੋਟੀ ਖੇਤੀ ਉਤੇ ਨਿਰਭਰ ਹੈ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਇਸ ਦਾ ਹਿੱਸਾ ਘਟ ਕੇ 13 ਫ਼ੀਸਦੀ ਰਹਿ ਗਿਆ ਹੈ। ਪਾਰਲੀਮੈਂਟ ਵਿਚ ਪੇਸ਼ ਕੀਤੇ ਤੱਥਾਂ ਅਨੁਸਾਰ ਦੇਸ਼ ਦਾ ਢਾਈ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਚੁੱਕਾ ਹੈ। ਸਮੱਸਿਆ ਨਾਲ ਸੁਲਝਣ ਲਈ ਭਾਰਤ ਸਰਕਾਰ ਵੱਲੋਂ ਪਹਿਲੀ ਵਾਰ ਕਿਸਾਨ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਡਾ. ਐਮ.ਐਸ. ਸਵਾਮੀਨਾਥਨ ਦੀ ਅਗਵਾਈ ਵਿਚ ਬਣਾਏ ਇਸ ਕਮਿਸ਼ਨ ਨੇ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ ਸਨ ਜਿਨ੍ਹਾਂ ਵਿਚੋਂ ਪ੍ਰਮੁੱਖ ਸਿਫ਼ਾਰਸ਼ਾਂ ਮੰਨਣ ਤੋਂ ਸਰਕਾਰ ਅਜੇ ਤਕ ਵੀ ਇਨਕਾਰੀ ਹੈ। ਇਸ ਤੋਂ ਵੀ ਵੱਡਾ ਮਾਮਲਾ ਹੈ ਕਿ ਸਰਕਾਰੀ ਨੀਤੀਆਂ ਇਸ ਸੰਕਟ ਮੌਕੇ ਵੀ ਕਿਸਾਨ ਦੀ ਬਾਂਹ ਫੜਨ ਵਾਲੀਆਂ ਨਹੀਂ ਹਨ। ਮੌਜੂਦਾ ਦੌਰ ਵਿਚ ਜਦੋਂ ਹਰ ਚੀਜ਼ ਦਾ ਬੀਮਾ ਕਰਨ ਲਈ ਕੰਪਨੀਆਂ ਗਾਹਕ ਲੱਭ ਰਹੀਆਂ ਹਨ ਤਾਂ ਕਿਸਾਨ ਦੀ ਫ਼ਸਲ ਲਈ ਢੁਕਵੀਂ ਬੀਮਾ ਨੀਤੀ ਨਹੀਂ ਬਣਾਈ ਜਾ ਸਕੀ।

# ਸਰਕਾਰੀ ਸਕੂਲਾਂ ਵੱਲ ਵਿਦਿਆਰਥੀਆਂ ਖਿੱਚਣ ਦਾ ਯਤਨ ਕਰੇਗੀ ਸਰਕਾਰ

**ਮੁਹਾਲੀ:** ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਪੰਜਾਬ ਦੇ ਪੇਂਡੂ ਖੇਤਰ ਦੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦਾ ਬੀੜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਵਿਸ਼ੇਸ਼ ਮੁਹਿੰਮ ਚਲਾ ਕੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਕਰਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿਚ ਸਿੱਖਿਆ ਅਧਿਕਾਰੀਆਂ ਦੀ ਮੀਟਿੰਗ ਵਿਚ ਨਵੇਂ ਵਿਦਿਅਕ ਵਰ੍ਹੇ ਦੌਰਾਨ ਸਿੱਖਿਆ ਸੁਧਾਰਾਂ ਵਿਚ ਹੋਰ ਤੇਜ਼ੀ ਲਿਆਉਣ, 10 ਤੋਂ ਘੱਟ ਵਿਦਿਆਰਥੀਆਂ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਰੈਸ਼ਨੇਲਾਈਜੇਸ਼ਨ ਨੀਤੀ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਸੁਝਾਅ ਲੈਣ ਲਈ ਵੱਖ-ਵੱਖ ਮੀਟਿੰਗਾਂ ਕੀਤੀਆਂ ਗਈਆਂ। ਸਿੱਖਿਆ ਮੰਤਰੀ ਨੇ ਐਲਾਨ ਕੀਤਾ ਕਿ ਜਿਹੜੇ ਅਧਿਆਪਕ ਵੱਧ ਤੋਂ ਵੱਧ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਲਈ ਮੋਹਰੀ ਭੂਮਿਕਾ ਨਿਭਾਉਣਗੇ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ।

ਸਿੱਖਿਆ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਸਕੂਲ ਕਿਸੇ ਹੋਰ ਸਰਕਾਰੀ ਸਕੂਲ ਤੋਂ ਇਕ ਕਿਲੋਮੀਟਰ ਤੋਂ ਘੱਟ ਦੂਰੀ ਉਤੇ ਹੈ ਤਾਂ ਉਹ ਖ਼ੁਦ ਸਥਾਨਕ ਪੱਧਰ ਉਤੇ ਰਾਏ ਨਾਲ ਇਨ੍ਹਾਂ ਨੂੰ ਜੋੜਨ ਲਈ ਉਪਰਾਲਾ ਕਰਨ।

# ਖ਼ੈਬਰ ਪਖਤੂਨਖ਼ਵਾ ਦੇ ਪਿੰਡ ਵਿਚ ਮੰਦਰ ਦੀ ਹੋਵੇਗੀ ਮੁੜ ਉਸਾਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਇਕ ਫੈਸਲੇ ਵਿਚ ਖੈਬਰ ਪਖਤੂਨਖਵਾ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਕਰਕ ਜ਼ਿਲ੍ਹੇ ਦੇ ਪਿੰਡ ਟੇਰੀ ਦੇ ਹਿੰਦੂ ਮੰਦਰ ਦਾ ਕਬਜ਼ਾ ਵਾਪਸ ਕਰਵਾ ਕੇ ਇਸ ਦੀ ਮੁੜ ਉਸਾਰੀ ਕਰਾਏ। ਚੀਫ ਜਸਟਿਸ ਨਾਸਿਰ-ਉਲ-ਮਲਕ 'ਤੇ ਆਧਾਰਤ ਦੋ ਮੈਂਬਰੀ ਜੱਜ ਬੈਂਚ ਨੇ ਵਧੀਕ ਐਡਵੋਕੇਟ ਜਨਰਲ ਵਾਕਿਰ ਅਹਿਮਦ ਵੱਲੋਂ ਅਦਾਲਤ ਵਿਚ ਇਹ ਦੱਸੇ ਜਾਣ ਕਿ ਵਿਵਾਦ ਨੂੰ ਢੁਕਵੇਂ ਢੰਗ ਨਾਲ ਹੱਲ ਕਰਨ ਦੇ ਯਤਨ ਹੋ ਰਹੇ ਹਨ, ਉਪਰੋਕਤ ਫੈਸਲਾ ਸੁਣਾਇਆ ਹੈ।

ਪਾਕਿਸਤਾਨ ਹਿੰਦੂ ਕੌਂਸਲ ਦੇ ਸਰਪ੍ਰਸਤ ਤੇ ਪੀਐਮਐਲ-ਐਨ ਦੇ ਕੌਮੀ ਅਸੈਂਬਲੀ ਮੈਂਬਰ ਡਾ. ਰਮੇਸ਼ ਕੁਮਾਰ ਵਾਂਕਵਾਨੀ ਨੇ ਇਹ ਮਾਮਲਾ ਸੁਪਰੀਮ ਕੋਰਟ ਵਿਚ ਉਠਾਉਂਦਿਆਂ ਕਿਹਾ ਸੀ ਕਿ ਦੇਸ਼ ਅੰਦਰ ਹਿੰਦੂਆਂ ਨਾਲ ਵਿਤਕਰੇ ਦੀਆਂ ਘਟਨਾਵਾਂ ਅਕਸਰ ਵਾਪਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕਰਕ ਜ਼ਿਲ੍ਹੇ ਦੇ ਪਿੰਡ ਟੇਰੀ ਵਿਚ ਸ੍ਰੀ ਪਰਮਹੰਸ ਜੀ ਮਹਾਰਾਜ ਦੀ ਸਮਾਧ ਉਪਰ ਪ੍ਰਭਾਵਸ਼ਾਲੀ ਮੁਫਤੀ ਨੇ ਕਬਜ਼ਾ ਕੀਤਾ ਹੋਇਆ ਹੈ। ਸੁਪਰੀਮ ਕੋਰਟ ਨੇ ਆਪਣੇ 11 ਮਾਰਚ ਨੂੰ ਜਾਰੀ ਨਿਰਦੇਸ਼ਾਂ 'ਤੇ ਅਮਲ ਕਰਨ ਦੀ ਹਦਾਇਤ ਕੀਤੀ ਹੈ। ਸ੍ਰੀ ਪਰਮਹੰਸ ਜੀ ਦਾ ਦੇਹਾਂਤ 1919 ਵਿਚ ਹੋ ਗਿਆ ਸੀ। ਉਨ੍ਹਾਂ ਦੇ ਸ਼ਰਧਾਲੂ ਉਦੋਂ ਤੱਕ ਆਉਂਦੇ ਰਹੇ ਜਦੋਂ ਤੱਕ ਕੱਟੜ ਮੁਫ਼ਤੀ ਨੇ ਮੰਦਰ ਢਾਹ ਕੇ ਉਸ ਉਪਰ ਕਬਜ਼ਾ ਨਾ ਕਰ ਲਿਆ। ਸਿੰਧ ਦੇ ਹਿੰਦੂ ਬਜ਼ੁਰਗਾਂ ਨੇ 1999 ਵਿਚ ਜ਼ਮੀਨ ਦੀ ਕੀਮਤ 3,75,000 ਰੁਪਏ ਮੁਫਤੀ ਨੂੰ ਅਦਾ ਕਰ ਦਿੱਤੀ ਪਰ ਮੰਦਰ ਵਾਲੀ ਥਾਂ ਦਾ ਕਬਜ਼ਾ ਉਨ੍ਹਾਂ ਨੂੰ ਫਿਰ ਨਹੀਂ ਮਿਲਿਆ।

# ਸ੍ਰੀ ਅਨੰਦਪੁਰ ਸਾਹਿਬ ਸਥਾਪਨਾ ਦਿਵਸ ਦੀਆਂ ਤਿਆਰੀਆਂ



**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ 'ਸ੍ਰੀ ਅਨੰਦਪੁਰ ਸਾਹਿਬ ਵਿਰਾਸਤ ਤੇ ਸੰਦੇਸ਼ ਵਿਸ਼ੇ ਉਤੇ 10 ਜੂਨ ਨੂੰ ਸੈਮੀਨਾਰ ਤੇ ਕੇਸਗੜ੍ਹ ਸਾਹਿਬ ਕੰਪਲੈਕਸ ਵਿਚ ਅਤਿ ਆਧੁਨਿਕ ਤਕਨੀਕਾਂ ਨਾਲ ਲੈਸ ਮੀਡੀਆ ਸੈਂਟਰ ਸਥਾਪਿਤ ਕਰਨਾ ਦਾ ਫੈਸਲਾ ਕੀਤਾ ਹੈ। ਇਹ ਫੈਸਲੇ ਇਥੇ ਰਜਿੰਦਰ ਸਿੰਘ ਮਹਿਤਾ ਤੇ ਨਿਰਮੈਲ ਸਿੰਘ ਜੌਲਾਂ ਐਕਿੰਗ ਮੈਂਬਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੇਠ ਮਾਤਾ ਨਾਨਕੀ ਨਿਵਾਸ ਉਤੇ ਸਬ ਕਮੇਟੀਆਂ ਦੀ ਹੋਈ ਮੀਟਿੰਗ ਵਿਚ ਲਏ ਗਏ।

ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਸ਼੍ਰੋਮਣੀ ਕਮੇਟੀ ਨੇ ਦੱਸਿਆ ਕਿ ਸਥਾਪਨਾ ਦਿਵਸ ਦੇ ਜਸ਼ਨਾਂ ਮੌਕੇ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀਆਂ 'ਸ਼ਮਸ਼ੇਰ ਖਾਲਸਾ', 'ਚਾਰ ਸਹਿਬਜ਼ਾਦੇ' ਤੇ 'ਦਸਤਾਰ ਮਹਾਨ ਹੈ ਸਿੱਖੀ ਦੀ ਸ਼ਾਨ ਹੈ' ਧਾਰਮਿਕ ਫਿਲਮਾਂ ਵਿਖਾਈਆਂ ਜਾਣਗੀਆਂ ਜਦਕਿ 15 ਜੂਨ ਤੋਂ 20 ਜੂਨ ਤੀਕ ਸਿੱਖ ਇਤਿਹਾਸ ਨੂੰ ਦਰਸਾਉਂਦੀ ਚਿੱਤਰ ਪ੍ਰਦਰਸ਼ਨੀ, ਪੁਸਤਕ ਪ੍ਰਦਰਸ਼ਨੀ ਦਸਮੇਸ਼ ਹਾਲ ਵਿੱਚ ਲਗਾਈ ਜਾਵੇਗੀ। ਇਸ ਤੋਂ ਇਲਾਵਾ 17 ਜੂਨ ਨੂੰ ਖਾਲਸਾ ਕਾਲਜ ਵਿਚ ਹਾਕੀ, ਕਬੱਡੀ ਦੇ ਸ਼ੋਅ ਮੈਚ ਤੇ ਯੁੱਧ ਕਲਾ ਦਾ ਪ੍ਰਤੀਕ ਗੱਤਕਾ ਮੁਕਾਬਲੇ ਕਰਵਾਏ ਜਾਣਗੇ। ਇਸੇ ਸਥਾਨ ਉਤੇ ਹੀ 18 ਜੂਨ ਨੂੰ ਯੁਵਕ ਮੇਲਾ ਵੀ ਕਰਵਾਇਆ ਜਾਵੇਗਾ।

ਇਸੇ ਦਿਨ ਚਰਨ ਗੰਗਾ ਸਟੇਡੀਅਮ ਵਿਖੇ ਨਿਹੰਗ ਸਿੰਘ ਦਲਾਂ ਦੇ ਘੋੜ ਸਵਾਰਾਂ ਦੀਆਂ ਘੋੜ ਦੌੜਾਂ ਹੋਣਗੀਆਂ ਤੇ ਰਾਤ ਨੂੰ ਤਖ਼ਤ ਸਾਹਿਬ ਦੇ ਸਾਹਮਣੇ ਆਤਿਸ਼ਬਾਜ਼ੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 17, 18 ਤੇ 19 ਜੂਨ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਹੋਵੇਗਾ ਤੇ ਕਿਲ੍ਹਾ ਅਨੰਦਗੜ੍ਹ ਵਿਖੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਏ ਜਾਣਗੇ। ਸ਼ਤਾਬਦੀ ਸਮਾਗਮਾਂ ਸਮੇਂ 'ਸਿੱਖੀ ਸਰੂਪ ਮੇਰਾ ਅਸਲੀ ਰੂਪ' ਲਹਿਰ ਤਹਿਤ 15000 ਬੱਚਿਆਂ ਵੱਲੋਂ ਸਿੱਖੀ ਸਰੂਪ ਵਿਚ ਵਾਪਸ ਆਉਣ ਦਾ ਪ੍ਰਣ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਉਤੇ ਸਨਮਾਨਤ ਕੀਤਾ ਜਾਵੇਗਾ।

# ਵਿਦੇਸ਼ ਉਡਾਰੀ ਵਾਲੇ ਮੁਲਾਜ਼ਮਾਂ ਦੀ ਜਾਂਚ ਬਾਰੇ ਬਿਊਰੋ ਦੀ ਇਕ ਨਾ ਚੱਲੀ

## ਸਬੰਧਤ ਵਿਭਾਗਾਂ ਨੇ ਮੁੱਖ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਨਾ ਦਿੱਤਾ ਕੋਈ ਰਾਹ




**ਚੰਡੀਗੜ੍ਹ:** ਵਿਦੇਸ਼ ਡੇਰੇ ਲਾਈ ਬੈਠੇ ਮੁਲਾਜ਼ਮਾਂ ਬਾਰੇ ਚੱਲ ਰਹੀ ਪੰਜਾਬ ਵਿਜੀਲੈਂਸ ਬਿਊਰੋ ਦੀ ਜਾਂਚ ਨੂੰ ਸਬੰਧਤ ਵਿਭਾਗਾਂ ਨੇ ਕੋਈ ਰਾਹ ਨਹੀਂ ਦਿੱਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਤੂਬਰ 2014 ਦੌਰਾਨ ਸਰਕਾਰੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਨਿਯਮਾਂ ਦੇ ਉਲਟ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਦੇ ਮਾਮਲੇ ਦੀ ਵਿਜੀਲੈਂਸ ਪੜਤਾਲ ਦੇ ਹੁਕਮ ਦਿੰਦਿਆਂ ਇਕ ਮਹੀਨੇ ਵਿਚ ਰਿਪੋਰਟ ਦੇਣ ਲਈ ਕਿਹਾ ਸੀ। ਬਿਊਰੋ ਦੇ ਸੂਤਰਾਂ ਮੁਤਾਬਕ ਵੱਖ-ਵੱਖ ਵਿਭਾਗਾਂ ਨੇ 200 ਦੇ ਕਰੀਬ ਮੁਲਾਜ਼ਮਾਂ ਤੇ ਦਰਜਾ 1 ਅਫ਼ਸਰਾਂ ਦੇ ਇਮੀਗਰੇਸ਼ਨ ਹਾਸਲ ਕਰਨ ਦੀ ਜਾਣਕਾਰੀ ਦਿੱਤੀ ਹੈ। ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਨਿਯਮਾਂ ਨੂੰ ਛਿੱਕੇ ਟੰਗਿਆ ਹੈ।

ਵਿਜੀਲੈਂਸ ਨੂੰ ਭ੍ਰਿਸ਼ਟਾਚਾਰ ਦੇ ਕੁਝ ਕੇਸਾਂ ਵਿਚ ਅਫ਼ਸਰਾਂ ਵੱਲੋਂ ਰਿਸ਼ਵਤਖੋਰੀ ਦੇ ਪੈਸੇ ਨੂੰ ਵਿਦੇਸ਼ ਭੇਜਣ ਤੇ ਫਿਰ ਐਨ.ਆਰ.ਆਈ. ਖਾਤਿਆਂ ਰਾਹੀਂ ਭਾਰਤ ਮੰਗਵਾ ਕੇ ਇਕ ਨੰਬਰ ਦਾ ਬਣਾਉਣ ਦੇ ਤੱਥ ਹਾਸਲ ਹੋਏ ਸਨ। ਵਿਜੀਲੈਂਸ ਵੱਲੋਂ ਭਾਵੇਂ ਸਾਰੇ ਵਿਭਾਗਾਂ ਨੂੰ ਇਮੀਗਰੇਸ਼ਨ ਦੀ ਜਾਣਕਾਰੀ ਹਾਸਲ ਕਰਨ ਲਈ ਇਕ ਸਾਲ ਤੋਂ ਜੱਦੋਜਹਿਦ ਕੀਤੀ ਜਾ ਰਹੀ ਹੈ ਪਰ ਸਫ਼ਲਤਾ ਨਹੀਂ ਮਿਲੀ। ਮੁੱਖ ਮੰਤਰੀ ਦੇ ਹੁਕਮਾਂ ਤੋਂ ਬਾਅਦ ਵੀ ਵਿਭਾਗਾਂ ਨੇ ਜਾਣਕਾਰੀ ਮੁਹੱਈਆ ਨਹੀਂ ਕਰਾਈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਪੁਲਿਸ ਦੇ ਬਹੁ ਗਿਣਤੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਇਮੀਗਰੇਸ਼ਨ ਹਾਸਲ ਕੀਤੇ ਜਾਣ ਦੇ ਤੱਥ ਮੌਜੂਦ ਹਨ ਪਰ ਪੁਲਿਸ ਵੱਲੋਂ ਵਿਜੀਲੈਂਸ ਨੂੰ ਸੂਚਨਾ ਨਹੀਂ ਦਿੱਤੀ ਜਾ ਰਹੀ। ਸੂਬਾ ਸਰਕਾਰ ਦੇ ਕੁੱਲ 49 ਵਿਭਾਗਾਂ ਵੱਲੋਂ ਸਹਿਯੋਗ ਨਾ ਦਿੱਤੇ ਜਾਣ ਕਾਰਨ ਬਿਊਰੋ ਨੇ ਸਰਕਾਰ ਤੱਕ ਪਹੁੰਚ ਕੀਤੀ ਹੈ। ਸੂਤਰਾਂ ਮੁਤਾਬਕ ਲੰਘੇ ਹਫ਼ਤੇ ਦੌਰਾਨ ਬਿਊਰੋ ਨੇ ਸਰਕਾਰ ਨੂੰ ਲਿਖਤੀ ਤੌਰ ਉਤੇ ਦੱਸਿਆ ਹੈ ਕਿ ਪੰਜ ਵਿਭਾਗਾਂ ਨੇ ਤਾਂ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਵਾਲੇ ਅਫ਼ਸਰਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਭੇਜੀ, ਜਦੋਂ ਕਿ 44 ਹੋਰ ਵਿਭਾਗਾਂ ਜਿਨ੍ਹਾਂ ਵਿਚ ਕੁਝ ਬੋਰਡ ਤੇ ਨਿਗਮ ਵੀ ਸ਼ਾਮਲ ਹਨ, ਨੇ ਅਧੂਰੀ ਜਾਣਕਾਰੀ ਮੁਹੱਈਆ ਕਰਾਈ ਹੈ। ਵਿਭਾਗਾਂ ਦੇ ਇਸ ਰਵੱਈਏ ਕਾਰਨ ਬਿਊਰੋ ਜਾਂਚ ਸਿਰੇ ਨਹੀਂ ਚਾੜ੍ਹ ਸਕਿਆ।

ਸੂਤਰਾਂ ਮੁਤਾਬਕ ਬਿਊਰੋ ਨੇ ਸਰਕਾਰ ਦੇ ਧਿਆਨ ਵਿਚ ਲਿਆਂਦਾ ਹੈ ਕਿ ਸਹਿਕਾਰਤਾ, ਖੁਰਾਕ ਤੇ ਸਪਲਾਈ, ਦਿਹਾਤੀ ਵਿਕਾਸ ਤੇ ਪੰਚਾਇਤ, ਡੀ.ਪੀ.ਆਈ. ਕਾਲਜਿਜ਼ ਤੇ ਗ੍ਰਹਿ ਵਿਭਾਗ ਨੇ ਤਾਂ ਜਾਣਕਾਰੀ ਭੇਜਣ ਬਾਰੇ ਪੂਰੀ ਤਰ੍ਹਾਂ ਘੇਸਲ ਵੱਟ ਲਈ ਹੈ। ਪੰਜਾਬ ਪੁਲਿਸ ਦੇ ਵੱਡੀ ਗਿਣਤੀ ਗਜ਼ਟਿਡ ਅਫ਼ਸਰਾਂ ਨੇ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। 44 ਵਿਭਾਗ, ਬੋਰਡਾਂ ਤੇ ਨਿਗਮ ਅਜਿਹੇ ਹਨ, ਜਿਨ੍ਹਾਂ ਅਧੂਰੀ ਜਾਣਕਾਰੀ ਭੇਜੀ ਹੈ। ਅੱਧ ਪਚੱਧ ਜਾਣਕਾਰੀ ਮੁਹੱਈਆ ਕਰਾਉਣ ਵਾਲੇ ਵਿਭਾਗਾਂ ਵਿਚ ਕਰ ਤੇ ਆਬਕਾਰੀ, ਖੇਤੀਬਾੜੀ, ਲੋਕ ਨਿਰਮਾਣ ਵਿਭਾਗ, ਮਾਲ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ, ਵਿੱਤ, ਉਦਯੋਗ, ਤਕਨੀਕੀ ਸਿੱਖਿਆ, ਸਿਹਤ, ਮੈਡੀਕਲ ਸਿੱਖਿਆ, ਜੇਲ੍ਹਾਂ, ਸਿੰਜਾਈ, ਪੰਜਾਬ ਮੰਡੀ ਬੋਰਡ ਤੇ ਸਾਰੀਆਂ ਯੂਨੀਵਰਸਿਟੀਆਂ ਸ਼ਾਮਲ ਹਨ। ਬਿਊਰੋ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਕੰਮਲ ਜਾਣਕਾਰੀ ਨਾ ਆਉਣ ਕਾਰਨ ਜਾਂਚ ਨੇਪਰੇ ਨਹੀਂ ਚੜ੍ਹ ਸਕੀ। ਬਿਊਰੋ ਨੂੰ ਨਿਰਦੇਸ਼ ਦੇਣ ਤੋਂ ਬਾਅਦ ਸਰਕਾਰ ਨੇ ਸਾਰੇ ਵਿਭਾਗਾਂ ਦੇ ਮੁੱਖ ਵਿਜੀਲੈਂਸ ਅਫ਼ਸਰਾਂ ਨਾਲ ਮੀਟਿੰਗ ਕਰ ਕੇ ਇਹ ਜਾਣਕਾਰੀ ਬਿਊਰੋ ਨੂੰ ਦੇਣ ਲਈ ਕਿਹਾ ਸੀ। ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਪੰਜ ਸਾਲਾ ਸਵੈ ਰੁਜ਼ਗਾਰ ਛੁੱਟੀ ਦੀ ਸਹੂਲਤ ਦਿੱਤੀ ਗਈ ਸੀ, ਜਿਸ ਦਾ ਲਾਹਾ ਲੈਂਦਿਆਂ ਅਫ਼ਸਰਾਂ ਤੇ ਮੁਲਾਜ਼ਮਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਸੀ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਵੱਖ-ਵੱਖ ਵਿਭਾਗਾਂ ਤੋਂ ਹਾਸਲ ਜਾਣਕਾਰੀ ਮੁਤਾਬਕ ਦੋ ਹਜ਼ਾਰ ਦੇ ਕਰੀਬ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਵਿਦੇਸ਼ਾਂ ਵਿਚ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਇਨ੍ਹਾਂ ਵਿਚ ਆਈ.ਪੀ.ਐਸ., ਪੀ.ਸੀ.ਐਸ. ਤੇ ਪੀ.ਪੀ.ਐਸ. ਅਫ਼ਸਰ ਵੀ ਸ਼ਾਮਲ ਹਨ। ਸੇਵਾ ਨਿਯਮਾਂ ਮੁਤਾਬਕ ਕੋਈ ਵੀ ਅਫ਼ਸਰ ਜਾਂ ਮੁਲਾਜ਼ਮ ਵਿਦੇਸ਼ਾਂ ਵਿਚ ਇਮੀਗ੍ਰੇਸ਼ਨ ਹਾਸਲ ਨਹੀਂ ਕਰ ਸਕਦਾ ਤੇ ਜੇਕਰ ਕਿਸੇ ਅਧਿਕਾਰੀ ਨੇ ਅਜਿਹਾ ਕੀਤਾ ਤਾਂ ਉਸ ਵਿਰੁੱਧ ਕਾਰਵਾਈ ਹੋ ਸਕਦੀ ਹੈ। ਪੰਜਾਬ ਸਰਕਾਰ ਦੇ ਮੁੱਖ ਸਕੱਤਰ-ਕਮ-ਪ੍ਰਮੁੱਖ ਸਕੱਤਰ ਵਿਜੀਲੈਂਸ ਸਰਵੇਸ਼ ਕੌਸ਼ਲ ਨੇ ਦੱਸਿਆ ਵਿਜੀਲੈਂਸ ਬਿਊਰੋ ਵੱਲੋਂ ਇਮੀਗਰੇਸ਼ਨ ਦੇ ਤੱਥਾਂ ਨਾਲ ਜੁੜੀ ਜਾਣਕਾਰੀ ਵਿਭਾਗਾਂ ਵੱਲੋਂ ਮੁਹੱਈਆ ਨਾ ਕਰਾਉਣ ਬਾਰੇ ਪੱਤਰ ਸਰਕਾਰ ਨੂੰ ਮਿਲ ਗਿਆ ਹੈ। ਮੁੱਖ ਮੰਤਰੀ ਦੇ ਹੁਕਮਾਂ ਮੁਤਾਬਕ ਇਸ ਗੰਭੀਰ ਮਾਮਲੇ ਉਤੇ ਚੱਲ ਰਹੀ ਪੜਤਾਲ ਨੂੰ ਹਰ ਹਾਲਤ ਵਿਚ ਨੇਪਰੇ ਚਿੜ੍ਹਆ ਜਾਵੇਗਾ।

# ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਕੇਂਦਰ ਦੇ ਰਹਿਮੋ-ਕਰਮ ‘ਤੇ ਛੱਡਿਆ

**ਚੰਡੀਗੜ੍ਹ:** ਗੁਆਂਢੀ ਸੂਬਿਆਂ ਵੱਲੋਂ ਕਿਸਾਨਾਂ ਦੇ ਫਸਲੀ ਨੁਕਸਾਨ ਦੀ ਰਾਹਤ ਰਾਸ਼ੀ ਵਧਾਉਣਾ ਪੰਜਾਬ ਸਰਕਾਰ ਲਈ ਨਮੋਸ਼ੀ ਦਾ ਸਬੱਬ ਬਣ ਗਿਆ ਹੈ। ਪੰਜਾਬ ਸਰਕਾਰ ਨੇ ਆਪਣੀ ਮਾੜੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਕਿਸਾਨਾਂ ਤੇ ਵਿਰੋਧੀ ਧਿਰਾਂ ਦੇ ਰੋਸ ਦੇ ਬਾਵਜੂਦ ਹਰਿਆਣਾ ਤੇ ਦਿੱਲੀ ਵਾਂਗ ਆਪਣੇ ਪੱਧਰ ‘ਤੇ ਰਾਹਤ ਰਾਸ਼ੀ ਵਧਾਉਣ ਦੀ ਥਾਂ ਕੇਂਦਰ ‘ਤੇ ਹੀ ਟੇਕ ਰੱਖਣ ਦਾ ਫੈਸਲਾ ਕੀਤਾ ਹੈ।

ਪੰਜਾਬ ਸਰਕਾਰ ਦੀ ਤਜਵੀਜ਼ ਅਨੁਸਾਰ 75 ਤੋਂ ਸੌ ਫੀਸਦ ਫਸਲ ਬਰਬਾਦ ਹੋਣ ਉਤੇ ਅੱਠ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਸ਼ੀ ਮਿਲੇਗੀ। ਇਸ ਵਿਚ 5400 ਰੁਪਏ ਕੇਂਦਰ ਤੇ 2600 ਰੁਪਏ ਪ੍ਰਤੀ ਏਕੜ ਪੰਜਾਬ ਸਰਕਾਰ ਦਾ ਹਿੱਸਾ ਹੋਵੇਗਾ। ਪੰਜਾਬ ਸਰਕਾਰ ਨੇ ਕੇਂਦਰ ਤੋਂ ਫਸਲਾਂ ਦੇ ਖਰਾਬੇ ਲਈ ਘੱਟੋ ਘੱਟ 10 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਹਤ ਦੇਣ ਦੀ ਮੰਗ ਕੀਤੀ ਸੀ। ਹਰਿਆਣਾ ਸਰਕਾਰ ਨੇ ਆਪਣੇ ਵੱਲੋਂ 10 ਹਜ਼ਾਰ ਰੁਪਏ ਦੀ ਰਾਹਤ ਰਾਸ਼ੀ ਦਾ ਐਲਾਨ ਕੀਤਾ ਹੈ, ਜਦੋਂ ਕਿ ਦਿੱਲੀ ਸਰਕਾਰ ਨੇ ਵੀਹ ਹਜ਼ਾਰ ਪ੍ਰਤੀ ਏਕੜ ਦੇਣ ਦਾ ਐਲਾਨ ਕਰ ਦਿੱਤਾ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਫਸਲਾਂ ਦੇ ਖਰਾਬੇ ਬਾਰੇ ਮਾਲ ਵਿਭਾਗ ਵੱਲੋਂ ਤਿਆਰ ਕੀਤੀ ਤਜਵੀਜ਼ ਨੂੰ ਮਨਜ਼ੂਰ ਕਰ ਲਿਆ ਹੈ। ਤਜਵੀਜ਼ ਅਨੁਸਾਰ 25 ਤੋਂ 32 ਫੀਸਦੀ ਤੱਕ ਫਸਲ ਖਰਾਬੇ ਲਈ ਪੰਜਾਬ ਸਰਕਾਰ ਦੋ ਹਜ਼ਾਰ ਰੁਪਏ ਪ੍ਰਤੀ ਏਕੜ ਰਾਹਤ ਦੇਵੇਗੀ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਰਾਜ ਸਰਕਾਰ 25 ਤੋਂ ਪੰਜਾਹ ਫੀਸਦੀ ਤੱਕ ਖਰਾਬੇ ਲਈ ਦੋ ਹਜ਼ਾਰ ਰੁਪਏ ਦਿੰਦੀ ਸੀ ਕਿਉਂਕਿ ਉਸ ਵਕਤ ਕੇਂਦਰ ਸਰਕਾਰ ਸਿਰਫ ਪੰਜਾਹ ਫੀਸਦ ਤੋਂ ਵੱਧ ਖਰਾਬੇ ਲਈ ਹੀ ਪੈਸੇ ਦਿੰਦੀ ਸੀ।33 ਤੋਂ ਪੰਜਾਹ ਫੀਸਦੀ ਤੱਕ ਕੇਂਦਰ ਸਰਕਾਰ ਵੱਲੋਂ ਐਲਾਨੀ 5400 ਰੁਪਏ ਪ੍ਰਤੀ ਏਕੜ ਦੀ ਸਹਾਇਤਾ ਹੀ ਦਿੱਤੀ ਜਾਵੇਗੀ। ਇਸ ਵਿਚ ਪੰਜਾਬ ਸਰਕਾਰ ਆਪਣੇ ਹਿੱਸੇ ਦਾ ਪਹਿਲਾਂ ਪਾਇਆ ਜਾਣ ਵਾਲਾ 1400 ਰੁਪਏ ਪ੍ਰਤੀ ਏਕੜ ਦਾ ਹਿੱਸਾ ਨਹੀਂ ਪਾਵੇਗੀ। ਨਵੀਂ ਤਜਵੀਜ਼ ਅਨੁਸਾਰ 75 ਤੋਂ ਸੌ ਫੀਸਦੀ ਨੁਕਸਾਨ ਵਾਲਿਆਂ ਨੂੰ ਪੰਜਾਬ ਸਰਕਾਰ 2600 ਰੁਪਏ ਪਾ ਕੇ ਅੱਠ ਹਜ਼ਾਰ ਰੁਪਏ ਸਹਾਇਤਾ ਦੇਵੇਗੀ। ਸੂਤਰਾਂ ਅਨੁਸਾਰ ਇਸ ਵਿਚੋਂ 1200 ਰੁਪਏ ਨੀਤੀ ਦਾ ਹਿੱਸਾ ਨਹੀਂ ਹੋਵੇਗਾ ਕਿਉਂਕਿ ਇਹ ਸਿਰਫ ਇਸ ਸੀਜ਼ਨ ਲਈ ਹੀ ਦਿੱਤਾ ਜਾਵੇਗਾ। ਸਰਕਾਰ ਨੇ ਇਕੋ ਸੀਜ਼ਨ ਵਿਚ ਦਿੱਤੇ ਜਾਣ ਵਾਲੇ 1200 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 14 ਕਰੋੜ ਰੁਪਏ ਮੰਡੀ ਬੋਰਡ ਤੋਂ ਲੈਣ ਦਾ ਫੈਸਲਾ ਕੀਤਾ ਸੀ।

ਦੱਸਣਯੋਗ ਹੈ ਕਿ ਕੁਦਰਤੀ ਕਰੋਪੀ ਤੋਂ ਇਲਾਵਾ ਬਾਰਦਾਨੇ ਦੀ ਕਮੀ, ਟਰਾਂਸਪੋਰਟ ਤੇ ਪੱਲੇਦਾਰਾਂ ਦੇ ਮਾਮਲੇ ਵਿਚ ਸਰਕਾਰ ਵੱਲੋਂ ਕੀਤੀ ਪ੍ਰਬੰਧਾਂ ਦੀ ਅਣਗਹਿਲੀ ਕਾਰਨ ਕਿਸਾਨ ਕਈ-ਕਈ ਦਿਨਾਂ ਤੋਂ ਮੰਡੀ ਵਿਚ ਰੁਲਣ ਲਈ ਮਜਬੂਰ ਹਨ। ਦੂਜੇ ਪਾਸੇ ਹਰਿਆਣਾ ਸਰਕਾਰ ਨੇ ਸੂਬੇ ਦੇ ਕਿਸਾਨਾਂ ਨੂੰ ਰਾਹਤ ਦਿੰਦੇ ਹੋਏ ਕਣਕ ਦੀ ਖ਼ਰੀਦ ਵਿਚ ਸੁੰਗੜੇ ਤੇ ਟੁੱਟੇ ਦਾਣੇ ਨੂੰ ਕੱਟ ਤੋਂ ਮੁਕਤ ਕਰਨ ਦਾ ਐਲਾਨ ਕੀਤਾ। ਸੂਬਾ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕਣਕ ਦੇ ਇਕ-ਇਕ ਦਾਣੇ ਦੀ ਖ਼ਰੀਦ ਕੀਤੀ ਜਾਵੇਗੀ। ਜੋ ਕਣਕ ਖ਼ਰੀਦੀ ਜਾ ਚੁੱਕੀ ਹੈ, ਉਸ ਉਤੇ ਕੱਟ ਨਹੀਂ ਲਗੇਗੇ ਤੇ ਸਰਕਾਰ 1450 ਰੁਪਏ ਦੇ ਭਾਅ ਕਣਕ ਖ਼ਰੀਦੇਗੀ। ਪੰਜਾਬ ਮੰਡੀ ਬੋਰਡ ਨੇ ਪੈਸਾ ਨਾ ਹੋਣ ਕਰਕੇ ਹੱਥ ਖੜੇ ਕਰ ਦਿੱਤੇ ਹਨ ਕਿਉਂਕਿ ਬੋਰਡ ਕੋਲ ਪਹਿਲੀਆਂ ਦੇਣਦਾਰੀਆਂ ਲਈ ਹੀ ਪੂਰਾ ਪ੍ਰਬੰਧ ਨਹੀਂ ਹੈ। ਹੁਣ ਇਸ ਪੈਸੇ ਲਈ ਵੀ ਵਿੱਤ ਵਿਭਾਗ ਵੱਲ ਹੀ ਨਜ਼ਰਾਂ ਲੱਗ ਗਈਆਂ ਹਨ। ਪੰਜਾਬ ਸਰਕਾਰ ਨੇ ਬੇਸ਼ੱਕ ਕੇਂਦਰ ਤੋਂ ਖਰਾਬੇ ਲਈ 717 ਕਰੋੜ ਰੁਪਏ ਦੀ ਮੰਗ ਕੀਤੀ ਸੀ ਪਰ ਸੂਬਾ ਸਰਕਾਰ ਦੇ ਆਪਣੇ ਅਨੁਮਾਨ ਅਨੁਸਾਰ 75 ਫੀਸਦੀ ਤੋਂ ਜ਼ਿਆਦਾ ਖਰਾਬਾ 1.10 ਲੱਖ ਏਕੜ ਰਕਬੇ ਵਿਚ ਹੀ ਹੋਇਆ ਹੈ। ਦੱਸਣਯੋਗ ਹੈ ਕਿ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਫਸਲੀ ਨੁਕਸਾਨ ਕਾਰਨ ਕਿਸਾਨਾਂ ਦੀ ਮੱਦਦ ਦੇ ਮਾਮਲੇ ਵਿਚ ਮੁੱਖ ਮੰਤਰੀ ਤੱਕ ਪਹੁੰਚ ਕੀਤੀ ਸੀ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ 3600 ਰੁਪਏ ਪ੍ਰਤੀ ਏਕੜ ਸਹਾਇਤਾ ਦਿੰਦੀ ਸੀ। ਚੌਦਾਂ ਸੌ ਰੁਪਏ ਕੁਇੰਟਲ ਪੰਜਾਬ ਸਰਕਾਰ ਵੱਲੋਂ ਦੇਣ ਨਾਲ ਕਿਸਾਨ ਨੂੰ 75 ਫੀਸਦੀ ਤੋਂ ਜ਼ਿਆਦਾ ਫਸਲ ਖਰਾਬ ਹੋਣ ਉੱਤੇ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਸਹਾਇਤਾ ਮਿਲਦੀ ਸੀ। ਹੁਣ ਕੇਂਦਰ ਸਰਕਾਰ ਵੱਲੋਂ ਕੀਤੇ ਐਲਾਨ ਮੁਤਾਬਿਕ ਕਿਸਾਨਾਂ ਨੂੰ 54 ਸੌ ਰੁਪਏ ਪ੍ਰਤੀ ਏਕੜ ਦੀ ਸਹਾਇਤਾ ਤੇ 33 ਫੀਸਦੀ ਤੋਂ ਵੱਧ ਨੁਕਸਾਨ ਵਾਲੀ ਫਸਲ ਨੂੰ ਵੀ ਸਹਾਇਤਾ ਯੋਜਨਾ ਵਿਚ ਸ਼ਾਮਲ ਕਰ ਲਿਆ ਗਿਆ ਹੈ। ਹਰਿਆਣਾ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਦਸ ਹਜ਼ਾਰ ਰੁਪਏ ਤੇ ਦਿੱਲੀ ਸਰਕਾਰ ਨੇ ਵੀਹ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ।



## ਬਾਦਲ ਦਿੱਲੀ ਸਰਕਾਰ ਵਾਂਗ ਕਿਸਾਨ ਨੂੰ ਰਾਹਤ ਦੇਵੇ: ਛੋਟੇਪੁਰ

**ਗੁਰਦਾਸਪੁਰ:** ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਕਿਸਾਨ ਹਿਤੈਸ਼ੀ ਅਖਵਾਉਣ ਵਾਲੀ ਪੰਜਾਬ ਦੀ ਬਾਦਲ ਸਰਕਾਰ, ਦਿੱਲੀ ਸਰਕਾਰ ਦੀ ਤਰਜ਼ ਉਤੇ ਕਿਸਾਨਾਂ ਨੂੰ ਪ੍ਰਤੀ ਏਕੜ 20 ਹਜ਼ਾਰ ਰੁਪਏ ਮੁਆਵਜ਼ਾ ਦੇਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੇ ਰਹਿਮੋ ਕਰਮ ਦੀ ਬਜਾਏ ਖ਼ੁਦ ਘੱਟੋ ਘੱਟ 20 ਹਜ਼ਾਰ ਰੁਪਏ ਪ੍ਰਤੀ ਏਕੜ ਸੂਬੇ ਦੇ ਸਾਰੇ ਕਿਸਾਨਾਂ ਨੂੰ ਅਦਾਇਗੀ ਕਰੇ। ਸ. ਛੋਟੇਪੁਰ ਨੇ ਕਿਹਾ ਇਕ ਪਾਸੇ ਅਕਾਲੀ-ਭਾਜਪਾ ਸਰਕਾਰ ਦੇ ਵਜੀਰ ਪੰਜਾਬ ਦੀ ਜਨਤਾ ਕੋਲੋਂ ਟੈਕਸ ਦੇ ਤੌਰ ‘ਤੇ ਵਸੂਲੇ ਪੈਸੇ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਖ਼ਰਚ ਕੇ ਪੰਜਾਬ ਦੇ ਖ਼ਜ਼ਾਨੇ ਦੀ ਦੁਰਵਰਤੋਂ ਕਰ ਰਹੇ ਹਨ ਜਦਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਬਣਦਾ ਹੱਕ ਦੇਣ ਤੋਂ ਭੱਜ ਰਹੀ ਹੈ।

## ਕਿਸਾਨਾਂ ਨੂੰ ਅਜੇ ਪਿਛਲੇ ਸਾਲ ਦੇ ਮੁਆਵਜ਼ੇ ਦੀ ਉਡੀਕ

ਪੰਜਾਬ ਸਰਕਾਰ ਨੇ ਸੂਬੇ ਦੇ ਕੁਝ ਹਿੱਸਿਆਂ ਵਿਚ ਪਿਛਲੇ ਸਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ, ਜਦੋਂ ਕਿ ਕੇਂਦਰ ਸਰਕਾਰ ਨੇ ਪਿਛਲੇ ਸਾਲ ਜੁਲਾਈ ਮਹੀਨੇ ਤੇ ਇਸ ਸਾਲ ਫਰਵਰੀ ਵਿਚ ਪੰਜਾਬ ਸਰਕਾਰ ਨੂੰ ਮੁਆਵਜ਼ਾ ਭੇਜ ਦਿੱਤਾ ਸੀ। ਇਸ ਵਿਚ ਪੰਜਾਬ ਸਰਕਾਰ ਨੇ ਆਪਣਾ 67 ਕਰੋੜ ਰੁਪਏ ਦਾ ਹਿੱਸਾ ਪਾ ਕੇ ਕੁੱਲ 270.96 ਕਰੋੜ ਰੁਪਏ ਕਿਸਾਨਾਂ ਨੂੰ ਵੰਡਣੇ ਸਨ ਪਰ ਰਾਜ ਸਰਕਾਰ ਨੇ ਇਸ ਵਿੱਚੋਂ ਧੇਲਾ ਵੀ ਕਿਸਾਨਾਂ ਨੂੰ ਨਹੀਂ ਦਿੱਤਾ। ਹੁਣ ਹਾੜੀ ਦੀ ਤਬਾਹ ਹੋਈ ਫਸਲਾਂ ਦਾ ਮੁਆਵਜ਼ਾ ਦੇਣਾ ਤਾਂ ਅਜੇ ਦੂਰ ਦੀ ਗੱਲ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੇ ਕਿਹਾ ਪਿਛਲੇ ਸਾਲ ਵੀ ਮੁਆਵਜ਼ਾ ਦਿਵਾਉਣ ਲਈ ਮੁੱਖ ਮੰਤਰੀ ਦੀ ਕੋਠੀ ਦੇ ਬਾਹਰ ਧਰਨਾ ਦੇਣਾ ਪਿਆ ਸੀ ਤੇ ਇਸ ਵਾਰ ਵੀ ਧਰਨਾ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਜੇਕਰ ਇਕ ਹਫ਼ਤੇ ਵਿਚ ਪਿਛਲੇ ਸਾਲ ਦਾ ਮੁਆਵਜ਼ਾ ਨਾ ਦਿੱਤਾ ਗਿਆ ਤਾਂ ਪੰਜਾਬ ਕਾਂਗਰਸ ਦੇ ਸਾਰੇ ਵਿਧਾਇਕ 28 ਅਪਰੈਲ ਨੂੰ ਮੁੱਖ ਮੰਤਰੀ ਦੀ ਕੋਠੀ ਦੇ ਬਾਹਰ ਧਰਨਾ ਦੇਣਗੇ।

## ਚੀਨ ’ਚ ਚੋਟੀ ਦੀ ਪੱਤਰਕਾਰ ਬੀਬੀ ਨੂੰ ਸੱਤ ਸਾਲ ਕੈਦ

**ਪੇਇਚਿੰਗ:** ਸਤਾਧਾਰੀ ਕਮਿਊਨਿਸਟ ਪਾਰਟੀ ਦੇ ਆਗੂਆਂ ਵਿਰੁੱਧ ਸਖਤ ਸ਼ਬਦਾਵਲੀ ਵਾਲੀਆਂ ਆਪਣੀਆਂ ਰਿਪਰਟਾਂ ਲਈ ਪ੍ਰਸਿੱਧ 71 ਸਾਲਾ ਪੱਤਰਕਾਰ ਬੀਬੀ ਨੂੰ ਵਿਦੇਸ਼ੀ ਵੈੱਬਸਾਈਟ ਲਈ ਪਾਰਟੀ ਦਾ ਗੁਪਤ ਦਸਤਾਵੇਜ ਲੀਕ ਕਰਨ ਦੇ ਮਾਮਲੇ ਵਿਚ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਬੀਬੀ ਜਾਓ ਯੂ ਨੂੰ ਬੀਜਿੰਗ ਦੀ ਇਕ ਅਦਾਲਤ ਨੇ ਦੇਸ਼ ਦੇ ਗੁਪਤ ਭੇਦ ਜਨਤਕ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਇਆ। ਸੱਜੇ ਪੱਖੀਆਂ ਨੇ ਅਦਾਲਤ ਦੇ ਫੈਸਲੇ ਨੂੰ ਨਿਆਂ ਦਾ ਅਪਮਾਨ ਕਰਾਰ ਦਿੱਤਾ ਹੈ। ਸੁਣਵਾਈ ਦੌਰਾਨ ਜਾਓ ਸ਼ਾਂਤ ਰਹੀ ਤੇ ਮੁਸਕਰਾਉਂਦੀ ਰਹੀ। ਉਸ ਨੇ ਕਿਹਾ ਕਿ ਉਹ ਫੈਸਲੇ ਵਿਰੁੱਧ ਅਪੀਲ ਕਰੇਗੀ। ਬਜ਼ੁਰਗ ਪੱਤਰਕਾਰ ਬੀਬੀ ਨੂੰ ਸਰਕਾਰ ਦੇ ਗੁਪਤ ਦਸਤਾਵੇਜ਼ ਲੀਕ ਕਰਨ ਦੇ ਦੋਸ਼ ਵਿਚ ਪਿਛਲੇ ਸਾਲ 24 ਅਪਰੈਲ ਨੂੰ ਹਿਰਾਸਤ ਵਿਚ ਲੈ ਲਿਆ ਸੀ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸਰਕਾਰ ਦੀ ਬੁਢਾਪਾ ਪੈਨਸ਼ਨ ਬਾਰੇ ਨੀਅਤ ਦੀ ਪੋਲ ਖੁੱਲ੍ਹੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੋੜਵੰਦ ਲੋਕਾਂ ਲਈ ਸ਼ੁਰੂ ਕੀਤੀਆਂ ਲੋਕ ਭਲਾਈ ਦੀਆਂ ਸਕੀਮਾਂ ਅਜਿਹੇ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਉਨ੍ਹਾਂ ਦੀ ਪ੍ਰੇਸ਼ਾਨੀ ਦਾ ਸਬੱਬ ਬਣ ਗਈਆਂ ਹਨ। ਕਪੂਰਥਲਾ ਜ਼ਿਲ੍ਹੇ ਦੇ ਕਸਬਾ ਢਿੱਲਵਾਂ ਵਿਚ ਇਕ 70 ਸਾਲਾ ਬਜ਼ੁਰਗ ਵੱਲੋਂ ਬੁਢਾਪਾ ਪੈਨਸ਼ਨ ਨਾ ਮਿਲਣ ਤੋਂ ਦੁਖੀ ਹੋ ਕੇ ਆਤਮਦਾਹ ਕਰਨ ਦੀ ਘਟਨਾ ਨੇ ਸੂਬਾ ਸਰਕਾਰ ਦੇ ਸਮੇਂ ਸਿਰ ਬੁਢਾਪਾ ਪੈਨਸ਼ਨ ਦੇਣ ਦੇ ਦਾਅਵਿਆਂ ਦੀ ਪੋਲ ਖੋਲ ਦਿੱਤੀ ਹੈ। ਇਸ ਬਜ਼ੁਰਗ ਨੇ ਸਥਾਨਕ ਸਮਾਜ ਭਲਾਈ ਦਫ਼ਤਰ ਵਿਚ ਜਾ ਕੇ ਆਪਣੀ ਸਮੱਸਿਆ ਦੱਸਣ ਤੋਂ ਇਲਾਵਾ ਉਸ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਵੀ ਆਪਣੀ ਪ੍ਰੇਸ਼ਾਨੀ ਬਾਰੇ ਪੱਤਰ ਲਿਖਿਆ ਸੀ। ਇਸ ਦੇ ਬਾਵਜੂਦ ਉਸ ਦੀ ਸਮੱਸਿਆ ਦਾ ਹੱਲ ਤਾਂ ਕੀ ਕੀਤਾ ਜਾਣਾ ਸੀ, ਉਸ ਦੀ ਪ੍ਰੇਸ਼ਾਨੀ ਦਾ ਕੋਈ ਗੰਭੀਰ ਨੋਟਿਸ ਵੀ ਨਹੀਂ ਲਿਆ ਗਿਆ। ਹੈਰਾਨੀ ਦੀ ਗੱਲ ਇਹ ਹੈ ਇਸ ਘਟਨਾ ਤੋਂ ਅਗਲੇ ਹੀ ਦਿਨ ਸਰਕਾਰ ਨੇ ਸੂਬੇ ਦੇ 19 ਲੱਖ 82 ਹਜ਼ਾਰ ਬੁਢਾਪਾ, ਵਿਧਵਾ ਤੇ ਅੰਗਹੀਣ ਪੈਨਸ਼ਨਰਾਂ ਲਈ 84 ਕਰੋੜ ਰੁਪਏ ਪੈਨਸ਼ਨ ਰਾਸ਼ੀ ਜਾਰੀ ਕਰ ਦਿੱਤੀ। ਇਹ ਰਾਸ਼ੀ ਪਿਛਲੇ ਵਰ੍ਹੇ ਦੇ ਅਕਤੂਬਰ ਤੇ ਨਵੰਬਰ ਮਹੀਨਿਆਂ ਦੀ ਹੈ, ਜਦਕਿ ਅਗਲੇ ਮਹੀਨਿਆਂ ਦੀ ਪੈਨਸ਼ਨ ਲਈ ਅਜੇ ਪੈਨਸ਼ਨਰਾਂ ਨੂੰ ਉਡੀਕ ਕਰਨੀ ਪਵੇਗੀ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਤਕਰੀਬਨ 20 ਲੱਖ ਬਜ਼ੁਰਗਾਂ, ਬੇਸਹਾਰਿਆਂ ਤੇ ਵਿਧਵਾਵਾਂ ਨੂੰ ਸਮਾਜਿਕ ਸੁਰੱਖਿਆ ਸਕੀਮਾਂ ਤਹਿਤ 250 ਰੁਪਏ ਮਹੀਨਾ ਪੈਨਸ਼ਨ ਦਿੱਤੇ ਜਾ ਰਹੀ ਹੈ ਪਰ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਇਹ ਮਾਮੂਲੀ ਪੈਨਸ਼ਨ ਵੀ ਸਮੇਂ ਸਿਰ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੇ ਇਨ੍ਹਾਂ ਲੋੜਵੰਦਾਂ ਦੀ ਪੈਨਸ਼ਨ 250 ਤੋਂ 500 ਕਰਨ ਦਾ ਵਾਅਦਾ ਕੀਤਾ ਸੀ ਜੋ ਅਜੇ ਪੂਰਾ ਨਹੀਂ ਕੀਤਾ ਗਿਆ। ਸਰਕਾਰ ਤੇ ਇਸ ਦੇ ਅਧਿਕਾਰੀ ਸੂਬੇ ਦੇ ਸਮੁੱਚੇ ਪ੍ਰਬੰਧ ਨੂੰ ਕੰਪਿਊਟਰਾਈਜ਼ਡ ਤੇ ਹਾਈਟੈੱਕ ਕੀਤੇ ਜਾਣ ਦੇ ਦਾਅਵੇ ਕਰ ਰਹੇ ਹਨ ਪਰ ਉਹ ਹਾਲੇ ਤੱਕ ਲੋੜਵੰਦਾਂ ਨੂੰ ਸਮੇਂ ਸਿਰ ਪੈਨਸ਼ਨ ਦੇਣ ਦਾ ਤੰਤਰ ਨਹੀਂ ਤਿਆਰ ਕਰ ਸਕੇ। ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇ ਸੇਵਾਮੁਕਤੀ ਬਾਅਦ ਮਿਲਣ ਵਾਲੀਆਂ ਪੈਨਸ਼ਨਾਂ ਵਿਚ ਤਕਰੀਬਨ ਹਰ ਛਿਮਾਹੀ ਵਾਧਾ ਹੁੰਦਾ ਰਹਿੰਦਾ ਹੈ। ਮੁੱਖ ਮੰਤਰੀ, ਮੰਤਰੀਆਂ ਤੇ ਵਿਧਾਇਕਾਂ ਨੇ ਹਾਲ ਹੀ ਵਿਚ ਆਪਣੀਆਂ ਤਨਖ਼ਾਹਾਂ, ਪੈਨਸ਼ਨਾਂ ਤੇ ਹੋਰ ਭੱਤੇ ਦੁੱਗਣੇ ਕਰ ਲਏ ਹਨ ਪਰ ਇਨ੍ਹਾਂ ਨਿਆਸਰਿਆਂ ਵੱਲ ਮਿਹਰ ਦੀ ਨਿਗਾਹ ਹੀ ਨਹੀਂ ਗਈ। 250 ਰੁਪਏ ਦੀ ਮਾਮੂਲੀ ਪੈਨਸ਼ਨ ਤੇ ਉਹ ਵੀ ਸਮੇਂ ਸਿਰ ਨਾ ਮਿਲਣ ਦੀ ਪ੍ਰੇਸ਼ਾਨੀ ਸਿਰਫ ਢਿੱਲਵਾਂ ਦੇ ਆਤਮਦਾਹ ਕਰਨ ਵਾਲੇ ਬਜ਼ੁਰਗ ਸੋਮਨਾਥ ਦੀ ਨਹੀਂ ਬਲਕਿ ਸੂਬੇ ਦੇ ਸਾਰੇ 20 ਲੱਖ ਅਜਿਹੇ ਲੋੜਵੰਦ ਪੈਨਸ਼ਨਰਾਂ ਦੀ ਬੇਬਸੀ ਦੀ ਇੱਕ ਝਲਕ ਹੈ। ਲੋੜਵੰਦਾਂ ਨੂੰ ਪੈਨਸ਼ਨ ਦੇਣ ਲਈ ਸਰਕਾਰ ਨੇ ਇਕ ਵਿਸ਼ੇਸ਼ ਫੰਡ ਕਾਇਮ ਕੀਤਾ ਹੋਇਆ ਹੈ ਜਿਸ ਤਹਿਤ ਹਰ ਸਾਲ ਸਟੈਂਪ ਡਿਊਟੀ ਤੇ ਬਿਜਲੀ ਡਿਊਟੀ ਰਾਹੀਂ ਤਕਰੀਬਨ 1000 ਕਰੋੜ ਤੋਂ ਵੱਧ ਪੂੰਜੀ ਇਕੱਠੀ ਕੀਤੀ ਜਾਂਦੀ ਹੈ ਜਦੋਂਕਿ ਇਨ੍ਹਾਂ ਵਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਦੀ ਰਾਸ਼ੀ ਸਿਰਫ 692 ਕਰੋੜ ਰੁਪਏ ਹੀ ਬਣਦੀ ਹੈ।

ਇਸ ਤਰ੍ਹਾਂ ਵੱਧ ਆਮਦਨ ਤੇ ਘੱਟ ਖ਼ਰਚ ਦੇ ਬਾਵਜੂਦ ਲੋੜਵੰਦਾਂ ਨੂੰ ਸਮੇਂ ਸਿਰ ਪੈਨਸ਼ਨ ਨਾ ਦਿੱਤੇ ਜਾਣ ਦੇ ਗੁਨਾਹ ਤੋਂ ਸਰਕਾਰ ਭੱਜ ਨਹੀਂ ਸਕਦੀ। ਅਕਸਰ ਚੋਣਾਂ ਸਮੇਂ ਸਿਆਸੀ ਪਾਰਟੀਆਂ ਵੱਲੋਂ ਪੈਨਸ਼ਨ ਦੀ ਵੰਡ ਸਮੇਂ ਸਿਰ ਕਰਨੀ ਯਕੀਨੀ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਸਮੱਸਿਆ ਜਿਉਂ ਦੀ ਤਿਉਂ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਪਹਿਲਕਦਮੀ ਕਰਦਿਆਂ ਇਸ ਮੰਤਵ ਲਈ ਇਕ ਵਿਸ਼ੇਸ਼ ਸਮਰਪਿਤ ਫੰਡ ਬਣਾ ਕੇ ਉਸ ਵਿਚੋਂ ਪੈਨਸ਼ਨਾਂ ਦਾ ਭੁਗਤਾਨ ਕਰਨਾ ਸ਼ੁਰੂ ਕੀਤਾ ਸੀ ਜਿਸ ਨਾਲ ਇਨ੍ਹਾਂ ਵਰਗਾਂ ਨੂੰ ਕੁਝ ਰਾਹਤ ਮਿਲੀ ਸੀ। ਮਗਰੋਂ ਸਿਆਸੀ ਅਦਲਾ-ਬਦਲੀ ਨਾਲ ਨਾ ਸਿਰਫ ਪੈਨਸ਼ਨ ਵੰਡਣ ਦੇ ਕਾਰਜ ਵਿਚ ਹੀ ਦੇਰੀ ਹੋਣੀ ਸ਼ੁਰੂ ਹੋ ਗਈ ਬਲਕਿ ਲਾਭਪਾਤਰੀਆਂ ਦੀ ਗਿਣਤੀ ਵਿਚ ਵੀ ਕਈ ਘਪਲੇ ਸਾਹਮਣੇ ਆ ਚੁੱਕੇ ਹਨ। ਇੰਨਾ ਹੀ ਨਹੀਂ ਪੈਨਸ਼ਨਾਂ ਦੇਣ ਲਈ ਬਣਾਏ ਗਏ ਵਿਸ਼ੇਸ਼ ਸਮਰਪਿਤ ਫੰਡ ਨੂੰ ਸਿਆਸੀ ਮੰਤਵਾਂ ਲਈ ਵਰਤੇ ਜਾਣ ਦੀ ਰਵਾਇਤ ਵੀ ਸ਼ੁਰੂ ਹੋ ਗਈ। ਇਹੀ ਕਾਰਨ ਹੈ ਕਿ ਸਰਕਾਰ ਸੂਬੇ ਦੇ 20 ਲੱਖ ਲੋੜਵੰਦਾਂ ਨੂੰ 250 ਰੁਪਏ ਮਹੀਨਾ ਦੀ ਮਾਮੂਲੀ ਪੈਨਸ਼ਨ ਵੀ ਸਮੇਂ ਸਿਰ ਦੇਣ ਵਿਚ ਨਾਕਾਮ ਸਿੱਧ ਹੋ ਰਹੀ ਹੈ ਜਦੋਂਕਿ ਹਰਿਆਣਾ ਸਰਕਾਰ ਸਮਾਜ ਦੇ ਇਨ੍ਹਾਂ ਵਰਗਾਂ ਨੂੰ 1200 ਰੁਪਏ ਮਹੀਨਾ ਪੈਨਸ਼ਨ ਦੇ ਰਹੀ ਹੈ।



### ਪੰਜ ਲੱਖ ਬੁਢਾਪਾ ਪੈਨਸ਼ਨਰ ਨਿਕਲੇ ਜਾਅਲੀ

ਸਰਕਾਰ ਵੱਲੋਂ ਬੀਤੇ ਨਵੰਬਰ-ਦਸੰਬਰ ਮਹੀਨਿਆਂ ਦੌਰਾਨ ਬੁਢਾਪਾ ਪੈਨਸ਼ਨਰਾਂ ਦੀ ਸ਼ਨਾਖ਼ਤ ਲਈ ਸਰਵੇਖਣ ਕਰਵਾਇਆ ਗਿਆ ਸੀ, ਜਿਸ ਵਿਚ 2.35 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ, ਜਿਨ੍ਹਾਂ ਦੀ ਉਮਰ ਘਟ ਸੀ, ਪਰ ਉਹ ਪੈਨਸ਼ਨ ਹਾਸਲ ਕਰ ਰਹੇ ਸਨ। ਇਸ ਤੋਂ ਇਲਾਵਾ 5500 ਪੈਨਸ਼ਨਰ ਅਜਿਹੇ ਹਨ, ਜੋ ਕਿ ਸਵਰਗਵਾਸੀ ਹੋਣ ਦੇ ਬਾਵਜੂਦ ਪੈਨਸ਼ਨ ਹਾਸਲ ਕਰ ਰਹੇ ਸਨ। 2.43 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ, ਜੋ ਆਮਦਨੀ ਤੇ ਹੋਰ ਕਾਰਨ ਕਰਕੇ ਅਯੋਗ ਪਾਏ ਗਏ ਸਨ। ਪੈਨਸ਼ਨ ਅਦਾਇਗੀਆਂ ਦੇ ਅਮਲ ਵਿਚ ਬੇਨਿਯਮੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਭਾਗ ਨੇ ਪਿੰਡਾਂ ਵਿਚ ਰਹਿੰਦੇ ਸਮੂਹ ਪੈਨਸ਼ਨਰਾਂ ਨੂੰ ਭਵਿੱਖ ਵਿਚ ਸਰਪੰਚਾਂ ਦੀ ਬਜਾਇ ਇਲੈਕਟ੍ਰਾਨਿਕ ਫੰਡ ਟਰਾਂਸਫਰ (ਈ.ਐਫ.ਟੀ.) ਪ੍ਰਣਾਲੀ ਰਾਹੀਂ ਅਦਾਇਗੀ ਦਾ ਫੈਸਲਾ ਕੀਤਾ ਸੀ, ਪਰ ਕਪੂਰਥਲਾ ਮਾਮਲੇ ਕਾਰਨ ਸਰਕਾਰ ਦੀ ਹੋਈ ਕਿਰਕਿਰੀ ਦੇ ਚੱਲਦਿਆਂ ਸਰਕਾਰ ਛੇਤੀ ਹੀ ਪੈਨਸ਼ਨਰਾਂ ਤੱਕ ਰਾਸ਼ੀ ਪਹੁੰਚਾਉਣ ਦੇ ਰੌਅ ਵਿਚ ਹੈ।

## ਪਾਣੀ ਦੇ ਘੱਟ ਪੱਧਰ ਵਾਲੇ ਬਲਾਕਾਂ ਦੀ ਨਿਸ਼ਾਨਦੇਹੀ ਦੇ ਹੁਕਮ

**ਨਵੀਂ ਦਿੱਲੀ:** ਨੈਸ਼ਨਲ ਗਰੀਨ ਟ੍ਰਿਬਿਊਨਲ ਵਿਚ ਪਿਛਲੇ ਡੇਢ ਸਾਲ ਤੋਂ ਪਾਣੀ ਦੇ ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਬਾਰੇ ਚੱਲ ਰਹੇ ਕੇਸ ਵਿਚ ਆਖ਼ਰਕਾਰ ਕਿਸਾਨਾਂ ਨੂੰ ਆਸ ਦੀ ਇਕ ਕਿਰਨ ਨਜ਼ਰ ਆਈ ਹੈ ਕਿ ਛੇਤੀ ਹੀ ਅਦਾਲਤ ਇਸ ਬਾਰੇ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਸੁਣਾਏਗੀ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਮੁਖੀ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਇਸ ਕੇਸ ਵਿਚ ਬਹਿਸ ਦੌਰਾਨ ਪਹਿਲੀ ਵਾਰ ਪਟੀਸ਼ਨਰ ਨੇ ਇਹ ਕਬੂਲ ਕੀਤਾ ਕਿ ਸੂਬੇ ਵਿਚ ਪਾਣੀ ਦੇ ਹੇਠਾਂ ਹੋ ਰਹੇ ਪੱਧਰ ਲਈ ਸਿਰਫ਼ ਖੇਤੀ ਦੇ ਕਿੱਤੇ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ ਅਗਲੀ ਪੇਸ਼ੀ ਵਿਚ ਉਨ੍ਹਾਂ 44 ਬਲਾਕਾਂ ਦੀ ਨਿਸ਼ਾਨਦੇਹੀ ਕਰਨ ਨੂੰ ਕਿਹਾ ਜਿਨ੍ਹਾਂ ਵਿਚ ਪਾਣੀ ਦਾ ਪੱਧਰ ਚਿੰਤਾਜਨਕ ਰੂਪ ਨਾਲ ਘਟ ਹੈ। ਸ. ਰਾਜੇਵਾਲ ਨੇ ਕਿਹਾ ਕਿ ਸੂਬੇ ਵਿਚ ਪਾਣੀ ਦਾ ਪੱਧਰ ਘੱਟ ਹੋਣ ਲਈ ਸਿਰਫ਼ ਕਿਸਾਨੀ ਹੀ ਨਹੀਂ ਸਗੋਂ ਸੂਬੇ ਦੀਆਂ ਸਨਅਤਾਂ ਵੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਲੁਧਿਆਣਾ ਦੀ ਸਨਅਤ ਹਰ ਰੋਜ਼ ਇਕ ਕਰੋੜ ਗੈਲਨ ਪਾਣੀ ਦੀ ਵਰਤੋਂ ਕਰਦੀ ਹੈ ਜਦ ਕਿ ਖੇਤੀਬਾੜੀ ਵਿਚ ਪਾਣੀ ਦੀ ਲੋੜ ਇਸ ਵਾਰ ਸਿਰਫ਼ ਝੋਨੇ ਦੀ ਕਾਸ਼ਤ ਵੇਲੇ ਪਈ ਸੀ।

ਸਰਕਾਰੀ ਵਕੀਲ ਨੇ ਸੂਬੇ ਵਿਚ ਪਾਣੀ ਦੀ ਕੀਤੀ ਜਾਣ ਵਾਲੀ ਘਰੇਲੂ ਵਰਤੋਂ ਵੱਲ ਵੀ ਧਿਆਨ ਦਿਵਾਉਂਦਿਆਂ ਕਿਹਾ ਕਿ ਜਦ ਘਰੇਲੂ ਵਰਤੋਂ ਤੇ ਸਨਅਤਾਂ ਉਤੇ ਕੋਈ ਰੋਕ ਨਹੀਂ ਲਾਈ ਜਾ ਰਹੀ ਤੇ ਫਿਰ ਸਿਰਫ਼ ਕਿਸਾਨਾਂ ਨੂੰ ਹੀ ਕਿਉਂ ਭੁਗਤਣਾ ਪੈ ਰਿਹਾ ਹੈ। ਦੱਸਣਯੋਗ ਹੈ ਪੰਜ ਏਕੜੇ ਤੋਂ ਘੱਟ ਰਕਬੇ ਵਾਲੇ ਤਕਰੀਬਨ ਇਕ ਲੱਖ ਕਿਸਾਨ 20 ਸਾਲਾਂ ਤੋਂ ਟਿਊਬਵੈੱਲਾਂ ਦੇ ਕੁਨੈਕਸ਼ਨ ਦੀ ਉਡੀਕ ਵਿਚ ਹਨ।

## ਡਰੱਗਜ਼ ਕੇਸ: ਪੰਜਾਬ ਪੁਲਿਸ ਤੇ ਈ.ਡੀ. ਵਲੋਂ ਸਟੇਟਸ ਰਿਪੋਰਟਾਂ ਦਾਖਲ

**ਚੰਡੀਗੜ੍ਹ:** ਡਰੱਗ ਰੈਕੇਟ ਤੇ ਹਵਾਲਾ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਕੇਸਾਂ ਦੀ ਜਾਂਚ ਦੀ ਪ੍ਰਗਤੀ ਬਾਰੇ ਦੱਸਿਆ। ਕੋਰਟ ਨੇ ਕੇਸ ਦੀ ਅਗਲੀ ਸੁਣਵਾਈ ਲਈ 27 ਅਪਰੈਲ ਦੀ ਤਰੀਕ ਤੈਅ ਕੀਤੀ ਹੈ।

ਅਗਲੀ ਸੁਣਵਾਈ ਦੌਰਾਨ ਹੀ ਈਡੀ ਅਫ਼ਸਰ ਨਿਰੰਜਣ ਸਿੰਘ ਦੇ ਤਬਾਦਲੇ ਵਿਰੁੱਧ ਅਰਜ਼ੀ ਉਤੇ ਸੁਣਵਾਈ ਹੋਵੇਗੀ। ਇਸ ਮਾਮਲੇ 'ਤੇ ਜਿਰ੍ਹਾ ਵੀ ਜ਼ਿਆਦਾ ਅੱਗੇ ਨਹੀਂ ਵਧ ਸਕੀ ਕਿਉਂਕਿ ਮਾਮਲੇ ਦੀ ਸੁਣਵਾਈ ਕਰਦੇ ਬੈਂਚ ਦੇ ਮੈਂਬਰਾਂ ਵਿਚੋਂ ਇਕ ਜਸਟਿਸ ਰੇਖਾ ਮਿੱਤਲ ਹਾਜ਼ਰ ਨਹੀਂ ਸਨ। ਡਰੱਗ ਰੈਕੇਟ ਮਾਮਲੇ ਵਿਚ ਪੰਜਾਬ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਪੁੱਛ-ਪੜਤਾਲ ਕਰਨ ਵਾਲੇ ਈਡੀ ਅਫ਼ਸਰ ਨਿਰੰਜਣ ਸਿੰਘ ਨੇ ਪਿਛਲੀ ਸੁਣਵਾਈ ਦੌਰਾਨ ਦਾਅਵਾ ਕੀਤਾ ਸੀ ਕਿ ਹਾਲੇ ਮਾਮਲੇ ਦੀ ਜਾਂਚ ਪੂਰੀ ਨਹੀਂ ਹੋਈ ਤੇ ਜਾਂਚ ਮੁਕੰਮਲ ਹੋਣ ਦੇ ਦਾਅਵੇ ਕੋਰਾ ਝੂਠ ਹਨ।



ਇਸ ਤੋਂ ਪਹਿਲਾਂ ਈਡੀ ਨੇ ਅਦਾਲਤ ਨੂੰ ਇਸ ਗੱਲ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਨਿਰੰਜਣ ਸਿੰਘ ਦੀ ਜਲੰਧਰ ਦੇ ਜ਼ੋਨਲ ਦਫ਼ਤਰ ਵਿਚੋਂ ਬਦਲੀ ਨਾਲ ਇਨ੍ਹਾਂ ਕੇਸਾਂ ਦੀ ਜਾਂਚ ਪ੍ਰਭਾਵਿਤ ਨਹੀਂ ਹੋਵੇਗੀ। ਈ.ਡੀ. ਨੇ ਕਿਹਾ ਸੀ ਕਿ ਕੇਸਾਂ ਦੀ ਜਾਂਚ ਮੁਕੰਮਲ ਹੋ ਚੁੱਕੀ ਹੈ। ਇਸ ਬਦਲੀ ਵਿਰੁੱਧ ਅਰਜ਼ੀ ਨਵਕਿਰਨ ਸਿੰਘ ਨੇ ਦਾਇਰ ਕੀਤੀ ਸੀ।

# ਰੇਤ ਮਾਫੀਆ ਖਿਲਾਫ ਮੋਰਚਾ ਲਾਉਣ ਵਾਲੇ ਬੈਂਸ ਭਰਾਵਾਂ ਨੂੰ ਸਰਕਾਰ ਨੇ ਘੇਰਿਆ

**ਲੁਧਿਆਣਾ:** ਪੰਜਾਬ ਵਿਚ ਰੇਤ ਮਾਫੀਆ ਖਿਲਾਫ ਮੋਰਚਾ ਲਾਉਣ ਵਾਲੇ ਵਿਧਾਇਕ ਬੈਂਸ ਭਰਾਵਾਂ ਨੂੰ ਪੰਜਾਬ ਸਰਕਾਰ ਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਬੈਂਸ ਭਰਾਵਾਂ ਕੋਲੋਂ ਐਸਕਾਰਟ ਜਿਪਸੀਆਂ ਵਾਪਸ ਮੰਗਣ ਤੋਂ ਬਾਅਦ ਦੋਵਾਂ ਉਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਕਰਨ ਵਰਗੀਆਂ ਗੰਭੀਰ ਧਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਸੱਤਿਆਗ੍ਰਹਿ ਕਾਰਨ ਸੂਬੇ ਵਿਚ ਹੋਈ ਕਿਰਕਿਰੀ ਪਿੱਛੋਂ ਹੁਣ ਸਰਕਾਰ ਨੇ ਡੈਮੇਜ ਕੰਟਰੋਲ ਕਰਨ ਲਈ ਵਿਧਾਇਕ ਬੈਂਸ ਤੇ ਟੀਮ ਇਨਸਾਫ਼ ਦੇ ਮੈਂਬਰਾਂ ਉਤੇ ਕਾਊਂਟਰ ਅਟੈਕ ਸ਼ੁਰੂ ਕਰ ਦਿੱਤਾ ਹੈ।

ਸੱਤਿਆਗ੍ਰਹਿ ਵਾਲੇ ਦਿਨ ਪਹਿਲਾਂ ਪੁਲਿਸ ਨੇ ਬੈਂਸ ਭਰਾਵਾਂ ਤੇ ਉਨ੍ਹਾਂ ਦੇ ਗ੍ਰਿਫ਼ਤਾਰ ਹੋਏ ਸਮਰੱਥਕਾਂ ਉਤੇ ਮਾਈਨਿੰਗ ਐਕਟ, ਰੇਤ ਚੋਰੀ, ਸਰਕਾਰੀ ਕੰਮ ਵਿਚ ਵਿਘਨ ਪਾਉਣ, ਸਰਕਾਰ ਦੇ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਵਰਗੀਆਂ ਵੱਖ-ਵੱਖ ਧਾਰਾਵਾਂ ਵਿਚ ਕੇਸ ਦਰਜ ਕੀਤਾ ਸੀ, ਜਿਸ ਤੋਂ 24 ਘੰਟੇ ਬਾਅਦ ਹੀ ਪੁਲਿਸ ਨੇ ਸਪਲੀਮੈਂਟਰੀ ਬਿਆਨ ਦਰਜ ਕਰਕੇ ਵਿਧਾਇਕ ਬੈਂਸ ਸਮੇਤ ਸਾਰੇ ਹੀ ਸਮਰੱਥਕਾਂ ਉਤੇ ਕਤਲ ਦੀ ਕੋਸ਼ਿਸ਼ ਕਰਨ ਦੀ ਕੇਸ ਦਰਜ ਕੀਤਾ ਗਿਆ ਤੇ ਹੁਣ ਪੁਲਿਸ ਵੱਲੋਂ ਮਾਈਨਿੰਗ ਅਫ਼ਸਰਾਂ ਕੋਲੋਂ ਪੈਸੇ ਲੁੱਟਣ ਦਾ ਕੇਸ ਦਰਜ ਕਰ ਟੀਮ ਇਨਸਾਫ਼ ਦੇ ਮੈਂਬਰਾਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਹੈ।

### ਦੋਵਾਂ 'ਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਦਾ ਮਾਮਲਾ ਦਰਜ



ਹਾਲਾਂਕਿ, ਵਿਧਾਇਕ ਬੈਂਸ ਭਰਾਵਾਂ ਤੇ ਉਨ੍ਹਾਂ ਦੇ ਸਮਰੱਥਕਾਂ ਉਤੇ ਕੇਸ ਦਰਜ ਕਰਨ ਵਾਲੇ ਪੁਲਿਸ ਮੁਲਾਜ਼ਮ ਖੁੱਲ੍ਹ ਕੇ ਕੁਝ ਵੀ ਨਹੀਂ ਕਹਿ ਰਹੇ ਪਰ ਅੰਦਰਖਾਤੇ ਪੁਲਿਸ ਦੇ ਉਚ ਅਧਿਕਾਰੀ ਵੀ ਮੰਨਦੇ ਹਨ ਕਿ ਉਨ੍ਹਾਂ ਨੂੰ ਜੋ ਸਰਕਾਰ ਨੇ ਆਦੇਸ਼ ਦਿੱਤੇ ਹਨ, ਉਸ ਉਤੇ ਹੀ ਕੰਮ ਕੀਤਾ ਹੈ। ਦਰਅਸਲ, ਬੈਂਸ ਭਰਾਵਾਂ ਨੇ ਟੀਮ ਇਨਸਾਫ਼ ਬਣਾ ਕੇ 20 ਅਪਰੈਲ ਤੋਂ ਰੇਤ ਮਾਫ਼ੀਆ ਦੇ ਖ਼ਿਲਾਫ਼ ਸੱਤਿਆਗ੍ਰਹਿ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਜਿਸ ਤੋਂ ਬਾਅਦ ਲਗਾਤਾਰ ਪੁਲਿਸ ਨੇ ਵਾਰ-ਵਾਰ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਬੈਂਸ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਸੀ, ਪਰ ਬੈਂਸ ਦੇ ਸਮਰੱਥਕ ਉਤੇ ਇਸਦਾ ਕੋਈ ਅਸਰ ਨਹੀਂ ਦਿਖਿਆ।

ਇਸ ਤੋਂ ਬਾਅਦ ਬੈਂਸ ਭਰਾਵਾਂ ਨੇ ਟੀਮ ਇਨਸਾਫ਼ ਦੇ ਨਾਲ ਤਿੰਨ ਦਿਨ ਪਹਿਲਾਂ ਹੀ 17 ਅਪਰੈਲ ਨੂੰ ਹੀ ਪਿੰਡ ਚੂਹੜਵਾਲ ਤੋਂ ਰੇਤ ਦੀ ਖੱਡ ਵਿਚ ਉਤਰ ਕੇ ਰੇਤ ਭਰੀ ਤੇ ਆਪਣੇ ਸੱਤਿਆਗ੍ਰਹਿ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਸੱਤਿਆਗ੍ਰਹਿ ਦੇ ਸ਼ੁਰੂ ਹੋਣ ਦੀ ਸੂਹ ਨਾ ਤਾਂ ਪੁਲਿਸ ਨੂੰ ਲੱਗ ਸਕੀ ਤੇ ਨਾ ਹੀ ਸਰਕਾਰ ਦੇ ਖੁਫੀਆ ਵਿਭਾਗ ਨੂੰ ਜਿਸ ਤੋਂ ਬਾਅਦ ਬੈਂਸ ਦੇ ਕੰਮ ਦੀ ਪੂਰੇ ਸੂਬੇ ਵਿਚ ਕਾਂਗਰਸ ਤੇ ਭਾਜਪਾ ਦੇ ਕੁਝ ਆਗੂਆਂ ਨੇ ਪ੍ਰਸ਼ੰਸਾ ਕੀਤੀ ਸੀ। ਜਿਸ ਕਾਰਨ ਸਰਕਾਰ ਦੀ ਲਗਾਤਾਰ ਇਸ ਮੁੱਦੇ 'ਤੇ ਕਿਰਕਿਰੀ ਹੋ ਰਹੀ ਸੀ। ਜੇਲ੍ਹ ਭੇਜੇ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਦੇ ਹੌਂਸਲੇ ਬੁਲੰਦ ਦੇਖ ਕੇ ਸਰਕਾਰ ਨੇ ਬੀਤੀ ਦਿਨੀਂ ਵਿਧਾਇਕ ਬੈਂਸ ਤੇ ਉਨ੍ਹਾਂ ਦੇ ਸਮਰੱਥਕਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ 'ਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਕਰਨ ਦਾ ਕੇਸ ਵੀ ਦਰਜ ਕਰ ਦਿੱਤਾ ਹੈ। ਅਸਲ ਵਿਚ ਬੈਂਸ ਭਰਾਵਾਂ ਤੇ ਉਨ੍ਹਾਂ ਦੇ ਸਮਰੱਥਕਾਂ ਉਤੇ ਕਤਲ ਦੀ ਕੋਸ਼ਿਸ਼ ਤੇ ਲੁੱਟ ਕਰਨ ਦਾ ਕੇਸ ਦਰਜ ਕਰ ਸਰਕਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਤਾਂ ਬੈਂਸ ਤੇ ਉਨ੍ਹਾਂ ਦੇ ਸਮਰੱਥਕ ਇਨ੍ਹਾਂ ਸੰਗੀਨ ਧਾਰਾਵਾਂ ਕਾਰਨ ਲੰਬੇ ਸਮੇਂ ਤੱਕ ਜੇਲ੍ਹ ਵਿਚ ਰਹਿਣਗੇ ਤੇ ਉਨ੍ਹਾਂ ਦਾ ਬਾਕੀ ਜ਼ਿਲ੍ਹਿਆਂ ਵਿਚ ਸੱਤਿਆਗ੍ਰਹਿ ਠੰਢੇ ਬਸਤੇ ਵਿਚ ਚਲਾ ਜਾਏਗਾ। ਦੂਜਾ ਜਿਨ੍ਹਾਂ ਬੈਂਸ ਸਮਰੱਥਕਾਂ ਉਤੇ ਵੀ ਸੰਗੀਨ ਧਾਰਾਵਾਂ ਵਿਚ ਕੇਸ ਦਰਜ ਕੀਤੇ ਗਏ ਹਨ, ਉਨ੍ਹਾਂ ਦਾ ਮਨੋਬਲ ਟੁੱਟੇਗਾ ਤੇ ਦੂਜੀਆਂ ਥਾਵਾਂ ਉਤੇ ਜਨਸਮਰੱਥਨ ਲੈਣਾ ਬੈਂਸ ਭਰਾਵਾਂ ਨੂੰ ਸੌਖਾ ਨਹੀਂ ਰਹੇਗਾ।

### ਬਾਦਲ ਸਰਕਾਰ ਨੇ ਲੋਕਤੰਤਰ ਦਾ ਘਾਣ ਕੀਤਾ: ਡਾ. ਗਾਂਧੀ

**ਪਟਿਆਲਾ:** ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਰੇਤ ਮਾਫ਼ੀਏ ਖ਼ਿਲਾਫ਼ ਸੰਘਰਸ਼ ਕਰ ਰਹੇ ਲੁਧਿਆਣਾ ਦੇ ਵਿਧਾਇਕ ਬੈਂਸ ਭਰਾਵਾਂ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਨੂੰ ਲੋਕਤੰਤਰ ਦਾ ਘਾਣ ਦੱਸਿਆ ਹੈ। ਡਾ. ਗਾਂਧੀ ਨੇ ਕਿਹਾ ਕਿ ਬੈਂਸ ਭਰਾਵਾਂ ਨੇ ਰੇਤ ਮਾਫ਼ੀਆ ਖ਼ਿਲਾਫ਼ ਆਪਣੇ ਸਮਰਥਕਾਂ ਸਮੇਤ ਆਵਾਜ਼ ਬੁਲੰਦ ਕਰਨ ਦੇ ਉਪਰਾਲੇ ਨੂੰ ਸਰਕਾਰ ਵੱਲੋਂ ਪੁਲਿਸ ਤੇ ਸੱਤਾ ਦੇ ਜ਼ੋਰ ਉਤੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ, ਜੋ ਲੋਕਤੰਤਰ ਦੇ ਹੱਕਾਂ ਉਤੇ ਹਮਲਾ ਹੈ। ਅਕਾਲੀ-ਭਾਜਪਾ ਸਰਕਾਰ ਦੇ ਆਗੂਆਂ ਨੇ ਪੰਜਾਬ ਦੇ ਸਾਰੇ ਉਦਯੋਗਾਂ ਤੋਂ ਬਾਅਦ ਹੁਣ ਕੁਦਰਤੀ ਵਸੀਲਿਆਂ 'ਤੇ ਵੀ ਕਬਜ਼ਾ ਕਰ ਲਿਆ ਹੈ, ਜਿਸ ਦੇ ਚੱਲਦਿਆਂ ਪੰਜਾਬ ਅੰਦਰ ਹੁਣ ਮਜ਼ਦੂਰ ਵਰਗ ਕੰਮਾਂ ਤੋਂ ਵਿਹਲਾ ਹੋ ਕੇ ਰੋਟੀ ਤੋਂ ਵੀ ਮੁਥਾਜ ਹੋ ਗਿਆ ਹੈ।

# ...ਸੰਤਾਲੀ ਤੋਂ ਚੁਰਾਸੀ ਤੱਕ

## ਨੋਕ-ਝੋਕ



**ਐਸ. ਅਸ਼ੋਕ ਭੌਰਾ**
ਫੋਨ: 510-415-3315

*ਲਗਦਾ ਨਹੀਂ, ਦੁਨੀਆਂ ਦੀ ਬਹੁ-ਗਿਣਤੀ ਕੰਜੂਸ ਹੁੰਦੀ ਜਾ ਰਹੀ ਹੈ, ਕਿਉਂਕਿ ਹਰ ਕੋਈ ਚਾਹੁੰਦਾ ਹੈ, ਪੈਸਾ ਆਈ ਜਾਵੇ, ਜਾਵੇ ਨਾ। ਇਸੇ ਕਰ ਕੇ ਇਸ ਯੁੱਗ ਵਿਚ ਪੈਸੇ ਵਾਲਿਆਂ ਦਾ ਸਤਿਕਾਰ ਵੀ ਘਟ ਗਿਆ ਹੈ, ਕਿਉਂਕਿ ਲੋਕ ਅਕਸਰ ਕਹਿੰਦੇ ਹਨ, 'ਵੱਡਾ ਹੋਊ ਤਾਂ ਆਪਣੇ ਘਰ ਹੋਊ!' ਤੇ ਪੈਸੇ ਦੀ ਦੌੜ ਵਿਚ ਮਨੁੱਖ ਬੇਈਮਾਨੀ, ਹੇਰਾਫ਼ੇਰੀ ਕਰੀ ਜਾਂਦਾ ਤਾਂ ਕੋਈ ਗੱਲ ਨਹੀਂ ਸੀ, ਧਰਮ ਦੇ ਨਾਂ 'ਤੇ ਠੱਗੀ ਮਾਰਨ ਲੱਗ ਪਿਆ ਹੈ। ਇਸੇ ਲਈ ਧਰਮ ਸਥਾਨਾਂ 'ਤੇ ਕਬਜ਼ੇ ਲਈ ਛਵੀਆਂ ਲਿਸ਼ਕਣ ਲੱਗ ਪਈਆਂ ਹਨ। ਰਾਜਨੀਤੀ ਦੀ ਖੇਡ ਵਿਚ ਧਰਮ ਅੱਗੇ-ਅੱਗੇ ਤੋਰ ਲਿਆ ਹੈ। ਆਪ ਗੁਆਚੇ ਫਿਰਨ ਵਾਲੇ, ਰਾਹ ਦਿਖਾਉਣ ਦੇ ਨਾਂ 'ਤੇ ਪ੍ਰਸਾਰ ਮਾਧਿਅਮਾਂ 'ਤੇ ਜ਼ਰਬਾਂ-ਤਕਸੀਮਾਂ ਦੀਆਂ ਦੁਕਾਨਾਂ ਖੋਲ੍ਹ ਕੇ ਬੈਠ ਗਏ ਹਨ। ਚਲੋ ਅਜਿਹਾ ਹੀ ਚੱਲੀ ਜਾਂਦਾ ਤਾਂ ਜਰ ਹੋਈ ਜਾਂਦਾ, ਧਰਮ ਨੇ ਮਨੁੱਖ ਨੂੰ ਜਨੂੰਨੀ ਬਣਾ ਦਿੱਤਾ! ਇਸੇ ਲਈ ਜੇ ਤੀਜੀ ਸੰਸਾਰ ਜੰਗ ਹੋਈ ਤਾਂ ਇਸ ਦਾ ਆਧਾਰ ਧਰਮ ਹੀ ਬਣੇਗਾ, ਕਿਉਂਕਿ ਇਸਰਾਈਲ ਨੂੰ ਪੁੱਛ ਕੇ ਵੇਖੋ ਕਿ ਮਨੁੱਖ ਦੀਆਂ ਧੌਣਾਂ ਵੀ ਬੱਕਰੇ ਵਾਂਗ ਹਲਾਲ ਹੋਣ ਕਿਵੇਂ ਲੱਗੀਆਂ ਹਨ? ਪਰਦੇ ਵਿਚ ਨਹੀਂ, ਖੁੱਲ੍ਹੇਆਮ ਮਾਸੂਮ ਤੇ ਨਾਬਾਲਗ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਹੋਣ ਲੱਗੇ ਹਨ, ਮਾਂਵਾਂ ਪੁੱਤਾਂ ਦੀ ਸੁੱਖ ਨਹੀਂ, ਲਾਸ਼ਾਂ ਮੰਗਣ ਲੱਗ ਪਈਆਂ ਹਨ। ਹੁਣ ਮੁਹੰਮਦ ਇਕਬਾਲ ਦੀ ਇਸ ਸੋਚ 'ਤੇ ਵੀ ਪੁਨਰ ਵਿਚਾਰ ਕਰਨ ਦਾ ਵਕਤ ਆ ਨਹੀਂ ਗਿਆ ਕਿ ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ? ਘੱਟ-ਗਿਣਤੀਆਂ ਦੇ ਖਿਲਾਫ ਨਫਰਤ ਦੀ ਧਾਰਮਿਕ ਫਾਇਰਿੰਗ ਨਿੱਤ ਭਗਵੇਂ ਪਹਿਨ ਕੇ ਕਿਉਂ ਕੀਤੀ ਜਾ ਰਹੀ ਹੈ? ਇਮਾਨਦਾਰ ਹੋ ਕੇ ਵੇਖੋ, ਸੰਸਾਰ ਵਿਚ ਬਹੁਤੀਆਂ ਲੜਾਈਆਂ ਤੇ ਨਫ਼ਰਤਾਂ ਦੀ ਜੜ੍ਹ ਧਰਮ ਦੇ ਪੈਰਾਂ ਹੇਠ ਹੈ। ਧਰਮ ਚੰਗੇ ਵਿਚਾਰਾਂ ਦਾ ਰੰਗ ਭਰਨ ਦੀ ਚਿੱਤਰਕਲਾ ਹੈ, ਪਰ ਜਨੂੰਨੀਆਂ ਨੇ ਨਫ਼ਰਤ ਦੀ ਬੋਅ ਮਾਰ ਕੇ ਇਹ ਸਾਰੇ ਰੰਗ ਫ਼ਿੱਕੇ ਕੀਤੇ ਹੋਏ ਹਨ। ਚਲੋ, ਧਰਮ ਤੇਤੀ ਕਰੋੜ ਦੇਵਤਿਆਂ ਦਾ ਵਾਸਤਾ ਪਾ ਕੇ, ਸਵਰਗ-ਨਰਕ ਦਾ ਡਰ ਦੇ ਕੇ, ਚੁਰਾਸੀ ਲੱਖ ਜੂਨ ਦਾ ਭੈਅ ਕਹਿ ਕੇ ਮਨੁੱਖ ਨੂੰ ਮਨੁੱਖ ਬਣਨ ਦਾ ਸੰਕਲਪ ਬਣਾਈ ਰੱਖਣਾ ਤਾਂ ਠੀਕ ਹੀ ਸੀ, ਪਰ ਕੌਣ ਦਾਅਵਾ ਕਰ ਸਕਦਾ ਹੈ ਕਿ ਸੰਤਾਲੀ ਤੇ ਚੁਰਾਸੀ ਵਿਚ ਧਰਮ ਦੀ ਆੜ ਵਿਚ ਫਿਰਕੂ ਹੋਲੀ ਨਹੀਂ ਖੇਡੀ ਗਈ? ਤੇ ਇਹ ਸੱਚ...?*

ਪਿੱਪਲ ਦੇ ਪੱਤੇ ਤਾਂ ਖੜ-ਖੜ ਕਰ ਰਹੇ ਸਨ, ਪਰ ਬਜ਼ੁਰਗ ਨੱਥਾ ਸਿੰਘ ਤੇ ਪਟਵਾਰੀ ਬਸ਼ੀਰ ਮੁਹੰਮਦ ਦੇ ਚਿਹਰੇ ਤੋਂ ਪਿੰਡ ਵਿਚ ਵਾਪਰੀ ਘਟਨਾ ਦੀ ਉਦਾਸੀ ਦਾ ਆਲਮ ਸਾਫ਼ ਪੜ੍ਹਿਆ ਜਾ ਸਕਦਾ ਸੀ। ਮਾਸਟਰ ਹਰਦਿਆਲ ਸਿੰਘ ਨੇ ਸਾਈਕਲ ਥੜ੍ਹੇ ਨਾਲ ਲਾ ਕੇ ਖੜ੍ਹਾ ਕਰਦਿਆਂ ਪੁੱਛਿਆ, "ਇਹ ਕੀ ਭਾਣਾ ਵਰਤ ਗਿਆ ਪਟਵਾਰੀ ਸਾਹਿਬ? ਦੋਵੇਂ ਮੁੰਡੇ ਦੇਖਣ ਨੂੰ ਤਾਂ ਬੜੇ ਸਾਊ ਲਗਦੇ ਸਨ।"

"ਕੀ ਪਤਾ ਲਗਦਾ ਮਾਸਟਰ ਜੀ, ਕਿਹੜਾ ਮੱਥੇ 'ਤੋਂ ਪੜ੍ਹਿਆ ਜਾਂਦੈ ਕਿ ਕੌਣ ਸਾਊ ਐ ਤੇ ਕੌਣ...?" ਢਿੱਲੇ ਜਿਹੇ ਮੂੰਹ ਨਾਲ ਜਵਾਬ ਦਿੰਦਿਆਂ ਬਸ਼ੀਰ ਮੁਹੰਮਦ ਨੇ ਸਾਫ਼ਾ ਮੋਢੇ ਤੋਂ ਲਾਹ ਕੇ ਹੇਠਾਂ ਵਿਛਾ ਲਿਆ।

"ਬੇੜਾ ਬਹਿ ਗਿਆ ਜ਼ਮਾਨੇ ਦਾ। ਜਿਸ ਘਰ ਦੀਆਂ ਕੰਧਾਂ ਵੀ ਰੋਂਦੀਆਂ ਸਨ ਬੜੇ ਚਿਰ ਦੀਆਂ, ਉਥੇ ਕੰਜਰ ਸਮੈਕ ਲਕੋਈ ਗਏ। ਅੱਜ ਪੁਲਿਸ ਦੀ ਦਗੜ-ਦਗੜ ਹੋਈ ਤਾਂ ਪਤਾ ਲੱਗਾ ਕਿ ਮੋਟਰ ਸਾਈਕਲ 'ਤੇ ਸੋਹਣੇ ਕੱਪੜੇ ਪਾ ਕੇ ਕੁੱਤੇ ਵਾਂਗ ਮੌਜਾਂ ਕਿੱਦਾਂ ਕਰਦੇ ਸਨ।"

"ਚਲੋ ਪਟਵਾਰੀ ਸਾਹਿਬ, ਇਹ ਤਾਂ ਆਪਣੀ ਆਪ ਹੀ ਭੁਗਤਣਗੇ, ਪਰ ਜਦੋਂ ਦਾ ਮੈਂ ਤੁਹਾਡੇ ਪਿੰਡ ਦੇ ਸਕੂਲ ਵਿਚ ਆਇਆਂ, ਇਥੇ ਹੀ ਰਹਿੰਨਾਂ ਚਾਰ-ਪੰਜ ਸਾਲ ਤੋਂ। ਇਹ ਜਿਹੜਾ ਨਾਨਕਸ਼ਾਹੀ ਇੱਟਾਂ ਦਾ ਬਣਿਆ ਬੇਅਬਾਦ ਘਰ ਐ ਜਿਥੇ ਇਹ ਮੁੰਡੇ ਨਸ਼ਾ ਲੁਕਾਉਂਦੇ ਹਨ, ਹੈ ਕੀਹਦਾ?"

ਮਾਸਟਰ ਦੇ ਇਸ ਸਵਾਲ ਨਾਲ ਜਿਵੇਂ ਨਾਗਾਸਾਕੀ ਵਿਚ ਪਰਮਾਣੂ ਬੰਬ ਡਿਗ ਪਿਆ ਹੋਵੇ। ਕਿੰਨੀ ਦੇਰ ਤੱਕ ਨਾ ਬਸ਼ੀਰ ਮੁਹੰਮਦ ਪਟਵਾਰੀ ਬੋਲਿਆ ਅਤੇ ਨਾ ਨੱਥਾ ਸਿੰਘ।

"ਤੁਸੀਂ ਤਾਂ ਇਥੇ ਜੰਮੇ-ਪਲੇ, ਤੁਹਾਨੂੰ ਵੀ ਪਤਾ ਨ੍ਹੀਂ ਘਰ ਕੀਹਦੈ?"

"ਮਾਹਟਰਾ, ਜੇ ਨਾ ਈਂ ਪੁੱਛੇਂ ਤਾਂ ਚੰਗਾ!" ਨੱਥਾ ਸਿੰਘ ਨੇ ਲੰਮਾ ਹਉਕਾ ਲੈ ਕੇ ਕਿਹਾ।

"ਚੱਲ ਦੱਸ ਈ ਦੇ, ਪਤਾ ਲੱਗ ਜਾਏ ਮਾਹਟਰ ਨੂੰ ਵੀ ਨੱਥਾ ਸਿਹਾਂ।" ਬਸ਼ੀਰ ਮੁਹੰਮਦ ਨੇ ਜਿਵੇਂ ਦਰਦ ਦੀ ਕਹਾਣੀ ਨੂੰ ਹੁਝਕਾ ਮਾਰ ਦਿੱਤਾ ਹੋਵੇ।

"ਉਤੇ ਨੂੰ ਸੁਆਰ ਹੋ ਕੇ ਬਹਿ ਜਾ ਹਰਦਿਆਲ ਸਿਹਾਂ।"

...ਤੇ ਨੱਥਾ ਸਿੰਘ ਨੇ ਉਜੜੇ ਪਰਿਵਾਰ ਦੀ ਮਹਾਂਭਾਰਤ ਦਾ ਪਹਿਲਾ ਅਧਿਆਇ ਜਿਵੇਂ ਪੜ੍ਹਨਾ ਸ਼ੁਰੂ ਕਰ ਦਿੱਤਾ ਹੋਵੇ...

"ਮਾਹਟਰ ਜੀ ਇਹ ਘਰ ਸੀ ਦੌਲਤ ਸਿੰਘ ਦਾ... ਰੌਲਿਆਂ ਤੋਂ ਪਹਿਲਾਂ, ਇਨ੍ਹਾਂ ਦਾ ਪਾਕਿਸਤਾਨ ਦੇ ਸਿੰਧ ਵਿਚ ਚੰਗਾ ਕਾਰੋਬਾਰ ਸੀ। ਵੰਡ ਵੇਲੇ ਇਧਰ-ਉਧਰ ਭੱਜਣ ਦੀ ਹਫ਼ੜਾ-ਦਫੜੀ ਪਈ ਤਾਂ ਮੁਸਲਮਾਨਾਂ ਨੇ ਧਰਮ ਦੇ ਨਾਂ 'ਤੇ ਸਾਰਾ ਹੀ ਪਰਿਵਾਰ ਵੱਢ-ਟੁਕ ਦਿੱਤਾ। ਜੇ ਬਚਿਆ ਤਾਂ ਦੌਲਤ ਸਿੰਘ ਤੇ ਉਹਦੀ ਘਰਵਾਲੀ ਨੰਜੋ। ਉਹ ਬਚਦੇ-ਬਚਾਉਂਦੇ ਫੌਜੀ ਕੈਂਪਾਂ ਵਿਚੀਂ ਹੁੰਦੇ ਇਕ ਛੋਟੀ ਜਿਹੀ ਬੱਚੀ ਨੂੰ ਨਾਲ ਲੈ ਕੇ ਆਪਣੇ ਇਸ ਪਿੰਡ ਵਿਚ ਇਸੇ ਘਰ ਆਣ ਟਿਕੇ...।"

"ਕੁੜੀ ਉਨ੍ਹਾਂ ਦੀ ਰੱਜ ਕੇ ਸੁਨੱਖੀ ਸੀ। ਕਹਿੰਦੇ ਵੀ ਮਹਿਬੂਬਾ ਸੀ, ਪਰ ਇਨ੍ਹਾਂ ਨੇ ਉਹਦਾ ਨਾਂ ਮਹਿਬੂਬ ਕੌਰ ਰੱਖ ਲਿਆ।"

"ਗੱਲ ਸੁਣ ਉਏ ਪਟਵਾਰੀਆ, ਜਾਂ ਮੈਨੂੰ ਗੱਲ ਕਰ ਲੈਣ ਦੇ, ਜਾਂ ਆਪ ਕਰ ਲੈ। ਤੂੰ ਕਸ਼ਮੀਰ ਆਲੇ ਝਗੜੇ ਵਾਂਗ ਵਿਚ ਲੱਤ ਅੜਾ ਲਈ... ਸਾਰੇ ਮੁਸਲਮਾਨ ਤੇਰੇ ਵਰਗੇ ਚੰਗੇ ਵੀ ਨ੍ਹੀਂ ਹੈਗੇ।"

"ਤੂੰ ਯਾਰ ਮੇਰੇ ਅੱਲ ਨੂੰ ਹੋ ਗਿਐਂ, ਕਰ ਲੈ ਪੂਰੀ।"

"ਫੇ' ਮਾਹਟਰ ਜੀ, ਦੌਲਤ ਸਿੰਘ ਵਿਚਾਰੇ ਨੇ ਜ਼ਿਮੀਦਾਰ ਦੀ ਗੜ੍ਹਿਆਂ ਨਾਲ ਉਜੜੀ ਫਸਲ ਵਾਂਗੂੰ ਦਿਲ 'ਤੇ ਪੱਥਰ ਰੱਖ ਕੇ ਇਸ ਘਰ ਵਿਚ ਹੇਠਾਂ ਕਰਿਆਨੇ ਦੀ ਦੁਕਾਨ ਖੋਲ੍ਹ ਲਈ ਅਤੇ ਉਪਰ ਚੁਬਾਰੇ ਵਿਚ ਰਹਿਣ ਲੱਗ ਪਿਆ। ਮਹਿਬੂਬਾ ਵੱਡੀ ਹੋਈ ਤਾਂ ਨਿਰੀ ਨੂਰ ਜਹਾਂ ਲੱਗਿਆ ਕਰੇ। ਇਕ ਦਿਨ ਉਨ੍ਹਾਂ ਦੇ ਘਰ ਰੌਲਾ ਪੈਣ 'ਤੇ ਮੈਂ ਵੀ ਚਲੇ ਗਿਆ। ਚਾਰ ਕੁ ਹੋਰ ਵੀ ਸਿਆਣੇ ਬੰਦੇ ਬੈਠੇ ਸਨ ਤੇ ਵਿਚਾਲੇ ਇਕ ਮੁੰਡਾ ਨੀਵੀਂ ਪਾਈ ਬੈਠਾ ਸੀ। ਮੁੰਡਾ ਬਾਹਲਾ ਈ ਸੋਹਣਾ, ਰਾਜ ਕੁਮਾਰਾਂ ਵਰਗਾ।"

"ਕੁੜੀ ਨੂੰ ਕੁਛ ਕਹਿ'ਤਾ? ਕੌਣ ਸੀ ਉਹ ਮੁੰਡਾ?"

"ਮਾਹਟਰਾ! ਤੂੰ ਪੜ੍ਹਿਆ-ਲਿਖਿਆਂ ਏਂ, ਵਿਚ ਨਾ ਬੋਲ, ਸੁਣ ਤਾਂ ਲੈ।"

"ਚੱਲ ਠੀਕ ਐ।"

"ਮੁੰਡਾ ਸੀ ਸਾਹਮਣੇ ਘਰ ਆਲੇ ਰੋਸ਼ਨ ਸ਼ਰਮੇ ਦਾ ਭਾਣਜਾ। ਉਹ ਦੱਸਣ ਲੱਗਾ ਕਿ 'ਜਦੋਂ ਵੀ ਮੈਂ ਆਉਨਾਂ, ਇਹ ਕੁੜੀ ਚੁਬਾਰੇ ਦੀ ਬਾਰੀ ਖੋਲ੍ਹ ਕੇ ਬਹਿ ਜਾਂਦੀ, ਅੱਖ ਨਹੀਂ ਝਪਕਦੀ, ਦੇਖਦੀ ਰਹਿੰਦੀ...ਕਦੇ ਇਸ਼ਾਰੇ ਕਰਦੀ, ਕਦੇ ਰੋਣ ਲੱਗ ਪੈਂਦੀ।"ਮਾੜੀ ਕੀਤੀ ਮੁੰਡੇ ਨੇ।"

"ਅੱਗੇ ਸੁਣੋਂ ਮਾਹਟਰ ਜੀ, ਦੌਲਤ ਨੇ ਬਿਠਾ



ਲਈ ਮਹਿਬੂਬਾ ਵਿਚੇ, ਪਈ ਦੱਸ! ਤੂੰ ਕਿਉਂ ਚੁਬਾਰੇ ਚੜ੍ਹ ਕੇ ਮੁੰਡੇ ਵੱਲ ਵੇਖਦੀ ਸੀ? ਹੱਸੀ ਕਿਉਂ ਅੱਜ? ਤੇ ਮਾਹਟਰ ਜੀ, ਮਹਿਬੂਬਾ ਫਿਸ ਪਈ, ਤਿਲਕ ਗਈ ਦਰਦ ਦੀ ਪੀੜ ਤੋਂ...ਰੋਂਦੀ ਹੁੱਬਕੀਆਂ ਲੈ ਕੇ ਦੱਸੇ, 'ਮੇਰਾ ਭਰਾ ਇਹਦੇ ਵਰਗਾ ਸੀ, ਰੱਜ ਕੇ ਸੋਹਣਾ। ਉਹੀ ਨੈਣ ਨਕਸ਼... ਮਾਰ'ਤਾ ਪਾਪੀਆਂ ਨੇ, ਤੇ ਜਦੋਂ ਮੈਂ ਇਹਨੂੰ ਦੇਖਦੀ ਆਂ, ਭਰਾ ਚੇਤੇ ਆ ਜਾਂਦਾ'। ਤੇ ਉਦਣ ਦੌਲਤ ਸਿਹੁੰ ਦੀਆਂ ਅੱਖਾਂ ਵੀ ਸਮੁੰਦਰ ਵਾਂਗ ਛਲਕ ਪਈਆਂ ਤੇ ਖੋਲ੍ਹ'ਤਾ ਸਾਰਾ ਭੇਤ...।"

"ਕੀ?"

"ਬਸ਼ੀਰਿਆ, ਤੈਨੂੰ ਤਾਂ ਸਾਰਾ ਪਤਾ ਈ ਐ।"

"ਆਹ ਗੱਲ ਦਾ ਨ੍ਹੀਂ ਪਤਾ?"

"ਉਹ ਆਖਣ ਲੱਗਾ, ਸਿੰਧ ਦੇ ਸ਼ਹਿਰ ਟੰਡਾ ਗੁਲਾਮ ਅਲੀ ਵਿਚ ਅਸੀਂ ਰਹਿੰਦੇ ਸਾਂ। ਸਾਡੇ ਘਰ ਦੇ ਸਾਹਮਣੇ ਲਾਲਾ ਰਤਨ ਪਾਲ ਦੀ ਕਰਿਆਨੇ ਦੀ ਦੁਕਾਨ ਸੀ। ਸਾਨੂੰ ਸ਼ਹਿਰ ਵਾਲੇ ਕਹੀ ਗਏ, ਤੁਸੀਂ ਨਾ ਕੋਈ ਵੀ ਪਾਕਿਸਤਾਨ ਛੱਡ ਕੇ ਜਾਇਓ...ਅਸੀਂ ਤੁਹਾਡੇ ਨਾਲ ਆਂ। ਓਦਣ ਮਹਿਬੂਬਾ ਨੂੰ ਲੈ ਕੇ ਅਸੀਂ ਇਕ ਮੁਸਲਮਾਨ ਪਰਿਵਾਰ ਵਿਚ ਮੁੰਡਾ ਜੰਮਣ 'ਤੇ ਡਰ ਹੁੰਦਿਆਂ ਵੀ ਚਲੇ ਗਏ। ਲਾਲੇ ਨਾਲ ਸਾਡਾ ਭਰਾਵਾਂ ਤੋਂ ਵੱਧ ਤਿਹੁ ਸੀ ਤੇ ਇਹ ਕੁੜੀ ਤਾਂ ਰਹਿੰਦੀ ਹੀ ਸਾਰਾ ਦਿਨ ਸਾਡੇ ਕੋਲ ਸੀ। ਪਿਛੋਂ ਬੋਲ'ਤਾ ਧਾਵਾ ਜਨੂੰਨੀਆਂ ਨੇ। ਸਾਡਾ ਤੇ ਲਾਲੇ ਦਾ ਸਾਰਾ ਪਰਿਵਾਰ ਜਨੂੰਨੀਆਂ ਨੇ ਚੌਰਾਹੇ ਵਿਚ ਵੱਢਿਆ। ਫਿਰ ਕੀ ਸੀ, ਅਸੀਂ ਇਸ ਬੱਚੀ ਨੂੰ ਧੀ ਬਣਾ ਕੇ, ਫੌਜੀ ਕੈਂਪਾਂ ਵਿਚ ਹੁੰਦੇ ਹੋਏ ਤਿੰਨੇ ਜਣੇ ਬਚ ਕੇ ਇਥੇ ਪਹੁੰਚ ਗਏ।"

"ਸੁਣ ਨ੍ਹੀਂ ਹੁੰਦਾ ਨੱਥਾ ਸਿਹਾਂ, ਆਹ ਤਾਂ ਚੰਨ ਜਿਵੇਂ ਪੁੰਨਿਆਂ ਦੀ ਰਾਤ ਨੂੰ ਲੁਕ ਗਿਆ ਹੋਵੇ।"

"ਮਾਹਟਰ! ਅਜੇ ਤਾਂ ਕੁਛ ਵੀ ਨ੍ਹੀਂ ਹੋਇਆ, ਜੇ ਦਮ ਐ ਤਾਂ ਅੱਗੇ ਚੱਲਾਂ?"

"ਕਰ ਪੂਰੀ ਗੱਲ।"

"ਬਈ ਉਹ ਸ਼ਰਮਿਆਂ ਦਾ ਮੁੰਡਾ ਰੋ ਪਿਆ। ਹੱਥ ਜੋੜ ਕੇ ਕਹਿਣ ਲੱਗਾ, 'ਮਹਿਬੂਬਾ ਬੰਨ੍ਹ ਮੌਲੀ ਦਾ ਲਾਲ ਧਾਗਾ... ਅੱਜ ਤੋਂ ਤੂੰ ਮੇਰੀ ਸਕੀ ਭੈਣ ਤੋਂ ਵੀ ਵੱਧ'। ਤੇ ਬਾਈ ਮੁੰਡਾ ਫਿਰ ਛੇ ਮਹੀਨੇ ਪਿੰਡ ਨਾ ਵੜਿਆ ਤੇ ਜਦੋਂ ਆਇਆ ਤਾਂ ਸੱਚ ਮੰਨਿਓਂ, ਇਹ ਸ਼ਰਮਿਆਂ ਦਾ ਰਜਿੰਦਰ ਕੁਮਾਰ ਅੰਮ੍ਰਿਤਧਾਰੀ ਹੋ ਕੇ ਰਜਿੰਦਰ ਸਿੰਘ ਬਣ ਕੇ ਮਹਿਬੂਬਾ ਨੂੰ ਗਲ ਲਾ ਕੇ ਆਂਹਦਾ, 'ਹੁਣ ਹੋਈ ਏ ਤੇਰੀ ਪੱਤ ਸੁਰੱਖਿਅਤ'।"

"ਧਾਹਾਂ ਨਿੱਕਲ ਗਈਆਂ ਨੱਥਾਂ ਸਿਹਾਂ...ਪੈ ਗਈ ਮੁੰਡੇ ਦੇ ਫਿਰ ਕਾਲਜੇ ਅਣਖ ਦੀ ਸੱਟ।"

...ਤੇ ਫਿਰ ਨੱਥਾ ਸਿੰਹੁ ਦਾ ਵੀ ਗਲਾ ਭਰ ਆਇਆ। ਜ਼ੁਬਾਨ ਕੰਬਣ ਲੱਗੀ, ਤੇੜ ਲਾਈ ਚਾਦਰ ਦੇ ਲੜ ਨਾਲ ਅੱਖਾਂ ਪੂੰਝਦਿਆਂ ਕਹਿਣ ਲੱਗਾ, "ਬਸ਼ੀਰਿਆ, ਤੈਨੂੰ ਵੀ ਸਾਰੀ ਗੱਲ ਦਾ ਪਤੈ...ਅੱਗੇ ਕਹਾਣੀ ਮੈਥੋਂ ਨਹੀਂ ਸੁਣਾਈ ਜਾਣੀਂ, ਤੂੰ ਪੂਰੀ ਕਰ ਦੇ...ਇਹ ਨਾਨਕਸ਼ਾਹੀ ਇੱਟਾਂ ਵਾਲਾ ਬਰਬਾਦ ਘਰ ਅੱਗੇ ਦੱਸਦਾ ਕੀ ਐ?"

ਫਿਲਮ ਦਾ ਜਿਵੇਂ ਇੰਟਰਵਲ ਤਾਂ ਹੋ ਗਿਆ ਹੋਵੇ, ਤੇ ਅੱਖ ਜਿਵੇਂ ਕਿਸੇ ਵੀ ਦਰਸ਼ਕ ਦੀ ਗਿੱਲੀ ਹੋਣ ਤੋਂ ਨਾ ਰਹਿ ਸਕੀ ਹੋਵੇ।

ਬਸ਼ੀਰ ਮੁਹੰਮਦ ਨੇ ਦਰਦ ਦੀ ਅਗਲੀ ਪੰਡ ਖੋਲ੍ਹੀ, "ਬਈ ਮਾਹਟਰ ਜੀ! ਉਹ ਮੁੰਡਾ ਰਜਿੰਦਰ ਸਿੰਘ ਫਿਰ ਪੂਰਾ ਗੁਰੂ ਦਾ ਸਿੰਘ ਸਜ ਕੇ ਧਰਮੀ ਵੀ ਪੂਰਾ ਨਿਕਲਿਆ। ਮਹਿਬੂਬਾ ਪੂਰੀ ਮਹਿਬੂਬ ਕੌਰ ਬਣ ਗਈ ਜਦੋਂ ਇਸੇ ਮੁੰਡੇ ਨੇ ਉਹਦਾ ਵਿਆਹ ਦਿੱਲੀ ਜਮਨਾ ਪਾਰ ਵਸਦੇ ਗੁਰਸਿੱਖ ਗੁਰਮੁੱਖ ਸਿੰਘ ਨਾਲ ਕੀਤਾ ਹੀ ਨਹੀਂ, ਸਗੋਂ ਘਰੋਂ ਸਰਦਾ-ਪੁੱਜਦਾ ਹੋਣ ਕਰ ਕੇ ਸਾਰਾ ਖਰਚ ਵੀ ਆਪ ਕੀਤਾ। ਦੌਲਤ ਸਿੰਘ ਦੀ ਕੌਡੀ ਨ੍ਹੀਂ ਲੱਗਣ ਦਿੱਤੀ ਤੇ ਡੋਲੀ ਤੋਰ ਕੇ ਕਹਿਣ ਲੱਗਾ, ਅੱਜ ਧੋ ਹੋਇਆ ਉਹ ਕਲੰਕ ਜਿਹੜਾ ਮੇਰੇ ਮੱਥੇ 'ਤੇ ਭੈਣ ਦੀ ਚੁੰਨੀ ਲਾਹੁਣ ਵੇਲੇ ਉਸ ਮਨਹੂਸ ਸਵੇਰ ਨੂੰ ਗਲਤੀ ਤੇ ਭੁਲੇਖੇ ਵਿਚ ਲੱਗ ਗਿਆ ਸੀ।"

"ਇੰਨਾ ਕੁਝ ਚੰਗਾ ਹੋਣ ਕਰ ਕੇ ਇਸ ਘਰ ਨੂੰ ਗ੍ਰਹਿਣ ਕਿਉਂ ਲੱਗਾ?"

"ਉਥੇ ਹੀ ਆਊਣ ਲੱਗਾਂ ਮਾਹਟਰ ਜੀ! ਇਹ ਜ਼ਖ਼ਮ ਅਸਲ ਵਿਚ ਦੌਲਤ ਸਿੰਹੁ ਦੇ ਜ਼ਖ਼ਮ ਨਹੀਂ, ਹਰ ਇਕ ਨੂੰ ਆਪਣੇ ਲਗਦੇ ਹਨ ਤੇ ਆਪਣੇ ਜ਼ਖ਼ਮਾਂ 'ਤੇ ਆਪੇ ਨਹੁੰ ਮਾਰਨੇ ਔਖੇ ਬਹੁਤ ਨੇ। ਤੇ ਇਹ ਦਿੱਤੇ ਵੀ ਧਰਮੀ ਕਹਾਉਣ ਵਾਲੇ ਲੋਕਾਂ ਨੇ ਧਰਮ ਦੇ ਨਾਂ 'ਤੇ ਹੀ ਹਨ।"

"ਅੱਛਾ! ਫਿਰ ਅੱਗੇ?"

"ਸੱਠ-ਬਾਹਟ ਦੇ ਕਰੀਬ ਵਿਆਹ ਹੋਇਆ ਹੋਊ ਇਹ, ਉਦੋਂ ਮੈਨੂੰ ਵੀ ਪਟਵਾਰੀ ਲੱਗੇ ਨੂੰ ਚਾਰ ਕੁ ਸਾਲ ਹੋਏ ਸਨ। ਗੁਰਮੁੱਖ ਦਾ ਛੋਟਾ ਜਿਹਾ ਕਾਰਖਾਨਾ ਸੀ। ਰਜਿੰਦਰ ਵੀ ਉਹਨੇ ਨਾਲ ਹੀ ਰੱਖ ਲਿਆ। ਦੋਹਾਂ ਵਿਚ ਪਿਆਰ ਦੀ ਸਾਂਝ ਭਰਾਵਾਂ ਵਰਗੀ ਵੀ ਸੀ ਤੇ ਜੀਜੇ ਸਾਲੇ ਵਰਗੀ ਵੀ।"

...ਤੇ ਫਿਰ ਬਸ਼ੀਰ ਦੀ ਧਾਹ ਨਿਕਲ ਗਈ। ਉਹ ਉਚੀ-ਉਚੀ ਰੋ ਪਿਆ। ਭੁੱਬਾਂ ਵਿਚ ਬੋਲ ਖਿੜਕਦੇ ਬਾਹਰ ਆਉਣ ਲੱਗੇ, "ਪਹਿਲਾਂ ਸੱਤਰ ਕੁ ਵਿਚ ਦੌਲਤ ਪੂਰਾ ਹੋ ਗਿਆ, ਤੇ ਫਿਰ ਪੰਜ ਕੁ ਸਾਲ ਉਹਦੀ ਘਰਵਾਲੀ ਨੰਜੋ ਇਥੇ ਦੀਵਾ ਬੱਤੀ ਕਰਦੀ ਰਹੀ। ਉਹ ਗਈ ਤਾਂ ਘਰ ਨੂੰ ਰੋਪੜੀ ਜਿੰਦਾ ਲੱਗ ਗਿਆ। ਫਿਰ ਕਦੇ-ਕਦੇ ਗੁਰਮੁੱਖ ਤੇ ਮਹਿਬੂਬਾ ਗੇੜਾ ਮਾਰਦੇ। ਪਟਕੇ ਬੰਨ੍ਹੀ ਦੋ ਪੁੱਤਰ ਘਰ ਦੇ ਆਂਗਣ ਵਿਚ ਖੇਡਦੇ ਤੇ ਬਰਕਤਾਂ ਦੀ ਮੀਂਹ ਪੈਂਦਾ ਹੀ ਰਹਿੰਦਾ। ਫਿਰ ਇਕ ਵਾਰ, ਦਿਨ ਤੇ ਰਾਤ 'ਕੱਠੇ ਹੋ ਗਏ, ਹਨ੍ਹੇਰ ਪੈ ਗਿਆ।"

"ਉਹ ਕਿਹੜਾ?"

"ਸੰਨ ਚੁਰਾਸੀ ਦਾ।"

"ਇੰਦਰਾ ਗਾਂਧੀ ਦੇ ਕਤਲ ਵੇਲੇ ਦੀ ਗੱਲ?"

"ਗੱਲ ਨਹੀਂ ਮਾਹਟਰ ਜੀ...ਇਹ ਲਾਲ ਨਾਨਕਸ਼ਾਹੀ ਇੱਟਾਂ ਦੇ ਘਰ ਦਾ ਜਿਹੜਾ ਸਵਾਲ ਤੂੰ ਕੀਤਾ ਸੀ, ਇਹ ਹੁਣ ਖੜ੍ਹੀਆਂ ਹੀ ਨੇ। ਇਹ ਉਖੜ ਉਦਣ ਹੀ ਗਈਆਂ ਸਨ ਜਦੋਂ ਦਿੱਲੀ ਉਨ੍ਹਾਂ ਨੇ ਕਤਲੇਆਮ ਮਚਾ ਦਿੱਤੀ ਜਿਨ੍ਹਾਂ ਲਈ ਦਿੱਲੀ ਵਿਚ ਨੌਵੇਂ ਪਾਤਸ਼ਾਹ ਨੇ ਸੀਸ ਕੁਰਬਾਨ ਕੀਤਾ ਸੀ।"

ਮੁਸਲਮਾਨ ਪਟਵਾਰੀ ਦੇ ਮੂੰਹੋਂ ਸਿੱਖ ਇਤਿਹਾਸ ਦੀ ਵਿਆਖਿਆ ਸੁਣ ਕੇ ਮਾਸਟਰ ਹਰਦਿਆਲ ਵੀ ਚੀਕ ਪਿਆ, "ਮੁਕਾ ਦੇ ਬਸ਼ੀਰਿਆ ਹੁਣ ਤੂੰ ਵੀ ਕਹਾਣੀ, ਇਹ ਬਰਬਾਦੀ ਦਾ ਮਹਾਂਭਾਰਤ ਨਹੀਂ ਹੁਣ ਸੁਣਿਆ ਜਾਂਦਾ।"

"...ਤੇ ਗੁਰਮੁੱਖ ਤੇ ਰਜਿੰਦਰ ਫੈਕਟਰੀ ਵਿਚ ਉਨ੍ਹਾਂ ਰਾਡਾਂ ਨਾਲ ਮਾਰ ਕੇ ਲੂਹ ਸੁੱਟੇ। ਜਨੂੰਨ ਸੈਂਤੀ ਸਾਲਾਂ ਬਾਅਦ ਜਿਵੇਂ ਇਕ ਵਾਰ ਜੁਆਨ ਹੋ ਕੇ ਉਠਿਆ ਹੋਵੇ। ਦੂਜੇ ਪਾਸੇ ਧਰਮ ਦੇ ਨਾਂ 'ਤੇ ਹਲਕੀ ਬੰਦੇ ਖਾਣੀ ਭੀੜ ਨੇ ਮਹਿਬੂਬਾ ਤੇ ਉਹਦੇ ਪੁੱਤਰ ਵੀ ਜਿੰਦਾ ਜਲਾ ਸੁੱਟੇ ਘਰ ਵਿਚ ਹੀ।"

"ਚੰਗਾ ਮੈਂ ਚੱਲਦਾਂ!"

"ਨਹੀਂ ਹਰਦਿਆਲ ਸਿਹਾਂ, ਤੂੰ ਮਾਹਟਰ ਵੀ ਏਂ, ਬੱਚੇ ਵੀ ਪੜ੍ਹਾਉਨੈਂ...ਜ਼ੁਲਮ ਦੀ ਸਿਖਰ 'ਤੇ ਬੁਝਦਾ ਧਰਮ ਦਾ ਦੀਵਾ ਵੀ ਦੁਹਾਈਆ ਪਾਉਂਦਾ, ਸੁਣ ਕੇ ਜਾਹ।" ਨੱਥਾ ਸਿੰਘ ਨੇ ਮਾਸਟਰ ਦੀ ਬਾਂਹ ਫੜ ਲਈ।

"ਰਹਿ ਕੀ ਗਿਐ ਹੁਣ?"

ਉਹੀ ਤਾਂ ਦੱਸਣਾ ਜ਼ਰੂਰੀ ਹੈ ਜੋ ਰਹਿੰਦੈ...ਕਿਤੇ ਗੁਰਮੁੱਖ ਦੇ ਗੁਆਂਢ ਵਿਚ ਬਜ਼ੁਰਗ ਜੋੜਾ ਰਹਿੰਦਾ ਸੀ। ਜਿੱਦਣ ਮਹਿਬੂਬਾ ਦੇ ਘਰ ਜ਼ਾਲਮਾਂ ਨੇ ਧਾਵਾ ਬੋਲਿਆ, ਅਠਾਰਾਂ-ਵੀਹ ਸਾਲ ਦੇ ਦੋਵੇਂ ਬੇਟੇ ਘਰ ਸਨ। ਦੋਹਾਂ ਨੂੰ ਭੀੜ ਨੇ ਧੂਹ ਕੇ ਜਦੋਂ ਬਾਹਰ ਖਿੱਚਿਆ ਤਾਂ ਮਹਿਬੂਬਾ ਦੀਆਂ ਚੀਕਾਂ 'ਹਾਏ ਮੇਰੇ ਪੁੱਤਾਂ ਨੂੰ ਕੁਛ ਨਾ ਕਿਹੋ...ਇਨ੍ਹਾਂ ਕੀ ਵਿਗਾੜਿਆ, ਇਹ ਤਾਂ ਪੜ੍ਹਦੇ ਨੇ, ਮੇਰੇ ਮਾਸੂਮਾਂ ਨੂੰ ਕੁਛ ਨਾ ਕਹੋ...', ਮਾਰੀਆਂ, ਤਾਂ ਭੀੜ ਰੌਲਾ ਪਾ ਰਹੀ ਸੀ, 'ਸੀਖ (ਸਿੱਖ) ਤੋ ਹੈਂ, ਨਹੀਂ ਛੋੜੇਂਗੇ'। ਤੇ ਦੋਹਾਂ ਨੂੰ ਜਦੋਂ ਮਾਂ ਦੇ ਸਾਹਮਣੇ ਮਿੱਟੀ ਦਾ ਤੇਲਾ ਪਾ ਕੇ ਜਿਉਂਦਿਆਂ ਨੂੰ ਅੱਗ ਲਾਈ ਤਾਂ ਬੇਹੋਸ਼ ਹੋ ਕੇ ਡਿਗਦੀ ਮਹਿਬੂਬਾ ਦੀਆਂ ਚੀਕਾਂ ਨਾਲ ਅੰਬਰ ਵੀ ਜਿਵੇਂ ਕੰਬ ਗਿਆ ਹੋਵੇ, 'ਵੇ ਦੁਸ਼ਟੋ, ਸੰਤਾਲੀ ਵਿਚ ਹਿੰਦੂ ਹੋਣਾ ਗੁਨਾਹ ਸੀ, ਜਦੋਂ ਮੇਰਾ ਬਾਪ, ਮਾਂ ਤੇ ਭਰਾ ਉਨ੍ਹਾਂ ਧਰਮੀਆਂ ਨੇ ਖਾ ਲਿਆ ਜੋ ਅੱਲ੍ਹਾ ਦੀ ਗੱਲ ਕਰਦੇ ਸਨ। ਹੁਣ ਸਿੱਖ ਹੋਣਾ ਵੀ ਗੁਨਾਹ ਹੋ ਗਿਆ...ਹਾਏ ਵੇ ਰੱਬਾ ਕਿਥੇ ਚਲੇ ਜਾਂਦੀ... ਧਰਮ ਦੇ ਸਾਰੇ ਰਾਹ ਬੰਦ ਕਰੀ ਜਾਨੈਂ।' ਤੇ ਮਹਿਬੂਬਾ ਦਾ ਘਰ ਸ਼ਮਸ਼ਾਨ ਘਾਟ ਬਣ ਗਿਆ।"

ਲੱਪ-ਲੱਪ ਅੱਥਰ ਸਾਂਭਦਿਆਂ ਮਾਸਟਰ ਹਰਦਿਆਲ ਸਿੰਹੁ ਨੇ ਆਖਰੀ ਸਵਾਲ ਪੁੱਛਿਆ, "ਗੁਆਂਢੀ ਬਜ਼ੁਰਗ ਜੋੜੇ ਦੀ ਗੱਲ ਵਿਚੇ ਹੀ ਰਹਿ ਗਈ?"

"ਇਹ ਬਜ਼ੁਰਗ ਦਿੱਲੀਓਂ ਕਿਤੇ ਪੁੱਛਦੇ-ਪੁਛਾਉਂਦੇ ਸਾਡੇ ਪਿੰਡ ਆ ਗਏ, ਤੇ ਆਖਰੀ ਬੋਲ ਜਿਹੜੇ ਮਹਿਬੂਬਾ ਦੇ ਮੈਂ ਸੁਣਾ ਕੇ ਹਟਿਆਂ, ਇਹ ਉਹ ਬੁੱਢੀ ਔਰਤ ਇਸੇ ਲਾਲ ਇੱਟਾਂ ਦੇ ਘਰ ਅੱਗੇ ਦੱਸਦਿਆਂ ਬੇਹੋਸ਼ ਹੋ ਕੇ ਡਿੱਗ ਪਈ ਸੀ।"

...ਤੇ ਦਰਦ ਦੇ ਅੱਥਰੂਆਂ ਨਾਲ ਨਹੀਂ, ਧਰਮ ਦੇ ਜਨੂੰਨੀਆਂ ਪ੍ਰਤੀ ਖੂਨ ਉਗਲਦੀਆਂ ਅੱਖਾਂ ਲੈ ਕੇ ਤਿੰਨੇ ਜਣੇ ਫਿਰ ਇਕ-ਦੂਜੇ ਨੂੰ ਬਿਨਾਂ ਕੁਝ ਕਿਹਾਂ ਖਿਲਰ ਗਏ।

ਲੱਗਦਾ ਨਹੀਂ, ਧਰਮ ਬਾਰੇ ਨਿਰਪੱਖ ਰਾਏ ਦੇਣੀ ਔਖੀ ਬਹੁਤ ਹੋ ਗਈ ਹੈ।

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ...ਤੇ ਇਹ ਵਿਰਸਾ?

ਗਈ ਬਲਦਾਂ ਦੀ ਦੌੜ, ਤੇ ਗਵਾਚ ਚੱਲੀ ਗੱਡੀ।
ਪੈਣ ਟਾਂਵੀਆਂ ਹੀ ਛਿੰਝਾਂ, ਖਾਧੀ ਨਸ਼ਿਆਂ ਕਬੱਡੀ।
ਕਿੱਤੇ ਲੱਭਿਆਂ ਨਹੀਂ ਲੱਭਦੇ ਪੰਜਾਲੀ, ਗਾਂਧੀ, ਮੁੰਨੇ।
ਇਨ੍ਹਾਂ ਲੀਡਰਾਂ ਨੇ ਕੀਤੇ, ਮੇਲੇ ਵਿਰਸੇ ਦੇ ਸੁੰਨੇ।
ਗਾਉਣ ਵਾਲਿਆਂ ਨੇ ਕੀਤਾ ਹੁਣ ਬੇੜਾ ਪੂਰਾ ਗੁੱਲ।
ਇਨ੍ਹਾਂ ਰਿਸ਼ਤਿਆਂ ਦਾ ਛੱਡਿਆ ਏ ਕੌਡੀ ਵੀ ਨਾ ਮੁੱਲ।
ਲੋਕੀਂ ਮਰਦੇ ਹੀ ਚੱਬੀ ਜਾਣ ਮੱਲੋ ਮੱਲੀ ਅੱਕ।
ਜਿਹਨੂੰ ਕਹਿੰਦੇ ਇਖਲਾਕ ਉਹਦਾ ਤੋੜ ਦਿੱਤਾ ਲੱਕ।
ਨਾ ਹੀ ਭਾਈਆ, ਠੰਡੂ ਰਾਮ, ਨਾ ਹੀ ਮੰਡੀਆਂ ਦੇ ਭਾਅ।
ਉਹੋ ਰੇਡੀਓ ਨੂੰ ਸੁਣਨੇ ਦਾ ਮੁੱਕ ਗਿਆ ਚਾਅ।
ਗਾਵੇ ਭਾਨ ਸਿੰਘ ਮਾਹੀ ਨਾ ਮਧਾਣੀ ਵਾਲੇ ਗਾਣੇ।
ਚਿੱਤ ਸੁਣਨੇ ਨੂੰ ਕਰਦਾ ਏ ਗੀਤ ਪੁਰਾਣੇ।
ਨ ਮਟਕਾ, ਨਾ ਗਾਗਰ, ਨਾ ਗੜਵੇ ਨੂੰ ਚਾਂਦੀ।
ਕਿਥੇ ਲੱਕ ਨੂੰ ਹਿਲਾਉਂਦੀ ਕੋਈ ਭੱਤਾ ਲੈ ਕੇ ਜਾਂਦੀ।
ਹੀਰਾਂ ਰਾਂਝਿਆਂ ਦੀ ਧਰਤੀ ਤੇ ਕੈਦੋਂ ਜਿਹਾ ਪੰਜਾਬ।
ਛੇਤੀਂ ਬਹੁੜੀ ਵੇ ਤਬੀਬਾ ਬੜੇ ਮਾੜੇ ਆਉਂਦੇ ਖਾਬ।
ਕਿਸੇ ਆਲੇ ਵਿਚ ਬੋਹੀਆ, ਮੂੜ੍ਹਾ, ਛਾਬਾ ਸਾਂਭ ਰੱਖਾਂ।
ਤੀਆਂ, ਤਿੰਜਣ ਨਾ 'ਭੌਰੇ' ਨਾ ਹੀ ਬੋਹੜਾਂ ਥੱਲੇ ਸੱਥਾਂ।

**ਗੁਰਮਤਿ ਗਿਆਨ**



ਡਾ. ਗੁਰਨਾਮ ਕੌਰ, ਕੈਨੇਡਾ

## ਸਿੱਖ ਧਰਮ ਦੇ ਸੰਦਰਭ ਵਿਚ

# ਧਰਮ ਨਿਰਪੇਖਤਾ, ਸਮਾਜਿਕ ਨਿਆਉਂ ਅਤੇ ਗਦਰੀ ਯੋਧੇ

'ਪੰਜਾਬ ਟਾਈਮਜ਼' ਦੇ 18 ਅਪਰੈਲ ਦੇ ਅੰਕ ਵਿਚ 'ਮੋਦੀ ਦਾ ਮਿਹਣਾ' ਸਿਰਲੇਖ ਹੇਠ ਸੰਪਾਦਕੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ ਦੌਰੇ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਮੋਦੀ ਨੇ ਆਪਣੇ ਜਰਮਨ ਦੌਰੇ ਸਮੇਂ 'ਸੰਸਕ੍ਰਿਤ ਦੇ ਬਹਾਨੇ ਧਰਮ ਨਿਰਪੇਖੀਆਂ ਨੂੰ ਮਿਹਣਾ ਮਾਰਿਆ ਹੈ ਕਿ ਸੰਸਕ੍ਰਿਤ ਅਤੇ ਧਰਮ ਨਿਰਪੱਖਤਾ ਨਾਲੋ ਨਾਲ ਨਹੀਂ ਚੱਲ ਸਕਦੇ।' ਇਸੇ ਸੰਦਰਭ 'ਚ ਅੱਗੇ ਲਿਖਿਆ ਹੈ, 'ਭਾਰਤ 'ਚ ਧਰਮ ਨਿਰਪੱਖਤਾ ਦਾ ਅਰਥ ਹਰ ਧਰਮ ਦੇ ਬਰਾਬਰ ਸਤਿਕਾਰ ਤੋਂ ਲਿਆ ਜਾਂਦਾ ਹੈ। ਇਸ ਸਿਲਸਿਲੇ ਵਿਚ 20ਵੀਂ ਸਦੀ ਦੇ ਸਭ ਤੋਂ ਮਹਾਨ ਧਰਮ ਨਿਰਪੇਖੀ ਸਾਬਤ ਹੋਏ ਗਦਰੀ ਯੋਧਿਆਂ ਦਾ ਜ਼ਿਕਰ ਕਰਨਾ ਬਣਦਾ ਹੈ। ਪਰਦੇਸੀਂ ਬੈਠੇ ਇਨ੍ਹਾਂ ਯੋਧਿਆਂ ਜਦੋਂ ਆਪਣਾ ਵਤਨ ਆਜ਼ਾਦ ਕਰਵਾਉਣ ਦੀ ਮੁਹਿੰਮ ਵਿੱਢੀ ਤਾਂ ਧਰਮ ਨੂੰ ਨਿਜੀ ਮਸਲਾ ਮੰਨਿਆ ਅਤੇ ਇਕ-ਦੂਜੇ ਦੇ ਧਰਮ ਨੂੰ ਬਰਾਬਰ ਦਾ ਸਤਿਕਾਰ ਦੇਣ ਦਾ ਪ੍ਰਣ ਦ੍ਰਿੜਾਇਆ। ਇਹ ਜ਼ਿਕਰ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਗਦਰੀ ਯੋਧਿਆਂ, ਜਿਨ੍ਹਾਂ 'ਚੋਂ ਬਹੁਤੇ ਸਿੱਖ ਪਿਛੋਕੜ ਵਾਲੇ ਸਨ, ਨੂੰ ਸਿੱਖ ਸਾਬਤ ਕਰਨ ਲਈ ਅੱਜ-ਕਲ੍ਹ ਮੁਹਿੰਮਾਂ ਛਿੜੀਆਂ ਹੋਈਆਂ ਹਨ ਅਤੇ ਮੋਦੀ ਵਾਂਗ ਸਿੱਖ ਭਾਈਚਾਰੇ ਨਾਲ ਸਬੰਧਤ ਇਕ ਸਿੱਖ ਤਬਕੇ ਨੂੰ ਵੀ ਧਰਮ ਨਿਰਪੱਖਤਾ ਬਾਬਤ ਕੁਝ ਵਧੇਰੇ ਹੀ ਇਤਰਾਜ਼ ਹਨ।

ਇਹ ਸੰਪਾਦਕੀ ਪੜ੍ਹ ਕੇ ਮੇਰੇ ਮਨ ਵਿਚ ਕਈ ਪ੍ਰਸ਼ਨ ਪੈਦਾ ਹੋਏ ਹਨ, ਜਿਨ੍ਹਾਂ ਵਿਚੋਂ ਕੁਝ ਪ੍ਰਸ਼ਨ ਆਰ. ਐਸ. ਐਸ. ਵਲੋਂ ਨਿੱਤ ਦਿਹਾੜੇ ਰੰਗ-ਬਿਰੰਗੇ ਕੀਤੇ ਜਾਣ ਵਾਲੇ ਐਲਾਨਨਾਮਿਆਂ ਨਾਲ ਸਬੰਧਤ ਹਨ ਜਿਵੇਂ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਹਿੰਦੂ ਹਨ, ਮਿਸ਼ਨਰੀਆਂ ਨੂੰ ਹਿੰਦੁਸਤਾਨ ਛੱਡ ਕੇ ਵਾਪਸ ਚਲੇ ਜਾਣਾ ਚਾਹੀਦਾ ਹੈ, ਮੁਸਲਮਾਨਾਂ ਨੂੰ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ, ਵਗੈਰਾ ਵਗੈਰਾ। ਉਪਰ ਦਿੱਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਿਆਨ ਅਤੇ ਸੰਪਾਦਕੀ ਵਿਚ ਗਦਰੀ ਬਾਬਿਆਂ ਨੂੰ ਸਿੱਖ ਸਾਬਤ ਕਰਨ ਉਤੇ ਇਤਰਾਜ਼ਾਂ ਸਬੰਧੀ ਹਨ। ਉਪਰ ਦੱਸੇ ਇਹ ਸਾਰੇ ਮੁੱਦੇ ਵਾਰ-ਵਾਰ ਉਠ ਰਹੇ ਹਨ।

ਕੈਨੇਡਾ 'ਚ ਤਨਖਾਹਦਾਰ ਪ੍ਰਚਾਰਕ ਇਸਾਈ ਧਰਮ ਦੇ ਪ੍ਰਚਾਰ ਹਿਤ ਛਪੇ ਹੋਏ ਕਿਤਾਬਚੇ ਲੈ ਕੇ ਸਮੇਂ ਸਮੇਂ, ਖਾਸ ਕਰਕੇ ਜਦੋਂ ਉਨ੍ਹਾਂ ਦਾ ਕੋਈ ਇਕੱਠ ਹੋਣਾ ਹੋਵੇ, ਵੱਖ ਵੱਖ ਗਿਰਜਾ-ਘਰਾਂ ਜਾਂ ਸੰਸਥਾਵਾਂ ਵਲੋਂ ਆਮ ਹੀ ਘਰ-ਘਰ ਆ ਕੇ ਸੰਪਰਕ ਕਰਦੇ ਹਨ। ਉਨ੍ਹਾਂ ਵਿਚ ਭਾਰਤੀ ਕੈਨੇਡੀਆਨ ਵੀ ਹੁੰਦੇ ਹਨ ਅਤੇ ਗੋਰੇ ਲੋਕ ਵੀ ਹੁੰਦੇ ਹਨ। ਆਮ ਤੌਰ 'ਤੇ ਦੋ ਜਾਣੇ ਇਸਤਰੀ ਜਾਂ ਪੁਰਸ਼ ਹੁੰਦੇ ਹਨ। ਇਸ 'ਗੁੱਡ ਫਰਾਈ ਡੇ' ਤੋਂ ਦੋ ਕੁ ਦਿਨ ਪਹਿਲਾਂ ਸਾਡੇ ਦਰਵਾਜ਼ੇ 'ਤੇ ਇੱਕ ਗੋਰੀ ਇਸਤਰੀ ਤੇ ਪੁਰਸ਼ ਨੇ ਦਸਤਕ ਦਿੱਤੀ ਤਾਂ ਮੈਂ ਬਾਹਰ ਨਿਕਲੀ। ਉਨ੍ਹਾਂ ਨੇ ਮੈਨੂੰ 'ਵਿਸ਼' ਕੀਤਾ ਤਾਂ ਮੈਂ ਅੰਗਰੇਜ਼ੀ ਵਿਚ ਉਤਰ ਦਿੱਤਾ। ਉਹ ਇਸ ਗੱਲ ਤੋਂ ਖੁਸ਼ ਹੋਏ ਕਿ ਮੈਂ ਉਨ੍ਹਾਂ ਦੀ ਅੰਗਰੇਜ਼ੀ ਵਿਚ ਕੀਤੀ ਗੱਲਬਾਤ ਚੰਗੀ ਤਰ੍ਹਾਂ ਸਮਝ ਰਹੀ ਸਾਂ। ਪਹਿਲੀ ਗੱਲ ਉਨ੍ਹਾਂ ਨੇ ਇਹ ਕਹੀ ਕਿ ਕੈਨੇਡਾ ਇੱਕ ਸੈਕੂਲਰ (ਧਰਮ-ਨਿਰਪੇਖ) ਮੁਲਕ ਹੈ ਜਿੱਥੇ ਸਾਰੇ ਧਰਮਾਂ ਦੇ ਲੋਕ ਸਾਂਝੇ ਭਾਈਚਾਰੇ ਦੇ ਤੌਰ 'ਤੇ ਰਹਿੰਦੇ ਹਨ। ਉਨ੍ਹਾਂ ਨੇ ਕੀਤੇ ਜਾਣ ਵਾਲੇ ਇਕੱਠ ਵਿਚ ਆਉਣ ਲਈ ਸੱਦਾ ਦਿੰਦਿਆਂ ਪੰਜਾਬੀ ਤੇ ਅੰਗਰੇਜ਼ੀ ਵਿਚ ਛਪੇ ਪੈਂਫਲੈਟ ਦਿੱਤੇ ਅਤੇ ਨਾਲ ਹੀ ਕਿਹਾ ਕਿ ਤੁਹਾਨੂੰ ਤੁਹਾਡੀ ਬੋਲੀ ਵਿਚ ਸਭ ਕੁਝ ਸਮਝਾਇਆ ਜਾਵੇਗਾ ਅਤੇ ਦੁਨੀਆਂ ਦੀਆਂ ਬਹੁਤ ਬੋਲੀਆਂ 'ਚ ਸੰਦੇਸ਼ ਸਮਝਾਇਆ ਜਾਵੇਗਾ। ਉਨ੍ਹਾਂ ਨੇ ਕੁਝ ਪੰਨਿਆਂ ਦੇ ਛਪੇ ਇੱਕ ਕਿਤਾਬਚੇ ਵਿਚੋਂ ਅਧਿਆਤਮਕਤਾ ਨਾਲ ਸਬੰਧਤ ਕੁਝ ਟੂਕਾਂ ਪੜ੍ਹਦਿਆਂ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਨਿਰੋਲ 'ਸਪਿਰਚੁਅਲ' ਅਰਥਾਤ ਅਧਿਆਤਮਕ ਹੈ ਜਿਸ ਦੀ ਮਨੁੱਖਤਾ ਨੂੰ ਜ਼ਰੂਰਤ ਹੈ, ਅਧਿਆਤਮਕਤਾ ਤੋਂ ਬਿਨਾਂ ਇਸ ਵਿਚ ਹੋਰ ਕੁਝ ਨਹੀਂ ਹੈ। ਜਦੋਂ ਮੈਂ ਵਿਸ਼ੇ ਨਾਲ ਸਬੰਧਤ ਬਾਣੀ ਦੀਆਂ ਕੁਝ ਤੁਕਾਂ ਦੱਸਦਿਆਂ ਅਰਥ ਸਮਝਾਇਆ ਕਿ ਸਿੱਖ ਧਰਮ ਵੀ ਸਾਂਝੀਵਾਲਤਾ, ਮਨੁੱਖੀ ਭਾਈਚਾਰੇ ਦੀ ਸਹਿਹੋਂਦ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਨ੍ਹਾਂ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। ਜਾਂਦੇ ਸਮੇਂ ਮੈਨੂੰ ਮੇਰੇ ਨਾਂ ਦੇ ਅਰਥ ਪੁੱਛੇ ਤੇ ਇਹ ਵੀ ਪੁੱਛਿਆ ਕਿ ਅਸੀਂ ਕਿਸੇ ਨੂੰ ਮਿਲਣ ਵੇਲੇ ਕੀ ਕਹਿੰਦੇ ਹਾਂ ਅਤੇ ਅਲਵਿਦਾ ਵੇਲੇ ਆਪਣੀ ਬੋਲੀ ਵਿਚ ਕੀ ਕਹਿੰਦੇ ਹਾਂ। ਜਦੋਂ ਮੈਂ ਦੱਸਿਆ ਕਿ ਅਸੀਂ 'ਸਤਿ ਸ੍ਰੀ ਅਕਾਲ' ਬੋਲਦੇ ਹਾਂ ਤਾਂ ਉਨ੍ਹਾਂ ਨੇ ਇਸ ਸ਼ਬਦ ਨੂੰ ਪੂਰਾ ਰੱਟਾ ਲਾਇਆ, ਹੱਥ ਜੋੜ ਕੇ ਕਹਿਣ ਦਾ ਅਭਿਆਸ ਕੀਤਾ ਅਤੇ ਬੜੇ ਪਿਆਰ ਨਾਲ ਮੇਰੇ ਕੋਲੋਂ ਵਿਦਾ ਲਈ।

ਹਿੰਦੂ, ਹਿੰਦੀ ਤੇ ਹਿੰਦੁਸਤਾਨ ਦੇ ਵਿਸਤ੍ਰਿਤ ਅਰਥਾਂ 'ਚ ਪੈਣ ਨਾਲੋਂ ਇਹ ਗੱਲ ਜ਼ਰੂਰ ਕਹਿਣੀ ਬਣਦੀ ਹੈ ਕਿ ਹਿੰਦੂਤਵ ਦੇ ਮੁੱਦਈ ਕਿਹੜੇ ਹਿੰਦੂਆਂ ਦੀ ਗੱਲ ਕਰਦੇ ਹਨ? ਸਵਰਨ ਜਾਤੀਆਂ ਜਾਂ ਉਨ੍ਹਾਂ ਹਿੰਦੂ ਕਹੀਆਂ ਜਾਣ ਵਾਲੀਆਂ ਪੱਛੜੀਆਂ ਅਤੇ ਦਲਿਤ ਜਾਤੀਆਂ ਨਾਲ ਸਬੰਧਤ ਭਾਰਤ ਵਾਸੀਆਂ ਦੀ, ਜਿਨ੍ਹਾਂ ਨੂੰ ਸਦੀਆਂ ਤੋਂ ਆਮ ਮਨੁੱਖ ਵਾਲਾ ਦਰਜਾ ਵੀ ਨਹੀਂ ਦਿੱਤਾ ਜਾਂਦਾ ਰਿਹਾ? ਅਤੇ ਜਿਨ੍ਹਾਂ ਦੀ ਗਿਣਤੀ ਭਾਰਤੀ ਮੁੱਠੀ ਭਰ ਸਵਰਨ ਜਾਤੀਆਂ ਨਾਲੋਂ ਕਈ ਗੁਣਾਂ ਵੱਧ ਹੈ। ਉਨ੍ਹਾਂ ਦੱਬੇ ਕੁਚਲੇ ਲੋਕਾਂ ਪ੍ਰਤੀ ਜੋ ਰਵੱਈਆ ਰਿਹਾ ਹੈ, ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਮਿਲ ਜਾਂਦੀਆਂ ਹਨ। ਭਗਤ ਨਾਮਦੇਵ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜਾਤ ਦੇ 'ਛੀਂਬਾ' ਸਨ ਅਤੇ ਹਿੰਦੂ ਸ਼ਾਸਤਰਾਂ ਵਿਚ ਦਿੱਤੀ ਵਰਨ-ਵੰਡ ਅਨੁਸਾਰ ਬ੍ਰਾਹਮਣ ਅਤੇ ਖੱਤਰੀ ਜਾਤ ਹੀ ਸਵਰਨ ਜਾਤਾਂ ਵਿਚ ਸ਼ਾਮਲ ਹਨ, ਬਾਕੀ ਸਭ ਜਾਤਾਂ ਨੀਵਾਂ ਦਰਜਾ ਰੱਖਦੀਆਂ ਹਨ।

ਭਗਤ ਨਾਮ ਦੇਵ ਰਾਗ ਮਲਾਰ ਵਿਚ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ, ਹੇ ਸੁਹਣੇ ਰਾਮ ਤੂੰ ਮੈਨੂੰ ਆਪਣੇ ਮਨ ਤੋਂ ਨਾ ਵਿਸਾਰੀਂ, ਮੈਨੂੰ ਭੁਲਾਵੀਂ ਨਾ। ਉਹ ਅੱਗੇ ਬਿਆਨ ਕਰਦੇ ਹਨ ਕਿ ਉਨ੍ਹਾਂ ਪੰਡਿਤਾਂ ਨੂੰ ਇਹ ਵਹਿਮ ਹੋ ਗਿਆ ਹੈ ਕਿ ਇਹ ਉਚੀ ਜਾਤ ਦੇ ਹਨ, ਇਸ ਲਈ ਇਹ ਸਾਰੇ ਮੇਰੇ ਨਾਲ ਗੁੱਸੇ ਹੋ ਗਏ ਹਨ (ਕਿਉਂਕਿ ਪੰਡਤ ਇਹ ਬਰਦਾਸ਼ਤ ਹੀ ਨਹੀਂ ਕਰ ਸਕਦਾ ਸੀ ਕਿ ਉਨ੍ਹਾਂ ਵਲੋਂ ਥਾਪੀ ਗਈ ਛੋਟੀ ਕਹੀ ਜਾਣ ਵਾਲੀ ਜਾਤ ਦਾ ਕੋਈ ਵਿਅਕਤੀ ਪਰਮਾਤਮਾ ਦਾ ਨਾਮ ਜਪਣ ਜਾਂ ਉਸ ਦੀ ਭਗਤੀ ਜਾਂ ਪੂਜਾ ਆਦਿ ਕਰਨ ਦਾ ਹੱਕ ਵੀ ਰੱਖਦਾ ਹੈ। ਇਸ ਕਿਸਮ ਦੀਆਂ ਉਦਾਹਰਣਾਂ ਹਿੰਦੂ ਸ਼ਾਸਤਰਾਂ, ਰਮਾਇਣ ਅਤੇ ਮਹਾਂਭਾਰਤ ਵਰਗੇ ਗ੍ਰੰਥਾਂ ਵਿਚੋਂ ਆਮ ਮਿਲ ਜਾਂਦੀਆਂ ਹਨ ਜਿਥੇ ਗੈਰ-ਬ੍ਰਾਹਮਣ ਜਾਂ ਗੈਰ-ਖੱਤਰੀ ਨੂੰ ਯੱਗ, ਪੂਜਾ ਆਦਿ ਕਰਨ ਅਤੇ ਸ਼ਾਸਤਰ ਤੇ ਸ਼ਸਤਰ ਵਿਦਿਆ ਸਿੱਖਣ ਦੇ ਅਧਿਕਾਰ ਤੋਂ ਮਹਿਰੂਮ ਰੱਖਿਆ ਗਿਆ ਹੈ। ਨਾ ਹੀ ਉਨ੍ਹਾਂ ਨੂੰ ਧਰਮ ਗ੍ਰੰਥ ਪੜ੍ਹਨ, ਧਾਰਮਿਕ ਸਿੱਖਿਆ ਲੈਣ ਜਾਂ ਸੰਸਕ੍ਰਿਤ ਬੋਲੀ ਪੜ੍ਹਨ-ਸਿੱਖਣ ਦਾ ਅਧਿਕਾਰ ਸੀ)। ਭਗਤ ਨਾਮ ਦੇਵ ਕਹਿੰਦੇ ਹਨ, ਉਨ੍ਹਾਂ ਨੇ ਅਛੂਤ ਅਛੂਤ ਆਖ ਆਖ ਕੇ ਮੈਨੂੰ ਮਾਰ-ਕੁੱਟ ਕੇ ਉਠਾ ਦਿੱਤਾ ਹੈ; ਹੇ ਮੇਰੇ ਬੀਠੁਲਾ (ਪਰਮਾਤਮਾ) ਪਿਤਾ ਉਨ੍ਹਾਂ ਅੱਗੇ ਮੇਰੀ ਇਕੱਲੇ ਦੀ ਕੋਈ ਵਾਹ ਨਹੀਂ ਚਲਦੀ,

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥
ਤੂ ਨ ਬਿਸਾਰੇ ਰਾਮਈਆ॥੧॥ਰਹਾਉ॥
ਆਲਾਵੰਤੀ ਇਹੁ ਭ੍ਰਮੁ ਜੋ ਹੈ
ਮੁਝ ਊਪਰਿ ਸਭ ਕੋਪਿਲਾ॥
ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ॥੧॥
(ਪੰਨਾ ੧੨੯੨)

ਭਗਤ ਨਾਮ ਦੇਵ ਅੱਗੇ ਆਪਣੇ ਪਰਮਾਤਮਾ ਨੂੰ ਸੰਬੋਧਨ ਕਰਦੇ ਹਨ, ਹੇ ਰੱਬ ਜੀ ਜੇ ਤੂੰ ਮੈਨੂੰ ਮਰਨ ਉਪਰੰਤ ਮੁਕਤੀ ਦੇ ਦਿੱਤੀ ਤਾਂ ਤੇਰੀ ਇਸ ਦਿੱਤੀ ਹੋਈ ਮੁਕਤੀ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ। ਭਾਵ ਜੋ ਕੁਝ ਮਿਲਣਾ ਹੈ ਉਹ ਜਿਉਂਦਿਆਂ ਮਿਲੇ; ਜਿਉਂਦਿਆਂ ਤਾਂ ਇਹ ਪਾਂਡੇ ਮੈਨੂੰ ਨੀਚ ਆਖ ਰਹੇ ਹਨ ਅਤੇ ਉਨ੍ਹਾਂ ਦੇ ਮੈਨੂੰ ਨੀਚ ਕਹਿਣ ਨਾਲ ਤੇਰੀ ਹੀ ਇੱਜ਼ਤ ਘੱਟ ਰਹੀ ਹੈ (ਕਿਉਂਕਿ ਪਰਮਾਤਮਾ ਦੀ ਭਗਤੀ ਕਰਨ ਵਾਲਾ ਕੋਈ ਨੀਚ ਕਿਵੇਂ ਰਹਿ ਸਕਦਾ ਹੈ। ਗੁਰਬਾਣੀ ਅਨੁਸਾਰ ਹਰ ਇੱਕ ਅੰਦਰ ਉਸ ਅਕਾਲ ਪੁਰਖ ਦੀ ਜੋਤਿ ਵੱਸ ਰਹੀ ਹੈ, ਫਿਰ ਕੋਈ ਵੀ ਮਨੁੱਖ ਜਨਮ ਕਰਕੇ ਉਚਾ ਜਾਂ ਨੀਵਾਂ ਕਿਵੇਂ ਹੋਇਆ? ਅਤੇ 'ਹਰਿ' ਦਾ ਜਨ ਹਰਿ ਜੇਹਾ ਹੋ ਜਾਂਦਾ ਹੈ, ਅਰਥਾਤ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ, ਉਹ ਉਸੇ ਇਸ਼ਟ ਦਾ ਰੂਪ ਹੋ ਜਾਂਦਾ ਹੈ, ਉਸ ਵਰਗਾ ਹੀ ਹੋ ਜਾਂਦਾ ਹੈ)। ਭਗਤ ਨਾਮ ਦੇਵ ਕਹਿੰਦੇ ਹਨ ਕਿ ਹੇ ਪਰਮਾਤਮਾ! ਤੂੰ ਜੋ ਬਹੁਤ ਬਲੀ ਤੇ ਬੇਅੰਤ ਹੈ, ਸਭ ਤੇ ਕਿਰਪਾ ਕਰਨ ਵਾਲਾ ਅਤੇ ਮਿਹਰ ਦਾ ਘਰ ਹੈਂ, ਤੂੰ ਮੇਰੀ ਨਾਮਦੇਵ ਦੀ ਅਰਦਾਸ ਸੁਣ ਕੇ ਦੇਹੁਰਾ ਮੇਰੇ ਵੱਲ ਫੇਰ ਦਿੱਤਾ ਤੇ ਪਾਂਡਿਆਂ ਵੱਲ ਪਿੱਠ ਹੋ ਗਈ,

ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ॥੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ
ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ
ਪੰਡੀਅਨ ਕਉ ਪਿਛਵਾਰਲਾ॥੩॥੨॥
(ਪੰਨਾ ੧੨੯੨-੯੩)

ਭਗਤ ਨਾਮਦੇਵ ਦੇ ਸ਼ਬਦ ਦੇ ਨਾਲ ਹੀ ਅੱਗੇ ਇਸੇ ਰਾਗ ਵਿਚ ਭਗਤ ਰਵੀਦਾਸ ਦਾ ਸ਼ਬਦ ਹੈ। ਭਗਤ ਰਵਿਦਾਸ ਵੀ ਵਰਣ ਵੰਡ ਅਨੁਸਾਰ ਉਸ ਜਾਤ ਨਾਲ ਸਬੰਧਤ ਹਨ ਜਿਸ ਨੂੰ ਹਿੰਦੂ ਸ਼ਾਸਤਰਾਂ ਅਨੁਸਾਰ ਬਹੁਤ ਨੀਵਾਂ ਸਮਝਿਆ ਜਾਂਦਾ ਹੈ ਅਤੇ ਭਗਤ ਰਵਿਦਾਸ ਦੱਸਦੇ ਹਨ, ਹੇ ਨਗਰ ਦੇ ਰਹਿਣ ਵਾਲਿਓ! ਇਹ ਗੱਲ ਤਾਂ ਮੰਨੀ ਹੋਈ ਹੈ ਕਿ ਮੇਰੀ ਜਾਤ ਚਮਿਆਰ ਹੈ (ਜਿਸ ਨੂੰ ਨਗਰ ਨਿਵਾਸੀ ਨੀਵੀਂ ਸਮਝਦੇ ਹਨ)। ਮੈਂ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਗੁਣਾਂ ਦਾ ਸਿਮਰਨ ਕਰਦਾ ਹਾਂ। ਗੰਗਾ ਦੇ ਪਾਣੀ ਤੋਂ ਬਣਾਇਆ ਹੋਇਆ (ਗੰਗਾ ਦੇ ਪਾਣੀ ਨੂੰ ਪਵਿੱਤਰ ਸਮਝਿਆ ਜਾਂਦਾ ਹੈ) ਸ਼ਰਾਬ ਵੀ ਸੰਤ-ਜਨ (ਗੁਰਮੁਖਿ) ਨਹੀਂ ਪੀਂਦੇ। ਅਪਵਿੱਤਰ ਸ਼ਰਾਬ ਅਤੇ ਹੋਰ ਗੰਦਾ ਪਾਣੀ ਗੰਗਾ ਵਿਚ ਮਿਲ ਕੇ ਵੱਖਰੇ ਨਹੀਂ ਰਹਿੰਦੇ। ਤਾੜੀ ਦੇ ਰੁੱਖ ਅਪਵਿੱਤਰ ਮੰਨੇ ਜਾਂਦੇ ਹਨ ਅਤੇ ਉਨ੍ਹਾਂ ਰੁੱਖਾਂ ਤੋਂ ਬਣੇ ਕਾਗਜ਼ਾਂ ਨੂੰ ਵੀ ਅਪਵਿੱਤਰ ਮੰਨਿਆ ਜਾਂਦਾ ਹੈ ਪਰ ਜਦੋਂ ਉਨ੍ਹਾਂ ਕਾਗਜ਼ਾਂ 'ਤੇ ਪਰਮਾਤਮਾ ਦਾ ਨਾਮ ਲਿਖਿਆ ਜਾਂਦਾ ਹੈ ਤਾਂ ਇਹ ਲੋਕ ਉਨ੍ਹਾਂ ਦੀ ਪੂਜਾ ਕਰਦੇ ਹਨ। (ਇਸੇ ਤਰ੍ਹਾਂ ਪਰਮਾਤਮਾ ਦੀ ਭਗਤੀ ਕਰਨ ਵਾਲਾ ਪਵਿੱਤਰ ਹੋ ਜਾਂਦਾ ਹੈ।)

ਭਗਤ ਰਵਿਦਾਸ ਅੱਗੇ ਬਿਆਨ ਕਰਦੇ ਹਨ ਕਿ ਮੇਰੀ ਜਾਤ ਦੇ ਲੋਕ ਚੰਮ ਕੁੱਟਣ ਤੇ ਵੱਢਣ ਵਾਲੇ ਬਨਾਰਸ ਦੇ ਆਸ-ਪਾਸ ਵੱਸੇ ਹੋਏ ਹਨ ਅਤੇ ਹਰ ਰੋਜ਼ ਮੋਏ ਹੋਏ ਪਸ਼ੂਆਂ ਨੂੰ ਢੋਂਦੇ ਹਨ ਅਰਥਾਤ ਨਗਰ ਤੋਂ ਬਾਹਰ ਲੈ ਜਾ ਕੇ ਸਮੇਟਣ ਦਾ ਕੰਮ ਕਰਦੇ ਹਨ। ਪਰ ਉਸ ਜਾਤ ਵਿਚ ਪੈਦਾ ਹੋਇਆ ਤੇਰਾ ਇਹ ਸੇਵਕ ਰਵਿਦਾਸ ਤੇਰਾ ਨਾਮ ਸਿਮਰਨ ਕਰਦਾ ਹੈ, ਤੇਰੇ ਓਟ-ਆਸਰੇ ਵਿਚ ਆਇਆ ਹੈ, ਹੁਣ ਆਪਣੇ ਆਪ ਨੂੰ ਵੱਡਾ ਅਖਵਾਉਣ ਵਾਲੇ ਇਹ ਬ੍ਰਾਹਮਣ ਉਸ ਨੂੰ ਨਮਸਕਾਰ ਕਰਦੇ ਹਨ। ਜਿਹੜੇ ਮਨੁੱਖ ਉਸ ਪਰਮਾਤਮਾ ਦਾ ਸਿਮਰਨ ਕਰਦੇ ਹਨ, ਉਸ ਦੇ ਸੇਵਕ ਬਣ ਜਾਂਦੇ ਹਨ, ਉਨ੍ਹਾਂ ਨੂੰ ਉਸ ਪਰਮਾਤਮਾ ਦੇ ਬਰਾਬਰ ਦਾ ਹੋਰ ਕੋਈ ਨਹੀਂ ਨਜ਼ਰ ਆਉਂਦਾ ਅਰਥਾਤ ਉਹ ਉਸ ਤੋਂ ਬਿਨਾ ਕਿਸੇ ਹੋਰ ਦੇ ਭੈ ਵਿਚ ਨਹੀਂ ਜਿਉਂਦੇ। ਉਨ੍ਹਾਂ ਨੂੰ ਉਹ ਇੱਕ ਪਰਮਾਤਮਾ ਹੀ ਅਨੇਕ ਰੂਪਾਂ ਵਿਚ ਵਿਆਪਕ ਨਜ਼ਰ ਆਉਂਦਾ ਹੈ, ਉਹ ਇੱਕ ਹੀ ਘਟ ਘਟ ਅੰਦਰ, ਹਰ ਸਰੀਰ ਵਿਚ ਵਾਪਰ ਰਿਹਾ ਨਜ਼ਰ ਆਉਂਦਾ ਹੈ। ਭਗਤ ਰਵਿਦਾਸ ਭਗਤ ਨਾਮਦੇਵ ਦਾ ਜ਼ਿਕਰ ਕਰਦੇ ਹਨ ਕਿ ਜਿਸ ਨਾਮਦੇਵ ਦੇ ਘਰ ਵਿਚ ਅਕਾਲ ਪੁਰਖ ਦਾ ਜਸ ਲਿਖਿਆ ਜਾ ਰਿਹਾ ਹੈ, ਉਸ ਦੀ ਸਿਫਤਿ-ਸਾਲਾਹ ਲਿਖੀ ਜਾ ਰਹੀ ਹੈ, ਉਥੇ ਕੁਝ ਹੋਰ ਨਜ਼ਰ ਨਹੀਂ ਆਉਂਦਾ; ਭਾਵੇਂ ਉਚੀ ਜਾਤ ਵਾਲਿਆਂ ਦੀ ਨਿਗਾਹ ਵਿਚ ਉਸ ਦੀ ਜਾਤ ਛੀਂਬਾ ਹੈ ਅਤੇ ਉਹ ਅਛੂਤ ਹੈ। ਵਿਆਸ ਰਿਸ਼ੀ, ਸਨਕ ਆਦਿ ਵਲੋਂ ਲਿਖਿਆ ਮਿਲਦਾ ਹੈ ਕਿ ਪਰਮਾਤਮਾ ਦੇ ਨਾਮ ਦੀ ਵਡਿਆਈ ਸੱਤਾਂ ਦੀਪਾਂ ਵਿਚ ਹੁੰਦੀ ਹੈ ਭਾਵ ਸਾਰੇ ਸੰਸਾਰ ਵਿਚ ਪਰਮਾਤਮਾ ਦੇ ਨਾਮ ਦੀ ਹੀ ਉਪਮਾ ਹੁੰਦੀ ਹੈ,

ਨਾਗਰ ਜਨਾਂ ਮੇਰੀ ਜਾਤਿ
ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ਰਹਾਉ॥
ਸੁਰਸੁਰੀ ਸਲਲ ਕ੍ਰਿਤ ਬਾਰੁਨੀ
ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ
ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ
ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥
ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀ ਆਨ ਕੋਊ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ॥ਰਹਾਉ॥
ਜਾ ਕੈ ਭਾਗਵਤੁ ਲੇਖੀਐ
ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ॥੨॥
(ਪੰਨਾ ੧੨੯੩)

ਭਗਤ ਰਵਿਦਾਸ ਨੇ ਅੱਗੇ ਭਗਤ ਕਬੀਰ ਦਾ ਜ਼ਿਕਰ ਕੀਤਾ ਹੈ ਕਿ ਜਿਸ ਦੀ ਜਾਤ ਦੇ ਲੋਕ ਮੁਸਲਮਾਨ ਬਣ ਕੇ ਈਦ ਬਕਰੀਦ ਵੇਲੇ ਹੁਣ ਗਊਆਂ ਹਲਾਲ ਕਰਦੇ ਹਨ ਅਤੇ ਜਿਨ੍ਹਾਂ ਦੇ ਘਰਾਂ ਵਿਚ ਹੁਣ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਮਾਨਤਾ ਹੁੰਦੀ ਹੈ, ਜਿਸ ਦੀ ਜਾਤ ਦੇ ਵੱਡੇ ਬਜ਼ੁਰਗਾਂ ਨੇ ਇਹ ਕਰ ਕੇ ਦਿਖਾਇਆ (ਭਾਵ ਹਕੂਮਤੀ ਭੈ ਕਾਰਨ ਮੁਸਲਮਾਨ ਧਰਮ ਅਖਤਿਆਰ ਕਰ ਲਿਆ), ਉਨ੍ਹਾਂ ਦੀ ਜਾਤ ਵਿਚ ਪੈਦਾ ਹੋਏ ਉਨ੍ਹਾਂ ਦੇ ਪੁੱਤਰ ਭਗਤ ਕਬੀਰ ਤੋਂ ਅਜਿਹੀ ਸਰ ਆਈ ਕਿ ਉਹ (ਮੁਸਲਮਾਨੀ ਹਕੂਮਤ ਤੋਂ ਨਿਡਰ ਹੋ ਕੇ) ਪਰਮਾਤਮਾ ਦਾ ਨਾਮ ਸਿਮਰ ਕੇ ਸਾਰੇ ਸੰਸਾਰ ਵਿਚ ਪ੍ਰਸਿੱਧ ਹੋ ਗਿਆ,

ਜਾ ਕੈ ਈਦਿ ਬਕਰੀਦਿ
ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ
ਐਸੀ ਸਰੀ ਤਿਹੂ ਰੇ
ਲੋਕ ਪਰਸਿਧ ਕਬੀਰਾ॥੨॥
(ਪੰਨਾ ੧੨੯੩)

ਅੱਗੇ ਭਗਤ ਰਵਿਦਾਸ ਆਪਣਾ ਜ਼ਿਕਰ ਕਰਦੇ ਹਨ ਕਿ ਪਰਮਾਤਮਾ ਦੀ ਭਗਤੀ ਕਰਨ ਨਾਲ ਇੱਜ਼ਤ ਮਿਲਦੀ ਹੈ। ਕਹਿੰਦੇ ਹਨ, ਜਿਸ ਦੇ ਖਾਨਦਾਨ ਦੇ ਨੀਵੇਂ ਕਹੇ ਜਾਣ ਵਾਲੇ ਲੋਕ ਬਨਾਰਸ ਦੇ ਆਸ-ਪਾਸ ਵੱਸਦੇ ਹਨ ਅਤੇ ਅਜੇ ਤਕ ਮੋਏ ਹੋਏ ਪਸ਼ੂ ਢੋਂਦੇ ਹਨ, ਉਨ੍ਹਾਂ ਦੀ ਕੁਲ ਵਿਚ ਪੈਦਾ ਹੋਏ ਰਵਿਦਾਸ ਨੂੰ, ਜੋ ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਦਾ ਦਾਸ ਬਣ ਗਿਆ ਹੈ, ਸ਼ਾਸਤਰਾਂ ਅਨੁਸਾਰ ਚੱਲਣ ਵਾਲੇ ਬ੍ਰਾਹਮਣ (ਸਿਮਰਤੀਆਂ, ਸ਼ਾਸਤਰਾਂ ਵਿਚ ਹੀ ਦਿੱਤੇ ਵਰਣ-ਆਸ਼ਰਮ ਧਰਮ ਅਨੁਸਾਰ ਜਾਤ-ਪਾਤ ਦੀ ਵੰਡ ਕੀਤੀ ਹੋਈ ਹੈ ਜਿਸ ਦਾ ਪਾਲਣ ਬ੍ਰਾਹਮਣ ਕਰਦੇ ਹਨ ਅਤੇ ਦੂਸਰਿਆਂ ਨੂੰ ਕਰਨ ਲਈ ਕਹਿੰਦੇ ਹਨ) ਨਮਸਕਾਰ ਕਰਦੇ ਹਨ,

ਜਾ ਕੇ ਕੁਟੰਬ ਕੇ
ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀਆਸ ਪਾਸਾ॥
ਆਚਾਰ ਸਹਿਤ ਬਿਪ੍ਰ
ਕਰਹਿ ਡੰਡਉਤਿ ਤਿਨ ਤਨੈ
ਰਵਿਦਾਸ ਦਾਸਾਨ ਦਾਸਾ॥੩॥੨॥
(ਪੰਨਾ ੧੨੯੩)

(ਚਲਦਾ)

# ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ

**ਗੁਰਬਾਣੀ ਸ਼ਬਦ-ਜੋੜ ਗਿਆਨ**

ਇੱਕ ਵਾਰੀ ਇੱਕ ਕਥਾਵਾਚਕ ਤੋਂ ਉਪਰੋਕਤ ਪੰਕਤੀ ਦੇ ਅਰਥ ਸੁਣਨ ਦਾ ਅਵਸਰ ਮਿਲਿਆ ਤੇ ਮੈਂ ਦੰਗ ਰਹਿ ਗਿਆ। ਕਥਾਵਾਚਕ ਨੇ ਆਖਿਆ, "ਇਹ ਮਨ ਬਹੁਤ ਸੁੰਦਰ ਹੈ।" 'ਇਹੁ ਮਨੁ ਸੁੰਦਰਿ' ਵਾਕ-ਅੰਸ਼ ਦੇ 'ਇਹ ਮਨ ਬਹੁਤ ਸੁੰਦਰ ਹੈ' ਅਰਥ ਨਹੀਂ ਹਨ।

ਗੁਰਬਾਣੀ ਵਿਆਕਰਣ ਦੀ ਸੂਝ-ਬੂਝ ਨਾ ਹੋਣ ਕਾਰਨ ਕਈ ਪ੍ਰਚਾਰਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਹਰ ਭਾਸ਼ਾ ਨੂੰ ਲਿਖਣ ਤੇ ਸਮਝਣ ਲਈ ਵਿਆਕਰਣ ਦੀ ਅਤੀ ਜ਼ਰੂਰਤ ਹੈ। ਗੁਰਬਾਣੀ ਵਿਆਕਰਣ ਨੂੰ ਵਿਦਵਾਨਾਂ ਨੇ ਗੁਰਬਾਣੀ ਵਿਚੋਂ ਹੀ ਖੋਜ ਕਰ ਕਰਕੇ ਬਣਾਇਆ ਹੈ। ਇਸ ਕੰਮ ਲਈ ਪ੍ਰੋ. ਸਾਹਿਬ ਸਿੰਘ ਸਭ ਤੋਂ ਅੱਗੇ ਹਨ, ਜਿਨ੍ਹਾਂ ਨੇ 13 ਸਾਲਾਂ ਦੀ ਮਿਹਨਤ ਨਾਲ ਗੁਰਬਾਣੀ ਵਿਆਕਰਣ ਦੀ ਪੁਸਤਕ ਸੰਨ 1939 ਵਿਚ ਸਿੰਘ ਬ੍ਰਦਰਜ਼, ਅੰਮ੍ਰਿਤਸਰ ਤੋਂ ਛਪਵਾਈ।

'ਇਹੁ ਮਨੁ ਸੁੰਦਰਿ' ਵਾਕ-ਅੰਸ਼ ਵਿਚ 'ਸੁੰਦਰਿ' ਸ਼ਬਦ ਇਸਤਰੀ ਲਿੰਗ ਰੂਪ ਵਿਚ ਹੈ।

ਇਸ ਸ਼ਬਦ 'ਸੁੰਦਰਿ' ਤੋਂ ਪਹਿਲਾਂ ਲਿਖਿਆ ਸ਼ਬਦ 'ਮਨੁ' ਪੁਲਿੰਗ ਰੂਪ ਵਿਚ ਨਾਂਵ ਇੱਕ ਵਚਨ ਹੈ। ਜੇ 'ਸੁੰਦਰਿ' ਸ਼ਬਦ 'ਮਨੁ' ਦਾ ਵਿਸ਼ੇਸ਼ਣ ਹੁੰਦਾ ਤਾਂ ਇਸ ਦੇ ਜੋੜ 'ਸੁੰਦਰੁ' ਹੋਣੇ ਸਨ ਤੇ ਤਾਂ ਅਸੀਂ ਕਹਿ ਸਕਦੇ ਸਾਂ ਕਿ 'ਇਹ ਮਨ ਸੁੰਦਰ ਹੈ'।

ਹੁਣ 'ਮਨੁ' ਅਤੇ 'ਸੁੰਦਰਿ' ਸ਼ਬਦਾਂ ਦਾ ਇਕੱਠੇ ਪੜ੍ਹਨਾ ਯੋਗ ਨਹੀਂ ਹੈ। 'ਮਨੁ' ਸ਼ਬਦ ਪੜ੍ਹ ਕੇ ਰੁਕਣਾ ਹੈ (ਇਹੁ ਮਨੁ, ਸੁੰਦਰਿ ਆਪਣਾ, ਹਰਿ ਨਾਮਿ ਮਜੀਠੈ ਰੰਗਿ ਰੀ॥) 'ਸੁੰਦਰਿ' ਸ਼ਬਦ ਦਾ ਮੇਲ 'ਰੀ' ਸ਼ਬਦ ਨਾਲ ਹੈ ਜਿਵੇਂ- ਰੀ ਸੁੰਦਰਿ, ਹੇ ਸੁਹਣੀ ਇਸਤਰੀ। 'ਰੀ' ਸ਼ਬਦ ਇਸਤਰੀ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ ਤੇ 'ਰੇ' ਸ਼ਬਦ ਪੁਲਿੰਗ ਸ਼ਬਦਾਂ ਲਈ ਹੈ, ਜਿਵੇਂ- ਰੇ ਨਰ, ਰੇ ਮਨ, ਰੇ ਭਾਈ, ਰੇ ਜਨ ਆਦਿਕ।

ਗੁਰਬਾਣੀ ਵਿਆਕਰਣ ਅਨੁਸਾਰ ਠੀਕ ਅਰਥ ਹਨ: ਹੇ ਖ਼ੂਬਸੂਰਤ ਇਸਤਰੀ! ਇਹ ਆਪਣਾ ਮਨ ਮਜੀਠ ਵਰਗੇ ਹਰੀ ਦੇ ਨਾਮ ਵਿਚ ਰੰਗ ਲੈ।

ਗੁਰਬਾਣੀ ਵਿਆਕਰਣ ਤੋਂ ਬਿਨਾਂ ਅਯੋਗ ਅਰਥ: ਇਹ ਆਪਣਾ ਸੁੰਦਰ ਮਨ ਹਰੀ ਦਾ ਮਜੀਠ ਵਰਗੇ ਨਾਮ ਵਿਚ ਰੰਗ ਲੈ।

**ਨੋਟ:** ਮਨ ਪਹਿਲਾਂ ਹੀ ਸੁੰਦਰ ਨਹੀਂ ਹੈ। ਇਸ ਨੂੰ ਸਿਮਰਨ ਨਾਲ ਸੁੰਦਰ ਬਣਾਇਆ ਜਾਣਾ ਹੈ।

ਸਭ ਤੋਂ ਵੱਡੀ ਗਲਤੀ ਪਾਠ ਵਿਚ 'ਸੁੰਦਰਿ' ਸ਼ਬਦ ਨੂੰ 'ਸੁੰਦਰ' ਪੜ੍ਹ ਕੇ ਕੀਤੀ ਜਾ ਰਹੀ ਹੈ। ਗੁਰਬਾਣੀ ਵਿਚ 'ਸੁਦਰਿ' ਸ਼ਬਦ 20 ਵਾਰੀ, 'ਸੁੰਦਰੁ' 15 ਵਾਰੀ ਅਤੇ 'ਸੁੰਦਰ' 53 ਵਾਰੀ ਵਰਤਿਆ ਗਿਆ ਹੈ। ਪਾਠ ਕਰਦਿਆਂ ਮਾਤਰਾ ਨੂੰ ਛੱਡ ਕੇ ਬੋਲਣ ਨਾਲ ਹੀ ਭੁਲੇਖੇ ਪੈਂਦੇ ਹਨ।

-ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

## ਵਾਹਿਗੁਰੂ ਨਾਮ

ਵਾਹਿਗੁਰੂ ਨਾਮ ਦੀ ਬੰਦਿਆ
ਦਿਲ ਵਿਚ ਜੋਤ ਜਗਾ।
ਵਾਹਿਗੁਰੂ ਤੋਂ ਵੱਡਾ ਕੁਝ ਵੀ ਨਹੀਂ
ਆਪਣਾ ਮਨ ਸਮਝਾ।
ਅੰਤ ਵੇਲੇ ਤੋਂ ਪਹਿਲਾਂ-ਪਹਿਲਾਂ
ਰੱਬ ਦਾ ਨਾਮ ਧਿਆ।
ਆਪਣੇ ਸੁੱਤੇ ਮਨ ਨੂੰ ਜਗਾ ਕੇ
ਗੁਰ-ਚਰਨੀਂ ਲੱਗ ਜਾ।
ਮੌਤ ਤੋਂ ਪਹਿਲਾਂ ਗੁਰੂ ਦੇ ਲਾਲ ਨੂੰ
ਰੱਬਾ ਆਪਣਾ ਨਾਮ ਜਪਾ।
ਗੁਰੂ-ਚਰਨਾਂ ਵਿਚ ਸਦਾ ਰਹੇ
ਇਹੀ ਆਖਰੀ ਇੱਛਾ।
ਵਾਹਿਗੁਰੂ ਨਾਮ ਦੀ ਬੰਦਿਆ
ਦਿਲ ਵਿਚ ਜੋਤ ਜਗਾ।

-ਗੁਰਲਾਲ ਸਿੰਘ, ਮਿਲਵਾਕੀ

# ਖੰਡ ਨੂੰ ਚੀਨੀ ਕਿਉਂ ਕਿਹਾ ਜਾਂਦਾ ਹੈ?

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਿਛਲੀ ਸਤੰਬਰ ਚੀਨ ਗਏ ਤਾਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੰਡ ਲਈ ਵਰਤੇ ਜਾਂਦੇ ਸ਼ਬਦ 'ਚੀਨੀ' ਬਾਰੇ ਕੁਝ ਇਸ ਤਰ੍ਹਾਂ ਕਿਹਾ, "ਚੀਨ ਦੇ ਕਾਰਨ ਹੀ ਭਾਰਤ ਵਿਚ ਸ਼ੱਕਰ ਦਾ ਨਾਂ ਚੀਨੀ ਪਿਆ ਹੈ। ਚੀਨ ਦੀ ਤਕਨੀਕ ਨਾਲ ਹੀ ਅਸੀਂ ਸ਼ੱਕਰ ਨੂੰ ਸ਼ੁੱਧ ਅਤੇ ਨਵੇਂ ਰੰਗ-ਢੰਗ ਵਿਚ ਤਿਆਰ ਕਰ ਸਕੇ ਸਾਂ। ਇਸ ਲਈ ਭਾਰਤ ਦੇ ਲੋਕ ਸ਼ੱਕਰ ਨੂੰ ਚੀਨੀ ਕਹਿੰਦੇ ਹਨ।" ਖੁਦ ਮੋਦੀ ਅਤੇ ਉਸ ਦੇ ਸਰਪ੍ਰਸਤ ਸੰਗਠਨ ਆਮ ਤੌਰ 'ਤੇ ਹਰ ਨਵੀਂ ਚੀਜ਼ ਸ਼ੁਰੂ ਕਰਨ ਦਾ ਸਿਹਰਾ ਭਾਰਤ ਨੂੰ ਹੀ ਦਿੰਦੇ ਹਨ ਪਰ ਰਾਜਨੀਤੀ ਦੇ ਆਕਾਵਾਂ ਦੀ ਸ਼ਾਇਦ ਇਹ ਮਜਬੂਰੀ ਵੀ ਹੁੰਦੀ ਹੈ ਕਿ ਉਹ "ਜਿਥੇ ਦੇਖਾਂ ਤਵਾ ਪਰਾਤ, ਉਥੇ ਗਾਵਾਂ ਸਾਰੀ ਰਾਤ" ਕਹਾਵਤ ਅਨੁਸਾਰ ਆਪਣੇ ਮੇਜ਼ਬਾਨਾਂ ਦੀ ਲੋੜੋਂ ਵਧ ਸਿਫਤ ਕਰ ਦਿੰਦੇ ਹਨ।

ਆਮ ਤੌਰ 'ਤੇ ਚਿੱਟੀ ਦਾਣੇਦਾਰ ਖੰਡ ਨੂੰ ਚੀਨੀ ਆਖ ਦਿੰਦੇ ਹਨ। ਪੰਜਾਬ ਵਿਚ ਇਹ ਸ਼ਬਦ ਪਿੰਡਾਂ ਨਾਲੋਂ ਸ਼ਹਿਰਾਂ ਵਿਚ ਵਧੇਰੇ ਵਰਤਿਆ ਜਾਂਦਾ ਹੈ। ਉਂਜ ਵਧੇਰੇ ਮੈਲ ਵਾਲੀ ਖੰਡ ਨੂੰ ਕੱਚੀ ਚੀਨੀ ਅਤੇ ਕੱਢੀ ਹੋਈ ਮੈਲ ਵਾਲੀ ਖੰਡ ਨੂੰ ਪੱਕੀ ਚੀਨੀ ਵੀ ਆਖਿਆ ਜਾਂਦਾ ਹੈ। ਖੰਡ ਲਈ ਚੀਨੀ ਸ਼ਬਦ ਦੇ ਪ੍ਰਯੋਗ ਬਾਰੇ ਵ. ਲ. ਸਮਿਥ ਦਾ ਲਿਖਿਆ ਇਕ ਖੋਜ-ਪੱਤਰ ਮੇਰੇ ਹੱਥ ਲੱਗਾ ਹੈ। ਹਥਲਾ ਕਾਲਮ ਲਿਖਣ ਲਈ ਮੈਂ ਇਸ ਤੋਂ ਸਹਾਇਤਾ ਲਈ ਹੈ। ਹਿੰਦੀ ਦੇ ਕੋਸ਼ 'ਸ਼ਬਦ ਸਾਗਰ' ਅਨੁਸਾਰ ਚੀਨੀ ਸ਼ਬਦ ਜਾਂ ਤਾਂ ਚੀਨ (ਦੇਸ਼) ਤੋਂ ਬਣਿਆ ਹੈ ਜਾਂ ਸੰਸਕ੍ਰਿਤ 'ਸਿਤ' ਤੋਂ। ਸੰਸਕ੍ਰਿਤ ਸਿਤ ਦਾ ਅਰਥ ਵੀ ਖੰਡ ਹੁੰਦਾ ਹੈ। ਇਕ ਹੋਰ ਵਿਦਵਾਨ ਅਨੁਸਾਰ ਚੀਨੀ ਫਾਰਸੀ ਸ਼ਬਦ 'ਸ਼ੀਰਨੀ' ਦਾ ਵਿਗੜਿਆ ਰੂਪ ਹੈ ਜਿਸ ਦਾ ਅਰਥ ਮਿੱਠਾ ਹੁੰਦਾ ਹੈ ਪਰ ਬਹੁਤਿਆਂ ਨੇ ਇਸ ਨੂੰ ਰੱਦ ਕੀਤਾ ਹੈ।

'ਸ਼ਬਦ ਸਾਗਰ' ਅਨੁਸਾਰ ਦਾਣੇਦਾਰ ਖੰਡ ਬਾਹਰਲੇ ਦੇਸ਼ ਤੋਂ ਆਈ ਸੀ ਇਸ ਲਈ ਹਿੰਦੂ ਇਸ ਨੂੰ ਅਧਾਰਮਿਕ ਸਮਝਦੇ ਹੋਏ ਇਸ ਦੀ ਵਰਤੋਂ ਨਹੀਂ ਸਨ ਕਰਦੇ। ਨੈਪਾਲੀ, ਬੰਗਾਲੀ, ਤਾਮਿਲ, ਅਸਾਮੀ ਭਾਸ਼ਾਵਾਂ ਵਿਚ ਚੀਨੀ ਸ਼ਬਦ ਦੀ ਵਰਤੋਂ ਆਮ ਹੈ। ਇਕ ਬੰਗਾਲੀ ਕੋਸ਼ ਅਨੁਸਾਰ ਚੀਨੀ ਸ਼ਬਦ ਕਾਲਪਨਿਕ ਸੰਸਕ੍ਰਿਤ ਸ਼ਬਦ 'ਚਿਨੀਆ' ਤੋਂ ਬਣਿਆ ਹੈ ਕਿਉਂਕਿ ਇਸ ਪ੍ਰਕਾਰ ਦੀ ਖੰਡ ਚੀਨ ਵਿਚ ਬਣਦੀ ਸੀ। ਗ. ਚ. ਗੋਸਵਾਮੀ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਚੈਨਿਕਾ, ਮਤਲਬ ਚੀਨ ਨਾਲ ਸਬੰਧਤ, ਤੋਂ ਬਣਿਆ ਹੈ। ਕੁਝ ਵੀ ਹੋਵੇ, ਸਾਰਿਆ ਵਿਚ ਇਕ ਗੱਲ ਦੀ ਸਾਂਝ ਹੈ ਕਿ ਇਸ ਸ਼ਬਦ ਦਾ ਚੀਨ ਦੇਸ਼ ਨਾਲ ਸਬੰਧ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਸਾਡੀਆ ਭਾਸ਼ਾਵਾਂ ਵਿਚ ਸ਼ੱਕਰ ਜਿਹੇ ਪਦਾਰਥਾਂ ਲਈ ਇੰਨੇ ਸ਼ਬਦਾਂ ਦੇ ਹੁੰਦਿਆਂ ਚੀਨ ਨਾਲ ਸਬੰਧਤ ਇਸ ਸ਼ਬਦ ਨੂੰ ਅਪਨਾਉਣ ਦੀ ਕੀ ਲੋੜ ਸੀ? ਪੱਛਮੀ ਭਾਰਤ ਦੀਆਂ ਆਰਿਆਈ ਭਾਸ਼ਾਵਾਂ ਵਿਚ ਆਮ ਤੌਰ 'ਤੇ ਇਹੀ ਸ਼ਬਦ ਪ੍ਰਚਲਿਤ ਹਨ ਜਿਨ੍ਹਾਂ ਦੀ ਚਰਚਾ ਅਸੀਂ ਪਿਛਲੇ ਲੇਖਾਂ ਵਿਚ ਕਰ ਆਏ ਹਾਂ। ਬਲਕਿ ਯੂਰਪੀਅਨਾਂ ਸਮੇਤ ਬਹੁਤ ਸਾਰੀਆਂ ਹੋਰ ਭਾਸ਼ਾਵਾਂ ਦੇ ਖੰਡ ਲਈ ਸ਼ਬਦ ਵੀ ਇਨ੍ਹਾਂ ਸ਼ਬਦਾਂ 'ਤੇ ਆਧਾਰਤ ਹਨ। ਤਾਅਜੁਬ ਹੈ ਕਿ ਪ੍ਰਾਚੀਨ ਤੋਂ ਹੀ ਸ਼ੱਕਰ ਭਾਰਤ ਵਿਚ ਬਣਾਈ ਜਾਂਦੀ ਰਹੀ ਹੈ ਅਤੇ ਭਾਰਤ ਹੀ ਮੁੱਖ ਤੌਰ 'ਤੇ ਸ਼ੱਕਰ ਦਾ ਨਿਰਯਾਤ ਕਰਦਾ ਰਿਹਾ ਹੈ ਜਦਕਿ ਚੀਨ ਨੇ ਕਦੇ ਵੀ ਇਸ ਉਤਪਾਦ ਦਾ ਬਹੁਤੀ ਮਾਤਰਾ ਵਿਚ ਨਿਰਯਾਤ ਨਹੀਂ ਕੀਤਾ। ਇਸ ਪੱਖ ਨੂੰ ਵਿਚਾਰਿਆਂ ਚੀਨੀ ਸ਼ਬਦ ਨੂੰ ਇਸ ਲਈ ਚੀਨੀ ਕਹਿਣਾ ਕਿ ਇਹ ਇਹ ਚੀਨ ਤੋਂ ਆਈ ਹੈ, ਤਾਰਕਿਕ ਨਹੀਂ ਲਗਦਾ। ਤਾਂਗ ਦੇ ਕਾਲ ਤੱਕ ਚੀਨ ਵਿਚ ਅੰਕੁਰਿਤ ਜੌਂਅ ਆਦਿ ਜਿਹੇ ਅਨਾਜ ਜਾਂ ਫਿਰ ਪਾਣੀ ਵਿਚ ਉਗਦੇ ਗੰਨੇ ਵਰਗੇ ਪੌਦਿਆਂ ਤੋਂ ਹੀ ਮਿੱਠਾ ਬਣਾਇਆ ਜਾਂਦਾ ਸੀ।

ਹਰਸ਼ ਦੇ ਜ਼ਮਾਨੇ ਵਿਚ ਹਿਊਨ ਸਾਂਗ ਭਾਰਤ ਆਇਆ ਤਾਂ ਉਹ ਗੰਧਾਰ ਦੇ ਇਲਾਕੇ ਵਿਚ ਬੀਜੇ ਜਾ ਰਹੇ ਗੰਨੇ ਅਤੇ ਉਸ ਤੋਂ ਬਣਦੇ ਠੋਸ ਮਿੱਠੇ ਨੂੰ ਦੇਖ ਕੇ ਚਕ੍ਰਿਤ ਰਹਿ ਗਿਆ। ਚੀਨ ਵਿਚ ਉਸ ਜ਼ਮਾਨੇ (ਸੱਤਵੀਂ ਸਦੀ) ਵਿਚ ਸ਼ਹਿਦ ਦਾ ਕੇਕ ਬਣਾਇਆ ਜਾਂਦਾ ਸੀ ਜੋ ਛੇਤੀ ਹੀ ਢਿਲਕ ਜਾਂਦਾ ਸੀ ਪਰ ਭਾਰਤ ਤੋਂ ਮੰਗਵਾਈ ਸ਼ੱਕਰ ਵਰਤਣ ਨਾਲ ਬਹੁਤ ਸਥੂਲ ਬਣ ਜਾਂਦਾ ਸੀ। ਇਸ ਲਈ ਮਗਧ ਤੋਂ ਵੱਡੀ ਮਾਤਰਾ ਵਿਚ ਖੰਡ ਚੀਨ ਵਿਚ ਦਰਾਮਦ ਹੋਣ ਲੱਗੀ। ਆਖਰ ਹਰਸ਼ ਦੇ ਕਾਲ ਵਿਚ ਚੀਨ ਨੇ ਇਕ ਦੂਤ ਭਾਰਤ ਭੇਜਿਆ ਜਿਸ ਨੂੰ ਸ਼ੱਕਰ ਦੀ ਤਕਨੀਕ ਚੋਰੀ ਕਰਨ ਲਈ ਆਖਿਆ ਗਿਆ। ਇਸ ਜਾਸੂਸੀ ਕਾਰਨ ਤਾਂਗ ਦੇ ਜ਼ਮਾਨੇ ਵਿਚ ਚੀਨ ਵਧੀਆ ਖੰਡ ਬਣਾਉਣ ਲੱਗਾ। ਫਿਰ ਤਾਂ ਚੀਨੀ ਲੋਕ ਬਹੁਤ ਵੱਡੀ ਮਾਤਰਾ ਵਿਚ ਗੰਨੇ ਤੋਂ ਸ਼ੱਕਰ ਬਣਾਉਣ ਦੇ ਕੰਮੀਂ ਲੱਗ ਗਏ। ਪਰ ਤਾਂ ਵੀ ਇਹ ਖੰਡ ਬਹੁਤੀ ਉਮਦਾ ਨਹੀਂ ਸੀ। ਚੀਨੀ ਲੋਕ ਕਦੇ ਵੀ ਮਿੱਠੀਆਂ ਚੀਜ਼ਾਂ ਦੇ ਸ਼ੌਕੀਨ ਨਹੀਂ ਰਹੇ, ਅੱਜ ਵੀ ਨਹੀਂ। ਇਕ ਚੀਨੀ ਲੇਖਕ ਦਾ ਕਹਿਣਾ ਹੈ ਕਿ ਮਿੱਠੀਆਂ ਚੀਜ਼ਾਂ ਤਾਂ ਉਜੱਡ ਅਤੇ ਪੇਂਡੂ ਲੋਕ ਖਾਂਦੇ ਹਨ। ਖੰਡ ਨੂੰ ਚੀਨੀ ਕਹਿਣ ਦਾ ਮਤਲਬ ਇਹ ਨਹੀਂ ਕਿ ਖੰਡ ਚੀਨ ਤੋਂ ਆਈ ਹੈ। ਕਈ ਥਾਂਵਾਂ 'ਤੇ ਮੂੰਗਫਲੀ ਨੂੰ ਚੀਨਾ ਬਦਾਮ ਕਿਹਾ ਜਾਂਦਾ ਹੈ ਪਰ ਜਿਵੇਂ ਅਸੀਂ ਮੂੰਗਫਲੀ ਵਾਲੇ ਲੇਖ ਵਿਚ ਦੱਸਿਆ ਸੀ, ਮੂੰਗਫਲੀ ਤਾਂ ਦੱਖਣੀ ਅਮਰੀਕਾ ਤੋਂ ਆਈ ਹੈ। ਮੈਕਸੀਕੋ ਦੇ ਲੋਕ ਬੋਲਚਾਲ ਵਿਚ ਮੂੰਗਫਲੀ ਨੂੰ 'ਚੀਨੋ' ਆਖਦੇ ਸਨ,



ਉਨ੍ਹਾਂ ਦਾ ਭਾਵ ਸੀ ਚੀਨੀਆਂ ਵਾਂਗ ਝੁਰੜੀਦਾਰ ਹੋਣ ਕਰਕੇ ਮੂੰਗਫਲੀ ਦੀ ਛਿੱਲ ਅਜਿਹੀ ਹੁੰਦੀ ਹੈ। ਮੂੰਗਫਲੀ ਲਈ ਇਹੀ ਨਾਂ ਮਲਾਇਆ ਥਾਣੀ ਹੁੰਦਾ ਹੋਇਆ ਭਾਰਤ ਵਿਚ ਪੁੱਜ ਗਿਆ ਪਰ ਨਾਲ ਬਦਾਮ ਲੱਗ ਗਿਆ।

ਭਾਰਤ ਵਿਚ ਖੰਡ ਨੂੰ ਚੀਨੀ ਕਹਿਣ ਪਿਛੇ ਜ਼ਰੂਰ ਕੋਈ ਵਿਸ਼ੇਸ਼ ਕਾਰਨ ਹੋਵੇਗਾ। ਤੁਲਸੀ ਦਾਸ ਅਤੇ ਮੁਹੰਮਦ ਜਾਇਸੀ ਦੀਆਂ ਲਿਖਤਾਂ ਵਿਚ ਚੀਨੀ ਸ਼ਬਦ ਨਹੀਂ ਮਿਲਦਾ ਤੇ ਨਾਂ ਹੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਪੁਰਾਤਨ ਪੰਜਾਬੀ ਸਾਹਿਤ ਵਿਚ। ਹਾਂ, ਸੋਲ੍ਹਵੀਂ ਸਦੀ ਦੇ ਕਵੀ ਸੂਰਦਾਸ ਨੇ ਇਹ ਸ਼ਬਦ ਵਰਤਿਆ ਹੈ। ਬੰਗਾਲੀ ਵਿਚ 16ਵੀਂ ਸਦੀ ਤੋਂ ਚੀਨੀ ਸ਼ਬਦ ਦੀ ਖੂਬ ਵਰਤੋਂ ਹੋ ਰਹੀ ਹੈ। ਅੱਜ ਵੀ ਬੰਗਾਲੀ ਖੰਡ ਨੂੰ ਚੀਨੀ ਵਜੋਂ ਹੀ ਜਾਣਦੇ ਹਨ। ਇਸ ਭਾਸ਼ਾ ਵਿਚ ਚੀਨਾਰੀਕੇਲਾ ਦਾ ਮਤਲਬ ਹੈ- ਨਾਰੀਅਲ ਦੀ ਮਿਠਾਈ; ਤੇ ਚੀਨੀਪਾਨ ਦਾ ਮਤਲਬ ਹੈ- ਮਿੱਠਾ ਪਾਣੀ।

14ਵੀਂ ਸਦੀ ਦੇ ਇਕ ਮੈਥਿਲੀ ਕਵੀ ਜਿਓਤਿਰਸਵਰ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਲਗਦਾ ਹੈ ਕਿ ਭਾਰਤ ਵਿਚ ਤੇਰ੍ਹਵੀਂ ਸਦੀ ਦੇ ਆਸ-ਪਾਸ ਚੀਨੀ ਸ਼ਬਦ ਵਰਤਿਆ ਜਾਣ ਲੱਗਾ ਤੇ ਐਨ ਇਸੇ ਸਮੇਂ ਹੀ ਇਕ ਨਵੀਂ ਕਿਸਮ ਦੀ ਖੰਡ ਬਣਾਈ ਜਾਣ ਲੱਗੀ ਸੀ। ਅੱਠਵੀਂ ਸਦੀ ਦੇ ਸ਼ੁਰੂ ਵਿਚ ਅਫਰਾਤ ਦੇ ਇਲਾਕੇ ਵਿਚ ਨੈਸਤੋਰੀਅਨ ਭਿਖਸ਼ੂਆਂ ਨੇ ਵਧੀਆ, ਸ਼ੁਧ ਤੇ ਚਿੱਟੀ ਕਿਸਮ ਦੀ ਖੰਡ ਬਣਾਈ। ਅੱਗੋਂ ਮਿਸਰ ਨੇ ਖੰਡ ਨੂੰ ਹੋਰ ਵਧੀਆ ਬਣਾਉਣ ਵਿਚ ਬਹੁਤ ਮਾਅਰਕੇ ਮਾਰੇ। ਮਿਸਰ ਕਪੜੇ ਰੰਗਣ, ਸ਼ੀਸ਼ਾ ਬਣਾਉਣ, ਰੇਸ਼ਮ ਉਣਨ ਅਤੇ ਧਾਤ ਦੇ ਕੰਮਾਂ ਵਿਚ ਬਹੁਤ ਮੁਹਾਰਤ ਰੱਖਦਾ ਸੀ। ਮਿਸਰ ਨੇ ਸ਼ੁਧੀਕਰਣ ਦੀ ਇਹੀ ਤਕਨੀਕ ਖੰਡ ਬਣਾਉਣ ਵਿਚ ਵਰਤੀ ਤੇ ਸਿੱਟੇ ਵਜੋਂ ਅਜੋਕੀ ਕਿਸਮ ਦੀ ਦਾਣੇਦਾਰ ਖੰਡ ਬਣਾ ਲਈ। ਉਨ੍ਹਾਂ ਦਿਨਾਂ ਵਿਚ ਖੰਡ ਬਣਾਉਣ ਦੀ ਤਕਨੀਕ ਵਿਚ ਮਿਸਰ ਦੀ ਲਗਭਗ ਇਜਾਰੇਦਾਰੀ ਹੀ ਹੋ ਗਈ। ਇਸ ਦੀ ਖੰਡ ਤਾਂ ਖੰਡ-ਮੋਢੀ ਭਾਰਤ ਤੱਕ ਵੀ ਪਹੁੰਚਣ ਲੱਗੀ ਜਿਸ ਨੂੰ ਮਿਸਰੀ ਕਿਹਾ ਜਾਣ ਲੱਗਾ।

ਮਾਰਕੋ ਪੋਲੋ ਅਨੁਸਾਰ ਮੰਗੋਲਾਂ ਵਲੋਂ ਚੀਨ ਦੇ ਅੰਗੂਐਨ ਦੇ ਕਬਜ਼ੇ ਤੋਂ ਪਹਿਲਾਂ ਚੀਨੀਆਂ ਨੂੰ ਬਰੀਕ ਖੰਡ ਬਾਰੇ ਕੱਖ ਨਹੀਂ ਸੀ ਪਤਾ। ਪਰ ਕੁਬਲਾ ਖਾਂ ਵਲੋਂ ਚੀਨ ਜਿੱਤ ਲੈਣ ਪਿਛੋਂ ਉਸ ਨੇ ਮਿਸਰ ਦੇ ਬੈਬੀਲੋਨੀਅਨ ਕਹਾਉਂਦੇ ਲੋਕਾਂ ਨੂੰ ਲਿਆਂਦਾ ਜਿਨ੍ਹਾਂ ਚੀਨੀਆਂ ਨੂੰ ਫਿਰ ਖੰਡ ਬਣਾਉਣ ਦੀ ਜੁਗਤ ਸਿਖਾਈ। ਲਗਭਗ ਉਸੇ ਸਮੇਂ ਭਾਰਤ ਵਿਚ ਮੁਸਲਮਾਨ ਤੁਰਕ ਹੁਕਮਰਾਨਾਂ ਨੇ ਖੰਡ ਦੀ ਨਵੀਂ ਤਕਨੀਕ ਭਾਰਤ ਪਹੁੰਚਾਈ। ਸੁਲਤਾਨਾਂ ਨੇ ਦਿੱਲੀ ਵਿਚ ਖੰਡ ਦੀ ਵੱਡੀ ਮੰਡੀ ਸਥਾਪਤ ਕਰ ਦਿੱਤੀ। ਉਹ ਖੰਡ ਕਾਰੋਬਾਰ ਤੇ ਮੰਡੀ ਵਿਚ ਮਿਸਰੀਆਂ ਨੂੰ ਪਛਾੜਨਾ ਚਾਹੁੰਦੇ ਸਨ। ਦੋ ਸਦੀਆਂ ਬਾਅਦ ਜਦ ਪੁਰਤਗੀਜ਼ ਭਾਰਤ ਆਏ ਤਾਂ ਉਨ੍ਹਾਂ ਦੇਖਿਆ ਕਿ ਪੱਛਮੀ ਭਾਰਤ ਅਤੇ ਬੰਗਾਲ ਵਿਚ ਬਹੁਤ ਭਾਰੀ ਮਾਤਰਾ ਵਿਚ ਬਹੁਤ ਖਰੀ ਖੰਡ ਬਣਾਈ ਜਾ ਰਹੀ ਹੈ। ਇਸ ਤਰ੍ਹਾਂ ਚੀਨੀ ਸ਼ਬਦ ਇਸ ਨਵੀਂ ਕਿਸਮ ਦੀ ਵਧੀਆ, ਚਿੱਟੀ, ਬਾਰੀਕ ਅਤੇ ਦਾਣੇਦਾਰ ਖੰਡ ਲਈ ਵਰਤਿਆ ਜਾਣ ਲੱਗਾ ਜਿਸ ਨੂੰ ਮੁਢਲੇ ਤੌਰ 'ਤੇ ਮਿਸਰੀਆਂ ਨੇ ਈਜਾਦ ਕੀਤਾ ਸੀ। ਦਲੀਲ ਦਿੱਤੀ ਜਾਂਦੀ ਹੈ ਕਿ ਭਾਰਤ ਵਿਚ ਚਿੱਟੀ ਖੰਡ ਲਈ ਪ੍ਰਾਚੀਨ ਤੋਂ ਹੀ 'ਸਿੱਤ' ਸ਼ਬਦ ਦੀ ਵਰਤੋਂ ਹੁੰਦੀ ਹੈ, ਨਤੀਜਨ ਚਿੱਟੀ ਖੰਡ ਭਾਰਤ ਵਿਚ ਹੀ ਪੈਦਾ ਹੋਈ। ਪਰ ਖੰਡ ਦੇ ਪ੍ਰਸੰਗ ਵਿਚ ਚਿੱਟਾਪਣ ਇਕ ਸਾਪੇਖਿਕ ਸੰਕਲਪ ਹੈ। ਕਾਲੀ, ਭੂਰੀ ਜਾਂ ਘਸਮੈਲੀ ਜਿਹੀ ਸ਼ੱਕਰ ਦੇ ਮੁਕਾਬਲੇ ਪੀਲੀ ਖੰਡ ਵੀ ਚਿੱਟੀ ਹੀ ਕਹੀ ਜਾਵੇਗੀ। ਰੰਗਾਂ ਦੀ ਦੁਨੀਆਂ ਬਹੁਤ ਅੰਤਰਮੁਖੀ ਹੈ।

ਇਕ ਹੋਰ ਵਿਚਾਰ ਅਨੁਸਾਰ ਦਾਲਚੀਨੀ ਦੀ ਤਰ੍ਹਾਂ ਚੀਨੀ ਵੀ ਜਾਵਾ ਸੁਮਾਟਰਾ ਤੋਂ ਆਈ ਹੈ ਤੇ ਇਨ੍ਹਾਂ ਦੇਸ਼ਾਂ ਨੂੰ ਚੀਨ ਸਮਝਦਿਆਂ ਖੰਡ ਨੂੰ ਚੀਨੀ ਕਿਹਾ ਜਾਣ ਲੱਗਾ ਪਰ ਜਾਵਾ ਸੁਮਾਟਰਾ ਤੋਂ ਕੰਡ ਦੀ ਬਰਾਮਦ ਦੇ ਕੋਈ ਸਬੂਤ ਨਹੀਂ। ਇਸ ਤਰ੍ਹਾਂ ਚੀਨੀ ਸ਼ਬਦ ਦਾ ਚੀਨ ਨਾਲ ਸਿੱਧਾ ਕੋਈ ਸਬੰਧ ਸਥਾਪਤ ਨਹੀਂ ਹੁੰਦਾ। ਚੀਨੀ ਕਹਾਉਣ ਲੱਗੀ ਨਵੀਂ ਕਿਸਮ ਦੀ ਖੰਡ ਪਹਿਲਾਂ ਪਹਿਲਾਂ ਅਮੀਰਾਂ ਦੀ ਪਹੁੰਚ ਵਿਚ ਹੀ ਸੀ ਤੇ ਇਹ ਅਮੀਰ ਵੀ ਬਹੁਤੇ ਮੁਸਲਮਾਨ ਹੁਕਮਰਾਨ ਹੀ ਸਨ। ਇਸੇ ਲਈ ਪੁਰਾਣੀਆਂ ਲਿਖਤਾਂ ਵਿਚ ਇਹ ਸ਼ਬਦ ਆਮ ਨਹੀਂ ਮਿਲਦਾ। ਇਹ ਉਚ-ਵਰਗੀ ਲੋਕ ਜਿਸ ਹੋਰ ਅਮੀਰਾਨਾ ਚੀਜ਼ ਨਾਲ ਵਾਕਿਫ ਸਨ, ਉਹ ਸੀ ਚੀਨੀ ਮਿੱਟੀ ਨਾਲ ਬਣਾਏ ਜਾਂਦੇ ਬਰਤਨ ਜਿਨ੍ਹਾਂ ਨੂੰ ਚੀਨੀ ਦੇ ਬਰਤਨ ਕਿਹਾ ਜਾਣ ਲੱਗਾ। ਨਿਸਚੇ ਹੀ ਇਹ ਚੀਨ ਵਿਚ ਹੀ ਬਣਾਏ ਜਾਂਦੇ ਸਨ।

ਮੁਸਲਮਾਨੀ ਰਾਜ ਦੌਰਾਨ ਚੀਨੀ ਦੇ ਬਰਤਨ ਚੀਨ ਤੋਂ ਮੰਗਵਾਏ ਜਾਣ ਲੱਗੇ ਸਨ। ਜਦ ਯੂਰਪ ਦਾ ਵਪਾਰ ਚੀਨ ਨਾਲ ਹੋਣ ਲੱਗਾ ਤਾਂ ਯੂਰਪੀ ਭਾਸ਼ਾਵਾਂ ਵਿਚ ਵੀ chinaware ਦੇ ਰੂਪ ਵਿਚ ਇਹ ਸ਼ਬਦ ਵਰਤਿਆ ਜਾਣ ਲੱਗਾ। ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਚੀਨੀ ਮਿੱਟੀ ਨੂੰ ਚੀਨੀ ਹੀ ਕਿਹਾ ਜਾਂਦਾ ਹੈ। ਚੀਨੀ ਮਿੱਟੀ ਬੇਹੱਦ ਚਿੱਟੀ ਹੁੰਦੀ ਹੈ ਤੇ ਨਵੀਂ ਖੰਡ ਵੀ ਬੇਹੱਦ ਚਿੱਟੀ ਸੀ। ਇਸ ਲਈ ਖੰਡ ਦੇ ਚਿੱਟੇਪਣ ਨੂੰ ਚੀਨੀ ਦੇ ਚਿੱਟੇਪਣ ਦੇ ਸਮਾਨ ਦੇਖਦਿਆਂ ਨਵੀਂ ਖੰਡ ਲਈ ਚੀਨੀ ਸ਼ਬਦ ਵਰਤਿਆ ਜਾਣ ਲੱਗਾ। ਸੰਭਵ ਹੈ, ਪਹਿਲਾਂ ਪਹਿਲਾਂ ਖੰਡ ਲਈ "ਚੀਨੀ ਸ਼ੱਕਰ" ਸ਼ਬਦ ਚੱਲਿਆ ਹੋਵੇਗਾ ਤੇ ਬਾਅਦ ਵਿਚ ਮੁੱਖ-ਸੁੱਖ ਕਾਰਨ ਸ਼ੱਕਰ ਸ਼ਬਦ ਇਸ ਜੁੱਟ ਤੋਂ ਲੱਥ ਗਿਆ। ਪਾਠਕਾਂ ਦਾ ਕੀ ਵਿਚਾਰ ਹੈ?

# ਆਸਟ੍ਰੇਲੀਆ ਵਿਚ ਭਾਰਤ ਦਾ ਨਵਾਂ ਹਾਈ ਕਮਿਸ਼ਨਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇੱਕ ਵੱਡੇ ਲੇਖਕ ਪਰਿਵਾਰ ਦੇ ਮੈਂਬਰ ਨਵਦੀਪ ਸਿੰਘ ਸੂਰੀ ਨੇ ਆਸਟ੍ਰੇਲੀਆ ਦੇ ਹਾਈ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ ਹੈ। ਪੂਰੀ ਦੁਨੀਆਂ ਵਿਚ ਇਸ ਦੇਸ਼ ਨਾਲੋਂ ਵੱਡਾ ਹੋਰ ਕੋਈ ਮਾਰੂਥਲ ਨਹੀਂ। ਜੇ ਕੋਈ ਆਪਣੀ ਗੱਡੀ ਵਿਚ ਇੱਕ ਸਿਰੇ ਤੋਂ ਦੂਜੇ ਸਿਰੇ ਜਾਣਾ ਚਾਹੇ ਤਾਂ ਜਰਨੈਲੀ ਸੜਕ ਤਾਂ ਹੈ ਪਰ ਰਸਤੇ ਵਿਚ ਨਾ ਹੀ ਪਾਣੀ ਦੀ ਬੂੰਦ ਮਿਲ ਸਕਦੀ ਹੈ ਤੇ ਨਾ ਹੀ ਗੱਡੀ ਲਈ ਪੈਟਰੋਲ। ਜੇ ਕਿਧਰੇ ਗੱਡੀ ਖਰਾਬ ਹੋ ਜਾਵੇ ਤਾਂ ਉਸ ਦੀ ਮੁਰੰਮਤ ਕਰਨ ਦੀ ਕੋਈ ਸੁਵਿਧਾ ਨਹੀਂ। ਸਰਕਾਰ ਦੇ ਹਵਾਈ ਜਹਾਜ ਇਸ ਮਾਰਗ ਉਤੇ ਸਮੇਂ ਸਮੇਂ ਚੱਕਰ ਲਾਉਂਦੇ ਰਹਿੰਦੇ ਹਨ ਤਾਂ ਕਿ ਵਿਗੜੇ ਹੋਏ ਵਾਹਨ ਦੀਆਂ ਸਵਾਰੀਆਂ ਨੂੰ ਬਚਾ ਕੇ ਲਿਆ ਸਕਣ। ਡੇਢ ਦਹਾਕਾ ਪਹਿਲਾਂ ਇਸ ਦੇਸ਼ ਦੇ 29,66,153 ਮੁਰੱਬਾ ਮੀਲ ਖੇਤਰ ਵਿਚ ਕੁੱਲ ਵਸੋਂ ਕੇਵਲ 1,76,57,400 ਸੀ ਜਦਕਿ ਭਾਰਤ ਦੇ ਇਸ ਤੋਂ ਢਾਈ ਗੁਣਾ ਛੋਟੇ ਭਾਵ 12,69,220 ਮੀਲਾਂ, ਵਿਚ ਉਨ੍ਹਾਂ ਦੀ ਵਸੋਂ ਨਾਲੋਂ 5 ਗੁਣਾ ਭਾਵ 92,00,00,000 ਲੋਕ ਰਹਿੰਦੇ ਸਨ। ਆਸਟ੍ਰੇਲੀਆ ਦੇ ਨਾਗਰਿਕ ਸਾਰੇ ਪਾਸੇ ਮਹਾਂਸਾਗਰ ਵਿਚ ਘਿਰੀ ਧਰਤੀ ਦੇ ਸਾਗਰੀ ਤੱਟ ਉਤੇ ਰਹਿੰਦੇ ਹਨ। ਦੂਤਾਵਾਸ ਦਾ ਪ੍ਰਮੁਖ ਸਥਾਨ ਕੈਨਬਰਾ ਹੈ, ਭਾਵੇਂ ਸਿਡਨੀ ਤੇ ਮੈਲਬਰਨ ਵਿਚ ਵੀ ਉਪ-ਦੂਤਾਵਾਸ ਹਨ।

ਇਸ ਦੇਸ਼ ਦੀ ਭੂਗੋਲਿਕ ਰੂਪ ਰੇਖਾ ਮੈਨੂੰ ਸਿਡਨੀ ਨਿਵਾਸੀ ਨਾਵਲਕਾਰ ਬੈਟੀ ਕਾਲਿਨਜ਼ ਤੋਂ ਮਿਲੀ ਸੀ। ਉਹ 1971 ਵਿਚ ਸੋਵੀਅਤ ਦੇਸ਼ ਅਲਮਾਆਟਾ ਵਿਖੇ ਏਸ਼ੀਅਨ ਲੇਖਕ ਕਾਨਫਰੰਸ ਤੋਂ ਪਰਤਦੇ ਸਮੇਂ ਅੰਮ੍ਰਿਤਾ ਪ੍ਰੀਤਮ ਦੇ ਘਰ ਮੈਨੂੰ ਮਿਲੀ ਸੀ। ਉਸ ਸਮੇਂ ਉਸ ਨੇ ਬੁੱਧ ਧਰਮ ਅਪਨਾ ਰੱਖਿਆ ਸੀ। ਮੈਂ ਉਸ ਨੂੰ ਆਪਣੀ ਗੱਡੀ ਵਿਚ ਮਹਾਤਮਾ ਬੁੱਧ ਦੇ ਜਨਮ ਸਥਾਨ ਲੁੰਬਨੀ (ਨਿਪਾਲ) ਤੇ ਉਸ ਦੇ ਮ੍ਰਿਤੂ ਸਥਾਨ ਕੁਸ਼ੀਨਗਰ ਘੁਮਾ ਕੇ ਲਿਆਇਆ ਸਾਂ। ਜਿਥੇ ਬੈਟੀ ਕਾਲਿਨਜ਼ ਅਤੇ ਮੇਰੇ ਵਰਗੇ ਸੰਸਾਰ ਗਮਨ ਦੇ ਇਛੁਕਾਂ ਨੂੰ ਆਪਣੇ



ਨਵਦੀਪ ਸਿੰਘ ਸੂਰੀ

ਵਸੀਲੇ ਜੁਟਾਉਣੇ ਪੈਂਦੇ ਹਨ। ਨਵਦੀਪ ਸੂਰੀ ਵਰਗੇ ਵਿਦੇਸ਼ ਮੰਤਰਾਲੇ ਦੇ ਆਈ ਐਫ ਐਸ ਅਧਿਕਾਰੀ ਆਪਣੇ ਸੇਵਾ ਕਾਲ ਵਿਚ ਮੁਫਤੋ-ਮੁਫਤੀ ਸੰਸਾਰ ਗਮਨ ਦਾ ਮਜ਼ਾ ਲੈਂਦੇ ਹਨ। ਨਵਦੀਪ ਆਸਟ੍ਰੇਲੀਆ ਤੋਂ ਪਹਿਲਾਂ ਸੀਰੀਆ, ਅਮਰੀਕਾ, ਤਨਜਾਨੀਆ, ਬਰਤਾਨੀਆ, ਦੱਖਣੀ ਅਫਰੀਕਾ ਤੇ ਮਿਸਰ ਵਿਚ ਤਾਇਨਾਤ ਰਿਹਾ ਹੈ। ਮਿਸਰ ਪਿਛੋਂ ਆਸਟ੍ਰੇਲੀਆ ਵਿਚ ਉਸ ਦੀ ਨਿਯੁਕਤੀ ਬੜਾ ਮਹੱਤਵ ਰੱਖਦੀ ਹੈ।

ਕਿਸੇ ਸਮੇਂ ਮਿਸਰ ਵਾਂਗ ਹੀ ਆਦਿ ਵਾਸੀਆਂ ਦਾ ਵਸੇਬਾ ਰਹਿ ਚੁਕਿਆ ਆਸਟ੍ਰੇਲੀਆ ਅੱਜ ਦੁਨੀਆਂ ਦੀ ਵੱਡੀ ਸ਼ਕਤੀ ਮੰਨਿਆ ਜਾਂਦਾ ਹੈ। 19ਵੀਂ ਸਦੀ ਵਿਚ ਵਿਦੇਸ਼ੀ ਮੰਡੀਆਂ ਨੂੰ ਕਣਕ ਤੇ ਭੇਡਾਂ ਦੀ ਉਨ ਭੇਜ ਕੇ ਨਿਰਬਾਹ ਕਰਨ ਵਾਲਾ ਇਹ ਦੇਸ਼ ਅੱਜ ਲੋਹਾ, ਕੋਲਾ, ਕੱਚੀ ਧਾਤ, ਅਲਮੀਨੀਅਮ ਤੇ ਤਾਂਬਾ ਦੁਨੀਆਂ ਭਰ ਨੂੰ ਭੇਜ ਰਿਹਾ ਹੈ। ਖਾਣਾਂ ਦੀ ਖੁਦਾਈ ਇਸ ਦੇਸ਼ ਦਾ ਧੰਦਾ ਹੈ। ਬੈਟੀ ਕਾਲਿਨਜ਼ ਦੇ ਜਿਸ ਨਾਵਲ ਨੂੰ ਆਸਟ੍ਰੇਲੀਆ ਸਰਕਾਰ ਦਾ ਵੱਡਾ ਸਨਮਾਨ ਮਿਲਿਆ ਉਹ ਵੀ ਖਾਣ ਮਜ਼ਦੂਰਾਂ ਦੇ ਜੀਵਨ ਬਾਰੇ ਹੈ, 'ਕਾਪਰ ਕਰੂਸੀਬਲ' ਭਾਵ ਤਾਂਬੇ ਦੀ ਕੁਠਾਲੀ।

ਦੇਸ਼ ਦੀ ਵਸੋਂ ਦਾ ਪ੍ਰਮੁੱਖ ਧੰਦਾ ਕੋਈ ਵੀ ਹੋਵੇ ਆਸਟ੍ਰੇਲੀਆ ਹਰ ਪਾਸੇ ਤੋਂ ਸਮੁੰਦਰ ਵਿਚ ਘਿਰਿਆ ਦੇਸ਼ ਹੈ। ਨਵਦੀਪ ਇਸ ਤੋਂ ਪਹਿਲਾਂ ਵੀ ਤਨਜ਼ਾਨੀਆ ਤੇ ਮਿਸਰ ਵਰਗੇ ਸਾਗਰ ਕੰਢੇ ਵਸੇ ਦੇਸ਼ਾਂ ਵਿਚ ਕੰਮ ਕਰ ਚੁੱਕਿਆ ਹੈ। ਨਵੀਂ ਨਿਯੁਕਤੀ ਤੋਂ ਪਿੱਛੋਂ ਉਹ ਵਿਦੇਸ਼ ਸੇਵਾ ਦਾ ਬਹੁਤੇ ਅਫ਼ਸਰਾਂ ਨਾਲੋਂ ਤੱਟ ਵਰਤੀ ਸੰਸਾਰ ਦਾ ਮਾਹਿਰ ਗਿਣਿਆ ਜਾਵੇਗਾ। ਜੇ ਤਿੰਨ ਦਹਾਕੇ ਮੇਰੀ ਮਿੱਤਰ ਰਹੀ ਨਾਵਲਕਾਰ ਬੈਟੀ ਕਾਲਿਨਜ਼ ਅੱਜ ਜੀਵਤ ਹੁੰਦੀ ਤਾਂ ਉਸ ਨੇ ਨਵਦੀਪ ਦੀ ਨਿਯੁਕਤੀ ਸੁਣ ਕੇ ਉਡਦੀ ਫਿਰਨਾ ਸੀ। ਚੇਤੇ ਰਹੇ, ਪੰਜਾਬੀ ਪ੍ਰਕਾਸ਼ਕ ਕੁਲਵੰਤ ਸਿੰਘ ਸੂਰੀ ਦੇ ਇਸ ਬੇਟੇ ਦੀ ਮਾਂ ਅਤਰਜੀਤ ਕੌਰ ਸਾਹਿਤ ਰਚਦੀ ਹੈ ਤੇ ਉਸ ਦਾ ਦਾਦਾ ਨਾਨਕ ਸਿੰਘ ਪੰਜਾਬੀ ਨਾਵਲ ਦਾ ਥੰਮ ਸੀ। ਕਾਸ਼ ਨਵਦੀਪ ਦੀ ਨਿਯੁਕਤੀ 2010 ਤੋਂ ਪਹਿਲਾਂ ਹੋਈ ਹੁੰਦੀ, ਜਦੋਂ ਤੱਕ ਮੈਂ ਤੇ ਮੇਰੀ ਪਤਨੀ ਨੇ ਵਿਦੇਸ਼ ਜਾਣ ਤੋਂ ਤੋਬਾ ਨਹੀਂ ਸੀ ਕੀਤੀ। ਉਸ ਤੋਂ ਪਹਿਲਾਂ ਮੇਰੀ ਪਤਨੀ ਦੋ ਵਾਰੀ ਬੈਟੀ ਕਾਲਿਨਜ਼ ਨੂੰ ਸਿਡਨੀ ਵਿਖੇ ਮਿਲ ਕੇ ਆਈ ਸੀ। ਹੁਣ ਤਾਂ ਨਵਦੀਪ ਦੇ ਭਾਰਤ ਆਉਣ 'ਤੇ ਆਸਟ੍ਰੇਲੀਆ ਦੀਆਂ ਯਾਦਾਂ ਹੀ ਸਾਂਝੀਆਂ ਕਰ ਸਕਦੇ ਹਾਂ।

**ਰਾਮ ਮੁਹੰਮਦ ਸਿੰਘ ਆਜ਼ਾਦ:** ਪਿਛਲੇ ਦਿਨਾਂ ਵਿਚ ਚੰਡੀਗੜ੍ਹ ਦੇ ਬਾਲ ਭਵਨ ਆਡੀਟੋਰੀਅਮ ਵਿਚ ਇਕ ਨਿਵੇਕਲੀ ਕਲਾਕਾਰੀ ਵੇਖਣ ਨੂੰ ਮਿਲੀ। ਇਥੇ ਵਡੇਰੀ ਉਮਰ ਦੇ ਦਿਲ ਪਰਚਾਵੇ ਲਈ ਸਥਾਪਤ ਕੀਤੀ ਆਸ਼ਾ ਕਿਰਨ ਸੰਸਥਾ ਵਲੋਂ ਸ਼ਹੀਦ ਊਧਮ ਸਿੰਘ ਦੇ ਬਲੀਦਾਨ ਨੂੰ ਇੱਕ ਵਿਲੱਖਣ ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਜਦੋਂ ਹਿੰਦੂ, ਮੁਸਲਿਮ, ਸਿੱਖ, ਈਸਾਈ ਊਧਮ ਸਿੰਘ ਦੇ ਬੁੱਤ ਨੂੰ ਹਾਰ ਪਹਿਨਾਉਣ ਵਿਚ ਮਗਨ ਹੁੰਦੇ ਹਨ ਤਾਂ ਇੱਕ ਗੋਰੀ ਉਨ੍ਹਾਂ ਵਿਚ ਫੁੱਟ ਪਾ ਦਿੰਦੀ ਹੈ। ਫੇਰ ਕਮਲੇਸ਼ ਵਾਧਵਾ ਨਾਂ ਦੀ ਬਜ਼ੁਰਗ ਮਹਿਲਾ ਊਧਮ ਸਿੰਘ ਦੇ ਸਮਿਆਂ ਦਾ ਹਵਾਲਾ ਦੇ ਕੇ ਮੁੜ ਧਰਮ ਨਿਰਪੱਖਤਾ ਦਾ ਝੰਡਾ ਆ ਗੱਡਦੀ ਹੈ। ਆਸ਼ਾ ਕਿਰਨ ਵਿਚ ਸੇਵਾ ਨਿਭਾਉਣ ਵਾਲਾ, ਸੰਜੀਵ ਗੋਇਲ ਇਸ ਨਾਟਕ ਦਾ ਮੁਖ ਪਾਤਰ ਹੈ। ਉਸ ਨੇ ਰਾਮ ਮੁਹੰਮਦ ਸਿੰਘ ਆਜ਼ਾਦ ਦਾ ਰੋਲ ਕੀਤਾ। ਨਾਟਕ ਵਿਚ ਭਾਗ ਲੈਣ ਵਾਲੇ ਬੁਜ਼ਰਗਾਂ ਵਿਚੋਂ ਬਹੁਤਿਆਂ ਨੇ ਆਪਣੇ ਜੀਵਨ ਵਿਚ ਕਦੀ ਕਿਸੇ ਮੰਚਨ ਵਿਚ ਭਾਗ ਨਹੀਂ ਸੀ ਲਿਆ। ਊਧਮ ਸਿੰਘ ਦਾ ਬੁੱਤ ਬਣੇ ਡਾ. ਸੰਜੀਵ ਗੋਇਲ ਦੀ ਅਦਾਕਾਰੀ ਤਾਂ ਕਮਾਲ ਦੀ ਹੈ ਹੀ ਸੀ; ਹਿੰਦੂ, ਮੁਸਲਿਮ, ਸਿੱਖ, ਈਸਾਈ ਦਾ ਕ੍ਰਮਵਾਰ ਰੋਲ ਕਰਨ ਵਾਸੇ ਐਮ. ਐਸ. ਨਾਗਰਾ, ਸਮੀਰਾ ਯਾਸਮੀਨ, ਮਹਿੰਦਰ ਸਿੰਘ ਢਿੱਲੋਂ ਤੇ ਜੇ. ਪੀ. ਸ਼ਰਮਾ ਵੀ ਇਹ ਪ੍ਰਭਾਵ ਨਹੀਂ ਸੀ ਦੇ ਰਹੇ ਕਿ ਉਹ ਪਹਿਲੀ ਵਾਰ ਮੰਚ 'ਤੇ ਚੜ੍ਹੇ ਹਨ। ਡਾ. ਸੰਜੀਵ ਗੋਇਲ ਵਾਂਗ ਚੰਡੀਗੜ੍ਹ ਹਾਊਸਿੰਗ ਬੋਰਡ ਤੋਂ ਸੇਵਾ ਮੁਕਤ ਹੋਈ ਕਮਲੇਸ਼ ਵਾਧਵਾ ਵੀ ਜੀਵਨ ਭਰ ਅਭਿਨੇਤਾ ਰਹੀ ਹੋਣ ਦਾ ਪ੍ਰਭਾਵ ਦੇ ਰਹੀ ਸੀ। ਚਰਨ ਸਿੰਘ ਸਿੰਧਰਾ ਦੇ ਲਿਖੇ ਤੇ ਚੰਡੀਗੜ੍ਹ ਕਲਾ ਮੰਦਰ ਦੇ ਡਾਇਰੈਕਟਰ ਜੇ. ਬੀ. ਐਸ. ਸੋਢੀ ਦੀ ਪ੍ਰੇਰਨਾ ਨਾਲ ਖੇਡੇ ਗਏ ਇਸ ਨਾਟਕ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਹ ਫਿਰਕਾਪ੍ਰਸਤੀ ਨੂੰ ਨਕਾਰਦਾ ਤੇ ਧਰਮ ਨਿਰਪੱਖ ਸੰਕਲਪ ਨੂੰ ਉਭਾਰਦਾ ਹੈ। ਭਾਰਤ ਦੇ ਅੱਜ ਵਾਲੇ ਰਾਜਨੀਤਕ ਮਾਹੌਲ ਵਿਚ ਅਜਿਹੀ ਨਾਟਕਕਾਰੀ ਦਾ ਸਵਾਗਤ ਕਰਨਾ ਬਣਦਾ ਹੈ।

ਅੰਤਿਕਾ: (ਮਜਰੂਹ ਸੁਲਤਾਨਪੁਰੀ)
ਮੈਂ ਅਕੇਲਾ ਹੀ ਚਲਾ ਥਾ
ਜਾਨਬ-ਏ-ਮੰਜ਼ਿਲ ਮਗਰ,
ਲੋਗ ਸਾਥ ਆਤੇ ਗਏ
ਔਰ ਕਾਰਵਾਂ ਬਨਤਾ ਗਿਆ।

# ਰੈਫਰੈਂਡਮ ਵੀਹ ਸੌ ਵੀਹ ਜਾਂ ਚਾਰ ਸੌ...?

**ਵਿਚਾਰ-ਚਰਚਾ**

*ਭਾਰਤ ਵਿਚ ਸਿੱਖਾਂ ਨਾਲ ਵਿਤਕਰੇ, ਸਿੱਖ ਇਕ ਵਖਰੀ ਕੌਮ, (1984 ਦਾ) ਸਿੱਖ ਕਤਲੇਆਮ ਜਾਂ ਨਸਲਕੁਸ਼ੀ ਅਤੇ ਸਿੱਖਾਂ ਲਈ ਵਖਰੇ ਰਾਜ ਦੀ ਮੰਗ ਆਦਿ ਮੁੱਦੇ ਖਾਸ ਕਰ ਵਿਦੇਸ਼ਾਂ ਵਿਚ ਆਮ ਉਠਾਏ ਜਾਂਦੇ ਰਹੇ ਹਨ ਅਤੇ ਸਿੱਖ ਇਨ੍ਹਾਂ ਬਾਰੇ ਅਕਸਰ ਭਾਵੁਕ ਵੀ ਹੋ ਜਾਂਦੇ ਰਹੇ ਹਨ, ਪਰ ਕੁਝ ਧਿਰਾਂ ਦਾ ਕਹਿਣਾ ਹੈ ਕਿ ਇਹ ਮੁੱਦੇ ਉਠਾਏ ਜਾਣ ਪਿਛੇ ਦਿਆਨਤਦਾਰੀ ਘੱਟ ਅਤੇ ਆਪਣਾ ਉਲੂ ਸਿੱਧਾ ਕਰਨ ਦਾ ਮਨੋਰਥ ਵਧੇਰੇ ਰਿਹਾ ਹੈ। ਅਮਰੀਕਾ ਦੀ ਮਨੁੱਖੀ ਅਧਿਕਾਰ ਜਥੇਬੰਦੀ 'ਸਿੱਖਸ ਫਾਰ ਜਸਟਿਸ' ਵਲੋਂ ਪਹਿਲਾਂ ਸਿੱਖ ਨਸਲਕੁਸ਼ੀ ਤੇ ਫਿਰ ਸਿੱਖ ਇਕ ਵਖਰੀ ਕੌਮ ਦਾ ਮੁੱਦਾ ਉਠਾਏ ਜਾਣਾ ਅਤੇ ਹੁਣ ਵਖਰੇ ਸਿੱਖ ਰਾਜ ਲਈ 'ਰੈਫਰੈਂਡਮ 2020' ਦਾ ਨਾਅਰਾ ਬੁਲੰਦ ਕੀਤੇ ਜਾਣਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਵਿਚਾਰਵਾਨ ਹਜ਼ਾਰਾ ਸਿੰਘ ਨੇ ਉਪਰੋਕਤ ਮੁੱਦਿਆਂ, ਖਾਸ ਕਰ 'ਰੈਫਰੈਂਡਮ 2020' ਉਪਰ ਵਡੇਰੇ ਪ੍ਰਸੰਗ ਵਿਚ ਚਰਚਾ ਕੀਤੀ ਹੈ। ਸਾਡਾ ਇਸ ਲੇਖ ਵਿਚਲੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ਹੈ। ਅਸੀਂ ਇਹ ਲੇਖ ਉਸਾਰੂ ਵਿਚਾਰ-ਚਰਚਾ ਛੇੜਨ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਵੇਗੀ। -ਸੰਪਾਦਕ*

ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਜਿਤਾ ਕੇ ਸ. ਸਿਮਰਨਜੀਤ ਸਿੰਘ ਮਾਨ ਨੂੰ ਬਹੁਤ ਵੱਡਾ ਆਗੂ ਬਣਾ ਦਿੱਤਾ ਗਿਆ ਸੀ ਪਰ ਉਹ ਕੋਈ ਵੱਡੀ ਅਗਵਾਈ ਦੇ ਨਾ ਸਕਿਆ। ਸਿੱਖ ਉਮੰਗਾਂ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕਰਨ ਦੀ ਥਾਂ ਉਹ ਆਏ ਦਿਨ ਕੋਈ ਨਾ ਕੋਈ ਐਸਾ ਕਾਰਨਾਮਾ ਕਰਦਾ ਜਿਸ ਨਾਲ ਕੁਝ ਸਪੱਸ਼ਟ ਹੋਣ ਦੀ ਥਾਂ ਭੰਬਲਭੂਸਾ ਹੋਰ ਵੱਧ ਜਾਂਦਾ। ਲੋਕ ਸੋਚਣ ਲੱਗ ਪਏ ਕਿ ਸਿੱਖਾਂ ਦਾ ਨਵਾਂ ਸਜਿਆ ਬੇਤਾਜ ਬਾਦਸ਼ਾਹ ਆਖਰਕਾਰ

**ਹਜ਼ਾਰਾ ਸਿੰਘ ਕੈਨੇਡਾ**
ਫੋਨ: (905) 795-3428

ਚਾਹੁੰਦਾ ਕੀ ਹੈ? ਸ. ਮਾਨ ਦੇ ਰੰਗ-ਬਰੰਗੇ ਬਿਆਨਾਂ ਕਾਰਨ ਪੈਦਾ ਹੋਈ ਭੰਬਲਭੂਸੇ ਵਾਲੀ ਇਸ ਸਥਿਤੀ 'ਤੇ ਵਿਅੰਗ ਕਰਦਿਆਂ ਡਾ. ਗੁਰਨਾਮ ਸਿੰਘ ਤੀਰ ਨੇ ਆਪਣੇ ਹਫਤਾਵਾਰੀ ਕਾਲਮ ਵਿਚ ਲਿਖਿਆ ਕਿ ਅਸੀਂ ਸਰਕਾਰ ਕੋਲੋਂ ਕੀ ਚਾਹੁੰਦੇ ਹਾਂ, ਇਸ ਦਾ ਤਾਂ ਸਾਨੂੰ ਵੀ ਪਤਾ ਨਹੀਂ। ਇਸ ਕੰਮ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇੱਕ ਜੋਤਸ਼ੀ ਬਿਠਾ ਕੇ ਪਤਾ ਕਰੇ ਕਿ ਅਸੀਂ ਕੀ ਚਾਹੁੰਦੇ ਹਾਂ ਅਤੇ ਉਹੋ ਜੋਤਸ਼ੀ ਸਾਨੂੰ ਵੀ ਦੱਸ ਦੇਵੇ ਕਿ ਅਸੀਂ ਕੀ ਚਾਹੁੰਦੇ ਹਾਂ?

ਸਿੱਖ ਉਮੰਗਾਂ ਬਾਰੇ ਸਿੱਖ ਲੀਡਰਸ਼ਿਪ ਹਮੇਸ਼ਾ ਹੀ ਅਸਪੱਸ਼ਟ ਰਹੀ ਹੈ। ਕਦੀ ਸਿੱਖ ਹੋਮਲੈਂਡ ਦੇ ਸੁਪਨੇ, ਕਦੇ ਵੱਧ ਅਧਿਕਾਰਾਂ ਵਾਲੇ ਸੂਬੇ ਦੀ ਮੰਗ, ਕਦੇ ਅਨੰਦਪੁਰ ਸਾਹਿਬ ਦਾ ਮਤਾ, ਕਦੇ ਖਾਲਿਸਤਾਨ ਆਦਿ। ਕਿਸੇ ਵੀ ਮੰਗ ਪ੍ਰਤੀ ਪ੍ਰਤੀਬੱਧਤਾ ਘੱਟ ਪਰ ਮੰਗਾਂ ਦਾ ਨਾਹਰਾ ਲਾ ਕੇ ਰਾਜਸੀ ਤਾਕਤ ਹਾਸਿਲ ਕਰਨ ਦੀ ਲਾਲਸਾ ਵੱਧ ਰਹੀ ਹੈ। ਇਸੇ ਕਰਕੇ ਸਿਰਦਾਰ ਕਪੂਰ ਸਿੰਘ ਨੇ ਕਿਹਾ ਸੀ ਕਿ ਸਿੱਖ ਲੀਡਰ ਕਹਿੰਦੇ ਕੁਝ ਹੋਰ ਹਨ ਪਰ ਕਹਿਣਾ ਕੁਝ ਹੋਰ ਚਾਹੁੰਦੇ ਹਨ।

ਕਹਿਣ ਕੁਝ ਹੋਰ ਅਤੇ ਚਾਹੁਣ ਕੁਝ ਹੋਰ ਦਾ ਵਰਤਾਰਾ ਅਜੇ ਵੀ ਰੁਕਿਆ ਨਹੀਂ। ਵਿਦੇਸ਼ੀ ਸਿੱਖਾਂ ਦਾ ਇਸ ਵਰਤਾਰੇ ਨਾਲ ਬਹੁਤਾ ਵਾਹ 1984 ਦੀਆਂ ਦੁਖਦਾਈ ਘਟਨਾਵਾਂ ਤੋਂ ਬਾਅਦ ਪਿਆ। ਸਿੱਖਾਂ ਸਾਹਮਣੇ ਕਈ ਟੀਚੇ ਰੱਖੇ ਗਏ। ਟੀਚੇ ਰੱਖਣ ਵਾਲੇ ਆਪੋ-ਆਪਣੇ ਟੀਚੇ ਸਰ ਕਰਕੇ ਜਾਂ ਤਾਂ ਗੱਡੀਓਂ ਉਤਰ ਗਏ ਜਾਂ ਛੜੱਪਾ ਮਾਰ ਕੇ ਕਿਸੇ ਹੋਰ ਬੰਬੂਕਾਟ 'ਤੇ ਚੜ੍ਹ ਗਏ ਜਾਂ ਫਿਰ ਪੰਥਕ ਗੱਡੀ ਦਾ ਸਟੇਅਰਿੰਗ ਆਪਣੀ ਲੋੜ ਅਤੇ ਮਰਜ਼ੀ ਅਨੁਸਾਰ ਮਨਭਾਉਂਦੀ ਦਿਸ਼ਾ ਵੱਲ ਮੋੜੀ ਜਾਂਦੇ ਰਹੇ। ਕਈ ਜਥੇਬੰਦੀਆਂ ਅਜਿਹਾ ਕਰਦਿਆਂ ਰੂਪ ਵਟਾ ਗਈਆਂ ਅਤੇ ਕਈ ਅਲੋਪ ਹੋ ਗਈਆਂ। ਜਿਨ੍ਹਾਂ ਦੀ ਥਾਂ ਲੈਣ ਲਈ ਨਵੀਆਂ ਜਥੇਬੰਦੀਆਂ ਨਵੇਂ ਨਕੋਰ ਲਿਸ਼ਕਦੇ ਨਾਹਰੇ ਲੈ ਕੇ ਮੈਦਾਨ ਵਿਚ ਆ ਗਈਆਂ ਅਤੇ ਆਈ ਵੀ ਜਾ ਰਹੀਆਂ ਹਨ, ਇਨ੍ਹਾਂ ਵਿਚੋਂ ਇੱਕ ਹੈ-ਸਿੱਖਸ ਫਾਰ ਜਸਟਿਸ। ਵਿਦੇਸ਼ਾਂ ਵਿਚਲੀ ਇਸ ਜਥੇਬੰਦੀ ਦੇ ਭਾਰਤੀ ਅੰਗ ਦਾ ਇੱਕ ਪੀਰ (ਆਗੂ) ਹੈ ਕਰਨੈਲ ਸਿੰਘ ਪੀਰਮੁਹੰਮਦ ਜੋ ਪਿਛਲੀ ਉਮਰੇ ਵੀ ਵਿਦਿਆਰਥੀ ਜਥੇਬੰਦੀ ਦਾ ਪ੍ਰਧਾਨ ਹੋਣ ਦਾ ਭਾਰ ਚੁੱਕੀ ਫਿਰਦਾ ਹੈ।

ਸਿੱਖਸ ਫਾਰ ਜਸਟਿਸ ਨੇ 1984 ਦੇ ਪੀੜਿਤਾਂ ਵਾਸਤੇ ਸਾਲ 2007 ਵਿਚ ਇਨਸਾਫ ਦਾ ਬਿਗਲ ਵਜਾਇਆ। ਕਾਨੂੰਨ ਅਨੁਸਾਰ ਇਨਸਾਫ ਲੈਣ ਲਈ ਮੁਹਿੰਮ ਅਕਾਲ ਤਖਤ ਤੋਂ ਸ਼ੁਰੂ ਕੀਤੀ। ਦੇਸ਼ ਵਿਦੇਸ਼ ਦੇ ਸਿੱਖਾਂ ਵਲੋਂ ਭਰਪੂਰ ਸਹਿਯੋਗ ਮਿਲਿਆ। ਕੁਝ ਵਰ੍ਹੇ ਚੰਗੀ ਭੱਲ ਬਣੀ ਰਹੀ। ਜਦ ਜਜ਼ਬਾਤੀ ਭਾਫ ਜ਼ਰਾ ਕੁ ਠੰਡੀ ਹੋਣ ਲੱਗੀ ਤਾਂ ਸਿੱਖਸ ਫਾਰ ਜਸਟਿਸ ਦੇ ਕਰਤਾ-ਧਰਤਾ ਵਕੀਲ ਪੰਨੂ ਨੇ ਮਦਾਰੀ ਵਾਂਗ ਝੁਰਲੂ ਫੇਰ ਕੇ ਕੌਮਾਂਤਰੀ ਕਾਨੂੰਨ ਅਨੁਸਾਰ ਇਨਸਾਫ ਲੈਣ ਦਾ ਇੱਕ ਹੋਰ ਢੰਗ ਪੇਸ਼ ਕਰਕੇ ਸਭ ਨੂੰ ਚਕਾਚੌਂਧ ਕਰ ਦਿੱਤਾ। ਇਸ ਢੰਗ ਦੀ ਵਰਤੋਂ ਕਰਦਿਆਂ ਭਾਰਤੀ ਆਗੂਆਂ ਉਪਰ ਅਮਰੀਕਾ ਦੀਆਂ ਅਦਾਲਤਾਂ ਵਿਚ ਧੜਾ-ਧੜ ਕੇਸ ਦਰਜ ਕਰਵਾ ਦਿੱਤੇ। 'ਛੱਡਿਆ ਕੋਈ ਨਾ ਸਾਧ ਤੇ ਸੰਤ ਮੀਆਂ', ਅਨੁਸਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਪਰ ਵੀ ਕੇਸ ਠੋਕ'ਤਾ। ਸਿੱਖਾਂ ਨੂੰ ਚਾਅ ਚੜ੍ਹ ਗਿਆ। ਭੋਲੇ ਸੋਚਣ ਲੱਗੇ ਕਿ ਆਹ ਤਰੀਕਾ ਸਾਨੂੰ ਪਹਿਲਾਂ ਕਿਉਂ ਨਾ ਅਹੁੜਿਆ! ਇਹ ਸਾਰੇ ਕੇਸ ਦੀਵਾਨੀ ਸਨ, ਫੌਜਦਾਰੀ ਨਹੀਂ। ਸਿੱਖਸ ਫਾਰ ਜਸਟਿਸ ਨਾਲੋਂ ਵਕੀਲ ਪੰਨੂ ਦੀ ਮਹਿਮਾ ਹੋਰ ਵੱਧ ਗਈ। ਪਰ ਕੇਸਾਂ ਦਾ ਕੋਈ ਠੋਸ ਕਾਨੂੰਨੀ ਆਧਾਰ ਨਾ ਹੋਣ ਕਾਰਨ ਜਾਂ ਕੁਝ ਤਕਨੀਕੀ ਕਾਰਨਾਂ ਕਰਕੇ ਬਹੁਤੇ ਕੇਸ ਰੇਤ ਦੀ ਕੰਧ ਵਾਂਗ ਢਹਿ ਗਏ। ਸ਼ਾਇਦ ਕੁਝ ਅਪੀਲਾਂ ਜ਼ਰੀਏ ਅਜੇ ਵੀ ਜਿੰਦਾ ਹਨ ਪਰ ਕੇਸ ਕਰਨ ਦੀ ਲਹਿਰ ਵਾਲਾ ਜਵਾਰਭਾਟਾ ਉਚਾਈਆਂ ਛੋਹਣ ਤੋਂ ਕੁਝ ਦੇਰ ਬਾਅਦ ਸ਼ਾਂਤ ਹੋ ਗਿਆ।

ਇਸ ਜਜ਼ਬਾਤੀ ਜਵਾਰਭਾਟੇ ਨੂੰ ਬਰਕਰਾਰ ਰੱਖਣ ਲਈ ਇਨਸਾਫ ਦੇ ਏਜੰਡੇ ਨੂੰ ਸਹਿਜ ਨਾਲ ਹੀ ਰਬੜ ਵਾਂਗ ਖਿੱਚ ਕੇ ਇਨਸਾਫ ਅਤੇ ਖੁਦਮੁਖਤਿਆਰੀ ਦਾ ਏਜੰਡਾ ਬਣਾ ਕੇ ਜਸਟਿਸ



*ਸਿਮਰਨਜੀਤ ਸਿੰਘ ਮਾਨ*

ਐਂਡ ਸੋਵਰਿਨਟੀ ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕਰ ਲਿਆ ਅਤੇ ਇਨਸਾਫ ਵਾਲੀ ਲਹਿਰ ਨੂੰ ਨਵੀਂ ਦਿਸ਼ਾ ਵੱਲ ਤੋਰ ਲਿਆ। ਗੱਲ ਤਾਂ ਭਾਵੇਂ, 'ਚਲੇ ਥੇ ਹਰਿ ਮਿਲਣ ਕੋ, ਬੀਚੈ ਅਟਕਿਓ ਚੀਤ' ਵਾਲੀ ਹੋਈ ਪਰ ਜਜ਼ਬਾਤ ਦੇ ਭੱਜੇ ਜਾਂਦੇ ਘੋੜੇ 'ਤੇ ਸਵਾਰ ਪੰਥ ਨੇ ਕਿਹੜਾ ਕੁਝ ਪੁੱਛਣਾ! ਜੇ ਕੋਈ ਪੁੱਛੇ, ਉਹ ਸਰਕਾਰ ਦਾ ਏਜੰਟ। ਸਵਾਲ ਪੁੱਛਣ ਵਾਲਿਆਂ ਨੂੰ ਸਿੱਖਸ ਫਾਰ ਜਸਟਿਸ ਦੇ ਵਕੀਲ ਵਲੋਂ ਵੀ ਤੁਰਤ-ਫੁਰਤ ਐਸਾ ਤਮਗਾ ਦੇਣ ਲੱਗਿਆਂ ਝਿਜਕ ਘੱਟ ਹੀ ਵਿਖਾਈ ਜਾਂਦੀ ਸੀ। ਜਦ ਬਜ਼ੁਰਗ ਸਿੱਖ ਬੁੱਧੀਜੀਵੀ ਡਾ. ਅਵਤਾਰ ਸਿੰਘ ਸੇਖੋਂ (ਮਚਾਕੀ) ਵਕੀਲ ਪੰਨੂ ਦੇ ਧੱਕੇ ਚੜ੍ਹ ਗਿਆ ਤਾਂ ਪੰਨੂ ਸਾਹਿਬ ਨੇ ਉਸ 'ਤੇ ਵੀ ਸਰਕਾਰੀ ਏਜੰਟ ਹੋਣ ਦਾ ਠੱਪਾ ਜੜਦਿਆਂ ਜ਼ਰਾ ਢਿੱਲ ਨਾ ਕੀਤੀ। ਸਿੱਖਾਂ ਲਈ ਇਨਸਾਫ ਦੀ ਲਹਿਰ ਚਲਾਉਣ ਵਾਲਿਆਂ ਵਲੋਂ ਨਾਮੀ ਬੁੱਧੀਜੀਵੀਆਂ ਨਾਲ ਕੀਤਾ ਜਾ ਰਿਹਾ ਐਸਾ ਵਤੀਰਾ ਵੇਖ ਕੇ ਮੇਰੇ ਜ਼ਿਹਨ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਫੈਲੀ ਬੁਰਛਾਗਰਦੀ ਦੇ ਦ੍ਰਿਸ਼, 'ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ, ਹੋਰ ਕਹੁ ਕਿਸ ਦੇ ਪਾਣੀਹਾਰ ਮੀਆਂ', ਘੁੰਮ ਗਏ।

ਸਿੱਖਾਂ ਦੀ ਇੱਕ ਮੁਸ਼ਕਿਲ ਹੈ ਕਿ ਇਹ ਨਾਹਰਿਆਂ ਤੋਂ ਉਕਤਾ ਬਹੁਤ ਜਲਦੀ ਜਾਂਦੇ ਹਨ ਅਤੇ ਥੋੜ੍ਹੇ ਚਿਰ ਬਾਅਦ ਹੀ ਕੋਈ ਨਵਾਂ ਪ੍ਰੋਗਰਾਮ, ਨਵਾਂ ਨਾਹਰਾ, ਨਵਾਂ ਮੋਰਚਾ ਆਦਿ ਭਾਲਦੇ ਹਨ। ਐਸਾ ਹੀ ਕੁਝ ਜਸਟਿਸ ਐਂਡ ਸੋਵਰਿਨਟੀ ਕਾਨਫਰੰਸਾਂ ਨਾਲ ਹੋਇਆ ਜਿਸ ਕਾਰਨ ਸਿੱਖਸ ਫਾਰ ਜਸਟਿਸ ਨੂੰ ਇੱਕ ਹੋਰ ਨਾਹਰਾ ਘੜਨ ਦੀ ਅਣਸਰਦੀ ਲੋੜ ਨੇ ਆ ਘੇਰਿਆ। ਨਾਹਰਾ ਘੜਨ ਵਾਲੀ ਉਸਤਾਦ ਟਕਸਾਲ ਨੇ ਹੁਣ ਸਿੱਖਾਂ ਦੀ ਨਸਲਕੁਸ਼ੀ ਨੂੰ ਪ੍ਰਵਾਨ ਕਰਵਾਉਣ ਦਾ ਮਕਸਦ ਅੱਗੇ ਲਿਆ ਧਰਿਆ। ਸਿੱਖਸ ਫਾਰ ਜਸਟਿਸ ਵਲੋਂ ਸਿੱਖਾਂ ਦੀ ਨਸਲਕੁਸ਼ੀ ਪ੍ਰਵਾਨ ਕਰਵਾਉਣ ਦੇ ਐਲਾਨ ਨਾਲ ਲਹਿਰ ਵਿਚ ਇੱਕ ਵਾਰ ਫਿਰ ਤਾਜ਼ਗੀ ਆ ਗਈ। ਸਿੱਖ ਪਟੀਸ਼ਨਾਂ ਸਾਈਨ ਕਰਨ ਵਿਚ ਰੁੱਝ ਗਏ, ਪਰ ਕਿਸੇ ਨੂੰ ਬਹੁਤਾ ਅਹਿਸਾਸ ਨਹੀਂ ਹੋਇਆ ਕਿ ਇਹ ਜਥੇਬੰਦੀ ਇਨਸਾਫ ਵਾਲੇ ਜਿਸ ਕਾਰਜ ਨੂੰ ਲੈ ਕੇ ਚੱਲੀ ਸੀ, ਉਸ ਦੀ ਥਾਂ ਅੱਜ ਕਰ ਕੀ ਰਹੀ ਹੈ? 1984 ਦੇ ਕਤਲੇਆਮ ਨੂੰ ਨਸਲਕੁਸ਼ੀ ਪ੍ਰਵਾਨ ਕਰਵਾਉਣ ਦੇ ਵੱਡੇ ਕਾਰਜ ਨੂੰ ਥੋੜ੍ਹਾ ਧੱਕਾ ਉਦੋਂ ਲੱਗਾ ਜਦੋਂ ਭਾਰਤ ਦੇ ਗ੍ਰਹਿ ਮੰਤਰੀ ਨੇ ਆਪ ਹੀ ਕਹਿ ਦਿੱਤਾ ਕਿ 1984 ਵਿਚ ਜੋ ਕੁਝ ਹੋਇਆ, ਉਹ ਨਸਲਕੁਸ਼ੀ ਸੀ। ਇਸ ਤੋਂ ਵੀ ਕਈ ਵਰ੍ਹੇ ਪਹਿਲਾਂ ਪੰਜਾਬ ਪੁਲਿਸ ਦੀਆਂ ਕਾਰਵਾਈਆਂ ਨੂੰ ਵੀ ਭਾਰਤੀ ਸੁਪਰੀਮ ਕੋਰਟ ਨਸਲਕੁਸ਼ੀ ਵਰਗੀਆਂ ਕਾਰਵਾਈਆਂ ਗਰਦਾਨ ਚੁੱਕੀ ਹੈ। ਭਾਰਤ ਨੇ ਜਿਸ ਤਰ੍ਹਾਂ ਸਿੱਖ ਕਤਲਾਂ ਨੂੰ ਨਸਲਕੁਸ਼ੀ ਵਜੋਂ ਮੰਨ ਲੈਣ ਦੇ ਐਲਾਨ ਕੀਤੇ ਹਨ, ਇਸ ਤਰ੍ਹਾਂ ਕੋਈ ਵੀ ਮੁਲਕ ਛੇਤੀ ਕੀਤੇ ਨਸਲਕੁਸ਼ੀ ਵਰਗੇ ਦਾਗ ਨੂੰ ਮੰਨਣ ਲਈ ਰਾਜ਼ੀ ਨਹੀਂ ਹੁੰਦਾ। ਭਾਰਤੀ ਸਿਸਟਮ ਵਲੋਂ ਆਪੇ ਹੀ ਇਸ ਨੂੰ ਨਸਲਕੁਸ਼ੀ ਕਹਿ ਦੇਣਾ ਸੰਕੇਤ ਦਿੰਦਾ ਹੈ ਕਿ ਭਾਰਤੀ ਸਿਸਟਮ ਹੁਣ ਸਿੱਖਾਂ ਨਾਲ ਕੁਝ ਸਮਝੌਤੇ ਵਾਲੀ ਸਮਝ ਬਣਾ ਕੇ ਅੱਗੇ ਵਧਣ ਦਾ ਇੱਛੁਕ ਹੈ।

ਯਾਦ ਰਹੇ, ਅਰਮੀਨੀਅਨ ਲੋਕਾਂ ਦੀ ਸੌ ਵਰ੍ਹਾ ਪਹਿਲਾਂ ਹੋਈ ਨਸਲਕੁਸ਼ੀ ਨੂੰ ਤੁਰਕੀ ਦੀ ਸਰਕਾਰ ਅੱਜ ਵੀ ਮੰਨਣ ਨੂੰ ਤਿਆਰ ਨਹੀਂ। ਜੇ ਕੋਈ ਹੋਰ ਦੇਸ਼ ਐਸਾ ਆਖੇ ਤਾਂ ਤੁਰਕੀ ਦੀ ਸਰਕਾਰ ਔਖ ਮਹਿਸੂਸ ਕਰਦੀ ਹੈ। ਹੁਣੇ ਜਿਹੇ ਪੋਪ ਵਲੋਂ ਐਸਾ ਕਹੇ ਜਾਣ 'ਤੇ ਤੁਰਕੀ ਲੋਹਾ ਲਾਖਾ ਹੋਇਆ ਫਿਰਦਾ ਹੈ। ਹਾਲਾਂਕਿ ਹੁਣ ਅਰਮੀਨੀਅਨ ਲੋਕਾਂ ਦਾ ਆਪਣਾ ਦੇਸ਼ ਵੀ ਹੈ।

ਸਿੱਖਸ ਫਾਰ ਜਸਟਿਸ ਵਲੋਂ ਨਸਲਕੁਸ਼ੀ ਦੀ ਜਿਸ ਪਰਿਭਾਸ਼ਾ ਨੂੰ ਆਧਾਰ ਬਣਾ ਕੇ ਭਾਰਤ ਨੂੰ ਨਸਲਕੁਸ਼ੀ ਦਾ ਦੋਸ਼ੀ ਗਰਦਾਨਣ ਲਈ ਯੂ.ਐਨ.ਓ. ਕੋਲ ਗੁਹਾਰ ਲਾਈ ਜਾ ਰਹੀ ਹੈ, ਉਸ ਅਨੁਸਾਰ ਭਾਰਤ ਦੋਸ਼ੀ ਸਾਬਿਤ ਹੋਏ ਜਾਂ ਨਾ ਹੋਏ ਪਰ ਸਿੱਖ ਨਿਰੰਕਾਰੀਆਂ ਦੀ ਨਸਲਕੁਸ਼ੀ ਦੇ ਦੋਸ਼ੀ ਸਾਬਿਤ ਜ਼ਰੂਰ ਹੋ ਜਾਣਗੇ। ਭਾਈ ਸੁਖਦੇਵ ਸਿੰਘ ਬੱਬਰ ਵਲੋਂ 35 ਨਿਰੰਕਾਰੀਆਂ ਦੇ ਕਤਲਾਂ ਦੀ ਜਿੰਮੇਵਾਰੀ ਲੈਣ ਦੀ ਘਟਨਾ ਕਈ ਲੋਕਾਂ ਨੂੰ ਯਾਦ ਹੀ ਹੋਵੇਗੀ। ਨਿਰੰਕਾਰੀ ਮੁਖੀ ਦੇ ਕਤਲ ਕੇਸ ਵਿਚ ਜਥੇਦਾਰ ਰਣਜੀਤ ਸਿੰਘ ਦੀ ਸਜ਼ਾ ਮੁਆਫੀ ਅਤੇ ਉਸ ਵਲੋਂ ਮਰਿਆਦਾ ਲਈ ਸਿਰ ਲੈਣ ਅਤੇ ਦੇਣ ਦੇ ਧੜੱਲੇਦਾਰ ਬਿਆਨ ਨਿਰੰਕਾਰੀਆਂ ਨੂੰ ਸੌਖਿਆਂ ਹੀ ਨਸਲਕੁਸ਼ੀ ਦਾ ਸ਼ਿਕਾਰ ਸਾਬਿਤ ਕਰ ਸਕਦੇ ਹਨ। ਇਸ ਬਾਰੇ ਸਿੱਖਾਂ ਦੇ 'ਵਕੀਲ' ਦਾ ਟੋਰਾਂਟੋ ਦੇ ਰੇਡੀਓ 'ਤੇ ਪ੍ਰਤੀਕਰਮ ਸੀ ਕਿ ਉਹ ਵੀ ਕਰਵਾ ਲੈਣ।

ਖੈਰ! ਭਾਰਤੀ ਗ੍ਰਹਿ ਮੰਤਰੀ ਨੇ ਉਹ ਸਭ ਕੁਝ ਆਪ ਹੀ ਮੰਨ ਲਿਆ ਜੋ ਸਿੱਖਸ ਫਾਰ ਜਸਟਿਸ ਨੇ ਕਈ ਵਰ੍ਹਿਆਂ ਦੀ ਮਿਹਨਤ ਨਾਲ ਪ੍ਰਾਪਤ ਕਰਨ ਦਾ ਪ੍ਰਯੋਜਨ ਉਲੀਕਿਆ ਸੀ। ਇਸ ਨੂੰ ਠੂਠੇ ਵਿਚ ਵੱਜੀ ਲੱਤ ਤਾਂ ਨਹੀਂ ਕਿਹਾ ਜਾ ਸਕਦਾ ਪਰ ਨਸਲਕੁਸ਼ੀ ਵਾਲੇ ਮੁੱਦੇ ਦਾ ਐਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਮੁੱਕਣ ਕਿਨਾਰੇ ਪਹੁੰਚਣ ਵਾਲੀ ਗੱਲ ਨੇ ਮੁੱਦੇ ਦੀ ਅਹਿਮੀਅਤ ਘਟਾ ਦਿੱਤੀ ਜਿਸ ਕਾਰਨ ਕਿਸੇ ਹੋਰ ਹੰਡਣਸਾਰ ਮੁੱਦੇ ਦੀ ਫੌਰੀ ਲੋੜ ਆਣ ਪਈ। ਇਸ ਅਚਾਨਕ ਪਈ ਲੋੜ ਵਿਚੋਂ ਫਿਰ ਅਹੁੜਿਆ ਰੈਫਰੈਂਡਮ 2020 ਦਾ ਫੁਰਨਾ। ਚਲੋ, ਹੁਣ ਇਸ ਮੁੱਦੇ ਨਾਲ ਘੱਟੋ-ਘੱਟ ਪੰਜ ਸਾਲ ਤਾਂ ਸੌਖੇ ਲੰਘ ਜਾਣਗੇ। ਹੁਣ ਇਸ ਨਾਲ ਸਬੰਧਤ ਵਿਅਕਤੀਆਂ ਲਈ ਥਾਂ ਪੁਰ ਥਾਂ ਢੇਰ ਸਾਰੀਆਂ ਸਰਗਰਮੀਆਂ ਕੀਤੇ ਜਾਣ ਦਾ ਰਾਹ ਖੁੱਲ੍ਹਾ ਰਹੇਗਾ। ਸਿੱਖ ਸਮਝਣਗੇ ਕਿ ਹੁਣ ਆਜ਼ਾਦੀ ਕੇਵਲ ਕੁਝ ਵਰ੍ਹੇ ਹੀ ਦੂਰ ਰਹਿ ਗਈ ਹੈ। ਸਿੱਖ ਰੈਫਰੈਂਡਮ ਦੀ ਸਾਇੰਸ ਨੂੰ ਕੀ ਸਮਝਣਗੇ? ਜਿਹੜੇ ਅਜੇ ਕੈਲੰਡਰ ਦੇ ਚੱਕਰਵਿਊ 'ਚੋਂ ਹੀ ਬਾਹਰ ਨਿੱਕਲਣ ਦਾ ਕੋਈ ਰਸਤਾ ਨਹੀਂ ਲੱਭ ਸਕੇ। ਪਰ ਸਿੱਖਾਂ ਦੀ ਤਸੱਲੀ ਲਈ ਸਿੱਖਸ ਫਾਰ ਜਸਟਿਸ ਵਾਲੇ ਜਦ ਪੂਰੇ ਜਲਾਲ ਵਿਚ ਆ ਕੇ ਕਿਊਬੈਕ, ਸਕਾਟਲੈਂਡ, ਸੁਡਾਨ ਆਦਿ ਵਿਚ ਹੋਈਆਂ ਰਾਇਸ਼ੁਮਾਰੀਆਂ (ਰੈਫਰੈਂਡਮ) ਦਾ ਜ਼ਿਕਰ ਕਰਦੇ ਹਨ ਤਾਂ ਸੁਣਨ ਵਾਲਾ ਇੱਕ ਵਾਰ ਤਾਂ ਸਹਿਜ ਨਾਲ ਹੀ ਕਹਿ ਉਠਦਾ ਹੈ ਕਿ ਆਪਾਂ ਨੂੰ ਇਹ ਕੰਮ ਪਹਿਲਾਂ ਹੀ ਵਿੱਢ ਲੈਣਾ ਚਾਹੀਦਾ ਸੀ।

ਰੈਫਰੈਂਡਮ ਰਾਹੀਂ ਰਾਜ ਲੈਣ ਦੇ ਸੁਪਨੇ, ਉਹ ਵੀ ਭਾਰਤ ਵਿਚ! ਐਸੇ ਬੇਤੁਕੇ ਸੁਪਨੇ ਤਾਂ ਸ਼ੇਖ ਚਿਲੀ ਵੀ ਨਾ ਲਵੇ। ਭਾਰਤ ਨਾ ਤਾਂ ਕੈਨੇਡਾ ਹੈ ਅਤੇ ਨਾ ਯੂ ਕੇ, ਜਿਨ੍ਹਾਂ ਰੈਫਰੈਂਡਮ ਹੋ ਲੈਣ ਦਿੱਤੇ। ਮਨੋ ਇਹ ਦੇਸ਼ ਵੀ ਕੈਨੇਡਾ ਅਤੇ ਯੂ ਕੇ ਦੇ ਟੋਟੇ ਹੁੰਦੇ ਨਹੀਂ ਸਨ ਵੇਖਣਾ ਚਾਹੁੰਦੇ। ਭਾਰਤ ਵਾਲੇ ਰਾਸ਼ਟਰਵਾਦੀ ਤਾਂ ਦੇਸ਼ ਤੋੜਨ ਵਾਲਿਆਂ ਨੂੰ ਉਂਜ ਹੀ ਭੰਡ ਦੇਣਗੇ। ਪੰਜਾਬ ਕੋਲ ਰੈਫਰੈਂਡਮ ਵਾਸਤੇ ਉਹ ਸੰਵਿਧਾਨਕ ਆਧਾਰ ਨਹੀਂ ਹੈ ਜੋ ਕਿਊਬੈਕ ਅਤੇ ਸਕਾਟਲੈਂਡ ਕੋਲ ਹੈ। ਰੈਫਰੈਂਡਮ ਤਾਂ ਕਸ਼ਮੀਰ ਵਿਚ ਨਹੀਂ ਹੋ ਸਕਿਆ। ਜਿਹੜੀ ਯੂ.ਐਨ.ਓ. ਭਾਰਤ ਨੂੰ ਕਸ਼ਮੀਰ ਵਿਚ ਰੈਫਰੈਂਡਮ ਲਈ ਮਜ਼ਬੂਰ ਨਹੀਂ ਕਰ ਸਕੀ, ਉਹ ਪੰਜਾਬ ਦੇ ਕੇਸ ਵਿਚ ਕੀ ਕਰੇਗੀ? ਸਮਝਣਾ ਔਖਾ ਨਹੀਂ। ਇਸ ਤੋਂ ਵੀ ਅੱਗੇ, ਕੀ ਕਿਊਬੈਕ ਜਾਂ ਸਕਾਟਲੈਂਡ ਦੇ ਰੈਫਰੈਂਡਮ ਸਿਰੇ ਚੜ੍ਹ ਗਏ? ਕਿਊਬੈਕ ਵਿਚ ਦੋ ਵਾਰ (1980 ਅਤੇ 1995) ਰੈਫਰੈਂਡਮ ਫੇਲ੍ਹ ਹੋ ਗਿਆ। ਇਸੇ ਤਰ੍ਹਾਂ ਹੀ ਸਕਾਟਲੈਂਡ ਵਿਚ ਰੈਫਰੈਂਡਮ ਕਾਮਯਾਬ ਨਹੀਂ ਹੋਇਆ।

ਸਿੱਖਸ ਫਾਰ ਜਸਟਿਸ ਦੇ ਕੱਚਘਰੜ ਸਿਧਾਂਤਕਾਰ (ਅਸਲ ਵਿਚ ਇਸ ਜਥੇਬੰਦੀ ਕੋਲ ਸਿਧਾਂਤਕਾਰ ਹੈ ਹੀ ਕੋਈ ਨਹੀਂ) ਰੈਫਰੈਂਡਮ ਰਾਹੀਂ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਵਾਪਿਸ ਲੈਣ ਦੀ ਸੁਪਨਸਾਜ਼ੀ ਸਿਰਜ ਕੇ 'ਗੁੱਡ ਫੀਲ' ਕਰਨ ਵਾਲਾ ਮਾਹੌਲ ਪੈਦਾ ਕਰੀ ਬੈਠੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਬਹੁਤਾ ਹਿੱਸਾ ਤਾਂ ਪਾਕਿਸਤਾਨ ਰਹਿ ਗਿਆ। ਸਤਲੁਜ ਦੇ ਪੂਰਬ ਵਾਲੇ ਪਾਸੇ ਦਾ ਪੰਜਾਬ ਤਾਂ ਉਸ ਰਾਜ ਦਾ ਹਿੱਸਾ ਹੀ ਨਹੀਂ ਸੀ। ਇਸ ਇਲਾਕੇ ਦੀਆਂ ਰਿਆਸਤਾਂ ਤਾਂ 1947 ਤੋਂ ਬਾਅਦ ਤੱਕ ਕਾਇਮ ਰਹੀਆਂ। ਮਹਾਰਾਜਾ ਪਟਿਆਲਾ ਆਪਣੀ ਰਿਆਸਤ ਭਾਰਤ ਵਿਚ ਮਿਲਾਉਣ ਵਾਲਾ ਪਹਿਲਾ ਦੇਸੀ ਰਾਜਾ ਸੀ ਜੋ ਰਿਆਸਤ ਛੱਡ ਕੇ ਫਰਾਂਸ ਵਿਚ ਭਾਰਤ ਦਾ ਰਾਜਦੂਤ ਜਾ ਲੱਗਾ। ਹੁਣ ਇਸ ਇਲਾਕੇ ਵਿਚ ਰੈਫਰੈਂਡਮ ਦਾ ਕਾਨੂੰਨੀ ਆਧਾਰ ਕੀ ਰਹਿ ਗਿਆ? ਇਸ ਤੋਂ ਅੱਗੇ ਮਿਸਾਲ ਦਿੱਤੀ ਜਾਂਦੀ ਹੈ ਸੁਡਾਨ ਦੇ 2011 ਵਾਲੇ ਰੈਫਰੈਂਡਮ ਦੀ, ਜਿੱਥੇ ਕਿ ਦੱਖਣੀ ਸੁਡਾਨ ਨਾਂ ਦਾ ਦੇਸ਼ ਰੈਫਰੈਂਡਮ ਜ਼ਰੀਏ ਹੋਂਦ ਵਿਚ ਆ ਗਿਆ। ਜੇ ਪੰਜਾਬ ਦੂਸਰਾ ਡਾਰਫਰ (ਸੁਡਾਨ) ਹੀ ਬਣਨਾ ਹੈ ਤਾਂ ਫਿਰ ਉਥੇ ਰੈਫਰੈਂਡਮ ਦੀ ਲੋੜ ਹੀ ਨਹੀਂ ਰਹੇਗੀ। ਰੈਫਰੈਂਡਮ ਬਗੈਰ ਹੀ ਸਭ ਕੁਝ ਤੈਅ (ਜਾਂ ਤਬਾਹ) ਹੋ ਜਾਏਗਾ। ਯਾਦ ਰੱਖਣ ਵਾਲੀ ਗੱਲ ਹੈ ਕਿ ਭਾਰਤੀ ਰਾਜ ਦੇ ਹਾਲਾਤ, ਦੇਸ਼ ਟੁੱਟਦਾ ਦੇਖ ਕੇ ਰੈਫਰੈਂਡਮ ਦੀ ਥਾਂ ਪੰਜਾਬ ਵਿਚ ਸੁਡਾਨ ਵਰਗੇ ਹਾਲਾਤ ਨੂੰ ਤਰਜ਼ੀਹ ਦੇਣਗੇ। ਜਿਸ ਵਿਚ, 'ਦੋਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ' ਵਾਲੀ ਹੋਣੀ ਨੂੰ ਕੋਈ ਰੋਕ ਨਹੀਂ ਸਕੇਗਾ।

ਆਜ਼ਾਦੀ ਲਈ ਰੈਫਰੈਂਡਮ ਕਿਸੇ ਸਮੇਂ (1861) ਅਮਰੀਕੀ ਸੂਬੇ ਟੈਕਸਸ, ਟੈਨੇਸੀ ਅਤੇ ਵਰਜੀਨੀਆ ਵਿਚ ਵੀ ਹੋਇਆ ਸੀ। ਪਰ ਇਸ ਦਾ ਫੈਸਲਾ ਜੰਗ ਦੇ ਮੈਦਾਨ ਵਿਚ ਅਮਰੀਕਨ ਸਿਵਿਲ ਵਾਰ ਦੇ ਰੂਪ ਵਿਚ ਹੋਇਆ ਸੀ, ਨਾ ਕਿ ਰੈਫਰੈਂਡਮ ਦੀਆਂ ਵੋਟਾਂ ਨਾਲ। ਭਾਰਤ ਦੇ ਰਾਜਨੀਤਕ ਹਾਲਾਤ ਅਮਰੀਕਾ ਦੇ ਉਦੋਂ ਵਾਲੇ ਹਾਲਾਤ ਨਾਲੋਂ ਬਹੁਤੇ ਬਿਹਤਰ ਨਹੀਂ। ਕਹਿਣ ਦਾ ਭਾਵ ਹੈ ਕਿ ਅਖੀਰ ਵਿਚ, 'ਸ਼ਸ਼ਤਰਨ ਕੇ ਅਧੀਨ ਹੈ ਰਾਜ' ਵਾਲੀ ਗੱਲ ਹੀ ਸਹੀ ਹੈ ਨਾ ਕਿ 'ਰੈਫਰੈਂਡਮ ਕੇ ਅਧੀਨ ਹੈ ਰਾਜ।' ਇਸ ਲਈ ਜੇ ਕੋਈ ਇਸ ਵਹਿਮ ਵਿਚ ਹੋਏ ਕਿ ਰੈਫਰੈਂਡਮ ਦੀ ਕੋਈ ਗਿੱਦੜ ਪਰਚੀ ਕਿਸੇ ਮੁਲਕ ਦੇ ਟੁਕੜੇ ਕਰਕੇ, ਨਿਆਂਈ ਵਾਲੇ ਖੇਤ ਦੀ ਰਜਿਸਟਰੀ ਕਰਵਾਉਣ ਵਾਂਗ ਰਾਜ ਭਾਗ ਕਿਸੇ ਦੇ ਨਾਂਵੇਂ ਕਰ ਦੇਵੇਗੀ ਤਾਂ ਇਹ ਖਿਆਲੀ ਖੀਰ ਤੋਂ ਵੱਧ ਕੁਝ ਵੀ ਨਹੀਂ। ਜਿਸ ਸੰਯੁਕਤ ਰਾਸ਼ਟਰ ਨੂੰ ਰੈਫਰੈਂਡਮ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ, ਉਹ ਇੱਕ ਸ਼ਕਤੀਹੀਣ ਸੰਸਥਾ ਹੈ, ਜਿਸ ਦੀ ਕੁਵਰਤੋਂ ਤਕੜੇ ਦੇਸ਼ ਕਮਜ਼ੋਰਾਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਣ ਲਈ ਕਰਦੇ ਆ ਰਹੇ ਹਨ। ਸੰਯੁਕਤ ਰਾਸ਼ਟਰ ਕੋਲ ਕੋਈ ਵੀ ਐਸੀ ਕਲਾ ਨਹੀਂ ਹੈ ਜਿਸ ਨੂੰ ਮਰੋੜ ਕੇ ਉਹ ਕਿਸੇ ਖਿੱਤੇ ਵਿਚ ਰੈਫਰੈਂਡਮ ਕਰਵਾ ਮਾਰੇ। ਫਲਸਤੀਨ ਦਾ ਸਵਾਲ ਸਭ ਦੇ ਸਾਹਮਣੇ ਹੈ। ਸਭ ਕੁਝ ਹੁੰਦਿਆਂ ਸੰਯੁਕਤ ਰਾਸ਼ਟਰ ਉਨ੍ਹਾਂ ਦਾ ਦੇਸ਼ ਘੜ ਸਕਣ ਦਾ ਕਾਰਜ ਨੇਪਰੇ ਨਹੀਂ ਚਾੜ੍ਹ ਸਕਿਆ, ਅਮਰੀਕਾ ਨੂੰ ਇਰਾਕ ਉਪਰ ਹਮਲਾ ਕਰਨ ਤੋਂ ਹੋੜ ਨਹੀਂ ਸਕਿਆ, ਭਾਰਤ ਅਤੇ ਪਾਕਿਸਤਾਨ ਕੋਲੋਂ ਪਰਮਾਣੂ ਸੰਧੀ 'ਤੇ ਦਸਤਖਤ ਨਹੀਂ ਕਰਵਾ ਸਕਿਆ- ਐਸੀ ਸੰਸਥਾ ਸਿੱਖਾਂ ਦਾ ਰੈਫਰੈਂਡਮ ਕਿਹੜੇ ਜ਼ੋਰ ਨਾਲ ਕਰਵਾ ਦਊ।

ਸੋ, ਰੈਫਰੈਂਡਮ ਰਾਹੀਂ ਰਾਜ ਲੈਣ ਵਾਲੀ ਗੱਲ ਤਾਂ ਸਿਰਦਾਰ ਕਪੂਰ ਸਿੰਘ ਦੇ ਕਹਿਣ ਅਨੁਸਾਰ 'ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ' ਵਾਲੀ ਹੈ। ਅਸਲ ਗੱਲ, ਰਾਜ ਲੈਣ ਲਈ ਜ਼ੋਰ ਲਾਉਣ ਦੀ ਨਹੀਂ ਹੈ। ਮਿਲਿਆ ਰਾਜ ਸੰਭਾਲਣ ਲਈ ਯੋਗਤਾ ਪੈਦਾ ਕਰਨ ਦੀ ਹੈ। ਮੁਲਕਾਂ ਦੀ ਬਣਤਰ ਸਦਾ ਇੱਕੋ ਜਿਹੀ ਨਹੀਂ ਰਹਿੰਦੀ। ਭਾਰਤ ਅੱਜ ਵਰਗਾ ਮੁਲਕ ਪਹਿਲਾਂ ਕਦੇ ਵੀ ਨਹੀਂ ਸੀ ਅਤੇ ਇਹ ਕਹਿਣਾ ਔਖਾ ਹੈ ਕਿ ਇਸ ਸਰੂਪ ਵਿਚ ਕਦ ਤੱਕ ਰਹੇਗਾ। ਸੋ, ਮੁਲਕ ਨੂੰ ਤੋੜਨ ਲਈ ਜ਼ੋਰ ਲਗਾਉਣ ਦੀ ਬਜਾਏ ਐਸਾ ਲੋਕ ਹਿਤੈਸ਼ੀ ਮਜ਼ਬੂਤ ਰਾਜਨੀਤਕ ਸੰਗਠਨ ਸਿਰਜਣ ਦੀ ਜ਼ਰੂਰਤ ਹੈ ਜੋ ਹੁਣ ਦੇ ਸਮੇਂ ਵਿਚ ਵੀ ਅਤੇ ਆਉਣ ਵਾਲੇ ਕਿਸੇ ਨਾਖੁਸ਼ਗਵਾਰ ਸਮੇਂ ਵਿਚ ਵੀ ਇਸ ਖਿੱਤੇ ਦੇ ਲੋਕਾਂ ਦੀ ਰਾਜਨੀਤਕ ਅਗਵਾਈ ਕਰਨ ਯੋਗ ਹੋਏ। ਜਿਸ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰੈਫਰੈਂਡਮ ਜ਼ਰੀਏ ਵਾਪਿਸ ਲੈਣ ਦੇ ਸੁਪਨੇ ਲਏ ਜਾ ਰਹੇ ਹਨ, ਉਸ ਬਾਰੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ 40 ਸਾਲ ਪੁਰਾਣਾ ਉਹ ਰਾਜ ਸਿੱਖ ਸਰਦਾਰਾਂ ਦੀ ਅਯੋਗਤਾ ਕਾਰਨ ਮਹਾਰਾਜੇ ਦੀ ਮੌਤ ਤੋਂ ਬਾਅਦ ਕੇਵਲ ਛੇ ਸਾਲਾਂ ਵਿਚ ਹੀ ਤਹਿਸ ਨਹਿਸ ਹੋ ਗਿਆ ਸੀ। ਰਾਜ ਹੀ ਤਬਾਹ ਨਹੀਂ ਹੋਇਆ, 'ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ, ਸੱਭੇ ਕਤਲ ਹੋਏ ਵਾਰੋ ਵਾਰ ਮੀਆਂ' ਅਨੁਸਾਰ ਸਾਰੇ ਇੱਕ ਦੂਸਰੇ ਨੂੰ ਮਾਰ ਕੇ ਆਪ ਵੀ ਮਰੇ। ਡੋਗਰਿਆਂ ਨੂੰ ਦੋਸ਼ ਦੇਣ ਦੀ ਥਾਂ ਧਿਆਨ ਉਸ ਅਯੋਗਤਾ ਅਤੇ ਬੁਰਛਾਗਰਦ ਬਿਰਤੀਆਂ ਵੱਲ ਜਾਣਾ ਚਾਹੀਦਾ ਸੀ ਜਿਸ ਕਾਰਨ ਸਭ ਕੁਝ ਵੇਖਦਿਆਂ-ਵੇਖਦਿਆਂ ਹੀ ਫਨਾਹ ਹੋ ਗਿਆ। ਜਦ ਹਾਲਾਤ, 'ਕੇਹਾ ਬੁਰਛਿਆਂ ਆਣ ਅੰਧੇਰ ਪਾਇਆ, ਜੇਹੜਾ ਗੱਦੀ ਬਹੇ ਉਸੇ ਨੂੰ ਮਾਰ ਲੈਂਦੇ', ਵਰਗੇ ਬਣ ਗਏ ਤਾਂ ਨਾ ਸਰਦਾਰ ਬਚੇ, ਨਾ ਡੋਗਰੇ। ਸਰਦਾਰਾਂ ਵਾਲੇ ਪਾਸਿਓਂ ਬਚਿਆ ਦਲੀਪ ਸਿੰਘ ਅਤੇ ਡੋਗਰਿਆਂ ਵਿਚੋਂ ਬਚਿਆ ਕੇਵਲ ਗੁਲਾਬ ਸਿੰਘ। ਬੇਲਗਾਮ ਹੋਈ ਖਾਲਸਾ ਫੌਜ ਦੀ ਦਹਿਸ਼ਤ ਕਾਰਨ ਸਤੰਬਰ 1845 ਤੱਕ ਖਾਲਸਾ ਰਾਜ ਦੇ ਹਾਲਾਤ ਐਸੇ ਬਣ ਗਏ ਸਨ ਕਿ ਕੋਈ ਇਸ ਰਾਜ ਦਾ ਪ੍ਰਧਾਨ ਮੰਤਰੀ ਬਣਨ ਨੂੰ ਤਿਆਰ ਨਹੀਂ ਸੀ। ਕੰਮ ਚਲਾਉਣ ਲਈ ਪੰਜ ਮੈਂਬਰੀ ਪ੍ਰਧਾਨਗੀ ਮੰਡਲ ਬਣਾਉਣਾ ਪਿਆ ਸੀ। ਸੋ, ਰਾਜ ਪ੍ਰਾਪਤ ਕਰਨ ਨਾਲੋਂ ਸਾਂਭਣ ਦੀ ਯੋਗਤਾ ਪੈਦਾ ਕਰਨਾ ਹੋਰ ਵੀ ਅਹਿਮ ਹੈ, ਨਹੀਂ

(ਬਾਕੀ ਅਗਲੇ ਸਫੇ ਉਤੇ)



ਕਾਨਾ ਸਿੰਘ
ਫੋਨ:+91-95019-44944

# ਕੱਲ੍ਹ ਸੋਚਾਂਗੀ

*'ਕੱਲ੍ਹ ਸੋਚਾਂਗੀ' ਘਰ ਦੀ ਕਹਾਣੀ ਹੈ ਜਿਹੜੀ ਸਿਰਫ ਇਕ ਘਰ ਤੱਕ ਸੀਮਤ ਨਹੀਂ ਰਹਿੰਦੀ ਹੈ। ਇਹ ਅਸਲ ਵਿਚ ਘਰ-ਘਰ ਦੀ ਕਹਾਣੀ ਹੈ, ਬੱਸ! ਮਾਸਾ-ਰੱਤੀ ਫਰਕ ਨਾਲ। ਹੋਰ ਰਚਨਾਵਾਂ ਵਾਂਗ ਕਾਨਾ ਸਿੰਘ ਨੇ ਇਸ ਲੇਖ ਵਿਚ ਵੀ ਬਿਰਤਾਂਤ ਦਾ ਰੰਗ ਖੂਬ ਬੰਨ੍ਹਿਆ ਹੈ। ਉਹ ਆਪਣੀ ਉਸੇ ਨਿਵੇਕਲੀ ਜਿਹੀ ਛੋਹ ਨਾਲ ਲਿਖਤ ਵਿਚ ਆਈਆਂ ਸਾਧਾਰਨ ਗੱਲਾਂ ਨੂੰ ਵੀ ਸਾਧਾਰਨ ਨਹੀਂ ਰਹਿਣ ਦਿੰਦੀ। ਉਹਦੀ ਹਰ ਲਿਖਤ ਵਿਚ ਕਹਾਣੀ ਹੁੰਦੀ ਹੈ ਅਤੇ ਇਸ ਵਿਚ ਨਾਟਕ ਦੀਆਂ ਲੜੀਆਂ ਵੀ ਘੜੀ-ਮੁੜੀ ਝਾਤੀਆਂ ਮਾਰਦੀਆਂ ਹਨ। -ਸੰਪਾਦਕ*

ਸੱਤ ਸਾਲ ਹੋ ਗਏ ਹਨ ਦੀਪੀ ਪੁੱਤਰ ਨੂੰ ਆਪਣੀ ਗ੍ਰਿਹਸਥੀ ਅਰੰਭਿਆਂ। ਉਹ ਵੱਖ, ਨਿਵੇਕਲਾ ਅਤੇ ਬਿਲਕੁਲ ਸੁਤੰਤਰ ਵਿਆਹੁਤਾ ਜੀਵਨ ਜੀਵੇ, ਇਹ ਮੇਰਾ ਫ਼ੈਸਲਾ ਸੀ। ਪੁੱਤਰ ਦਾ ਵੱਖਰੇ ਰਹਿਣ ਦਾ ਹੀਆ ਨਹੀਂ ਸੀ ਪੈ ਰਿਹਾ। ਬਿਰਧ ਅਤੇ ਕੱਲ-ਮੁਕੱਲੀ ਮਾਂ ਤੋਂ ਅੱਡ ਰਹਿਣ ਨਾਲ ਉਸ ਨੂੰ ਆਪਣਾ-ਆਪ ਦੋਸ਼ੀ ਲੱਗ ਰਿਹਾ ਸੀ। ਉਸ ਨੂੰ ਇਸ ਭਾਵਨਾ ਤੋਂ ਮੁਕਤ ਕਰਨ ਲਈ ਮੈਂ ਕੁਝ ਮਿੱਤਰਾਂ-ਸਬੰਧੀਆਂ ਨੂੰ ਦਾਅਵਤ ਦੇ ਕੇ ਐਲਾਨ ਕੀਤਾ ਕਿ ਇਹ ਮੇਰਾ ਦੋ-ਟੁੱਕ ਫ਼ੈਸਲਾ ਹੈ ਤੇ ਉਹ ਸਾਰੇ ਮੇਰੇ ਸਰਵਣ ਪੁੱਤਰ ਨੂੰ ਆਸ਼ੀਰਵਾਦ ਦੇਣ ਕਿ ਉਹ ਵਧੇ-ਫੁਲੇ ਤੇ ਆਪਣਾ ਖੁਦ ਦਾ ਨਿਵੇਕਲਾ ਘਰ ਬਣਾਏ ਤਾਂ ਜੁ ਆਉਂਦੇ ਵਰ੍ਹੇ ਇਸੇ ਦਿਨ ਅਸੀਂ ਸਾਰੇ ਉਸ ਦੇ ਘਰ ਦੇ ਮਹਿਮਾਨ ਹੋਈਏ।

ਇਸ ਤੋਂ ਚਾਲੀ ਸਾਲ ਪਹਿਲਾਂ ਮੇਰੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਹੋਈ ਸੀ। ਪੇਕੇ ਦਿੱਲੀ ਤੇ ਸਹੁਰੇ ਜੰਮੂ। ਮੁੰਬਈ ਵਿਚ ਮੈਂ ਤੇ ਮੇਰੇ ਡਾਕਟਰ ਪਤੀ ਨੇ ਗ੍ਰਿਹਸਥੀ ਜੀਵਨ ਅਰੰਭਿਆ। ਬਿਲਕੁਲ ਸੁਤੰਤਰ। ਆਮਦਨੀ ਦੇ ਮੁਤਾਬਕ ਹੀ ਅਸਾਂ ਕਿਰਸਾਂ ਤੇ ਕਿਫ਼ਾਇਤਾਂ ਨਾਲ ਘਰ ਬਣਾਇਆ।

ਸਭ ਤੋਂ ਪਹਿਲਾਂ ਮਕਾਨ ਦੇ ਮਾਸਿਕ ਕਿਰਾਏ ਦੀ ਰਕਮ ਇਕ ਪਾਸੇ ਕੀਤੀ ਜਾਂਦੀ ਤੇ ਫਿਰ ਕਦੇ ਕੋਈ ਕੱਪੜਾ ਤੇ ਕਦੇ ਭਾਂਡਾ। ਸਟੀਲ ਦੇ ਭਾਂਡਿਆਂ ਦੀ ਸ਼ੁਰੂਆਤ ਹੀ ਹੋਈ ਸੀ। ਬੜੇ ਮਹਿੰਗੇ ਲਗਦੇ। ਜੇ ਇਕ ਮਹੀਨੇ ਪਤੀਲਾ ਖਰੀਦ ਸਕੇ ਤਾਂ ਦੂਜੇ ਮਹੀਨੇ ਢੱਕਣ। ਰਸੋਈ ਨੂੰ ਅੱਪ-ਡੇਟ ਕਰਦਿਆਂ ਸੱਤ ਸਾਲ ਲੱਗ ਗਏ ਤੇ ਫਿਰ ਕਿਤੇ ਜਾ ਕੇ ਸਟੋਵ ਤੋਂ ਗੈਸ-ਚੁਲ੍ਹੇ ਦੀ ਵਾਰੀ ਆਈ। ਸੋਫ਼ਾ, ਕਾਲੀਨ, ਫਰਿੱਜ, ਟੀ.ਵੀ. ਹਰ ਵਸਤੂ ਦੀ ਖਰੀਦਦਾਰੀ 'ਤੇ ਚਾਅ ਅਤੇ ਉਮਾਹ ਦੀਆਂ ਤਰੰਗਾਂ। ਮਿੱਤਰਾਂ ਨਾਲ ਖੁਸ਼ੀਆਂ ਵੰਡਾਂਦਿਆਂ ਰੱਜ ਨਾ ਆਉਂਦਾ।

ਕਿਰਾਏ ਦੇ ਇਕ-ਕਮਰੀ ਘਰ ਤੋਂ ਉਠ ਕੇ ਫਲੈਟ ਵਿਚ ਗਏ। ਆਪਣਾ ਫਲੈਟ ਸਾਂਤਾਕਰੂਜ਼ ਵਿਚ। ਪਹਿਲਾਂ ਇਕ ਤੇ ਫਿਰ ਫਿਲਮ ਸਿਟੀ ਵਿਚ ਦੂਜਾ ਵੀ। ਗ੍ਰਿਹਸਥੀ ਦੇ ਉਹ ਸ਼ੁਰੂਆਤ ਦੇ ਦਿਨ ਅਤੇ ਫਿਰ ਪੌੜੀ-ਦਰ-ਪੌੜੀ ਉਪਰ ਉਠਣਾ ਸਾਡੀ ਯਾਦ ਦੇ ਸੁਨਹਿਰੀ ਪਲ ਰਹੇ ਹਨ।

ਘਰ-ਸੰਪੱਤੀ, ਜ਼ਮੀਨ ਜਾਇਦਾਦ ਦੇ ਵਾਰਸ ਬਾਲਕ ਹੀ ਹੁੰਦੇ ਹਨ। ਹਰ ਮਾਪਾ ਬੱਚਿਆਂ ਲਈ ਹੀ ਧਨ ਜੋੜਦਾ-ਸੰਜੋੜਦਾ, ਸਾਂਭਦਾ-ਸੰਭਾਲਦਾ, ਵਧਾਂਦਾ ਅਤੇ ਬਚਾਂਦਾ ਹੈ।

ਮੇਰੇ ਬੱਚੇ ਵੀ ਸਾਡੇ ਵਾਂਗ ਹੀ ਆਪਣੇ ਬਲ-ਬੁੱਤੇ ਨਿਵੇਕਲੀ ਗ੍ਰਿਹਸਥੀ ਅਰੰਭਣ ਅਤੇ ਉਸ ਸਾਰੇ ਅਨੁਭਵ ਵਿਚੋਂ ਲੰਘਦੇ ਹੋਏ ਨਿੱਕੀਆਂ-ਨਿੱਕੀਆਂ ਪ੍ਰਾਪਤੀਆਂ ਦੇ ਜਸ਼ਨ ਮਨਾਂਦੇ ਸਵੈ-ਭਰੋਸੇ ਦਾ ਅਨੰਦ ਮਾਨਣ; ਮੈਂ ਇੰਦਾਂ ਹੀ ਸੋਚਿਆ ਤੇ ਚਾਹਿਆ ਸੀ, ਤੇ ਹੁਣ ਮੇਰੀ ਇਸ ਚਾਹਤ ਨੂੰ ਫਲ ਲੱਗਣ ਦੀ ਘੜੀ ਆ ਗਈ ਸੀ।

ਬੱਚੇ ਘਰੋਂ ਕੱਢੇ ਨਹੀਂ ਸਨ ਗਏ। ਘਰ ਉਨ੍ਹਾਂ ਦਾ ਹੀ ਹੈ ਅਤੇ ਮੈਂ ਇਸ ਘਰ ਦੀ ਆਰਜ਼ੀ ਰਖਵਾਲਣ। ਇਕਲੌਤਾ ਮਾਪਾ!

ਇਸ ਭਾਵਨਾ ਦਾ ਸੰਚਾਰ ਵੀ ਮੈਂ ਪੁੱਤਰ ਤੇ ਉਸ ਦੇ ਪਰਿਵਾਰ ਨਾਲ ਗਾਹੇ-ਬਗਾਹੇ ਕਰਦੀ ਰਹਿੰਦੀ ਹਾਂ। ਪੁੱਤਰ ਦਾ ਘਰ ਦੂਰ ਨਹੀਂ। ਬੱਸ ਚਾਰ ਕੁ ਮੀਲਾਂ ਜਾਂ ਪੰਦਰਾਂ ਕੁ ਮਿੰਟਾਂ ਦੀ ਵਿੱਥ 'ਤੇ ਹੈ। ਉਹ ਅਕਸਰ ਆਣ ਮਿਲਦੇ ਹਨ। ਉਨ੍ਹਾਂ ਦਾ ਸੌਣ-ਕਮਰਾ ਉਂਜ ਦਾ ਉਂਜ ਹੀ ਤਿਆਰ ਮਿਲਦਾ ਹੈ, ਉਨ੍ਹਾਂ ਨੂੰ। ਰਹਿ ਵੀ ਜਾਂਦੇ ਹਨ ਰਾਤ-ਬਰਾਤੇ। ਜੇ ਆਏ ਹੋਣ ਤਾਂ ਉਨ੍ਹਾਂ ਦੇ ਵਾਕਫ਼-ਮਿੱਤਰ ਵੀ ਆਣ ਮਿਲਦੇ ਹਨ। ਘਰ ਰੌਣਕ-ਰੌਣਕ ਹੋ ਜਾਂਦਾ ਹੈ।

ਸਿਹਤ ਪੱਖੋਂ ਮੇਰੇ ਨੈਣ-ਪ੍ਰਾਣ ਠੀਕ-ਠਾਕ ਹਨ। ਰੁਝੇਵੇਂ ਵੀ ਬਹੁਤ ਹਨ। ਉਡੀਕ ਲਈ ਮੇਰੇ ਕੋਲ ਵਿਹਲ ਨਹੀਂ। ਮੇਰਾ ਪੁੱਤਰ-ਨੂੰਹ ਉਤੇ ਤੇ ਉਨ੍ਹਾਂ ਦਾ ਮੇਰੇ ਉਤੇ ਕੋਈ ਦਬਾਅ ਵੀ ਨਹੀਂ। ਬਰਾਬਰੀ ਦਾ ਰਿਸ਼ਤਾ ਹੈ। ਫਿਰ ਵੀ ਕੁਝ ਹੈ ਜੋ ਨਹੀਂ ਹੋਣਾ ਚਾਹੀਦਾ।

ਮੇਰੀ ਕੋਈ ਕਿਤਾਬ ਪ੍ਰਕਾਸ਼ਿਤ ਹੋਵੇ, ਉਨ੍ਹਾਂ ਨੂੰ ਦਿਖਾਵਾਂ, ਉਹ 'ਚੰਗੀ ਹੈ' ਆਖ ਇਕ ਪਾਸੇ ਰੱਖ ਦਿੰਦੇ ਹਨ। ਕਿਸੇ ਅਖ਼ਬਾਰ ਜਾਂ ਰਸਾਲੇ ਵਿਚ ਕੋਈ ਰਚਨਾ ਛਪੇ, ਅਖ਼ਬਾਰ ਵਿਚ ਛਪਦੇ ਮੇਰੇ ਕਿਸੇ ਕਾਲਮ ਦੀ ਚਰਚਾ ਕਰਾਂ ਜਾਂ ਚਿੱਤ-ਚੇਤੇ ਦੇ ਕਿਸੇ ਲੇਖ ਦੀ ਗੱਲ ਕਰਾਂ ਜੋ ਲੇਖ ਦੀਪੀ ਪੁੱਤਰ ਦੇ ਹੀ ਬਾਲਪਨ ਦੀ ਕਿਸੇ ਸੁਖਾਵੀਂ-ਅਸੁਖਾਵੀਂ ਘਟਨਾ ਨਾਲ ਸਬੰਧਤ ਹੋਵੇ, ਤਾਂ ਵੀ ਪੁੱਤਰ ਦਾ ਹੁੰਗਾਰਾ 'ਅੱਛਾ ਹੈ', ਵਰਗਾ ਰਸਮੀ ਜਿਹਾ ਹੀ ਹੁੰਦਾ ਹੈ।

ਕਿਸੇ ਸਾਕ-ਸਬੰਧੀ, ਵੀਰ-ਭੈਣ ਦਾ ਫੋਨ ਆਵੇ, ਮੈਂ ਪੁੱਤਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੀ ਨਹੀਂ ਥੱਕਦੀ। ਪੁੱਤਰ ਸਣੇ ਪਰਿਵਾਰ ਜਦੋਂ ਆਵੇ ਤਾਂ ਗੱਲ ਛੇੜਦੀ ਹਾਂ। ਉਹ ਪਤੀ-ਪਤਨੀ ਹੂੰ-ਹਾਂ ਕਰਦੇ ਨਾਂਹ ਵਰਗਾ ਹੁੰਗਾਰਾ ਭਰਦੇ ਹਨ। ਫਿਰ ਆਪਸ ਵਿਚ ਹੀ ਰੁਝ ਜਾਂਦੇ ਹਨ। ਆਪਣੇ ਰੁਝੇਵਿਆਂ ਦਾ ਵੀ ਘੱਟ-ਵੱਧ ਹੀ ਜ਼ਿਕਰ ਕਰਦੇ ਹਨ। ਅਜਿਹੇ ਵੇਲੇ ਉਨ੍ਹਾਂ ਦੀ ਆਉਂਦ ਰਸਮੀ ਜਿਹੀ ਲੱਗਣ 'ਤੇ ਮੈਂ ਉਦਾਸ ਹੋ ਜਾਂਦੀ ਹਾਂ, ਖਾਲੀ-ਖਾਲੀ। ਇਹ ਖਾਲੀਪਣ ਮੇਰੀ ਬਾਲ-ਪੋਤਰੀ ਆਪਣੀਆਂ ਕਿਲਕਾਰੀਆਂ ਨਾਲ ਭਰ ਦਿੰਦੀ ਹੈ। ਉਹ ਸਾਰੀ-ਸਬੂਤੀ ਮਿਲਦੀ ਹੈ। ਪਿਉ ਨੂੰ ਕਹਿੰਦੀ ਹੈ, ਕੰਪਿਊਟਰ ਦਾ ਕੰਮ ਕਰ ਲੈ ਤੇ ਮਾਂ ਨੂੰ ਕਹਿੰਦੀ ਹੈ, ਤੈਨੂੰ ਪਾਪਾ ਬੁਲਾ ਰਿਹਾ ਹੈ। ਉਹਨੂੰ ਦਾਦੀ ਪੂਰੀ ਦੀ ਪੂਰੀ ਆਪਣੇ ਲਈ ਚਾਹੀਦੀ ਹੁੰਦੀ ਹੈ।

ਮੈਂ ਵੱਡੀ ਹੋ ਕੇ 'ਦਾਦੀ' ਬਣਾਂਗੀ, ਜ਼ਾਵੀਆ ਦਾ ਸੁਪਨਾ ਹੈ। ਦਾਦੀ ਵਾਂਗ ਸਾੜ੍ਹੀ ਬੰਨ੍ਹ-ਬੰਨ੍ਹ, ਹਾਰ-ਕਲਿੱਪ ਪਾ-ਲਟਕਾਅ ਤੇ ਐਨਕ ਲਾ, ਖ਼ੁਦ ਨੂੰ ਸ਼ੀਸ਼ੇ ਵਿਚ ਨਿਹਾਰਦੀ, 'ਵੇਖੋ, ਮੈਂ ਦਾਦੀ ਬਣ ਗਈ' ਗਾਉਣ ਲਗਦੀ ਹੈ। ਮੇਰੇ ਨਾਲ ਤਾਸ਼ ਖੇਡਦੀ, ਘਰ-ਘਰ ਖੇਡਦੀ, ਲੂਡੋ ਖੇਡਦੀ ਨੂੰ ਰੱਜ ਨਹੀਂ ਆਉਂਦਾ। ਉਦੋਂ ਜਿਵੇਂ ਸਾਰੀ ਕਾਇਨਾਤ ਵਿਚ ਅਸੀਂ ਦੋਵੇਂ ਹੋਈਏ, ਮੈਂ ਅਨੰਦੋ-ਅਨੰਦ ਹੋ ਜਾਂਦੀ ਹਾਂ। ਪਿਛੇ ਜਿਹੇ ਜ਼ਾਵੀਆ ਪੋਤਰੀ ਆਈ ਤਾਂ ਮੈਂ ਠੀਕ ਨਹੀਂ ਸਾਂ। ਬੁਖ਼ਾਰ ਸੀ। ਸੱਟ ਵੀ ਗੁੱਝੀ ਲੱਗੀ ਸੀ।

"ਦਾਦੀ, ਤੂੰ ਹੋਰ ਬੁੱਢੀ ਨਾ ਹੋ, ਤੂੰ ਬੁੱਢੀ ਹੋ ਕੇ ਮਰ ਜਾਵੇਂਗੀ। ਫਿਰ ਮੈਂ ਕੀ ਕਰਾਂਗੀ?"

ਜ਼ਾਵੀਆ ਰੋਣ ਲੱਗ ਪਈ। ਜ਼ਾਰੋ-ਜ਼ਾਰ।

"ਮੈਂ ਠੀਕ ਹੋ ਜਾਵਾਂਗੀ। ਤੇ ਜੇ ਮਰ ਵੀ ਗਈ ਤਾਂ ਤੇਰੇ ਘਰ ਛੋਟੀ ਬੇਬੀ ਬਣ ਕੇ ਆ ਜਾਵਾਂਗੀ। ਤੂੰ ਖ਼ੂਬ ਖਾ ਪੀ ਅਤੇ ਛੇਤੀ ਵੱਡੀ ਹੋ ਜਾ।" ਮੇਰੇ ਕਹਿਣ ਦੀ ਦੇਰ ਸੀ ਕਿ ਪੋਤੀ ਖਿੜ ਗਈ।

"ਠੀਕ ਹੈ ਫਿਰ ਮੈਂ ਦਾਦੀ ਬੇਬੀ ਨੂੰ ਖਿਡਾਵਾਂਗੀ। ਦੁੱਧ ਪਿਆਵਾਂਗੀ। ਮੈਂ ਦਾਦੀ-ਬੇਬੀ ਨੂੰ ਬਿਲਕੁਲ ਨਹੀਂ ਡਾਂਟਾਂਗੀ। ਮੈਂ ਦਾਦੀ-ਬੇਬੀ ਨੂੰ ਸ਼ਰਾਰਤਾਂ ਵੀ ਕਰਨ ਦਿਆਂਗੀ।" ਆਖ-ਆਖ ਉਹ ਆਪਣੇ ਮਾਪਿਆਂ ਨੂੰ ਛੇੜਨ ਲੱਗੀ।

ਹੁਣ ਜ਼ਾਵੀਆ ਦਾਦੀ-ਬੇਬੀ ਨੂੰ ਕਦੇ ਲੋਰੀ ਦੇ ਕੇ ਸੁਆਉਂਦੀ ਹੈ, ਕਦੇ ਖੇਡ-ਖੇਡ ਵਿਚ ਨੁਹਾਉਂਦੀ, ਖਾਣਾ ਖੁਆਉਂਦੀ, ਸੁਆਉਂਦੀ, ਸਕੂਲ ਲਈ ਤਿਆਰ ਕਰਦੀ, ਕਦੇ ਉਸ ਦੀ ਕੰਘੀ ਕਰਦੀ, ਰਿਬਨ ਪੁਆਉਂਦੀ ਤੇ ਕਦੇ 'ਚੰਗੇ ਬੱਚੇ ਆਖੇ ਲਗਦੇ ਨੇ' ਕਹਿ ਕੇ ਆਪਣੀ ਹਰ ਗੱਲ ਮਨਵਾਉਂਦੀ ਵੀ ਹੈ।

ਜ਼ਾਵੀਆ ਕਦੇ ਮੇਰੀ ਡਾਕਟਰ ਬਣ ਕੇ ਮੈਨੂੰ ਦਵਾਈ ਖਾਣ ਲਈ ਵੀ ਮਜਬੂਰ ਕਰ ਦਿੰਦੀ ਹੈ ਤੇ ਮੈਨੂੰ ਉਸ ਦੀ 'ਝੂਠ-ਮੂਠ' ਦੀ ਗੋਲੀ ਖਾਣੀ ਪੈਂਦੀ ਹੈ। ਕਹਾਣੀਆਂ ਸੁਣਦੀ ਤੇ ਅੱਗਿਉਂ ਆਪ ਵੀ ਘੜ-ਘੜ ਸੁਣਾਉਂਦੀ, ਟੱਪਿਆਂ ਦੋਹਿਆਂ ਵਿਚ ਦਾਦੀ ਨਾਲ ਝਈਆਂ ਲੈਂਦੀ ਜ਼ਾਵੀਆ ਦੀ ਰਚਨਾਤਮਕਤਾ 'ਤੇ ਮੈਂ ਦੰਗ ਰਹਿ ਜਾਂਦੀ ਹਾਂ।

ਜ਼ਾਵੀਆ ਆਵੇ ਸਹੀ, ਮੈਂ ਸਾਰੇ ਰੁਝੇਵੇਂ ਪਾਸੇ ਕਰ ਦਿੰਦੀ ਹਾਂ। ਹੋਰ ਤਾਂ ਹੋਰ, ਜੇ ਕਿਸੇ ਸਖੀ-ਮਿੱਤਰ ਦਾ ਫੋਨ ਆਵੇ, ਮਿਲਣ ਆਉਣ ਲਈ ਤਾਂ ਮੈਨੂੰ ਉਨ੍ਹਾਂ ਦੀ ਮਿਲਣੀ ਅਗੇਤਰੇ ਪਾਉਣੀ ਪੈਂਦੀ ਹੈ।

ਜ਼ਾਵੀਆ ਆਪਣੀ ਦਾਦੀ ਨੂੰ ਕਿਸੇ ਨਾਲ ਨਹੀਂ ਵੰਡਾ ਸਕਦੀ। ਬੱਚਿਆਂ ਨੇ ਪਿਕਨਿਕ ਦੇ ਸਾਥ ਦੀ ਦਾਅਵਤ ਦਿੱਤੀ। ਸ਼ਿਮਲੇ ਜਾਣਾ ਸੀ। ਪੋਤੀ ਜ਼ਾਵੀਆ ਦਾ ਸਾਥ ਮਾਣਨ ਖਾਤਰ ਮੈਂ ਆਪਣੇ ਰੁਝੇਵੇਂ ਪਾਸੇ ਪਾ ਦਿੱਤੇ ਤੇ ਤਿਆਰ ਹੋ ਗਈ। ਸ਼ਿਮਲੇ ਵਿਚ ਜ਼ਾਵੀਆ ਨਾਲ ਖੇਡਦਿਆਂ ਮੈਂ ਡਿੱਗ ਪਈ। ਸੱਟ ਲੱਗ ਗਈ। ਗੋਡੇ-ਅਰਕਾਂ ਝਰੀਠੇ ਗਏ। ਮੋਚ ਵੀ ਆ ਗਈ। ਬੜੀ ਤਕਲੀਫ਼ ਵਿਚ ਹਫ਼ਤਾ ਲੰਘਿਆ।

ਹਫ਼ਤੇ ਦੇ ਪੰਜ ਦਿਨ ਪੁੱਤਰ ਬਹੁਤ ਰੁਝਿਆ ਹੁੰਦਾ ਹੈ। ਨਿੱਜੀ ਕਾਰੋਬਾਰ। ਉਸ ਨੂੰ ਮੇਰਾ ਹਾਲ ਪੁੱਛਣ ਦਾ ਖ਼ਿਆਲ ਹੀ ਨਹੀਂ ਆਇਆ। ਉਂਜ ਪੁੱਛਣਾ-ਪੁਛਾਉਣਾ ਰਸਮੀ ਹੀ ਤਾਂ ਹੁੰਦਾ ਹੈ। ਕੀ ਬੱਚਿਆਂ ਦੇ ਪੁੱਛ ਲੈਣ ਨਾਲ ਮੇਰੀ ਤਕਲੀਫ਼ ਘਟ ਜਾਣੀ ਸੀ? ਪਰ ਮਨ ਹੈ ਕਿ ਮੰਨਦਾ ਨਹੀਂ। ਅੰਦਰ ਦਾ ਬਜ਼ੁਰਗ ਅਣਗੌਲੇ ਜਾਣ 'ਤੇ ਉਦਾਸ ਹੋ ਜਾਂਦਾ ਹੈ।

ਸ਼ਨਿਚਰਵਾਰ ਵੀ ਲੰਘ ਗਿਆ। ਬੱਚੇ ਮਿਲਣ ਨਹੀਂ ਆਏ। ਜ਼ਾਵੀਆ ਡਾਢੀ ਯਾਦ ਆਈ। ਮੈਂ ਹੀ ਮਿਲਣ ਚਲੀ ਗਈ। ਐਤਵਾਰ, ਰਾਤ ਦੇ ਅੱਠ ਵਜੇ। ਨੂੰਹ ਤੋਂ ਪਤਾ ਲੱਗਾ ਕਿ ਪੁੱਤਰ ਦਿੱਲੀ ਗਿਆ ਹੈ ਕਿਸੇ ਮੀਟਿੰਗ ਲਈ, ਤੇ ਦੋ ਦਿਨਾਂ ਬਾਅਦ ਆਵੇਗਾ। ਜਾਣ ਤੋਂ ਪਹਿਲਾਂ ਬੇਟੇ ਨੇ ਫੋਨ ਵੀ ਨਹੀਂ ਕੀਤਾ। ਸ਼ਾਇਦ ਮੀਟਿੰਗ ਵਿਚ ਪੇਪਰ ਪੜ੍ਹਨ ਦੀ ਤਿਆਰੀ ਕਰਦਾ ਰਿਹਾ ਹੋਣਾ ਹੈ। ਸੌ ਤਾਂ ਝਮੇਲੇ ਨੇ ਉਸ ਦੇ। ਮਸ਼ਗੂਲ ਹੋਣੈ। ਮੈਂ ਮਨ ਨੂੰ ਸਮਝਾਉਂਦੀ ਹਾਂ।

ਰਾਤੀਂ ਪੁੱਤਰ ਦੇ ਘਰ ਰਹਿ ਕੇ ਮੈਂ ਜ਼ਾਵੀਆ ਦੀਆਂ ਖੇਡਾਂ ਦਾ ਅਨੰਦ ਮਾਣਨਾ ਚਾਹੁੰਦੀ ਸਾਂ। ਜ਼ਾਵੀਆ ਦੇਰ ਰਾਤ ਤੱਕ ਮੈਥੋਂ ਕਹਾਣੀਆਂ ਸੁਣਦੀ ਹੈ, ਪਰ ਅੱਜ ਛੇਤੀ ਸੌਂ ਗਈ ਹੈ। ਰੋਜ਼ ਗਾਰਡਨ ਵਿਚ ਰੱਜ ਕੇ ਖੇਡੀ-ਦੌੜੀ ਸੀ, ਨੂੰਹ ਨੇ ਦੱਸਿਆ ਹੈ।

ਮੇਰੀ ਨੂੰਹ ਰਿਚਾ ਆਪਣੇ ਮਹਿਮਾਨ-ਮਿੱਤਰਾਂ ਨਾਲ ਰੁੱਝੀ ਹੋਈ ਹੈ। ਮੈਂ ਰਸੋਈ ਵਿਚ ਉਸ ਦਾ ਹੱਥ ਵੰਡਾਣਾ ਚਾਹੁੰਦੀ ਹਾਂ, ਪਰ ਉਹ ਮੈਨੂੰ ਆਰਾਮ ਨਾਲ ਸੌਣ ਕਮਰੇ ਵਿਚ ਪੈ ਜਾਣ ਲਈ ਕਹਿੰਦੀ ਹੈ। ਘੂਕ ਸੁੱਤੀ ਪਈ ਜ਼ਾਵੀਆ ਦੇ ਸਿਰਹਾਣੇ ਪਈ ਮੈਂ ਆਪਣੇ-ਆਪ ਨੂੰ ਛੁਟਿਆਇਆ ਤੇ ਅਣਚਾਹਿਆ ਮਹਿਸੂਸ ਕਰਦੀ ਹਾਂ। ਸਾਰੀ ਰਾਤ ਮੈਂ ਸੌਂ ਨਾ ਸਕੀ। ਸਵੇਰ-ਸਾਰ ਘਰ ਪਰਤਣ ਦੀ ਕੀਤੀ।

ਮੇਰੇ ਘਰੋਗੀ ਕੰਮਾਂ ਦੀ ਮਦਦਗਾਰ, ਬਬੀਤਾ ਠੀਕ ਅੱਠ ਵਜੇ ਹਾਜ਼ਰ ਹੋ ਜਾਂਦੀ ਹੈ। ਜ਼ਾਵੀਆ ਅਜੇ ਵੀ ਸੌਂ ਰਹੀ ਹੈ। ਭਰੇ ਮਨ ਨਾਲ ਮੈਂ ਰਿਚਾ ਤੋਂ ਵਿਦਾਇਗੀ ਲੈਂਦੀ ਹਾਂ।


ਦਾਦੀ ਦੀਆਂ ਰੀਸਾਂ...

ਰਿਕਸ਼ਾ ਕਰ ਕੇ ਘਰ ਪਰਤ ਆਈ ਹਾਂ। ਦਾਖ਼ਲ ਹੁੰਦਿਆਂ ਹੀ ਵਿਹੜੇ ਵਿਚ ਲੱਗੇ ਨਿੰਬੂ ਅਤੇ ਅਨਾਰ ਦੇ ਰੁੱਖਾਂ ਉਤੇ ਚਹਿਕਦੀਆਂ ਬੁਲਬੁਲਾਂ ਦੇ ਸ਼ੋਰ ਨੇ ਮੇਰਾ ਧਿਆਨ ਖਿੱਚ ਲਿਆ ਹੈ। ਨਰ ਤੇ ਮਦੀਨ ਆਪਣੇ ਤਿੰਨ ਨਿੱਕੇ-ਨਿੱਕੇ ਬੋਟਾਂ ਦੇ ਮੂੰਹਾਂ ਵਿਚ ਚੋਗਾ ਪਾ ਰਹੇ ਹਨ। ਬੋਟਾਂ ਦੇ ਖੁੱਲ੍ਹੇ ਮਲੂਕ ਵਾਤ ਤੇ ਚੂੰ-ਚੂੰ ਦੇ ਨਾਲ ਉਨ੍ਹਾਂ ਦੀ ਨਿੱਕੀ-ਨਿੱਕੀ ਫੁਦਕ ਮੇਰਾ ਮਨ ਮੋਹ ਲੈਂਦੀ ਹੈ। ਬੁਲ-ਬੁਲ-ਮਾਪੇ ਉਨ੍ਹਾਂ ਨੂੰ ਚੁਗਣਾ ਤੇ ਉਡਣਾ ਸਿੱਖਾ ਰਹੇ ਹਨ। ਕਦੇ ਵਿਹੜੇ ਦੀ ਬੰਨੀ ਉਤੇ, ਕਦੇ ਬਰਾਂਡੇ ਦੀਆਂ ਕੁਰਸੀਆਂ ਅਤੇ ਕਦੇ ਜ਼ਾਵੀਆ ਦੀ ਪੀਂਘ ਉਪਰ ਫੁਦਕਦੇ-ਫੁਦਕਦੇ, ਅਰ ਨਿੱਕੀ-ਨਿੱਕੀ ਉਡਾਣ ਭਰਦੇ ਬੁਲਬੁਲਾਂ ਦੇ ਬੋਟ ਮੇਰੀ ਉਦਾਸੀ ਨੂੰ ਛੂ-ਮੰਤਰ ਕਰ ਦਿੰਦੇ ਹਨ।

ਰਸੋਈ ਵਿਚ ਜਾ ਕੇ ਮੈਂ ਚਾਹ ਦਾ ਕੱਪ ਬਣਾਉਣ ਹੀ ਲੱਗੀ ਹਾਂ ਕਿ ਬੇਚੈਨ ਬੁਲਬੁਲਾਂ ਦੀ ਲਗਾਤਾਰ ਚੀਕ-ਚਹਿਚਹਾਟ ਸੁਣ ਕੇ ਮੈਂ ਵਿਹੜੇ ਵਿਚ ਦੌੜ ਆਉਂਦੀ ਹਾਂ।

ਬਨੇਰੇ ਉਪਰ ਬਿੱਲੀ ਬੈਠੀ ਹੈ। ਬੋਟਾਂ 'ਤੇ ਸਿਸ਼ਤ ਲਗਾਈ। ਪੂਰੀ ਤਾਕ ਵਿਚ। ਮੈਂ ਬਿੱਲੀ ਨੂੰ ਸ਼ਿਸ਼ਕਾਰ ਕੇ ਭਜਾ ਦਿੰਦੀ ਹਾਂ। ਬੁਲਬੁਲਾਂ ਦਾ ਜੋੜਾ ਸ਼ਾਂਤ ਹੋ ਗਿਆ ਹੈ।

ਅੱਜ ਦਾ ਦਿਨ ਮੈਂ ਕਿਧਰੇ ਨਹੀਂ ਜਾਣਾ। ਘਰ ਹੀ ਰਹਾਂਗੀ। ਬੁਲਬੁਲਾਂ ਨੂੰ ਮੇਰੀ ਲੋੜ ਹੈ। ਉਨ੍ਹਾਂ ਦੇ ਬੋਟ ਖੰਭ ਸੁਆਰ ਰਹੇ ਹਨ। ਬੱਸ ਉਡੇ ਕਿ ਉਡੇ। ਉਹ ਛੇਤੀ ਹੀ ਉਡਾਰੀ ਮਾਰ ਜਾਣਗੇ। ਸ਼ਾਮੀਂ ਜਾਂ ਭਲਕੇ।

ਬੁਲਬੁਲ-ਜੋੜਾ ਮੁੜ ਇਕੱਲਾ ਰਹਿ ਜਾਵੇਗਾ। ਕੀ ਉਹ ਉਦਾਸ ਹੋਵੇਗਾ? ਕੀ ਉਸ ਨੂੰ ਸ਼ਿਕਵਾ ਹੋਵੇਗਾ ਕਿ ਉਡ ਗਏ ਬੋਟਾਂ ਨੇ ਮੁੜ ਪਿੱਛੇ ਪਰਤ ਕੇ ਨਹੀਂ ਤੱਕਿਆ?...ਨਹੀਂ ਨਹੀਂ।

ਪੰਛੀ ਯਾਦ ਦੇ ਸਹਾਰੇ ਨਹੀਂ ਜਿਉਂਦੇ। ਉਹ ਪਿੱਛੇ ਪਰਤ ਕੇ ਨਹੀਂ ਝੁਰਦੇ। ਤੇ ਮੈਂ?...ਮੇਰੇ ਕੋਲ ਯਾਦਾਂ ਦੇ ਬਿਨਾਂ ਹੋਰ ਹੈ ਹੀ ਕੀ? ਜਿਉਂ ਜਿਉਂ ਉਮਰ ਵਧਦੀ ਜਾਂਦੀ ਹੈ, ਯਾਦਾਂ ਦੀ ਪਕੜ ਮਜ਼ਬੂਤ ਹੁੰਦੀ ਜਾਂਦੀ ਹੈ।

ਚੇਤਾ ਚੇਤਾ ਚੇਤਾ! ਚੇਤਾ ਹੀ ਮੈਨੂੰ ਆਪਣੀ ਸਗਲੀ ਪੂੰਜੀ ਲੱਗਦਾ ਹੈ। ਇਹ ਵਰਦਾਨ ਹੈ ਕਿ ਸਰਾਪ?

ਇਹ ਮੈਂ ਕੱਲ੍ਹ ਸੋਚਾਂਗੀ। ਅੱਜ ਮੇਰਾ ਵਿਹੜਾ ਬੁਲਬੁਲਾਂ ਤੇ ਉਨ੍ਹਾਂ ਦੇ ਬੋਟਾਂ ਨਾਲ ਭਰਿਆ-ਭਕੁੰਨਾ ਚਹਿਕ ਰਿਹਾ ਹੈ।

ਬੋਟਾਂ ਦੀਆਂ ਕੋਰੀਆਂ ਕਿਲਕਾਰੀਆਂ ਨਾਲ ਇਕਸੁਰ, ਖ਼ੁਸ਼ ਹਾਂ ਮੈਂ, ਖਿੜੀ-ਖਿੜੀ। ਹੁਣੇ ਹੀ ਫੋਨ ਕਰ ਕੇ ਮੈਂ ਇਸ ਖੇੜੇ ਦਾ ਅਨੁਭਵ ਜ਼ਾਵੀਆ ਨਾਲ ਸਾਂਝਾ ਕਰਾਂਗੀ।...ਕਿਤਨੀ ਖ਼ੁਸ਼ ਹੋਵੇਗੀ ਉਹ।...ਅਨੰਦੋ-ਅਨੰਦ!

# ਰੈਫਰੈਂਡਮ ਵੀਹ ਸੌ ਵੀਹ ਜਾਂ ਚਾਰ ਸੌ...?

(ਸਫਾ 28 ਦੀ ਬਾਕੀ)

ਤਾਂ ਅਯੋਗ ਪ੍ਰਬੰਧ ਕਾਰਨ ਰਾਜ ਸੁਖ ਅਤੇ ਸੁਰੱਖਿਆ ਦੀ ਥਾਂ ਤਬਾਹੀ ਵਾਲੇ ਹਾਲਾਤ ਵੀ ਪੈਦਾ ਕਰ ਦਿਆ ਕਰਦੇ ਹਨ। ਰਾਜ ਲਈ ਨਸਲਕੁਸ਼ੀ ਦੇ ਆਧਾਰ 'ਤੇ ਰੈਫਰੈਂਡਮ ਦਾ ਹੱਕ ਜਤਾਉਣ ਦਾ ਕੋਈ ਠੋਸ ਆਧਾਰ ਨਹੀਂ।

ਸਿੱਖਾਂ ਦੀ ਹਾਲਤ ਸੂਡਾਨੀ, ਯਹੂਦੀ ਜਾਂ ਅਰਮੀਨੀਅਨ ਲੋਕਾਂ ਵਰਗੀ ਮਾੜੀ ਨਹੀਂ ਹੈ। ਸਿੱਖਾਂ ਨੂੰ ਰਾਜਨੀਤਕ, ਆਰਥਿਕ, ਧਾਰਮਿਕ ਜਾਂ ਪ੍ਰਸ਼ਾਸਨਕ ਖੇਤਰਾਂ ਵਿਚੋਂ ਬੇਦਖਲ ਨਹੀਂ ਕੀਤਾ ਹੋਇਆ। ਸਿੱਖ ਅੱਜ ਵੀ ਮੁਲਕ ਦੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ। ਜ਼ਮੀਨਾਂ, ਵਪਾਰ, ਕਾਰੋਬਾਰਾਂ ਅਤੇ ਕਾਰਖਾਨਿਆਂ ਦੇ ਮਾਲਕ ਹਨ। ਖੇਡਾਂ, ਫੌਜ, ਪੜ੍ਹਾਈ, ਕਲਾ, ਫਿਲਮਾਂ, ਮੀਡੀਆ ਆਦਿ ਕੋਈ ਐਸਾ ਖੇਤਰ ਨਹੀਂ ਜਿਸ ਵਿਚ ਸਿੱਖਾਂ ਦੀ ਤੂਤੀ ਨਾ ਬੋਲਦੀ ਹੋਵੇ। ਸਿੱਖਾਂ ਦੇ ਧਾਰਮਿਕ ਖੇਤਰ ਵਿਚ ਵਿਚਰਦੀਆਂ ਸਤਿਕਾਰਤ ਕਮੇਟੀਆਂ ਮਰਿਆਦਾ ਦੇ ਨਾਂ 'ਤੇ ਗਰੀਬ ਲੋਕਾਂ ਦੀ ਧੋਤੀ ਬਿਨਾਂ ਕਿਸੇ ਕਾਨੂੰਨ ਦੇ ਖੌਫ ਤੋਂ ਲਾਹੀ ਜਾ ਰਹੀਆਂ ਹਨ। ਜਿਨ੍ਹਾਂ ਧਾਰਮਿਕ ਫਿਰਕਿਆਂ ਨਾਲ ਸਿੱਖਾਂ ਦਾ ਜ਼ਰਾ ਕਰੂਰਾ ਨਹੀਂ ਰਲਦਾ ਉਨ੍ਹਾਂ ਦੇ ਘਰਾਂ ਅੰਦਰ ਹੁੰਦੇ ਸਮਾਗਮ ਵੀ ਬੰਦ ਕਰਵਾਉਣ ਲਈ ਸਿੱਖ ਜਥੇਬੰਦੀਆਂ ਵਲੋਂ ਹੱਲੇ ਬੋਲ ਦਿੱਤੇ ਜਾਂਦੇ ਹਨ। ਕਹਿਣ ਦਾ ਭਾਵ ਹੈ, ਸਿੱਖ ਰਾਜ ਦੀਆਂ ਭਵਿੱਖੀ ਘੱਟ ਗਿਣਤੀਆਂ ਦਾ ਨੱਕ 'ਚ ਦਮ ਕਰਨ ਵਿਚ ਹੁਣੇ ਹੀ ਕੋਈ ਕਸਰ ਬਾਕੀ ਨਹੀਂ ਹੈ। ਇਹ ਹਾਲਾਤ ਉਦੋਂ ਹਨ, ਜਦੋਂ ਸਿੱਖ ਗੁਲਾਮ ਹਨ। ਜਦ ਆਜ਼ਾਦ ਹੋ ਗਏ ਫਿਰ ਇਨ੍ਹਾਂ ਘੱਟ ਗਿਣਤੀਆਂ ਦਾ ਕੀ ਹਸ਼ਰ ਹੋਵੇਗਾ?

ਸਿੱਖ ਭਾਰਤ ਅੰਦਰ ਰਿਫਿਊਜੀ ਕੈਂਪਾਂ ਵਿਚ ਨਹੀਂ ਬੈਠੇ। ਹੋਰ ਤਾਂ ਹੋਰ ਕੈਨੇਡਾ ਵਰਗੇ ਮੁਲਕਾਂ ਦੀ ਨਜ਼ਰ ਵਿਚ ਵੀ ਭਾਰਤ ਹੁਣ ਪਨਾਹਗੀਰ ਪੈਦਾ ਕਰਨ ਵਾਲਾ ਮੁਲਕ ਨਹੀਂ ਹੈ। ਉਲਟਾ ਕੈਨੇਡਾ ਨੇ ਦੋ ਸਿੱਖ ਜਥੇਬੰਦੀਆਂ-ਬੱਬਰ ਖਾਲਸਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਦਹਿਸ਼ਤਗਰਦ ਗਰਦਾਨ ਕੇ ਪਾਬੰਦੀ ਲਾਈ ਹੋਈ ਹੈ। ਐਸੇ ਹਾਲਾਤ ਵਿਚ ਰੈਫਰੈਂਡਮ ਦੀ ਮੰਗ ਨੂੰ ਬਾਹਰਲੇ ਮੁਲਕ, 'ਇਹ ਸਭ ਰੱਜ ਕੇ ਖਾਣ ਦੀਆਂ ਮਸਤੀਆਂ ਨੇ', ਤੋਂ ਵੱਧ ਕੀ ਸਮਝਣਗੇ। ਇਸ ਤੋਂ ਵੀ ਅੱਗੇ ਸਵਾਲ ਹੈ ਕਿ ਰਾਜ ਲੈ ਕੇ ਕਰਨਾ ਕੀ ਹੈ? ਸਭ ਲਈ ਖੁਸ਼ਹਾਲੀ, ਚੰਗਾ ਪ੍ਰਬੰਧ, ਚੰਗੀਆਂ ਸਹੂਲਤਾਂ, ਆਜ਼ਾਦੀ ਨਾਲ ਵਿਚਰਨ ਦੀ ਖੁਲ੍ਹ ਆਦਿ? ਭਾਵ ਕਿ ਐਸਾ ਰਾਜ, 'ਜਿਥੇ ਸਭ ਆਜ਼ਾਦੀ ਹੋਏ, ਮੂਲ ਨਾ ਕੋਈ ਮੁਥਾਜੀ ਹੋਏ।' ਐਸੇ ਆਦਰਸ਼ ਰਾਜ ਵਰਗਾ ਜੇ ਸਾਰਾ ਨਹੀਂ ਤਾਂ 80-90% ਰਾਜ ਤਾਂ ਚੋਣਾਂ ਰਾਹੀਂ ਹੁਣ ਵੀ ਸਥਾਪਿਤ ਕੀਤਾ ਜਾ ਸਕਦਾ ਹੈ। ਜੇ ਕੋਈ ਲੋਕਾਂ ਨੂੰ ਯਕੀਨ ਦੁਆ ਸਕੇ ਤਾਂ ਲੋਕ ਐਸੀਆਂ ਧਿਰਾਂ ਨੂੰ ਵੋਟ ਪਾਉਣ ਨੂੰ ਤਿਆਰ ਹੋ ਸਕਦੇ ਹਨ। ਸ. ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿਚ ਬੈਠਾ ਤਾਂ ਪੌਣੇ ਪੰਜ ਲੱਖ ਵੋਟਾਂ ਲੈ ਕੇ ਜਿੱਤਦਾ ਹੈ ਪਰ ਬਾਹਰ ਆਉਣ 'ਤੇ ਸਾਰਾ ਜ਼ੋਰ ਲਾਉਣ 'ਤੇ ਵੀ ਜ਼ਮਾਨਤਾਂ ਜ਼ਬਤ ਕਰਵਾ ਰਿਹਾ ਹੈ। ਕਿਉਂ? ਕਿਉਂਕਿ ਲੋਕਾਂ ਦਾ ਵਿਸ਼ਵਾਸ ਜਿੱਤਣ ਤੋਂ ਅਸਮਰੱਥ ਹੈ। ਜੇ ਪ੍ਰੋਫੈਸਰ ਆਫ ਸਿੱਖਇਜ਼ਮ (ਸਾਬਕਾ) ਸ. ਗੁਰਤੇਜ ਸਿੰਘ ਦੀ ਮੰਨੀਏ ਤਾਂ ਸ. ਮਾਨ ਖਾਲਿਸਤਾਨੀ ਢੁੱਡ ਮਾਰ ਕੇ ਬਾਕੀ ਸਭ ਨੂੰ ਪੰਥਕ ਸਿਆਸਤ ਦੇ ਪਿੜ ਵਿਚੋਂ ਬਾਹਰ ਕਰਕੇ, ਬਿਪਰਵਾਦੀ ਤਾਕਤਾਂ ਵਾਸਤੇ ਦੋ ਦਹਾਕਿਆਂ ਤੋਂ ਰਾਜਸੀ ਤਾਕਤ ਮਾਨਣ ਦਾ ਰਾਹ ਪੱਧਰਾ ਕਰਨ ਦਾ ਕੰਮ ਕਰ ਰਿਹਾ ਹੈ। ਪੰਥਕ ਸਿਆਸਤ ਦੇ ਏਕੇ ਨੂੰ ਵਾਰ-ਵਾਰ ਬਿਖੇਰਨ ਲਈ ਵੀ ਮਾਨ ਖਾਲਿਸਤਾਨੀ ਡਾਂਗ ਦੀ ਰੱਜਵੀਂ ਵਰਤੋਂ ਕਰ ਰਿਹਾ ਹੈ।

ਰੈਫਰੈਂਡਮ 2020 ਵਾਲੇ ਵੀ ਕੌਮ ਦਾ ਸਮਾਂ, ਸ਼ਕਤੀ ਅਤੇ ਸਰਮਾਇਆ ਉਸੇ ਤਰ੍ਹਾਂ ਜ਼ਾਇਆ ਕਰ ਰਹੇ ਹਨ ਜਿਸ ਤਰ੍ਹਾਂ ਮਾਨ ਦੋ ਦਹਾਕਿਆਂ ਤੋਂ ਕਰਦਾ ਆ ਰਿਹਾ ਹੈ। ਇਹ ਵੀ ਇਕ ਭੁਲੇਖਾ ਪਾਊ ਪ੍ਰਯੋਜਨ ਹੈ। ਇਸ ਲਈ ਇਸ ਨੂੰ ਰੈਫਰੈਂਡਮ 2020 ਆਖਿਆ ਜਾਏ ਜਾਂ ਰੈਫਰੈਂਡਮ ਚਾਰ ਸੌ...?

# ਗਦਰ ਲਹਿਰ ਦਾ ਅਣਗੌਲਿਆ ਯੋਧਾ ਮੰਗੂ ਰਾਮ ਮੁੱਗੋਵਾਲੀਆ

**ਬਰਸੀ 'ਤੇ ਵਿਸ਼ੇਸ਼**



**ਪ੍ਰੋ. ਐਚ.ਐਲ. ਕਪੂਰ**
**ਫੋਨ: 916-587-4002**

ਭਾਰਤ ਨੂੰ ਆਜ਼ਾਦ ਕਰਾਉਣ ਲਈ ਗਦਰ ਦਾ ਕਾਫ਼ਲਾ ਲਗਾਤਾਰ ਚਲਦਾ ਰਿਹਾ। ਜਿਨ੍ਹਾਂ ਵੀ ਦੇਸਾਂ ਵਿਚ ਭਾਰਤੀ ਰਹਿੰਦੇ ਸਨ, ਉਥੇ ਆਪਣੇ ਦੇਸ ਨੂੰ ਆਜ਼ਾਦ ਕਰਾਉਣ ਲਈ ਮੰਗ ਸੀ। ਕੁਝ ਹੀ ਸਮੇਂ ਵਿਚ ਗਦਰ ਲਹਿਰ ਇੰਨੀ ਲੋਕਪ੍ਰਿਅ ਹੋ ਗਈ ਕਿ ਲੋਕ 'ਹਿੰਦੀ ਐਸੋਸੀਏਸ਼ਨ ਆਫ਼ ਦਿ ਪੈਸੇਫਿਕ ਕੋਸਟ' ਦਾ ਨਾਂ ਭੁੱਲ ਗਏ। ਸਭ ਨੂੰ ਗਦਰ ਪਾਰਟੀ ਹੀ ਯਾਦ ਰਿਹਾ। ਇਸੇ ਤਰ੍ਹਾਂ ਅਮਰੀਕਾ ਵਿਚ ਪਾਰਟੀ ਦਾ ਕੇਂਦਰੀ ਦਫ਼ਤਰ 'ਯੁਗਾਂਤਰ ਆਸ਼ਰਮ' ਤੋਂ 'ਗਦਰ ਆਸ਼ਰਮ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

ਗਦਰ ਪਾਰਟੀ ਦੇ ਨੇਤਾਵਾਂ ਨੇ ਜਿਸ ਆਜ਼ਾਦ ਭਾਰਤ ਦੀ ਕਲਪਨਾ ਕੀਤੀ ਸੀ, ਉਹੀ ਭਾਰਤ ਲਘੂ ਰੂਪ ਵਿਚ ਗਦਰ ਆਸ਼ਰਮ ਵਿਚ ਜਿਉਣ ਦਾ ਯਤਨ ਕੀਤਾ। ਧਾਰਮਿਕ ਭਾਵਨਾਵਾਂ ਦੇ ਸਥਾਨ ਨੇ 'ਵੰਦੇ ਮਾਤ੍ਰਮ' ਦਾ ਰੂਪ ਧਾਰ ਲਿਆ। ਆਪਣੇ ਜੋੜੇ, ਦਰਵਾਜ਼ੇ ਦੇ ਬਾਹਰ ਰੱਖ ਕੇ ਉਹ ਸ਼ੁਧ ਭਾਰਤੀ ਵਾਂਗ ਆਪਣਾ ਜੀਵਨ ਜਿਉਂਦੇ, ਇਕੱਠੇ ਬੈਠ ਕੇ ਖਾਣਾ ਤਿਆਰ ਕਰ ਕੇ ਖਾਂਦੇ, ਆਪਣੇ ਘਰਾਂ ਦੀ ਦੇਖ ਭਾਲ ਕਰਦੇ ਤੇ ਇਕੱਠੇ ਮਿਲ ਕੇ 'ਗਦਰ' ਅਖ਼ਬਾਰ ਕੱਢਦੇ। ਪਾਰਟੀ ਸਭ ਨੂੰ ਦੋ ਡਾਲਰ ਮਹੀਨਾ ਖਰਚ ਦਿੰਦੀ। ਇਥੇ ਨਾ ਕੋਈ ਵੱਡਾ ਤੇ ਨਾ ਕੋਈ ਛੋਟਾ ਹੁੰਦਾ। ਇਸ ਸਹਿਯੋਗ ਵਿਚ ਲਾਲਾ ਹਰਦਿਆਲ, ਸ. ਭਗਵਾਨ ਸਿੰਘ, ਬਰਕਤ-ਉਲਾ ਤੇ ਸ. ਕਰਤਾਰ ਸਿੰਘ ਸਰਾਭਾ ਵਰਗੇ ਨੇਕ, ਵਿਦਵਾਨ ਤੇ ਦਾਰਸ਼ਨਿਕ ਸ਼ਾਮਲ ਸਨ। ਇਸ ਦੇ ਨਾਲ ਹੀ ਸ. ਹਰੀ ਸਿੰਘ ਉਸਮਾਨ ਵਰਗੇ ਦੇਸ਼ ਭਗਤ, ਨੇਕ ਤੇ ਤਿਆਗੀ ਇਨਸਾਨ ਵੀ ਰਹਿੰਦੇ ਸਨ ਜਿਨ੍ਹਾਂ ਆਪਣੀ ਸਾਰੀ ਜਾਇਦਾਦ ਆਸ਼ਰਮ ਨੂੰ ਦਾਨ ਦੇ ਕੇ ਕਰਮਯੋਗੀ ਇਨਸਾਨ ਹੋਣਾ ਦਾ ਸਬੂਤ ਦਿੱਤਾ ਤੇ ਪਾਰਟੀ ਦੀ ਹਰ ਪ੍ਰਕਾਰ ਦੀ ਸਰਗਰਮੀ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ। ਸਰਾਭਾ ਜਿਨ੍ਹਾਂ ਦੀ ਉਮਰ ਉਸ ਸਮੇਂ ਸਿਰਫ 19 ਸਾਲ ਹੀ ਸੀ, ਨੇ ਦੇਸ ਨੂੰ ਆਜ਼ਾਦ ਕਰਵਾਉਣ ਬਦਲੇ ਸ਼ਹੀਦੀ ਪਾਈ, ਸਮੇਤ ਅਮਰੀਕਾ ਵਿਚ ਵਸੇ ਸਿਰਫ ਦੋ ਦਲਿਤ ਪਰਵਾਸੀਆਂ ਵਿਚੋਂ ਇਕ ਬਾਬੂ ਮੰਗੂ ਰਾਮ ਮੁੱਗੋਵਾਲ (ਨੇੜੇ ਟੂਟੋ ਮਜਾਰਾ, ਜ਼ਿਲ੍ਹਾ ਹੁਸ਼ਿਆਰਪੁਰ) ਵੀ ਸਨ।

14 ਜਨਵਰੀ 1886 ਨੂੰ ਪਿੰਡ ਮੁੱਗੋਵਾਲ ਵਿਚ ਜਨਮੇ ਸ੍ਰੀ ਮੰਗੂ ਰਾਮ ਜਿਨ੍ਹਾਂ ਦੇ ਪਿਤਾ ਹਰਨਾਮ ਦਾਸ ਚਮੜੇ ਦਾ ਕੰਮ ਕਰਦੇ ਸਨ, ਅਜੇ ਤਿੰਨ ਸਾਲ ਦੇ ਸਨ ਜਦੋਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ। ਪੜ੍ਹਾਈ ਕਰਦੇ ਸਮੇਂ ਉਨ੍ਹਾਂ ਨੂੰ ਜਮਾਤ ਦੇ ਸਭ ਤੋਂ ਪਿਛੇ ਜਾਂ ਕਲਾਸ ਰੂਮ ਦੇ ਬਾਹਰ ਖਿੜਕੀ ਦੇ ਪਾਸ ਇਕੱਲਿਆਂ ਬਿਠਾਇਆ ਜਾਂਦਾ। ਇਕ ਵਾਰ ਮੀਂਹ ਪੈ ਰਿਹਾ ਸੀ, ਤੇ ਉਹ ਜਮਾਤ ਦੇ ਕਮਰੇ ਵਿਚ ਆ ਗਏ। ਅਧਿਆਪਕ ਨੇ ਉਨ੍ਹਾਂ ਦੀ ਖੂਬ ਪਿਟਾਈ ਕੀਤੀ। ਜਿਸ ਬੈਂਚ 'ਤੇ ਉਹ ਬੈਠੇ ਸਨ, ਉਸ ਨੂੰ ਪਾਣੀ ਨਾਲ ਧੋਇਆ ਗਿਆ, ਕਿਉਂਕਿ ਅਧਿਆਪਕ ਮੁਤਾਬਕ ਛੂਆ-ਛੂਤ ਕਾਰਨ ਬੈਂਚ ਭ੍ਰਿਸ਼ਟ ਹੋ ਗਿਆ ਸੀ! ਇੱਦਾਂ ਦੇ ਵਿਹਾਰ ਸਦਕਾ ਉਨ੍ਹਾਂ ਪੜ੍ਹਾਈ ਵਿਚੇ ਹੀ ਛੱਡ ਦਿੱਤੀ ਤੇ ਪਿਤਾ ਜੀ ਵਾਲੇ ਕੰਮ ਵਿਚ ਸ਼ਾਮਲ ਹੋ ਗਏ।

1909 ਵਿਚ ਉਨ੍ਹਾਂ ਦੇ ਇਲਾਕੇ ਦੇ ਕਾਫ਼ੀ ਲੋਕ ਅਮਰੀਕਾ ਆਏ। ਇਕ ਜ਼ਿਮੀਂਦਾਰ ਦੇ ਰਿਸ਼ਤੇਦਾਰ ਵਲੋਂ ਅਮਰੀਕਾ ਵਿਚ ਕੰਮ ਦਿੱਤੇ ਜਾਣ ਬਾਅਦ ਉਹ ਅਮਰੀਕਾ ਪੁੱਜ ਗਏ। ਚਾਰ ਸਾਲ ਤੱਕ ਖੇਤਾਂ ਤੇ ਮਿੱਲਾਂ ਵਿਚ ਕੰਮ ਕਰਨ ਉਪਰੰਤ ਗਦਰ ਪਾਰਟੀ ਦੇ ਮੈਂਬਰ ਬਣ ਗਏ। ਗਦਰ ਆਸ਼ਰਮ ਵਿਚ ਰਹਿੰਦਿਆਂ ਉਨ੍ਹਾਂ ਮਹਿਸੂਸ ਕੀਤਾ ਕਿ ਉਹ ਇਕ ਨਵੇਂ ਸਮਾਜ ਦੇ ਮੈਂਬਰ ਹਨ, ਜਿਥੇ ਸਭ ਵਿਅਕਤੀਆਂ ਨਾਲ ਇਕੋ ਜਿਹਾ ਵਿਹਾਰ ਹੁੰਦਾ ਸੀ। ਉਹ ਅਕਸਰ ਕਹਿੰਦੇ ਸਨ, "ਮੇਰੇ ਲਈ ਤਾਂ ਇਹ ਕ੍ਰਾਂਤੀ ਸਮਾਨ ਸੀ ਕਿ ਕਿਸੇ ਨੂੰ ਅਛੂਤ ਨਹੀਂ ਸੀ ਸਮਝਿਆ ਜਾਂਦਾ। ਇਥੇ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੈਂ ਅਛੂਤ ਨਹੀਂ ਹਾਂ, ਸਗੋਂ ਇਨਸਾਨ ਹਾਂ।"

ਇਹੀ ਬਾਬੂ ਮੰਗੂ ਰਾਮ ਬਾਅਦ ਵਿਚ 1915 ਨੂੰ ਉਨ੍ਹਾਂ ਪੰਜ ਕ੍ਰਾਂਤੀਕਾਰੀਆਂ ਵਿਚ ਚੁਣੇ ਗਏ ਜਿਨ੍ਹਾਂ ਨੇ 'ਮੈਬਰਿਕ' ਜਹਾਜ ਵਿਚ ਹਥਿਆਰ ਲਿਜਾ ਕੇ ਭਾਰਤ ਵਿਚ ਕ੍ਰਾਂਤੀਕਾਰੀਆਂ ਨੂੰ ਦੇਣੇ ਸਨ ਤੇ ਆਜ਼ਾਦੀ ਦੀ ਇਸ ਲਹਿਰ ਵਿਚ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰਨਾ ਸੀ, ਪਰ ਇਨ੍ਹਾਂ ਹਥਿਆਰਾਂ ਸਮੇਤ ਉਹ ਜਾਵਾ ਵਿਚ ਪਕੜੇ ਗਏ ਤੇ ਉਨ੍ਹਾਂ ਨੂੰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਥੇ ਉਹ ਇਕ ਸਾਲ ਜੇਲ੍ਹ ਵਿਚ ਰਹੇ। ਬਰਤਾਨਵੀ ਸਰਕਾਰ ਉਨ੍ਹਾਂ ਨੂੰ ਫਾਂਸੀ 'ਤੇ ਲਟਕਾਉਣ ਲਈ ਤਤਪਰ ਸੀ, ਪਰ ਇਥੇ ਉਨ੍ਹਾਂ ਨੂੰ ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਉਸ ਤੋਂ ਬਾਅਦ ਉਹ ਮਨੀਲਾ ਗਏ। ਉਥੇ ਵੀ ਜਰਮਨੀ ਦੇ ਕੁਝ ਏਜੰਟਾਂ ਨੇ ਬਰਤਾਨੀਆ ਦੀ ਚੁੰਗਲ ਵਿਚੋਂ ਬਚਾਇਆ। ਇਕ ਦਿਨ 'ਮਨੀਲਾ ਟਾਈਮਜ਼' ਵਿਚ ਖਬਰ ਆਈ ਕਿ ਮੰਗੂ ਰਾਮ ਨੂੰ ਫਾਂਸੀ ਦੇ ਦਿੱਤੀ ਗਈ ਹੈ। ਗਦਰ ਪਾਰਟੀ ਦੀ ਸਹਾਇਤਾ ਨਾਲ ਉਹ 1925 ਵਿਚ ਭਾਰਤ ਪਹੁੰਚੇ, ਪਰ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਆਦਰ ਤੇ ਸਤਿਕਾਰ ਸਾਹਿਤ ਭਾਰਤ ਆਉਣ 'ਤੇ ਉਨ੍ਹਾਂ ਨੂੰ ਫਿਰ ਅਛੂਤ ਕਿਹਾ ਗਿਆ।

ਇਸ ਤੋਂ ਬਾਅਦ ਉਨ੍ਹਾਂ ਦੇ ਮਨ ਵਿਚ ਗੁੱਸੇ ਦੀ ਭਾਵਨਾ ਪੈਦਾ ਹੋ ਗਈ ਕਿ ਭਾਰਤੀ ਸਮਾਜ ਵਿਚ ਉਨ੍ਹਾਂ ਨੂੰ ਇਨਸਾਨ ਹੀ ਨਹੀਂ ਸਮਝਿਆ ਜਾ ਰਿਹਾ! ਉਹ ਅਮਰੀਕਾ ਵਿਚ ਰਹਿੰਦਿਆਂ ਤੇ ਗਦਰ ਪਾਰਟੀ ਵਿਚ ਕੰਮ ਕਰਦਿਆਂ, ਇਥੋਂ ਦੇ ਵਿਦੇਸ਼ੀ ਸਭਿਆਚਾਰ ਤੇ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਗਏ ਸਨ ਜਿਥੋਂ ਦਾ ਸਮਾਜ ਜਾਤ-ਪਾਤ ਆਧਾਰਤ ਨਹੀਂ, ਸਗੋਂ ਮਾਨਵਵਾਦੀ ਹੈ। ਇਸ ਰੋਹ ਵਿਚੋਂ ਹੀ 'ਆਦਿ ਧਰਮ ਲਹਿਰ' ਦਾ ਜਨਮ ਹੁੰਦਾ ਹੈ। ਉਹ ਇਸ ਲਹਿਰ ਦੇ ਸੰਸਥਾਪਕ ਬਣੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਹੈ, ਉਹ ਹਿੰਦੂ ਨਹੀਂ ਅਤੇ ਨਾ ਹੀ ਹਿੰਦੂਆਂ ਦੀ ਔਲਾਦ ਹਨ। ਉਨ੍ਹਾਂ ਵਰਣ ਵਿਵਸਥਾ ਖਿਲਾਫ ਆਵਾਜ਼ ਬੁਲੰਦ ਕੀਤੀ। ਇਹ ਕੁਦਰਤੀ ਹੀ ਹੈ ਕਿ ਵਿਦਿਆ ਨਾਲ ਲੈਸ ਅਤੇ ਜਾਗਰੂਕ ਇਨਸਾਨ ਬਹੁਤੀ ਦੇਰ ਮਾਨਸਿਕ ਗੁਲਾਮੀ ਵਿਚ ਨਹੀਂ ਰਹਿ ਸਕਦਾ!

ਬਾਬੂ ਮੰਗੂ ਰਾਮ ਵਲੋਂ ਕਾਇਮ 'ਆਦਿ ਧਰਮ' ਤਹਿਤ ਭਾਰਤ, ਖਾਸ ਤੌਰ 'ਤੇ ਪੰਜਾਬ ਵਿਚ ਜਾਤ-ਪਾਤ ਅਤੇ ਇਨ੍ਹਾਂ ਲੋਕਾਂ ਨਾਲ ਹੋ ਰਹੇ ਭੈੜੇ ਵਿਹਾਰ ਖਿਲਾਫ ਸੰਘਰਸ਼ ਚੱਲਿਆ। ਉਦੋਂ ਹੀ ਡਾ. ਭੀਮ ਰਾਓ ਅੰਬੇਦਕਰ ਭਾਰਤ, ਖਾਸ ਤੌਰ 'ਤੇ ਮਹਾਂਰਾਸ਼ਟਰ ਵਿਚ ਜਾਤ-ਪਾਤ ਰਹਿਤ ਸਮਾਜ ਲਈ ਸੰਘਰਸ਼ ਕਰ ਰਹੇ ਸਨ। ਇਨ੍ਹਾਂ ਦੋਹਾਂ ਸ਼ਖਸੀਅਤਾਂ ਨੇ ਇਨ੍ਹਾਂ ਵਰਗਾਂ ਨੂੰ ਇਨ੍ਹਾਂ ਦੇ ਹੱਕ ਦਿਵਾਉਣ ਲਈ ਬਹੁਤ ਜਾਗਰੂਕ ਕੀਤਾ।

ਮੰਗੂ ਰਾਮ ਮੁੱਗੋਵਾਲ ਵਲੋਂ ਦਿਖਾਈ ਤਿਆਗ ਭਾਵਨਾ ਨੇ ਬਾਹਰੀ ਲੋਕਾਂ 'ਤੇ ਵੀ ਖੂਬ ਅਸਰ ਪਾਇਆ। ਇਕ ਵਾਰੀ ਆਇਰਲੈਂਡ ਦਾ ਇਕ ਕ੍ਰਾਂਤੀਕਾਰੀ ਯੁਗਾਂਤਰ ਆਸ਼ਰਮ ਦੇ ਦਫ਼ਤਰ ਆਇਆ। ਉਹਨੇ ਕ੍ਰਾਂਤੀਕਾਰੀਆਂ ਦੇ ਕੰਮ-ਕਾਜ ਦੀ ਜਾਣਕਾਰੀ ਲਈ ਤੇ ਛਾਪਾਖਾਨਾ ਦੇਖਿਆ। ਜਦ ਉਹਨੂੰ ਪਤਾ ਲੱਗਾ ਕਿ ਸਾਂਝੇ ਲੰਗਰ ਦਾ ਖਰਚਾ ਕੇਵਲ ਦੋ ਡਾਲਰ ਰੋਜ਼ ਦਾ ਹੈ, ਤਾਂ ਉਹ ਬਹੁਤ ਭਾਵੁਕ ਹੋ ਗਿਆ। ਉਹਨੂੰ ਇਹ ਪਤਾ ਲੱਗਾ ਕਿ ਰੋਜ਼ ਸਬਜ਼ੀਆਂ ਸਰਦਾਰ ਜਵਾਲਾ ਸਿੰਘ ਦੇ ਫਾਰਮ ਤੋਂ ਆਉਂਦੀਆਂ ਹਨ। ਕਰਤਾਰ ਸਿੰਘ ਸਰਾਭਾ ਦੇ ਸਾਥੀ ਰੁਲੀਆ ਸਿੰਘ (ਜੋ ਉਨ੍ਹਾਂ ਦੇ ਪਿੰਡ ਦਾ ਹੀ ਸੀ), ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਵਰਗੇ ਆਗੂ ਮੰਗੂ ਰਾਮ ਦੇ ਸਾਥੀ ਸਨ।

ਬਾਬੂ ਮੰਗੂ ਰਾਮ ਮੈਬਰਿਕ ਜਹਾਜ ਵਿਚ ਸਫ਼ਰ ਕਰ ਰਹੇ ਸਨ, ਜਦੋਂ ਉਨ੍ਹਾਂ ਦਾ ਜਹਾਜ ਵੇਰਾਕਰੂਜ਼ ਬੰਦਰਗਾਹ 'ਤੇ ਪਹੁੰਚਿਆਂ, ਦੋ ਅਮਰੀਕੀ ਜਹਾਜਾਂ 'ਕੇਂਡ' ਤੇ 'ਰੇਨਬੋ' ਨੇ ਘੇਰਾ ਪਾ ਕੇ ਜਹਾਜ ਦੀ ਤਲਾਸ਼ੀ ਲਈ। ਅਸਲ ਵਿਚ ਜਹਾਜ ਵਿਚ ਬ੍ਰਿਟਿਸ਼ ਸਰਕਾਰ ਦੇ ਖੁਫ਼ੀਆ ਵਿਭਾਗ ਦਾ ਇਕ ਬੰਦਾ ਸਫ਼ਰ ਕਰ ਰਹੇ ਸਭ ਮੁਸਾਫ਼ਿਰਾਂ 'ਤੇ ਨਜ਼ਰ ਰੱਖ ਰਿਹਾ ਸੀ। ਮੈਬਰਿਕ ਦੇ ਸਫ਼ਰ ਦੌਰਾਨ ਹੀ ਉਹ ਵੇਰਾਕਰੂਜ ਬੰਦਰਗਾਹ ਤੇ ਆਪਣਾ ਖਾਣ-ਪੀਣ ਦਾ ਰਾਸ਼ਨ ਲੈਣ ਲਈ ਪਹੁੰਚੇ। ਸ਼ੱਕ ਦੀ ਬੁਨਿਆਦ 'ਤੇ ਅਮਰੀਕੀ ਸਰਕਾਰ ਨੇ ਉਨ੍ਹਾਂ ਨੂੰ 10 ਦਿਨ ਤੱਕ ਜੇਲ੍ਹ ਵਿਚ ਰੱਖਿਆ। ਇਹ ਜਹਾਜ ਕਈ ਟਾਪੂਆਂ ਤੋਂ ਹੁੰਦਾ ਹੋਇਆ ਬਤਾਵੀਆ ਦੀ ਬੰਦਰਗਾਹ 'ਤੇ ਪਹੁੰਚਿਆ। ਉਥੇ ਪੁੱਜਦੇ ਸਾਰ ਕਈ ਜਪਾਨੀ ਜਹਾਜ ਆਏ ਤੇ ਉਨ੍ਹਾਂ ਜਹਾਜ ਸਮੇਤ ਬਾਬੂ ਮੰਗੂ ਰਾਮ ਨੂੰ ਗ੍ਰਿਫ਼ਤਾਰ ਕਰ ਲਿਆ। ਕੈਲੀਫੋਰਨੀਆ ਵਿਚ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ। ਫੈਸਲਾ ਇਹ ਸੁਣਾਇਆ ਗਿਆ ਕਿ ਜਹਾਜ ਵਿਚ ਜਿਹੜੇ ਪੰਜ ਭਾਰਤੀ ਸਨ, ਉਨ੍ਹਾਂ ਨੂੰ ਦੂਜੇ ਦਿਨ 10 ਵਜੇ ਫਾਂਸੀ ਲਾ ਦਿਤੀ ਜਾਵੇਗੀ। ਜਰਮਨ ਦੇ ਕੁਝ ਦੂਤਾਂ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਇਨ੍ਹਾਂ ਭਾਰਤੀਆਂ ਨੂੰ ਬਚਾਉਣ ਲਈ ਚਾਰਾਜੋਈ ਕੀਤੀ। ਉਨ੍ਹਾਂ ਨੂੰ ਰਾਤ ਨੂੰ ਕੋਈ 12 ਵਜੇ ਦੇ ਕਰੀਬ ਜਹਾਜ ਵਿਚੋਂ ਕੱਢ ਕੇ ਅਲੱਗ-ਅਲੱਗ ਜਗ੍ਹਾ ਤੇ ਭੇਜ ਦਿੱਤਾ ਗਿਆ। ਬਾਬੂ ਮੰਗੂ ਰਾਮ ਨੂੰ ਮਨੀਲਾ ਭੇਜਿਆ ਗਿਆ।

ਜਹਾਜੀ ਸਫ਼ਰ ਸਮੇਂ ਬਾਬੂ ਮੰਗੂ ਰਾਮ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਜਿਸ ਜਹਾਜ ਵਿਚ ਉਹ ਮਨੀਲਾ ਜਾ ਰਹੇ ਸਨ, ਸਮੁੰਦਰ ਵਿਚ ਤੂਫ਼ਾਨ ਉਠਣ ਅਤੇ ਖਰਾਬ ਮੌਸਮ ਕਾਰਨ ਮਨੀਲਾ ਦੀ ਥਾਂ ਸਿੰਘਾਪੁਰ ਪਹੁੰਚ ਗਿਆ। ਜਹਾਜ ਵਿਚੋਂ ਉਹ ਅਜੇ ਉਤਰੇ ਨਹੀਂ ਸਨ ਕਿ ਉਨ੍ਹਾਂ ਦੀ ਨਜ਼ਰ ਬੰਦਰਗਾਹ 'ਤੇ ਖੜ੍ਹੇ ਦੋ ਭਾਰਤੀਆਂ 'ਤੇ ਪਈ। ਇਨ੍ਹਾਂ ਵਿਚੋਂ ਇਕ ਦਾ ਨਾਂ ਬੇਲਾ ਸਿੰਘ (ਪਿੰਡ ਜਿਆਣ, ਜ਼ਿਲ੍ਹਾ ਹੁਸ਼ਿਆਰਪੁਰ) ਤੇ ਦੂਜੇ ਦਾ ਨਾਂ ਭਾਗ ਸਿੰਘ (ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ) ਸੀ। ਇਨ੍ਹਾਂ ਗੱਦਾਰਾਂ ਵਲੋਂ ਸੂਹ ਦੇਣ ਕਾਰਨ ਬਾਬੂ ਮੰਗੂ ਰਾਮ ਨੂੰ ਪੁਲਿਸ ਨੇ ਫੜ ਲਿਆ ਤੇ ਕਿਲ੍ਹੇ ਵਿਚ ਲੈ ਗਏ। ਉਥੇ ਉਨ੍ਹਾਂ ਨੂੰ ਤੋਪ ਅੱਗੇ ਖੜ੍ਹਾ ਦਿੱਤਾ ਗਿਆ। ਪੁਲਿਸ ਅਸਲ ਵਿਚ ਉਸ ਦੇ ਸਾਥੀਆਂ ਬਾਰੇ ਜਾਣਨਾ ਚਾਹੁੰਦੀ ਸੀ। ਪਿਛੋਂ ਉਨ੍ਹਾਂ ਨੂੰ ਫਿਰ ਮਨੀਲਾ ਜਾਣ ਵਾਲੇ ਜਹਾਜ ਵਿਚ ਬਿਠਾ ਦਿੱਤਾ ਗਿਆ। ਇਸ ਤਰ੍ਹਾਂ ਉਹ ਤੀਜੇ ਦਿਨ ਮਨੀਲਾ ਪੁੱਜੇ। ਜਹਾਜ ਤੋਂ ਉਤਰਦਿਆਂ ਹੀ ਉਨ੍ਹਾਂ ਨੂੰ ਭਾਰਤੀ ਤੇ ਜਰਮਨੀ ਦੇ ਕੁਝ ਬੰਦੇ ਮਿਲੇ। ਉਹ ਬਾਬੂ ਮੰਗੂ ਰਾਮ ਨੂੰ ਇਕ ਹੋਟਲ ਵਿਚ ਲੈ ਗਏ। ਉਥੇ ਪਏ ਅਖ਼ਬਾਰ 'ਮਨੀਲਾ ਟਾਈਮਜ਼' ਦੀ ਮੋਟੀ ਖ਼ਬਰ ਸੀ ਕਿ ਮੰਗੂ ਰਾਮ ਨੂੰ ਤੋਪ ਨਾਲ ਉਡਾ ਦਿੱਤਾ ਗਿਆ ਹੈ। ਇਹ ਖ਼ਬਰ ਸਭ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ। ਇਹ ਖਬਰ ਪਾਰਟੀ ਦੇ ਦਫ਼ਤਰ ਅਤੇ ਫਿਰ ਪਿੰਡ ਮੁੱਗੋਵਾਲ ਉਨ੍ਹਾਂ ਦੇ ਘਰ ਵੀ ਪਹੁੰਚ ਗਈ। ਬਾਅਦ ਵਿਚ ਮੰਗੂ ਰਾਮ ਦੀ ਪਤਨੀ ਨੂੰ ਉਨ੍ਹਾਂ ਦੇ ਸਕੇ ਭਰਾ ਦੇ ਬਿਠਾ ਵਿਆਹ ਦਿੱਤਾ ਗਿਆ।

ਗਦਰ ਪਾਰਟੀ ਨੂੰ ਜਦ ਉਨ੍ਹਾਂ ਦੀਆਂ ਮੁਸੀਬਤਾਂ ਦਾ ਪਤਾ ਲੱਗਾ ਤਾਂ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਇਕ ਫਿਲਪੀਨੀ ਪਰਿਵਾਰ ਨਾਲ ਕਰ ਦਿੱਤਾ। ਇਸ ਪਰਿਵਾਰ ਕੋਲ ਉਹ ਕੋਈ ਇਕ ਮਹੀਨਾ ਰਹੇ, ਪਰ ਇਸ ਟਿਕਾਣੇ ਦਾ ਬ੍ਰਿਟਿਸ਼ ਸਰਕਾਰ ਨੂੰ ਪਤਾ ਲੱਗ ਗਿਆ। ਇਸ ਤੋਂ ਬਾਅਦ ਉਹ ਪੰਡਤ ਮਾਧੋ ਰਾਮ ਬੱਦੋਵਾਲ (ਜ਼ਿਲ੍ਹਾ ਲੁਧਿਆਣਾ) ਤੇ ਸ. ਜਵਾਲਾ ਸਿੰਘ ਖੁਰਦਪੁਰ (ਜ਼ਿਲ੍ਹਾ ਜਲੰਧਰ) ਕੋਲ ਰਹੇ। ਉਥੇ ਉਹ ਤਕਰੀਬਨ ਇਕ ਸਾਲ ਤੱਕ ਰਹੇ ਅਤੇ ਫਿਰ ਮਨੀਲਾ ਮੁੜ ਗਏ। ਉਹ ਜੰਗਲ ਵਿਚ ਕੋਈ ਦੋ ਸਾਲ ਆਦਿ ਵਾਸੀਆਂ ਕੋਲ ਰਹੇ। ਉਸੇ ਸਮੇਂ ਦੌਰਾਨ ਮੈਬਰਿਕ ਤੇ ਐਨੀ ਲਾਰਸਨ ਸਮੁੰਦਰੀ



ਜਹਾਜ ਵਿਚ ਹਥਿਆਰ ਲਿਜਾਣ 'ਤੇ ਕੈਲੀਫੋਰਨੀਆ ਵਿਚ ਨਾਰਦਰਨ ਡਿਸਟ੍ਰਿਕਟ ਕੋਰਟ ਵਿਚ 20 ਨਵੰਬਰ 1917 ਨੂੰ ਕੇਸ ਚੱਲ ਪਿਆ। ਇਸ ਮੁਕੱਦਮੇ ਦੀ ਸੁਣਵਾਈ ਕੋਈ 80 ਦਿਨ ਅਪਰੈਲ 1918 ਤੱਕ ਚੱਲੀ। ਇਸ ਮੁਕੱਦਮੇ ਦਾ ਪੂਰਾ ਨਾਮ 'ਹਿੰਦੂ ਜਰਮਨ ਸਾਜ਼ਿਸ਼ ਕੇਸ-1915' ਹੈ। ਇਸ ਕੇਸ ਦੀ ਫਾਈਲ ਦੇ ਅਰੰਭ ਵਿਚ ਜਰਮਨਾਂ, ਆਇਰਸ਼ ਸੁਤੰਤਰਤਾ ਸੰਗਰਾਮੀਆਂ ਤੋਂ ਬਾਅਦ ਭਾਰਤੀ ਕ੍ਰਾਂਤੀਕਾਰੀਆਂ ਦੇ ਨਾਮ ਹਨ। ਇਨ੍ਹਾਂ ਵਿਚ ਬਾਬੂ ਮੰਗੂ ਰਾਮ ਦਾ ਨਾਂ ਵੀ ਦਰਜ ਹੈ। ਇਸ ਅਦਾਲਤੀ ਕਾਰਵਾਈ 'ਤੇ ਮਾਰਚ 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦਾ ਦੋਸ਼ ਬਾਬੂ ਮੰਗੂ ਰਾਮ ਉਤੇ ਲਾ ਕੇ 7 ਜੁਲਾਈ 1917 ਨੂੰ ਸੰਮਨ ਜਾਰੀ ਕੀਤਾ ਗਿਆ। ਇਸ ਵਿਚ ਜੱਜ ਵਲੋਂ ਆਦੇਸ਼ ਦਿੱਤਾ ਗਿਆ ਹੈ ਕਿ ਮੰਗੂ ਰਾਮ ਨੂੰ ਫੜ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਇਸ ਤਰ੍ਹਾਂ 11 ਅਕਤੂਬਰ 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ ਵਾਸ਼ਿੰਗਟਨ ਨੂੰ ਸੈਨ ਫਰਾਂਸਿਸਕੋ ਤੋਂ ਤਾਰ ਰਾਹੀਂ ਸੂਚਨਾ ਦਿੱਤੀ- "ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਨੇ ਹਕੀਕਤਾਂ ਦਾ ਬਿਆਨ ਕਰ ਦਿੱਤਾ ਹੈ ਅਤੇ ਤਸਦੀਕਸ਼ੁਦਾ ਦੋਸ਼ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਟਿਡ ਸਟੇਟਸ ਅਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ।"

ਦੱਸਣਾ ਜ਼ਰੂਰੀ ਹੈ ਕਿ ਮੰਗੂ ਰਾਮ ਦੀ ਸੀ.ਆਈ.ਡੀ. ਫਾਈਲ (ਨੰਬਰ 1273 ਆਫ 1915) ਅਨੁਸਾਰ ਉਹ ਸਤੰਬਰ 1915 ਤੱਕ ਅਮਰੀਕਾ ਵਿਚ ਸਨ, ਜਦਕਿ ਉਹ 24 ਅਪਰੈਲ 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੋਸਤਾਨ ਰਵਾਨਾ ਹੋ ਚੁੱਕੇ ਸਨ। ਉਹ ਆਪਣੇ ਦੂਜੇ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲ, ਗੰਭੀਰ ਸਿੰਘ, ਚਰਨ ਦਾਸ ਤੇ ਹਰਨਾਮ ਚੰਦ ਜਿਨ੍ਹਾਂ ਨੇ ਭਾਰਤ ਆਉਣ ਲਈ ਫ਼ਰਜ਼ੀ ਨਾਂ ਰੱਖੇ ਹੋਏ ਸਨ, ਨਾਲ ਫਾਈਲ ਦੇ ਰਿਕਾਰਡ ਅਨੁਸਾਰ 10 ਅਪਰੈਲ 1915 ਨੂੰ ਸੈਨ ਫਰਾਂਸਿਸਕੋ ਤੋਂ ਲਾਸ ਏਂਜਲਸ ਲਈ ਰਵਾਨਾ ਹੋਏ ਸਨ। ਇਸੇ ਤਰ੍ਹਾਂ ਹੀ ਵਰੰਟੀ/ਸੰਮਨ (ਨੰਬਰ ਇਕ) 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਸੀ.ਆਈ.ਡੀ. ਮਹਿਕਮੇ ਦੀ ਨਾਲਾਇਕੀ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ ਇਹ ਗਦਰ ਪਾਰਟੀ ਦੇ ਆਪਣੇ ਖੁਫ਼ੀਆ ਤੰਤਰ ਦੀ ਹੁਸ਼ਿਆਰੀ ਨੂੰ ਵੀ ਦਰਸਾਉਂਦੀ ਹੈ।

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ ਯੂ.ਐਸ. ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ 1917 ਦਾ ਪੱਤਰ) ਐਨੀ ਲਾਰਸਨ ਵਿਚ ਰਾਈਫਲਾਂ ਦੇ 554 ਬਕਸੇ (ਲਗਭਗ 7 ਜਾਂ 8 ਹਜ਼ਾਰ ਸੰਗੀਨਾਂ ਵਾਲੀਆਂ ਕਾਰਬਾਈਨਾਂ), ਕਾਰਤੂਸਾਂ ਦੇ ਲਗਭਗ 3773 ਬਕਸੇ ਜਿਨ੍ਹਾਂ ਵਿਚ ਲਗਭਗ 3,5000,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲਗਭਗ 10 ਬਕਸੇ ਤੇ ਹਰ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਨ੍ਹਾਂ ਦੀ ਗਿਣਤੀ ਪਤਾ ਨਹੀਂ ਹੈ। ਇਸ ਤੋਂ ਇਲਾਵਾ, ਗਦਰ ਲਹਿਰ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਬਾਬੂ ਮੰਗੂ ਰਾਮ ਮੁਤਾਬਕ ਜਹਾਜ ਵਿਚ ਗਦਰ ਅਖਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ। ਇਹ ਸਾਰਾ ਅਸਲਾ ਤੇ ਬਾਰੂਦ ਜੱਜਾਂ ਦੇ ਦਸਤਖ਼ਤਾਂ ਮਗਰੋਂ ਵੇਚ ਦਿੱਤਾ ਗਿਆ।

ਉਸ ਸਮੇਂ ਦੀ ਪ੍ਰਸਿੱਧ ਅਖਬਾਰ 'ਸੈਨ ਫਰਾਂਸਿਸਕੋ ਕਰੋਨੀਕਲ' ਦੇ 22 ਅਪਰੈਲ 1918 ਵਾਲੇ ਮੁੱਖ ਪੰਨੇ ਦੇ ਸਿਖਰ ਉਤੇ ਮੋਟੇ ਅੱਖਰਾਂ ਵਿਚ ਸੁਰਖੀ ਹੈ- '3,000,000 ਇਜ਼ ਕੋਸਟ ਆਫ਼ ਪ੍ਰੋਸਿਕਿਊਟਿੰਗ ਹਿੰਦੂਸ ਪਲੌਟ ਕੇਸ', ਅਤੇ ਦੂਜੀ ਛੋਟੀ ਸੁਰਖੀ ਹੈ- 'ਯੂ.ਐਸ. ਕੈਨ ਗੈਟ ਓਨਲੀ ਸਮਾਲ ਪਾਰਟ ਬੈਕ'। ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ ਜਿਸ ਉਤੇ ਅਮਰੀਕੀ ਤੇ ਬਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ।

ਇਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁਡਰੋ ਵਿਲਸਨ ਦੀ ਕ੍ਰਾਂਤੀਕਾਰੀਆਂ ਪ੍ਰਤੀ ਸੁਹਿਰਦਤਾ ਕਾਰਨ ਤੇ ਉਸ ਤੋਂ ਮਗਰੋਂ ਦੀ ਸਰਕਾਰ ਨੇ ਇਸ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ, ਪਰ ਦਬਾਅ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

ਮੈਬਰਿਕ ਅਤੇ ਐਨੀ ਲਾਰਸਨ ਜਹਾਜ ਨਾਲ ਸਬੰਧਤ 'ਹਿੰਦੂ ਜਰਮਨ ਸਾਜ਼ਿਸ਼ ਕੇਸ' ਅਪਰੈਲ 1918 ਵਿਚ ਸਮਾਪਤ ਹੋ ਗਿਆ। ਸੰਸਾਰ ਦੀ ਪਹਿਲੀ ਵੱਡੀ ਜੰਗ ਵੀ 11 ਨਵੰਬਰ 1918 ਨੂੰ ਖਤਮ ਹੋ ਗਈ। ਪ੍ਰਿੰਸ ਆਫ ਵੇਲਜ਼ ਜੋ ਜਾਰਜ ਪੰਜਵੇਂ ਦਾ ਪੁੱਤਰ ਸੀ, ਨੇ 1921 ਤੋਂ 1922 ਦੇ ਦੌਰਾਨ ਭਾਰਤ ਸਮੇਤ ਪੂਰੇ ਪੂਰਬ ਏਸ਼ੀਆ ਦਾ ਦੌਰਾ ਕੀਤਾ। ਮਈ 1922 ਨੂੰ ਉਹਨੇ ਪੂਰਬੀ ਏਸ਼ੀਆ ਦੇ ਦੇਸ਼ ਫਿਲਪੀਨਜ਼ ਦਾ ਦੌਰਾ ਕੀਤਾ। ਉਸ ਸਮੇਂ ਬਾਬੂ ਮੰਗੂ ਰਾਮ 'ਮਿ. ਜੌਹਨਸਨ ਐਂਡ ਮਾਰਸੂਲ ਫੀਲਡ ਕੰਪਨੀ' (ਜਿਸ ਦਾ ਸ਼ਿਕਾਗੋ ਵਿਚ ਵਿਭਾਗੀ ਭੰਡਾਰ ਵੀ ਹੈ), ਵਿਚ ਨੌਕਰੀ ਕਰਦੇ ਸਨ ਤੇ ਫੈਕਟਰੀ ਵਿਚ ਹੀ ਰਹਿੰਦੇ ਸਨ। ਕੋਈ ਇਕ ਸਾਲ ਨੌਕਰੀ ਕਰਨ ਉਪਰੰਤ ਫੈਕਟਰੀ ਦੇ ਮਾਲਕ ਨੂੰ ਪਤਾ ਲੱਗ ਗਿਆ ਕਿ ਉਹ ਗਦਰ ਪਾਰਟੀ ਦਾ ਆਦਮੀ ਹੈ। ਉਨ੍ਹਾਂ ਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।

13 ਮਈ 1922 ਨੂੰ ਪੋਲੋ ਖੇਡਦਿਆਂ ਪ੍ਰਿੰਸ ਆਫ਼ ਵੇਲਜ਼ ਦੀ ਸੱਜੀ ਅੱਖ ਜ਼ਖਮੀ ਹੋ ਗਈ ਤੇ ਉਹ ਅਗਲੇ ਹੀ ਦਿਨ ਇੰਗਲੈਂਡ ਰਵਾਨਾ ਹੋ ਗਿਆ, ਪਰ ਬਾਬੂ ਮੰਗੂ ਰਾਮ ਨੂੰ ਪ੍ਰਿੰਸ ਦੇ ਜਾਣ ਮਗਰੋਂ ਵੀ ਜੇਲ੍ਹ ਵਿਚੋਂ ਨਾ ਛੱਡਿਆ। ਬਰਤਾਨੀਆ ਸਰਕਾਰ ਦੀ ਨਜ਼ਰ ਵਿਚ ਉਹ ਅਜੇ ਵੀ ਖਤਰਨਾਕ ਕ੍ਰਾਂਤੀਕਾਰੀ ਸੀ।

ਭਾਰਤ ਦੇ ਇਤਿਹਾਸਕਾਰ, ਸਾਹਿਤਕਾਰ ਤੇ ਬੁੱਧੀਜੀਵੀ 1857 ਦੇ ਪਹਿਲੇ ਗਦਰ ਅਤੇ 1913-15 ਵਾਲੇ ਗਦਰ ਨੂੰ ਇਕ ਲੜੀ ਵਿਚ ਹੀ ਮੰਨਦੇ ਹਨ। ਦੋਹਾਂ ਵਿਚਕਾਰ ਫਰਕ ਸਿਰਫ ਇੰਨਾ ਸੀ ਕਿ ਪਹਿਲੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਹਥਿਆਰ ਚੁੱਕ ਕੇ ਲਾਮਬੰਦ ਹੋਏ ਅਤੇ ਦੂਜੇ ਗਦਰ ਵਿਚ ਭਾਰਤੀ ਕ੍ਰਾਂਤੀਕਾਰੀ ਦੂਜੇ ਦੇਸਾਂ ਵਿਚ ਖਾਸ

*(ਬਾਕੀ ਅਗਲੇ ਸਫੇ 'ਤੇ)*

***ਇਹੀ ਬਾਬੂ ਮੰਗੂ ਰਾਮ ਬਾਅਦ ਵਿਚ 1915 ਨੂੰ ਉਨ੍ਹਾਂ ਪੰਜ ਕ੍ਰਾਂਤੀਕਾਰੀਆਂ ਵਿਚ ਚੁਣੇ ਗਏ ਜਿਨ੍ਹਾਂ ਨੇ 'ਮੈਬਰਿਕ' ਜਹਾਜ ਵਿਚ ਹਥਿਆਰ ਲਿਜਾ ਕੇ ਭਾਰਤ ਵਿਚ ਕ੍ਰਾਂਤੀਕਾਰੀਆਂ ਨੂੰ ਦੇਣੇ ਸਨ ਤੇ ਆਜ਼ਾਦੀ ਦੀ ਇਸ ਲਹਿਰ ਵਿਚ ਕ੍ਰਾਂਤੀਕਾਰੀਆਂ ਦੇ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰਨਾ ਸੀ, ਪਰ ਇਨ੍ਹਾਂ ਹਥਿਆਰਾਂ ਸਮੇਤ ਉਹ ਜਾਵਾ ਵਿਚ ਪਕੜੇ ਗਏ ਤੇ ਉਨ੍ਹਾਂ ਨੂੰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਥੇ ਉਹ ਇਕ ਸਾਲ ਜੇਲ੍ਹ ਵਿਚ ਰਹੇ। ਬਰਤਾਨਵੀ ਸਰਕਾਰ ਉਨ੍ਹਾਂ ਨੂੰ ਫਾਂਸੀ 'ਤੇ ਲਟਕਾਉਣ ਲਈ ਤਤਪਰ ਸੀ, ਪਰ ਇਥੇ ਉਨ੍ਹਾਂ ਨੂੰ ਜਰਮਨੀ ਦੇ ਅਧਿਕਾਰੀਆਂ ਨੇ ਬਚਾਇਆ। ਉਸ ਤੋਂ ਬਾਅਦ ਉਹ ਮਨੀਲਾ ਗਏ। ਉਥੇ ਵੀ ਜਰਮਨੀ ਦੇ ਕੁਝ ਏਜੰਟਾਂ ਨੇ ਬਰਤਾਨੀਆ ਦੀ ਚੁੰਗਲ ਵਿਚੋਂ ਬਚਾਇਆ। ਇਕ ਦਿਨ 'ਮਨੀਲਾ ਟਾਈਮਜ਼' ਵਿਚ ਖਬਰ ਆਈ ਕਿ ਮੰਗੂ ਰਾਮ ਨੂੰ ਫਾਂਸੀ ਦੇ ਦਿੱਤੀ ਗਈ ਹੈ। ਗਦਰ ਪਾਰਟੀ ਦੀ ਸਹਾਇਤਾ ਨਾਲ ਉਹ 1925 ਵਿਚ ਭਾਰਤ ਪਹੁੰਚੇ, ਪਰ 16 ਸਾਲ ਬਾਅਦ 'ਇਨਸਾਨ' ਦੇ ਰੂਪ ਵਿਚ ਆਦਰ ਤੇ ਸਤਿਕਾਰ ਸਾਹਿਤ ਭਾਰਤ ਆਉਣ 'ਤੇ ਉਨ੍ਹਾਂ ਨੂੰ ਫਿਰ ਅਛੂਤ ਕਿਹਾ ਗਿਆ।***

# ਵਿਦੇਸ਼ੀਆਂ ਦੀ ਖਾਣ ਵਾਲੀਆਂ ਭਾਰਤੀ ਵਸਤਾਂ ਪ੍ਰਤੀ ਪਹੁੰਚ

ਭਾਰਤ ਦੀ ਧਰਤੀ ਨੂੰ ਕੁਦਰਤ ਦੀ ਵਿਸ਼ੇਸ਼ ਦੇਣ ਹੈ। ਮੁੱਢ ਕਦੀਮ ਤੋਂ ਇੱਥੋਂ ਦੇ ਗਰਮ ਮਸਾਲਿਆਂ ਦੀਆਂ ਧੁੰਮਾਂ ਯੂਰਪ ਤੀਕ ਪੈਂਦੀਆਂ ਆਈਆਂ ਹਨ। ਯੂਰਪੀਨ ਭਾਰਤ ਆਏ ਤੇ ਇੱਥੇ ਕਬਜ਼ਾ ਕਰਕੇ ਬੈਠ ਗਏ। ਇਥੋਂ ਦੇ ਹਰੇ ਭਰੇ ਵਾਤਾਵਰਣ ਨੇ ਯੂਰਪੀਆਂ ਤੋਂ ਪਹਿਲਾਂ ਅਰਬਾਂ ਤੇ ਅਫਗਾਨੀਆਂ ਨੂੰ ਆਪਣੇ ਵੱਲ ਖਿਚਿਆ। ਪਹਿਲਾਂ ਉਹ ਵਪਾਰੀ ਬਣ ਕੇ ਆਉਂਦੇ ਰਹੇ, ਫਿਰ ਉਹ ਇਸ ਧਰਤੀ ਦੇ ਬਣ ਕੇ ਰਹਿ ਗਏ।



ਡਾ. ਚਰਨਜੀਤ ਸਿੰਘ ਗੁਮਟਾਲਾ
ਡੇਅਟਨ, ਓਹਾਇਓ
ਫੋਨ: 937-573-9812

ਜਿਸ ਸਮੇਂ ਮੋਦੀ ਸਰਕਾਰ 'ਮੇਕ ਇਨ ਇੰਡੀਆ' ਦਾ ਹੋਕਾ ਦੇ ਰਹੀ ਹੈ, ਉਸ ਸਮੇਂ ਸਾਡੀਆਂ ਵਸਤਾਂ ਉਪਰ ਵਿਦੇਸ਼ਾਂ ਵਿਚ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਕੀੜੇ ਮਾਰ ਦਵਾਈਆਂ ਦੀ ਅੰਨੇਵਾਹ ਵਰਤੋਂ ਨੇ ਧਰਤੀ ਨੂੰ ਜ਼ਹਿਰ ਨਾਲ ਪਲੀਤ ਕਰ ਦਿੱਤਾ ਹੈ।

ਮਈ 2014 ਵਿਚ ਸਾਊਦੀ ਅਰਬ ਨੇ ਭਾਰਤੀ ਮਿਰਚਾਂ ਦੀ ਦਰਾਮਦ ਉਪਰ ਪਾਬੰਦੀ ਲਾ ਦਿੱਤੀ ਕਿਉਂਕਿ ਉਨ੍ਹਾਂ ਨੇ ਜਿਨ੍ਹਾਂ ਨਮੂਨਿਆਂ ਦੀ ਪਰਖ ਕੀਤੀ, ਉਨ੍ਹਾਂ ਵਿਚ ਨਿਰਧਾਰਿਤ ਮਾਤਰਾ ਤੋਂ ਵੱਧ ਕੀੜੇ ਮਾਰ ਦਵਾਈ ਪਾਈ ਗਈ। ਮਸਾਲਿਆਂ ਨਾਲ ਸਬੰਧਤ ਭਾਰਤੀ ਬੋਰਡ ਦਾ ਕਹਿਣਾ ਹੈ ਕਿ ਮਿਰਚਾਂ ਦੀ ਬਰਾਮਦ ਤੋਂ ਭਾਰਤ ਨੂੰ ਮੋਟੀ ਕਮਾਈ ਹੁੰਦੀ ਹੈ। ਭਾਰਤ ਨੇ ਅਪਰੈਲ 2013 ਤੋਂ ਨਵੰਬਰ 2013 ਤੀਕ 1,81,500 ਟਨ ਮਿਰਚਾਂ ਬਰਾਮਦ ਕਰਕੇ 30 ਲੱਖ ਡਾਲਰ ਕਮਾਏ।

ਦੁਨੀਆਂ ਦਾ 50% ਅੰਬ ਭਾਰਤ ਵਿਚ ਪੈਦਾ ਹੁੰਦਾ ਹੈ। ਭਾਰਤ ਦਾ ਅਲਫਾਂਸੋ ਤੇ ਕੇਸਰੀ ਅੰਬ ਜੂਨ ਤੋਂ ਅਗਸਤ ਤੀਕ ਬਹੁਤ ਵਿਕਦਾ ਹੈ। ਪਿਛਲੇ ਸਾਲ ਪਹਿਲੀ ਮਈ ਨੂੰ ਯੂਰਪੀ ਸੰਘ ਦੇ 28 ਦੇਸ਼ਾਂ ਨੇ ਅੰਬਾਂ ਤੋਂ ਇਲਾਵਾ ਕਰੇਲਿਆਂ, ਬਤਾਊਆਂ, ਅਰਬੀ ਅਤੇ ਤੋਰੀਆਂ ਦੀ ਦਰਾਮਦ ਉਪਰ 31 ਦਸੰਬਰ 2015 ਤੀਕ ਇਸ ਲਈ ਪਾਬੰਦੀ ਲਾ ਦਿੱਤੀ ਕਿਉਂਕਿ ਜਿਨ੍ਹਾਂ ਬਕਸਿਆਂ ਵਿਚ ਇਹ ਫਲ ਤੇ ਸਬਜ਼ੀਆਂ ਭੇਜੇ ਜਾਂਦੇ ਸਨ, ਉਨ੍ਹਾਂ ਵਿਚ ਉਲੀ, ਸੁਸਰੀ, ਮੱਛਰ ਤੇ ਹੋਰ ਮੱਖੀਆਂ ਵਗੈਰਾ ਮਿਲੀਆਂ। ਇਸ ਤਰ੍ਹਾਂ ਇਨ੍ਹਾਂ ਮੁਲਕਾਂ ਵਿਚ ਟਮਾਟਰ, ਖੀਰੇ ਤੇ ਹੋਰ ਸਬਜ਼ੀਆਂ ਲਈ ਤਬਾਹਕੁਨ ਸਾਬਤ ਹੋ ਸਕਦੀਆਂ ਹਨ। ਯੂਰਪੀ ਸੰਘ ਵਲੋਂ 2010 ਤੋਂ ਲਗਾਤਾਰ ਚਿਤਾਵਨੀ ਦਿੱਤੀ ਜਾਂਦੀ ਰਹੀ ਹੈ ਪਰ ਭਾਰਤੀ ਵਪਾਰੀ ਇਨ੍ਹਾਂ ਸਾਵਧਾਨੀਆਂ ਵੱਲ ਧਿਆਨ ਨਹੀਂ ਦਿੰਦੇ। ਯੂਰਪੀ ਸੰਘ ਤੋਂ ਇਲਾਵਾ ਇਹ ਅੰਬ ਅਮਰੀਕਾ, ਰੂਸ, ਥਾਈਲੈਂਡ, ਮਲੇਸ਼ੀਆ ਆਦਿ ਮੁਲਕਾਂ ਨੂੰ ਵੀ ਜਾਂਦੇ ਹਨ।

ਅਮਰੀਕਾ ਹਰ ਸਾਲ ਮੈਕਸੀਕੋ ਅਤੇ ਕੇਂਦਰੀ ਅਮਰੀਕੀ ਦੇਸ਼ਾਂ ਤੋਂ ਹਰ ਸਾਲ 250,000 ਟਨ ਅੰਬ ਮੰਗਵਾਉਂਦਾ ਹੈ। ਅਮਰੀਕਾ ਵਿਚ ਭਾਰਤ ਦੇ ਅਲਫਾਂਸੋ ਤੇ ਕੇਸਰ ਦੀਆਂ ਕਿਸਮਾਂ ਦੀ ਬਹੁਤ ਮੰਗ ਹੈ। ਇਨ੍ਹਾਂ ਵਿਚ ਕੀੜੇ ਮਾਰ ਦਵਾਈਆਂ ਹੋਣ ਕਰਕੇ ਅਮਰੀਕਾ ਨੇ ਭਾਰਤੀ ਅੰਬਾਂ 'ਤੇ ਸਾਲ 1980 ਵਿਚ ਪਾਬੰਦੀ ਲਾ ਦਿੱਤੀ ਸੀ ਜੋ ਕਿ 18 ਸਾਲ ਪਿੱਛੋਂ ਜਦ ਡਾ. ਮਨਮੋਹਨ ਸਿੰਘ ਸਾਲ 1998 ਵਿਚ ਅਮਰੀਕਾ ਆਏ ਤਾਂ ਉਸ ਸਮੇਂ ਦੇ ਰਾਸ਼ਟਰਪਤੀ ਬੁਸ਼ ਤੇ ਡਾ. ਮਨਮੋਹਨ ਸਿੰਘ ਵਿਚ ਦੁਵੱਲੇ ਵਪਾਰ ਸਮਝੌਤੇ ਅਧੀਨ ਹਟਾਈ ਗਈ।

ਯੂਰਪੀ ਯੂਨੀਅਨ ਨੇ ਅੰਬਾਂ 'ਤੇ ਲਾਈ ਪਾਬੰਦੀ ਇਸ ਸਾਲ ਜਨਵਰੀ ਵਿਚ ਹਟਾ ਦਿੱਤੀ ਹੈ ਜਦਕਿ ਸਬਜ਼ੀਆਂ 'ਤੇ ਅਜੇ ਕਾਇਮ ਹੈ। ਭਾਰਤ ਨੂੰ ਅੰਬਾਂ ਤੋਂ ਬਹੁਤ ਕਮਾਈ ਹੁੰਦੀ ਹੈ। ਇਕੱਲਾ ਇੰਗਲੈਂਡ ਹੀ ਭਾਰਤ ਤੋਂ 60 ਲੱਖ ਪੌਂਡ ਦੇ ਅੰਬ ਦਰਾਮਦ ਕਰਦਾ ਹੈ।

ਭਾਰਤ ਬਾਸਮਤੀ ਦੀ ਵੀ ਵੱਡੀ ਬਰਾਮਦ ਕਰਦਾ ਹੈ। ਹਰ ਸਾਲ ਕੋਈ 40 ਲੱਖ ਟਨ ਦੇ ਕਰੀਬ ਬਾਸਮਤੀ ਵਿਦੇਸ਼ਾਂ ਨੂੰ ਭੇਜੀ ਜਾਂਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2013-14 ਵਿਚ 37 ਲੱਖ ਟਨ ਬਾਸਮਤੀ ਬਰਾਮਦ ਕੀਤੀ ਗਈ, ਜਿਸ ਤੋਂ 30 ਹਜ਼ਾਰ ਕਰੋੜ ਰੁਪਏ ਆਮਦਨ ਹੋਈ। ਇਸ ਵਿਚੋਂ ਇਕੱਲੇ ਇਰਾਨ ਨੂੰ 14 ਲੱਖ ਟਨ ਬਾਸਮਤੀ ਭੇਜੀ ਗਈ। ਅਮਰੀਕਾ ਨੂੰ ਸਾਲ 2009 ਵਿਚ 55,762 ਟਨ ਬਾਸਮਤੀ ਬਰਾਮਦ ਕੀਤੀ ਗਈ ਜੋ ਕਿ ਸਾਲ 2012-13 ਵਿਚ ਘਟ ਕੇ 561 ਟਨ ਰਹਿ ਗਈ। ਪਰ ਸਾਲ 2013-14 ਵਿਚ ਇਹ ਵੱਧ ਕੇ 870 ਟਨ ਹੋ ਗਈ। ਇਸ



ਦਾ ਕਾਰਨ ਅਮਰੀਕਾ ਵਲੋਂ 100 ਪ੍ਰਤੀਸ਼ਤ ਚੈਕਿੰਗ ਕਰਨਾ ਹੈ। ਅਮਰੀਕਾ ਵਿਚ ਭਾਵੇਂ ਬਾਸਮਤੀ ਥੋੜ੍ਹੀ ਜਾਂਦੀ ਹੈ ਪਰ ਇਸ ਦੀ ਅਹਿਮੀਅਤ ਇਹ ਹੈ ਕਿ ਇਸ ਨਾਲ ਦੂਜੇ ਦੇਸ਼ਾਂ ਲਈ ਕੀਮਤ ਨਿਰਧਾਰਤ ਹੁੰਦੀ ਹੈ। ਭਾਰਤ ਨੇ ਅਮਰੀਕਾ ਨੂੰ ਬਾਸਮਤੀ ਬਰਾਮਦ ਕਰਕੇ ਸਾਲ 2011-12 ਵਿਚ 91,816 ਕਰੋੜ ਰੁਪਏ, 2012-13 ਵਿਚ 91,546 ਕਰੋੜ ਰੁਪਏ ਅਤੇ 2013-14 ਵਿਚ 103377 ਕਰੋੜ ਕਮਾਏ। ਭਾਰਤ ਤੋਂ ਅਮਰੀਕਾ ਨੂੰ ਭੇਜੇ ਜਾਂਦੇ ਚੌਲਾਂ ਦੀ ਕਾਫੀ ਪਰਖ ਹੁੰਦੀ ਹੈ ਕਿਉਂਕਿ ਅਮਰੀਕਾ ਨੇ ਮਈ 2011 ਵਿਚ ਵੇਖਿਆ ਕਿ ਭਾਰਤੀ ਬਾਸਮਤੀ ਵਿਚ 11 ਰਸਾਇਣ ਜੋ ਕਿ ਉਥੇ ਰਜਿਸਟਰਡ ਨਹੀਂ ਹਨ, ਪਾਏ ਗਏ ਤੇ ਸਾਰੇ ਦੇ ਸਾਰੇ ਚੌਲ ਭਾਰਤ ਨੂੰ ਵਾਪਸ ਕਰ ਦਿੱਤੇ। ਇਸ ਪਿੱਛੋਂ ਚੌਲਾਂ ਦੇ ਵਪਾਰੀਆਂ ਨੇ ਕੁਝ ਕਦਮ ਚੁੱਕੇ ਪਰ ਫਿਰ ਵੀ ਅਮਰੀਕਾ ਵਲੋਂ 90 ਪ੍ਰਤੀਸ਼ਤ ਚੌਲ ਭਾਰਤ ਨੂੰ ਵਾਪਸ ਭੇਜੇ ਜਾ ਰਹੇ ਹਨ ਕਿਉਂਕਿ ਇਨ੍ਹਾਂ ਵਿਚ ਅਜੇ ਵੀ ਨਿਰਧਾਰਿਤ ਪੈਮਾਨੇ ਤੋਂ ਵੱਧ ਕੀੜੇ ਮਾਰ ਦਵਾਈਆਂ ਹਨ। ਪਿਛਲੇ ਸਾਲ 20 ਦਸੰਬਰ ਨੂੰ ਅਮਰੀਕਾ ਨੇ ਕੀੜੇ ਮਾਰ ਦਵਾਈ ਟ੍ਰਾਈਸਾਈਕਲਾਜੋਲ, ਜੋ ਭਾਰਤ ਵਿਚ ਆਮ ਵਰਤੀ ਜਾਂਦੀ ਹੈ, ਦੇ ਪੈਮਾਨੇ ਵਿਚ ਕੁਝ ਤਬਦੀਲੀ ਕੀਤੀ ਹੈ, ਜਿਸ ਨਾਲ ਇਸ ਸਾਲ ਚੌਲਾਂ ਦੀ ਬਰਾਮਦ ਵੱਧਣ ਦੀ ਆਸ ਹੈ। ਅਮਰੀਕਾ ਵਲੋਂ ਖਰੀਦ ਨਾ ਕਰਨ ਦਾ ਪ੍ਰਭਾਵ ਸਾਰੀ ਦੁਨੀਆਂ ਵਿਚ ਪੈਂਦਾ ਹੈ। ਇਸ ਲਈ ਹੁਣ ਵਪਾਰੀ ਅਤੇ ਕਿਸਾਨ ਵੀ ਸੁਚੇਤ ਹੋਣ ਲੱਗੇ ਹਨ। ਪੰਜਾਬ ਸਮੇਤ ਸਾਰੇ ਸੂਬੇ ਜੋ ਬਾਸਮਤੀ ਅਤੇ ਹੋਰ ਵਸਤੂਆਂ ਬਾਹਰ ਭੇਜਦੇ ਹਨ, ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਸਬੰਧੀ ਕਿਸਾਨਾਂ ਨੂੰ ਸਮਝਾਉਣ ਕਿ ਕਿਵੇਂ ਤੇ ਕਿੰਨੀ ਮਾਤਰਾ ਵਿਚ ਕੀੜੇ ਮਾਰ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਕ ਸਮਾਜ ਸੇਵੀ ਸੰਸਥਾ 'ਗ੍ਰੀਨ ਪੀਸ' ਨੇ ਪਿਛਲੇ ਸਾਲ ਚਾਹ ਪੱਤੀ ਦੇ ਨਮੂਨੇ ਚੈਕ ਕਰਵਾਏ। ਇਨ੍ਹਾਂ ਵਿਚੋਂ 67 ਪ੍ਰਤੀਸ਼ਤ ਵਿਚ ਡੀ. ਡੀ. ਟੀ. ਹੋਣ ਦੀ ਪੁਸ਼ਟੀ ਹੋਈ। ਇਨ੍ਹਾਂ ਵਿਚੋਂ 94% ਵਿਚ ਘੱਟੋ ਘੱਟ ਇਕ ਕੀੜੇਮਾਰ ਦਵਾਈ ਅਤੇ 59% ਵਿਚ 10 ਤੋਂ ਵੱਧ ਕੀੜੇਮਾਰ ਦਵਾਈਆਂ ਪਾਈਆਂ ਗਈਆਂ।

ਜੁਲਾਈ 2014 ਵਿਚ 'ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ' (ਸੀ ਐਸ ਈ) ਨੇ ਜੋ ਰਿਪੋਰਟ ਜਾਰੀ ਕੀਤੀ, ਉਹ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਮਰੀਜ਼ਾਂ ਨੂੰ ਐਂਟੀ-ਬਾਇਓਟਿਕਸ ਬੜੇ ਸੋਚ ਵਿਚਾਰ ਕੇ ਦਿੱਤੇ ਜਾਂਦੇ ਹਨ ਕਿਉਂਕਿ ਇਨ੍ਹਾਂ ਦੀ ਜ਼ਿਆਦਾ ਵਰਤੋਂ ਸਰੀਰ ਵਿਚ ਬੀਮਾਰੀਆਂ ਨਾਲ ਲੜਨ ਦੀ ਕੁਦਰਤੀ ਸ਼ਕਤੀ ਘਟਾਉਂਦੀ ਹੈ। ਇਸ ਰਿਪੋਰਟ ਨੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਨ੍ਹਾਂ ਅਨੁਸਾਰ ਇਨ੍ਹਾਂ ਦੀ ਮਨੁੱਖਾਂ, ਜਾਨਵਰਾਂ ਅਤੇ ਪੰਛੀਆਂ ਵਿਚ ਅੰਨ੍ਹੇਵਾਹ ਵਰਤੋਂ ਨਾ ਕੇਵਲ ਮਨੁੱਖਾਂ ਸਗੋਂ ਹੋਰ ਜਾਨਵਰਾਂ ਅਤੇ ਪੰਛੀਆਂ ਦੇ ਅੰਦਰਲੇ ਸਿਹਤਮੰਦ ਤੱਤਾਂ ਨੂੰ ਖਤਮ ਕਰ ਰਹੀ ਹੈ, ਜਿਸ ਨਾਲ ਉਨ੍ਹਾਂ ਵਿਚ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਰਹੀ ਹੈ। ਇਸ ਰਿਪੋਰਟ ਅਨੁਸਾਰ ਪੋਲਟਰੀ ਸਨਅਤ ਵਲੋਂ ਵਰਤੇ ਜਾਂਦੇ ਐਂਟੀ-ਬਾਇਓਟਿਕਸ ਮੁਰਗੇ ਖਾਣ ਵਾਲਿਆਂ ਅੰਦਰ ਜਾ ਰਹੇ ਹਨ ਤੇ ਉਨ੍ਹਾਂ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਘਟਾ ਰਹੇ ਹਨ। ਦੁਧਾਰੂ ਪਸ਼ੂਆਂ ਵਿਚ ਵੀ ਇਨ੍ਹਾਂ ਦੀ ਵਰਤੋਂ ਹੈ, ਮੁਰਗਿਆਂ ਵਾਂਗ ਉਹ ਦੁੱਧ ਰਾਹੀਂ ਸਾਡੇ ਸਰੀਰ ਵਿਚ ਪੁੱਜ ਰਹੇ ਹਨ। ਇਸ ਤਰ੍ਹਾਂ ਅਸੀਂ ਖਾਣ ਵਾਲੀਆਂ ਵਸਤਾਂ ਦੇ ਨਾਂ 'ਤੇ ਜ਼ਹਿਰ ਖਾ ਰਹੇ ਹਾਂ। ਇਸ ਲਈ ਭਾਰਤੀਆਂ ਦੀ ਨਾ ਸਿਰਫ ਵਿਦੇਸ਼ਾਂ ਨੂੰ ਆਪਣਾ ਮਾਲ ਬਰਾਮਦ ਕਰਨ ਲਈ ਹੀ ਨਹੀਂ ਸਗੋਂ ਆਪਣੀ ਸਿਹਤ ਨੂੰ ਵੀ ਬਿਹਤਰ ਰੱਖਣ ਲਈ ਕੀੜੇ ਮਾਰ ਅਤੇ ਹੋਰ ਦਵਾਈਆਂ ਦੀ ਵਰਤੋਂ ਨਿਰਧਾਰਤ ਪੈਮਾਨਿਆਂ ਤੋਂ ਵੀ ਘੱਟ ਕਰਨੀ ਚਾਹੀਦੀ ਹੈ।

# ਗਦਰ ਲਹਿਰ ਦਾ ਅਣਗੌਲਿਆ ਯੋਧਾ ਮੰਗੂ ਰਾਮ ਮੁੱਗੋਵਾਲੀਆ

(ਪਿਛਲੇ ਸਫੇ ਦੀ ਬਾਕੀ)

ਕਰ ਕੇ ਅਮਰੀਕਾ ਵਿਚ ਲਾਮਬੰਦ ਹੋਏ। ਦੋਹਾਂ ਗਦਰਾਂ ਵਿਚ ਦਲਿਤ ਸਮਾਜ ਨਾਲ ਸਬੰਧਤ ਲੋਕਾਂ ਨੇ ਵੀ ਕਾਫੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਅਤੇ ਫਾਂਸੀ ਦੇ ਰੱਸੇ ਚੁੰਮੇ ਪਰ ਇਹ ਵੱਡੀ ਤ੍ਰਾਸਦੀ ਰਹੀ ਕਿ ਦਲਿਤ ਵਰਗ ਨਾਲ ਸਬੰਧਤ ਗਦਰੀਆਂ ਦੀ ਗੱਲ ਮੁਕਾਬਲਤਨ ਘੱਟ ਹੋਈ। ਇਨ੍ਹਾਂ ਵਿਚ ਮੰਗੂ ਰਾਮ ਵੀ ਸ਼ਾਮਲ ਹਨ। ਇਸੇ ਤਰ੍ਹਾਂ 1857 ਦੇ ਗਦਰ ਵਿਚ ਅਨੇਕਾਂ ਹੀ ਦਲਿਤ ਕ੍ਰਾਂਤੀਕਾਰੀ ਹਨ, ਜਿਵੇਂ ਗੰਗੂ ਮਿਹਤਰ, ਬੱਲੂ ਮਿਹਤਰ, ਬਾਂਕੇ ਲਾਲ, ਚੇਤ ਰਾਮ ਜਾਟਵ, ਮੰਗਾ ਬਖਸ਼ ਪਾਸੀ, ਬੀਰਾ ਪਾਸੀ ਤੇ ਹੋਰ ਜਿਨ੍ਹਾਂ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਤੋਂ ਇਲਾਵਾ ਅਨੇਕਾਂ ਦਲਿਤ ਕ੍ਰਾਂਤੀਕਾਰੀ ਇਸਤਰੀਆਂ ਨੇ ਵੀ ਇਸ ਗਦਰ ਲਹਿਰ ਵਿਚ ਕੁਰਬਾਨੀਆਂ ਦਿੱਤੀਆਂ, ਜਿਵੇਂ ਮਹਾਂਵੀਰੀ ਦੇਵੀ ਭੰਗੀ ਤੇ ਉਸ ਦੀਆਂ 22 ਭੰਗੀ ਸਾਥਣਾਂ ਅੰਗਰੇਜ਼ਾਂ ਉਤੇ ਹਮਲਾ ਕਰਦੀਆਂ ਸ਼ਹੀਦ ਹੋਈਆਂ ਸਨ। ਝਲਕਾਰੀ ਬਾਈ, ਮੁਫ਼ਤਫਾ ਬੇਗਮ, ਉਦਾਬਾਈ ਪਾਸੀ ਆਦਿ ਦੀਆਂ ਕੁਰਬਾਨੀਆਂ ਨੂੰ ਖੋਜ ਕੇ ਇਤਿਹਾਸ ਦੇ ਪੰਨਿਆਂ 'ਤੇ ਲਿਆਉਣ ਦੀ ਜ਼ਰੂਰਤ ਹੈ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਗਦਰ ਲਹਿਰ ਦਾ ਸ਼ਾਨਾਂਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਇਤਿਹਾਸ ਹੈ। ਉਸ ਦੀਆਂ ਸਿਰ-ਧੜ ਦੀ ਬਾਜ਼ੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ ਨਿਰਪੇਖ ਤੇ ਸਮਾਜਕ ਸਮਰੱਥਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਤ ਕਰਦੀ ਵਿਚਾਰਧਾਰਾ ਨੇ, ਅਜੇ ਵੀ ਭਾਰਤ ਦੇ ਮੁੱਖਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੇਂ ਸਿਰਿਓਂ ਲਿਖਣ ਦੀ ਜ਼ਰੂਰਤ ਹੈ। ਇਸ ਦੇ ਨਾਲ ਇਹ ਸਵਾਲ ਵੀ ਉਭਰਦਾ ਹੈ ਕਿ ਘੱਟ-ਗਿਣਤੀ ਨਾਲ ਸਬੰਧਤ ਮੁਸਲਮਾਨ ਦੇਸ਼ ਭਗਤਾਂ ਅਤੇ ਦਲਿਤਾਂ ਦੀ ਗਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਨ ਭੂਮਿਕਾ ਨੂੰ ਬਣਦਾ ਸਥਾਨ ਦਿੱਤਾ ਜਾਵੇ ਜਿਨ੍ਹਾਂ ਦੇ ਕਾਰਨਾਮਿਆਂ ਨਾਲ ਸਰਕਾਰੀ ਤੇ ਗੈਰ-ਸਰਕਾਰੀ ਦਸਤਾਵੇਜ਼ ਭਰੇ ਪਏ ਹਨ। 'ਹਿੰਦੂ ਮੰਚ ਬਲੀਦਾਨ ਅੰਕ' (ਹਿੰਦੀ, ਸੰਪਾਦਕ ਕਮਲਾ ਦੱਤ ਪਾਂਡੇ ਤੇ ਪ੍ਰਸਤਾਵਨਾ ਰਾਮ ਵਿਲਾਸ ਸ਼ਰਮਾ) ਨੂੰ ਛੱਡ ਕੇ 1857 ਦੇ ਗਦਰ ਅਤੇ 1913-15 ਵਾਲੇ ਦਸਤਾਵੇਜ਼ਾਂ ਵਿਚ ਦਲਿਤਾਂ ਨੂੰ ਬਣਦਾ ਸਥਾਨ ਨਹੀਂ ਦਿੱਤਾ ਗਿਆ। ਉਂਜ ਵੀ ਗਦਰ ਲਹਿਰ ਨੂੰ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਇਹ ਤਾਂ ਸਮੁੱਚੇ ਦੇਸ਼ ਵਾਸੀਆਂ ਦੀ ਲਹਿਰ ਸੀ। ਇਸ ਲਹਿਰ ਵਿਚ ਦੇਸ਼ ਦੇ ਵੱਖ ਵੱਖ ਖਿੱਤਿਆਂ ਦੇ ਲੋਕ ਸ਼ਾਮਲ ਸਨ। ਕਈ ਇਤਿਹਾਸਕਾਰ ਤੇ ਬੁੱਧੀਜੀਵੀ ਇਸ ਲਹਿਰ ਨੂੰ ਨਿਰੋਲ ਸਿੱਖ ਲਹਿਰ ਦੱਸ ਕੇ ਇਸ ਨੂੰ ਪੰਜਾਬ ਤੱਕ ਸੀਮਤ ਰੱਖਣਾ ਚਾਹੁੰਦੇ ਹਨ ਜੋ ਗਲਤ ਧਾਰਨਾ ਹੈ। ਇਹ ਉਹ ਲਹਿਰ ਹੈ ਜਿਸ ਵਿਚ ਸ਼ਾਮਲ ਲੋਕਾਂ ਨੇ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਜੁਰਮਾਨੇ ਭਰੇ, ਪਰ ਪ੍ਰਵਾਹ ਨਹੀਂ ਕੀਤੀ।

ਗਦਰ ਪਾਰਟੀ ਦੇ ਮਹਾਨ ਕ੍ਰਾਂਤੀਕਾਰੀ ਬਾਬੂ ਮੰਗੂ ਰਾਮ ਮੁੱਗੋਵਾਲ ਨੇ ਅਨੇਕਾਂ ਔਕੜਾਂ ਦਾ ਸਾਹਮਣਾ ਕੀਤਾ ਅਤੇ ਦੇਸ ਦੀ ਆਜ਼ਾਦੀ ਲਈ ਉਹ ਆਪਣੀ ਮੰਜ਼ਲ ਵੱਲ ਅੱਗੇ ਵਧਦੇ ਗਏ, ਕਦੀ ਵੀ ਹੌਸਲਾ ਨਹੀਂ ਹਾਰਿਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਨ੍ਹਾਂ ਵਲੋਂ ਸਮਾਜ ਲਈ ਕੀਤੇ ਸੰਘਰਸ਼ ਅਤੇ ਦੇਸ ਦੀ ਆਜ਼ਾਦੀ ਲਈ ਦਿੱਤੀ ਕੁਰਬਾਨੀ ਬਦਲੇ ਉਨ੍ਹਾਂ ਨੂੰ 15 ਅਗਸਤ 1972 ਵਿਚ ਤਾਮਰ ਪੱਤਰ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਦਾ ਦੇਹਾਂਤ 22 ਅਪਰੈਲ 1980 ਨੂੰ ਹੋਇਆ।

## ਸੰਪਾਦਕ ਦੀ ਡਾਕ

# 'ਪੰਜਾਬ ਟਾਈਮਜ਼' ਦੀਆਂ ਪੈੜਾਂ

ਸੰਨ 2005 ਵਿਚ ਅਮਰੀਕਾ ਆਉਣ ਦਾ ਸਬੱਬ ਬਣਿਆ ਤਾਂ ਪਤਾ ਲੱਗਾ ਕਿ ਇਥੇ ਵੀ ਪੰਜਾਬੀ ਹਫ਼ਤਾਵਾਰੀ ਅਖਬਾਰ ਛਪਦੇ ਹਨ ਤੇ ਮਿਲਦੇ ਵੀ ਮੁਫ਼ਤ ਨੇ। ਸਟੋਰਾਂ ਤੋਂ ਸਾਰੇ ਅਖਬਾਰ ਲਿਆ ਕੇ ਪੜ੍ਹਨੇ ਸ਼ੁਰੂ ਕੀਤੇ। 'ਪੰਜਾਬ ਟਾਈਮਜ਼' ਸਭ ਤੋਂ ਵਧੀਆ ਲੱਗਾ। ਇਸ ਵਿਚ ਧਾਰਮਿਕ, ਰਾਜਨੀਤਕ ਤੇ ਸਮਾਜਕ ਵਿਸ਼ਿਆਂ 'ਤੇ ਨਾਮਵਰ ਵਿਦਵਾਨਾਂ ਦੇ ਲੇਖ ਛਪਦੇ ਹਨ। ਮਹਿਸੂਸ ਕੀਤਾ ਕਿ ਪੰਜਾਬ ਦੇ ਅਖਬਾਰਾਂ ਵਿਚ ਜਿਹੜਾ ਸਥਾਨ 'ਅਜੀਤ' ਦਾ ਹੈ, ਉਤਰੀ ਅਮਰੀਕਾ ਵਿਚ ਉਹੀ ਸਥਾਨ 'ਪੰਜਾਬ ਟਾਈਮਜ਼' ਦਾ ਹੈ।

ਬਾਬਾ ਸੋਹਣ ਸਿੰਘ ਭਕਨਾ ਦਾ ਪਿੰਡ ਮੇਰੇ ਪਿੰਡ ਤੋਂ ਚਾਰ ਮੀਲ ਦੀ ਵਿੱਥ 'ਤੇ ਹੈ। ਮੈਂ ਉਨ੍ਹਾਂ ਨੂੰ ਉਥੇ ਜਾ ਕੇ ਮਿਲਦਾ ਰਿਹਾ ਹਾਂ। ਉਨ੍ਹਾਂ ਨਾਲ ਕੀਤੀਆਂ ਗੱਲਾਂ ਨੂੰ ਮੈਂ ਲੋਕਾਂ ਤੱਕ ਪਹੁੰਚਾਉਣਾ ਚਾਹੁੰਦਾ ਸੀ। ਬਾਬਾ ਜੀ ਬਾਰੇ ਲੇਖ 'ਪੰਜਾਬ ਟਾਈਮਜ਼' ਨੂੰ ਭੇਜਿਆ ਜੋ ਛਪ ਗਿਆ। ਸੰਪਾਦਕ ਅਮੋਲਕ ਸਿੰਘ ਜੰਮੂ ਨੂੰ ਧੰਨਵਾਦੀ ਟੈਲੀਫੋਨ ਕੀਤਾ। ਬਾਅਦ ਵਿਚ ਉਨ੍ਹਾਂ ਦੀ ਸਿਹਤ ਬਾਰੇ ਜਾਣਨ ਲਈ ਕਈ ਵਾਰ ਫੋਨ 'ਤੇ ਗੱਲ ਹੁੰਦੀ ਰਹੀ। ਬੜੀ ਰੀਝ ਸੀ ਕਿ ਉਨ੍ਹਾਂ ਨੂੰ ਮਿਲਾਂ ਜ਼ਰੂਰ। ਕਮਿਊਨਿਟੀ ਦੇ ਨਿਸ਼ਕਾਮ ਸੇਵਕ, 'ਪੰਜਾਬ ਟਾਈਮਜ਼' ਦੇ ਆਨਰੇਰੀ ਸਲਾਹਕਾਰ ਤੇ ਉਘੇ ਰਿਅਲੈਟਰ ਜੱਸੀ ਗਿੱਲ ਅਤੇ ਐਸ. ਅਸ਼ੋਕ ਭੌਰਾ ਦੀ ਪ੍ਰੇਰਨਾ ਨਾਲ ਮੈਂ ਵੀ ਐਤਕੀਂ 'ਪੰਜਾਬ ਟਾਈਮਜ਼' ਦੀ 15ਵੀਂ ਵਰ੍ਹੇਗੰਢ ਵਾਲੇ ਸਮਾਗਮ 'ਤੇ ਜਾਣ ਦਾ ਮਨ ਬਣਾ ਲਿਆ।

ਜੱਸੀ ਗਿੱਲ, ਸੋਹਨਪ੍ਰੀਤ ਸੈਕਰਾਮੈਂਟੋ ਤੇ ਮੈਂ 27 ਮਾਰਚ ਨੂੰ ਸ਼ਿਕਾਗੋ ਪਹੁੰਚੇ ਤੇ ਜੰਮੂ ਜੀ ਦੇ ਗ੍ਰਹਿ ਵਿਖੇ ਉਨ੍ਹਾਂ ਨੂੰ ਮਿਲੇ। ਪਤਾ ਨਹੀਂ, ਮੇਰੇ ਆਉਣ ਦਾ ਉਨ੍ਹਾਂ ਨੂੰ ਕਿਸ ਤੋਂ ਪਤਾ ਲੱਗਾ, ਜਾਂਦਿਆਂ ਹੀ ਮੈਨੂੰ ਕਿਹਾ, "ਸੁਣਾਓ ਘਰਿੰਡਾ ਸਾਹਿਬ, ਕੀ ਹਾਲ ਐ?" ਉਨ੍ਹਾਂ ਦਾ ਚਿਹਰਾ ਵੇਖ ਕੇ, ਗੱਲਬਾਤ ਕਰ ਕੇ, ਤੰਦਰੁਸਤ ਨਜ਼ਰ ਆਏ। ਸਾਡੇ ਨਾਲ ਘੰਟਾ ਭਰ ਗੱਲਾਂ ਕਰਦਿਆਂ ਪਤਾ ਨਾ ਲੱਗਣ ਦਿੱਤਾ ਕਿ ਉਹ ਬਿਮਾਰ ਨੇ। ਉਨ੍ਹਾਂ ਵਿਚ ਕਿੰਨਾ ਆਤਮ-ਬਲ ਹੈ! ਪਤਾ ਲੱਗਾ ਕਿ ਛਪਣ ਤੋਂ ਪਹਿਲਾਂ ਸਾਰੀਆਂ ਲਿਖਤਾਂ ਉਹ ਆਪ ਪੜ੍ਹਦੇ ਹਨ।

'ਪੰਜਾਬ ਟਾਈਮਜ਼ ਨਾਈਟ' ਵਿਚ ਹਿੱਸਾ ਲੈਣ ਆਏ ਲੋਕਾਂ ਨੇ ਜਿਸ ਤਰ੍ਹਾਂ ਆਪਣੇ ਜਜ਼ਬਾਤ ਦਾ ਪ੍ਰਗਟਾਵਾ ਕੀਤਾ, ਉਸ ਤੋਂ ਪਤਾ ਲਗਦਾ ਸੀ ਕਿ ਲੋਕ ਇਸ ਅਖਬਾਰ ਨੂੰ ਕਿੰਨਾ ਪਿਆਰ ਕਰਦੇ ਹਨ। ਉਤਰੀ ਅਮਰੀਕਾ ਵਿਚ ਸਭ ਤੋਂ ਜ਼ਿਆਦਾ ਪਾਠਕ 'ਪੰਜਾਬ ਟਾਈਮਜ਼' ਦੇ ਹਨ। ਕਈ ਆਪਣੇ ਯਾਰ-ਦੋਸਤਾਂ ਤੋਂ ਇਸ ਦੀ ਸਿਫ਼ਤ ਸੁਣ ਕੇ ਇਸ ਦੇ ਪੱਕੇ ਪਾਠਕ ਬਣ ਗਏ। ਪਰਦੇਸ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਤੇ ਸੰਭਾਲਣ ਦਾ ਸਭ ਤੋਂ ਵੱਡਾ ਯੋਗਦਾਨ ਇਸੇ ਅਖਬਾਰ ਦਾ ਹੈ।

'ਪੰਜਾਬ ਟਾਈਮਜ਼' ਦੀ ਵਰ੍ਹੇਗੰਢ ਮਨਾਉਣ ਦਾ ਇਕ ਹੋਰ ਲਾਭ ਜੋ ਮੈਨੂੰ ਮਹਿਸੂਸ ਹੋਇਆ, ਉਹ ਇਹ ਹੈ ਕਿ ਲੇਖਕਾਂ ਤੇ ਪਾਠਕਾਂ ਨੂੰ ਇਕ-ਦੂਜੇ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਪਹਿਲਾਂ ਇਨ੍ਹਾਂ ਦੇ ਸੰਪਰਕ ਦਾ ਇਕੋ ਇਕ ਸਾਧਨ ਟੈਲੀਫੋਨ ਹੁੰਦਾ ਹੈ। ਮੈਨੂੰ ਉਥੇ ਡਾ. ਹਰਗੁਰਮੁਖਪਾਲ ਸਿੰਘ, ਪ੍ਰਿੰਸੀਪਲ ਬਰਜਿੰਦਰ ਸਿੰਘ ਸਿੱਧੂ, ਮੱਤ ਸਿੰਘ ਢਿਲੋਂ ਤੋਂ ਪ੍ਰਿੰਸੀਪਲ ਨਿਰੰਜਣ ਸਿੰਘ ਢੇਸੀ ਨੂੰ ਮਿਲਣ ਦਾ ਮੌਕਾ ਮਿਲਿਆ। ਪ੍ਰਿੰਸੀਪਲ ਢੇਸੀ ਨੂੰ 20 ਸਾਲ ਪਹਿਲਾਂ, ਆਪਣੇ ਦੋਸਤ ਵਰਿਆਮ ਸਿੰਘ ਸੰਧੂ ਰਾਹੀਂ ਜਲੰਧਰ ਮਿਲਿਆ ਸੀ। ਢੇਸੀ ਜੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਸੰਧੂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਦਾ ਪ੍ਰੋਫੈਸਰ ਲੱਗਾ ਸੀ। 20 ਸਾਲ ਬਾਅਦ ਢੇਸੀ ਜੀ ਨੂੰ ਮਿਲਣ ਦੀ ਖੁਸ਼ੀ ਮੈਂ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ।

ਉਥੇ ਹੀ ਅਸ਼ੋਕ ਭੌਰਾ ਨੇ ਬਿਰਹਾ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਬੇਟੀ ਪੂਜਾ ਨਾਲ ਮਿਲਾਇਆ। 1967 ਵਿਚ ਸਵਰਗੀ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਓਪਨ ਏਅਰ ਥਿਏਟਰ ਅੰਮ੍ਰਿਤਸਰ ਵਿਖੇ 'ਮਿੱਤਰ ਮਿਲਣੀ' ਸੱਦੀ ਸੀ ਜਿਸ ਦੀ ਪ੍ਰਧਾਨਗੀ ਬਾਬਾ ਸੋਹਣ ਸਿੰਘ ਭਕਨਾ ਕਰ ਰਹੇ ਸਨ। ਉਥੇ ਮੈਂ ਸ਼ਿਵ ਬਟਾਲਵੀ ਨੂੰ ਪਹਿਲੀ ਵਾਰ ਸੁਣਿਆ ਤੇ ਉਨ੍ਹਾਂ ਆਪਣੀ ਕਵਿਤਾ 'ਗਾਂਧੀ ਦੇ ਪੂਜਕੋ ਸੁਣੋ, ਨਹਿਰੂ ਦੇ ਵਾਰਸੋ ਸੁਣੋ, ਸੁਣੋ ਸੁਣੋ ਹਿੰਦੁਸਤਾਨ ਦੀ ਸੁਣਾਈ' ਪੜ੍ਹੀ ਸੀ। ਉਸ ਵਕਤ ਬਟਾਲਵੀ ਜੀ ਨਾਲ ਕੀਤੀਆਂ ਗੱਲਾਂ ਉਨ੍ਹਾਂ ਦੀ ਬੇਟੀ ਨਾਲ ਸਾਂਝੀਆਂ ਕੀਤੀਆਂ ਤਾਂ ਉਹਨੇ ਕਿਹਾ, "ਮੈਂ ਡੈਡੀ ਬਾਰੇ ਕੀਤੀਆਂ ਇਹ ਗੱਲਾਂ ਮੰਮੀ ਨੂੰ ਦੱਸਾਂਗੀ।"

ਅਰਦਾਸ ਹੈ, ਅਮੋਲਕ ਸਿੰਘ ਜੰਮੂ ਨੂੰ ਵਾਹਿਗੁਰੂ ਤੰਦਰੁਸਤੀ ਤੇ ਲੰਮੀ ਉਮਰ ਬਖਸ਼ੇ ਤਾਂ ਕਿ ਉਹ 'ਪੰਜਾਬ ਟਾਈਮਜ਼' ਰਾਹੀਂ ਪੰਜਾਬੀ ਭਾਈਚਾਰੇ ਦੀ ਸੇਵਾ ਕਰਦੇ ਰਹਿਣ।

*-ਜਸਵੰਤ ਸਿੰਘ ਸੰਧੂ ਘਰਿੰਡਾ*
*ਫੋਨ: 510-516-5971*

## ਸੰਸਥਾ ਦਾ ਆਗੂ ਕਿ ਸਤਿਗੁਰੂ?

'ਪੰਜਾਬ ਟਾਈਮਜ਼' ਦੇ ਅਰੰਭਿਕ ਸਮਿਆਂ ਤੋਂ ਹੀ ਮੈਂ ਇਸ ਨਾਲ ਜੁੜਿਆ ਹੋਇਆ ਹਾਂ। ਇਥੇ ਬੇਸ਼ੱਕ ਅਖਬਾਰਾਂ ਹੋਰ ਵੀ ਆ ਰਹੀਆਂ ਹਨ ਅਤੇ ਜਾ ਰਹੀਆਂ ਨੇ, ਪਰ 'ਪੰਜਾਬ ਟਾਈਮਜ਼' ਦੀ ਆਪਣੀ, ਅਲਹਿਦਾ ਤੋਰ ਹੈ ਜੋ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ।

ਇਸ ਅਲਹਿਦਾ ਤੋਰ ਵਿਚ ਅਖਬਾਰ ਦੀਆਂ ਨੀਤੀਗਤ ਪਾਲਿਸੀਆਂ ਦਾ ਵੱਡਾ ਯੋਗਦਾਨ ਹੈ, ਪਰ ਐਤਕੀਂ 11 ਅਪਰੈਲ 2015 ਵਾਲੇ ਅੰਕ ਨੰਬਰ 15 ਵਿਚ ਸਫ਼ਾ ਛੇ ਦੇ ਹੇਠਲੇ ਪਾਸੇ ਸਾਢੇ ਕੁ ਅੱਠ ਸਤਰਾਂ ਦੀ ਛੋਟੀ ਜਿਹੀ ਖਬਰ ਵਿਚ ਇਕ ਧਾਰਮਿਕ ਆਗੂ ਨੂੰ 'ਸਤਿਗੁਰੂ' ਲਿਖਿਆ ਹੋਇਆ ਸੀ! ਖਬਰ ਦੇ ਸਿਰਲੇਖ ਵਿਚ ਜਿਸ ਬੰਦੇ ਨੂੰ 'ਨਾਮਧਾਰੀ ਆਗੂ' ਲਿਖਿਆ ਹੋਇਆ ਸੀ, ਖਬਰ ਦੀ ਇਬਾਰਤ ਵਿਚ ਉਸੇ ਨੂੰ 'ਸਤਿਗੁਰ' ਲਿਖਿਆ ਹੋਇਆ ਸੀ। ਹੋ ਸਕਦਾ ਹੈ, ਅਜਿਹਾ ਸਹਿਵਨ ਹੀ ਹੋਇਆ ਹੋਵੇ, ਪਰ ਉਮੀਦ ਹੈ ਕਿ ਭਵਿੱਖ ਵਿਚ ਇਸ ਪੱਖੋਂ ਸੁਚੇਤ ਰਹੋਗੇ।

*-ਫਕੀਰ ਚੰਦ ਸੈਂਪਲਾ, ਐਲ.ਏ.*

ਕਹਾਣੀ

# ਅੱਜ ਦੀ ਰਾਤ

***ਪਦਾਰਥਵਾਦ ਦੇ ਅਜੋਕੇ ਯੁਗ ਵਿਚ ਕਈ ਵਾਰ ਤਾਂ ਇੰਜ ਜਾਪਦਾ ਹੈ ਕਿ ਮਾਨਵੀ ਰਿਸ਼ਤੇ ਮਨਫੀ ਹੋ ਕੇ ਰਹਿ ਗਏ ਹਨ। ਮਰਦ ਅਤੇ ਔਰਤ ਵਿਚਾਲੇ ਰਿਸ਼ਤਾ ਵੀ ਪਦਾਰਥਵਾਦੀ ਸੋਚ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਉਦੋਂ ਸਥਿਤੀ ਹੋਰ ਵੀ ਮਾਰਮਿਕ ਲੱਗਦੀ ਹੈ ਜਦੋਂ ਪਤੀ-ਪਤਨੀ ਵਿਚਾਲੇ ਕਦੇ ਬਹੁਤ ਕਰੀਬੀ ਰਿਹਾ ਰਿਸ਼ਤਾ ਵੀ ਇਸ ਸੋਚ ਕਾਰਨ ਤਬਾਹ ਹੋ ਕੇ ਰਹਿ ਜਾਂਦਾ ਹੈ। ਪਰ ਕਦੇ ਕਦੇ ਇੰਜ ਵਾਪਰਦਾ ਹੈ ਕਿ ਲੱਗਦਾ ਹੈ ਕਿ ਇਸ ਸਭ ਦੇ ਬਾਵਜੂਦ ਆਸ ਦੀ ਕਿਰਨ ਅਜੇ ਵੀ ਬਾਕੀ ਹੈ। ਇਸ ਕਹਾਣੀ ਦੇ ਪਾਤਰਾਂ ਇੰਦਰਾ ਅਤੇ ਅਜੀਤ ਵਿਰਕ ਨਾਲ ਵੀ ਅਜਿਹਾ ਹੀ ਕੁਝ ਵਾਪਰਦਾ ਹੈ। ਦੋਹਾਂ ਦੀ ਕਹਾਣੀ ਕਰੀਬ ਕਰੀਬ ਇਕੋ ਜਿਹੀ ਹੈ ਅਤੇ ਦੋਵੇਂ ਹੀ ਪਤੀ-ਪਤਨੀ ਦਾ ਰਿਸ਼ਤਾ ਟੁੱਟ ਜਾਣ ਕਾਰਨ ਦੁਖੀ ਹਨ ਪਰ ਜਹਾਜ ਵਿਚ ਬੈਠਿਆਂ ਦੋਹਾਂ ਵਿਚਾਲੇ ਆਸ ਦੀ ਇਕ ਅਜਿਹੀ ਕਿਰਨ ਜਾਗਦੀ ਹੈ ਕਿ ਦੋਹਾਂ ਨੂੰ ਜੀਵਨ ਵਿਚ ਮੁੜ ਖੇੜਾ ਆ ਜਾਣ ਦੀ ਝਲਕ ਆਈ ਪ੍ਰਤੀਤ ਹੁੰਦੀ ਹੈ। ਇਸੇ ਵਾਰਤਾ ਨੂੰ ਸ਼ਾਇਰ ਅਤੇ ਕਹਾਣੀਕਾਰ ਕਰਨੈਲ ਸਿੰਘ ਗਿਆਨੀ ਨੇ ਆਪਣੀ ਇਸ ਕਹਾਣੀ ਵਿਚ ਬੰਨ੍ਹਿਆ ਹੈ। -ਸੰਪਾਦਕ***

**ਕਰਨੈਲ ਸਿੰਘ ਗਿਆਨੀ**
**ਵਰਜੀਨੀਆ-ਬੀਚ**

ਨੈਰੋਬੀ ਏਅਰਪੋਰਟ ਦੇ ਬ੍ਰਿਟਿਸ਼ ਏਅਰਵੇਜ਼ ਦਾ ਟਰਮੀਨਲ, ਸ਼ਾਮ ਦੇ ਅੱਠ ਵੱਜੇ, ਲੰਡਨ ਜਾਣ ਵਾਲੀ ਫਲਾਈਟ ਤਿਆਰ ਖਲੋਤੀ ਸੀ। ਇੰਦਰਾ ਉਸ 'ਤੇ ਚੜ੍ਹਨ ਵਾਲੀ ਆਖਰੀ ਯਾਤਰੂ ਸੀ। ਉਸ ਨੂੰ ਬੋਰਡਿੰਗ-ਪਾਸ ਦੇ ਕੇ ਏਅਰਲਾਈਨ-ਕਰਮਚਾਰੀ ਨੇ ਗੇਟ ਬੰਦ ਕਰ ਦਿੱਤਾ। ਜਹਾਜ਼ ਦੇ ਗੇਟ 'ਤੇ ਏਅਰ-ਹੋਸਟੈਸ ਨੇ ਬੜੇ ਤਪਾਕ ਨਾਲ ਉਸ ਦਾ ਸਵਾਗਤ ਕੀਤਾ।

ਉਸ ਦਿਨ ਹਵਾਈ ਜਹਾਜ਼ ਏਨਾ ਭਰਿਆ ਭਰਿਆ ਨਹੀਂ ਸੀ ਲੱਗ ਰਿਹਾ। ਫੇਰ ਵੀ ਪਤਾ ਨਹੀਂ ਕਿਉਂ ਟਿਕਟਿੰਗ-ਏਜੰਟ ਨੇ ਉਸ ਦੇ ਨਾ ਚਾਹੁਣ ਤੇ ਵੀ ਵਿੰਡੋ-ਸੀਟ ਹੀ ਅਲਾਟ ਕੀਤੀ। ਉਹ ਵੀ ਸਭ ਤੋਂ ਪਿੱਛੇ। ਉਪਰਲੇ ਲਗੇਜ-ਰੈਕ ਤੇ ਆਪਣਾ ਕੈਰੀ ਆਨ ਅਤੇ ਏਅਰ-ਬੈਗ ਟਿਕਾ ਕੇ ਉਹ ਆਪਣੀ ਸੀਟ ਵੱਲ ਵਧੀ। ਨਾਲ ਦੀ ਸੀਟ ਉਪਰ ਕੋਈ ਬੈਠਾ ਨਾ ਵੇਖ ਕੇ ਉਸ ਨੇ ਸੁਖ ਦਾ ਸਾਹ ਲਿਆ। ਸ਼ੁਕਰ ਹੈ, ਰੱਬ ਕਰੇ ਇਹ ਸੀਟ ਵੇਹਲੀ ਹੀ ਰਹੇ ਤਾਂ ਕਿ ਮੇਰਾ ਅੱਜ ਦਾ ਲੰਮਾ ਸਫ਼ਰ ਚੰਗਾ ਨਿਕਲ ਜਾਵੇ, ਉਸ ਸੋਚਿਆ। ਆਪਣੀ ਸੀਟ ਤੇ ਢੋਅ ਲਗਾ ਕੇ ਉਸ ਨੇ ਅੱਖਾਂ ਮੀਟ ਲਈਆਂ। ਭਜਦਿਆਂ-ਭਜਦਿਆਂ ਚੜ੍ਹਿਆ ਸਾਹ ਕੁਝ ਸੰਭਲਿਆ। ਕੈਬਿਨ ਦਾ ਏਅਰ-ਕੰਡੀਸ਼ੰਡ ਤਾਪਕ੍ਰਮ ਉਸ ਨੂੰ ਬੜਾ ਸੁਖਦਾਈ ਲੱਗ ਰਿਹਾ ਸੀ। ਉਸ ਦਾ ਜੀ ਕਰਦਾ ਸੀ ਕਿ ਜਹਾਜ਼ ਦੇ ਉਡਾਨ ਭਰਦਿਆਂ ਹੀ ਉਹ ਲੱਤਾਂ ਨਿਸਾਲ ਕੇ ਲੇਟ ਜਾਵੇ। ਉਸ ਨੇ ਸ਼ੀਸ਼ੇ ਦੀ ਖਿੜਕੀ ਨੂੰ ਹਨੇਰਾ ਕਰ ਲਿਆ।

"ਥੋੜ੍ਹੇ ਪਲਾਂ ਵਿਚ ਅਸੀਂ ਉਡਾਨ ਸ਼ੁਰੂ ਕਰਨ ਵਾਲੇ ਹਾਂ। ਸਾਰੇ ਯਾਤਰੀਆਂ ਨੂੰ ਨਿਵੇਦਨ ਹੈ ਕਿ ਉਹ ਆਪਣੀਆਂ ਸੀਟ-ਬੈਲਟਾਂ ਕੱਸ ਲੈਣ, ਧੂਮਰਪਾਨ ਬੰਦ ਕਰ ਦੇਣ ਅਤੇ ਆਪਣੀਆਂ ਸੀਟਾਂ ਦੇ ਢੋਅ ਅੱਗੇ ਕਰ ਲੈਣ। ਧੰਨਵਾਦ।" ਇੰਟਰਕਾਮ 'ਤੇ ਏਅਰ ਹੋਸਟੈਸ ਨੇ ਅਨਾਊਂਸ ਕੀਤਾ। ਸਾਰੇ ਪਾਸੇ ਬੈਲਟਾਂ ਦੇ ਬਕਲਾਂ ਦੀ ਕੜਿਚ ਕੜਿਚ ਦੀ ਆਵਾਜ਼ ਸ਼ੁਰੂ ਹੋ ਗਈ, ਤੇ ਥੋੜ੍ਹੇ ਚਿਰ ਵਿਚ ਜਹਾਜ਼ ਆਪਣੀ ਧੀਮੀ ਗਤੀ ਨਾਲ ਉਡਣ ਲਈ ਵਧਣ ਲੱਗਾ।

"ਐਕਸਕਿਊਜ਼ ਮੀ।" ਏਨੇ ਨੂੰ ਉਸ ਦੀ ਨਾਲ ਦੀ ਸੀਟ ਵਾਲੇ ਮੁਸਾਫਿਰ ਨੇ ਆ ਕੇ ਉਸ ਦੀ ਬਿਰਤੀ ਉਖੇੜ ਦਿੱਤੀ। ਸ਼ਾਇਦ ਉਹ ਰੈਸਟ-ਰੂਮ 'ਚੋਂ ਹੋ ਕੇ ਮੁੜਿਆ ਹੋਣੈ। ਇੰਦਰਾ ਨੇ ਇਕ ਬਨਾਉਟੀ ਮੁਸਕਰਾਹਟ ਨਾਲ ਉਸ ਵੱਲ ਤੱਕਿਆ ਤੇ ਨਿੰਹ ਕੇ ਬੈਠਣ, ਸੀਟ ਦੀ ਬੈਲਟ ਬੰਨ੍ਹਣ ਅਤੇ ਸਾਹਮਣੀ ਟ੍ਰੇ ਨੂੰ ਉਚੀ ਕਰਨ ਵਿਚ ਰੁੱਝ ਗਈ।

ਨਾਲ ਦਾ ਮੁਸਾਫ਼ਿਰ ਕੋਈ ਹਿੰਦੁਸਤਾਨੀ ਲਗਦਾ ਸੀ, ਵੇਖਣ ਚਾਖਣ ਵਿਚ ਮੂੰਹ ਮੱਥੇ ਲੱਗਣ ਵਾਲਾ। ਦਰਮਿਆਨਾ ਕੱਦ, ਗੋਰਾ ਰੰਗ, ਤਿੱਖੀ ਠੋਡੀ, ਨਿੱਕੀ ਨਿੱਕੀ ਮੁੱਛ, ਸਿਰ ਦੇ ਵਿਚਕਾਰ ਚੀਰ ਕੱਢਿਆ ਹੋਇਆ। ਚਿੱਟੀ ਪੈਂਟ, ਮੈਰੂਨ ਸਲੈਕ ਸ਼ਰਟ, ਕੁਝ ਸ਼ੌਕੀਨ ਜਿਹਾ।

ਉਸ ਦੇ ਆਫਟਰ-ਸ਼ੇਵ-ਲੋਸ਼ਨ ਦੀ ਹਲਕੀ ਜਿਹੀ ਸੁਗੰਧ ਨੇ ਜਿਵੇਂ ਆਪਣਾ ਅਸਰ ਕੀਤਾ ਹੋਵੇ। ਇੰਦਰਾ ਨੇ ਉਸ ਵੱਲ ਨਜ਼ਰ ਚੁਰਾ ਕੇ ਵੇਖਿਆ। ਉਹ ਆਪਣੀ ਸੀਟ ਬੈਲਟ ਕਸਦਾ ਹੋਇਆ ਉਸੇ ਵੱਲ ਵੇਖ ਰਿਹਾ ਸੀ।

"ਤੰਮਲ ਤਿਰਮਾ?" ਯੁਵਕ ਨੇ ਅਚਾਨਕ ਪੁੱਛਿਆ।

"ਇੱਲੇ" ਇੰਦਰਾ ਨੇ ਜਵਾਬ ਦਿੱਤਾ।

ਉਹ ਆਪਣੀ ਗਲਤੀ ਤੇ ਪਸ਼ੇਮਾਨ ਲਗਦਾ ਸੀ। ਸ਼ਾਇਦ ਇੰਦਰਾ ਦੇ ਚਿਹਰੇ ਦਾ ਰੰਗ ਵੇਖ ਕੇ ਉਸ ਨੂੰ ਇਕ ਸਾਊਥ-ਇੰਡੀਅਨ ਸੁੰਦਰੀ ਸਮਝ ਬੈਠਾ ਸੀ। ਪਰ ਹੁਣ ਸ਼ਰਮਿੰਦਗੀ ਮਿਟਾਣ ਲਈ 'ਸੌਰੀ' ਕਹਿ ਕੇ ਆਪਣੇ ਬੈਗ ਵਿਚੋਂ 'ਨਾਗਮਣੀ' ਮੈਗਜ਼ੀਨ ਕੱਢ ਕੇ ਪੜ੍ਹਨ ਲੱਗ ਪਿਆ।

"ਆਈ ਕਾਂਟ ਬਿਲੀਵ ਇੱਟ।" ਇੰਦਰਾ ਦਾ ਹਾਸਾ ਨਿਕਲ ਗਿਆ। "ਤੁਸੀਂ ਇਕ ਪੰਜਾਬੀ ਹੋ ਕੇ, ਏਨੀ ਸੋਹਣੀ ਤਾਮਿਲ ਬੋਲ ਲੈਂਦੇ ਹੋ।" ਉਸ ਨੇ ਯੁਵਕ ਦੇ ਦਿਲ ਦੀ ਬੇਚੈਨੀ ਘਟਾਉਣ ਲਈ ਗੱਲ ਤੋਰੀ। "ਮੈਨੂੰ ਪੂਰੀ ਗੱਲ ਦੀ ਸਮਝ ਤਾਂ ਨਹੀਂ ਆਈ। ਸ਼ਾਇਦ ਤੁਸੀਂ ਪੁੱਛ ਰਹੇ ਸੀ ਕਿ ਮੈਨੂੰ ਤਾਮਿਲ ਬੋਲਣੀ ਆਉਂਦੀ ਹੈ?"

"ਹਾਂ, ਪਰ ਤੁਸੀਂ ਵੀ ਨਾਂਹ ਵਿਚ ਉਤਰ ਦੇ ਕੇ ਮੈਨੂੰ ਚੱਕਰ 'ਚ ਪਾ ਦਿੱਤਾ। ਬਈ ਹੱਦ ਹੋ ਗਈ। ਬਾਈ ਦਾ ਵੇ, ਮੇਰਾ ਨਾਮ ਅਜੀਤ ਵਿਰਕ ਹੈ।"

"ਆਈ ਐਮ ਇੰਦਰਾ, ਇੰਦਰਜੀਤ ਗਿੱਲ।"

"ਤੁਸੀਂ ਨੈਰੋਬੀ ਰਹਿੰਦੇ ਹੋ?"

"ਹਾਂ, ਕੱਲ੍ਹ ਤੱਕ ਤਾਂ ਰਹਿੰਦੀ ਸਾਂ।" ਉਸ ਨੇ ਇਕ ਹੌਕਾ ਭਰ ਕੇ ਕਿਹਾ।

"ਕੀ ਗੱਲ, ਅੱਜ ਤੋਂ ਤੁਸੀਂ ਸਦਾ ਲਈ...?" ਉਹ ਉਸ ਦੀ ਅਧੂਰੀ ਗੱਲ ਸਮਝਣ ਤੋਂ ਅਸਮਰੱਥ ਸੀ।

ਇੰਦਰਾ, ਬਿਨਾ ਉਤਰ ਦਿੱਤੇ ਉਠ ਖਲੋਤੀ, "ਮੈਂ ਜ਼ਰਾ ਰੈਸਟ-ਰੂਮ ਹੋ ਆਵਾਂ।"

ਉਸ ਦੇ ਜਾਣ ਮਗਰੋਂ ਅਜੀਤ ਉਸ ਬਾਰੇ ਸੋਚਣ ਲੱਗ ਪਿਆ। ਰੱਬ ਨੇ ਇਸ ਦੇ ਕਣਕਵੰਨੇ ਰੂਪ ਵਿਚ ਕੇਹੀ ਸੰਧੂਰੀ ਲੋਅ ਭਰੀ ਹੈ, ਜੋ ਉਸ ਨੂੰ ਮੁੜ ਮੁੜ ਤੱਕਣ ਨੂੰ ਜੀਅ ਕਰਦੈ। ਗਦਰਾਏ ਹੋਏ ਅੰਗ, ਰੇਸ਼ਮ ਵਰਗੇ ਲੰਮੇ ਵਾਲ, ਗਲਮੇਂ ਵਿਚੋਂ ਝਾਕਦਾ ਜੋਬਨ, ਡਲੀ ਵਰਗਾ ਗੁੰਦਿਆ ਸਰੀਰ। ਇਕ ਮਾਡਲ ਜਿਹੀ। ਅੱਖਾਂ ਭਾਵੇਂ ਮੋਟੀਆਂ ਨਹੀਂ, ਪਰ ਉਨ੍ਹਾਂ ਦੀ ਲਿਸ਼ਕ ਦਾ ਉਸ ਦੀ ਮੁਸਕਰਾਹਟ ਨਾਲ ਜ਼ਰੂਰ ਕੋਈ ਤਅੱਲਕ ਲਗਦਾ ਹੈ। ਐਨ ਜਿਵੇਂ ਸੁਰ ਦਾ ਤਾਲ ਨਾਲ ਹੁੰਦੈ, ਮਨਮੋਹਕ। ਪਰ ਉਸ ਦੀ ਹੌਕੇ ਭਰੀ ਗੱਲ, 'ਹਾਂ ਕਲ੍ਹ ਤੱਕ ਤਾਂ ਰਹਿੰਦੀ ਸਾਂ' ਵਿਚ ਤਾਂ ਸੱਚ ਮੁੱਚ ਕੋਈ ਕਹਾਣੀ ਲੁਕੀ ਹੋਈ ਜਾਪਦੀ ਹੈ। ਜਾਂ ਖਵਰੇ ਕਿੰਨੀਆਂ ਕਹਾਣੀਆਂ।

"ਸੌਰੀ, ਤੁਹਾਨੂੰ ਮੇਰੇ ਕਾਰਨ ਟ੍ਰਬਲ ਹੋ ਰਹੀ ਹੈ, ਉਠਣ ਦੀ।" ਇੰਦਰਾ ਨੇ ਰੈਸਟ ਰੂਮ ਤੋਂ ਆ ਕੇ ਕਿਹਾ।

"ਆਖੋ ਤਾਂ ਸੀਟਾਂ ਬਦਲ ਲੈਂਦੇ ਹਾਂ।" ਅਜੀਤ ਨੇ ਉਠਦਿਆਂ ਕਿਹਾ।

"ਵੈਲ, ਨੇਕੀ ਔਰ ਪੂਛ ਪੂਛ।" ਇੰਦਰਾ ਨੇ ਮੁਸਕਰਾ ਕੇ ਮੰਨ ਲਿਆ। ਉਹ ਪਹਿਲਾਂ ਹੀ ਏਹੋ ਚਾਹੁੰਦੀ ਸੀ। ਏਨੇ ਵਿਚ ਏਅਰ-ਹੋਸਟੈਸ ਬੇਵਰੇਜ ਦੀ ਟਰਾਲੀ ਰੇੜ੍ਹ ਲਿਆਈ।

"ਤੁਸੀਂ ਪੀਣ ਲਈ ਕੀ ਪਸੰਦ ਕਰੋਗੇ।" ਏਅਰ-ਹੋਸਟੈਸ ਨੇ ਅਜੀਤ ਕੋਲੋਂ ਪੁੱਛਿਆ।

"ਔਰੈਂਜ ਜੂਸ।"

"ਯੂ ਮੈਮ?"

"ਲੈੱਟ ਮੀ ਹੈਵ ਸਕਾਚ ਐਂਡ ਸੋਡਾ।"

ਅਜੀਤ ਦੇ ਚਿਹਰੇ 'ਤੇ ਇਕ ਅਚੰਭੇ ਭਰੀ ਮੁਸਕਰਾਹਟ ਸੀ। ਇਹ ਕੁੜੀ ਸੱਚਮੁੱਚ ਇਕ ਕਹਾਣੀ ਹੋਵੇਗੀ। ਇਕ ਦਿਲਚਸਪ ਕਹਾਣੀ।

"ਕੀ ਤੁਸੀਂ ਵੀ ਨੈਰੋਬੀ ਰਹਿੰਦੇ ਹੋ?" ਇੰਦਰਾ ਨੇ ਡਰਿੰਕ ਮਿਕਸ ਕਰਦਿਆਂ ਪੁੱਛਿਆ।

"ਨਹੀਂ ਮੈਂ ਨਿਊ ਯਾਰਕ ਰਹਿੰਦਾ ਹਾਂ। ਇਥੇ ਬਿਜ਼ਨੈਸ ਟ੍ਰਿਪ ਤੇ ਆਇਆ ਸਾਂ।"

"ਕਾਹਦਾ ਬਿਜ਼ਨੈਸ ਕਰਦੇ ਹੋ?"

"ਕੰਪਿਊਟਰਜ਼ ਦਾ।"

"ਹਾਓ ਵਾਜ਼ ਯੂਅਰ ਟ੍ਰਿਪ?"

"ਠੀਕ ਹੀ ਰਿਹਾ। ਕਾਫ਼ੀ ਆਰਡਰ ਮਿਲੇ।"

"ਅਮੈਰਿਕਾ ਵਿਚ ਕਿੰਨੇ ਸਾਲਾਂ ਤੋਂ ਰਹਿ ਰਹੇ ਹੋ?"

"ਕੋਈ ਪੰਦਰਾਂ ਕੁ ਸਾਲ ਹੋ ਗਏ। ਪਹਿਲਾਂ ਮੈਂ ਸ਼ਿਕਾਗੋ ਪੜ੍ਹਦਾ ਸਾਂ। ਫੇਰ ਸਿਟੀਜ਼ਨਸ਼ਿਪ ਲੈ ਲਈ।"


"ਹਾਓ ਡੂ ਯੂ ਲਾਈਕ ਇਟ ਦੇਅਰ?"

"ਇਟ ਇਜ਼ ਓ ਕੇ। ਕਹਿੰਦੇ ਨੇ, ਜਿੱਥੇ ਵੇਖਾਂ ਤਵਾ ਪਰਾਤ, ਓਥੇ ਗਾਵਾਂ ਸਾਰੀ ਰਾਤ।" ਤੇ ਦੋਵੇਂ ਹੱਸ ਪਏ।

"ਤੁਸੀਂ ਏਨੇ ਸਾਲ ਬਾਹਰ ਰਹਿ ਕੇ ਵੀ ਠੇਠ ਪੰਜਾਬੀ ਬੋਲ ਲੈਂਦੇ ਹੋ।"

"ਆਪਣੀ ਮਾਂ ਬੋਲੀ ਵੀ ਕਦੇ ਭੁਲਦੀ ਹੈ? ਅਮੈਰਿਕਾ ਵਿਚ ਰਹਿ ਕੇ ਵੀ ਪੰਜਾਬੀ ਲਿਟਰੇਚਰ ਵਿਚ ਮੇਰੀ ਖਾਸ ਰੁਚੀ ਰਹੀ ਹੈ।"

"ਉਹ ਤਾਂ ਤੁਹਾਡੇ ਹੱਥ ਵਿਚ 'ਨਾਗਮਣੀ' ਰਸਾਲਾ ਵੇਖਦਿਆਂ ਹੀ ਸਮਝ ਗਈ ਸਾਂ।"



"ਮੈਂ ਤਾਂ ਲਿਖਦਾ ਵੀ ਪੰਜਾਬੀ ਵਿਚ ਹਾਂ। ਏਸ ਅੰਕ ਵਿਚ ਮੇਰੀ ਇਕ ਕਹਾਣੀ ਵੀ ਛਪ ਕੇ ਆਈ ਹੈ।"

"ਇੰਟਰੈਸਟਿੰਗ। ਕੀ ਤੁਹਾਡੀ ਸ਼ਾਦੀ ਹੋ ਗਈ।"

"ਕਦੀ ਹੋਈ ਸੀ।"

"ਫੇਰ?"

"ਬੱਸ ਉਹ ਇਕ ਸੁਫ਼ਨਾ ਹੀ ਹੋ ਕੇ ਰਹਿ ਗਈ। ਮੇਰੀ ਪਤਨੀ ਚੰਡੀਗੜ੍ਹ ਦੇ ਇਕ ਰਿਟਾਇਰਡ ਬ੍ਰਿਗੇਡੀਅਰ ਦੀ ਬੇਟੀ ਸੀ। ਸ਼ਾਦੀ ਤੋਂ ਇਕ ਸਾਲ ਬਾਅਦ ਹੀ ਉਸ ਨੇ ਰੱਟ ਲਗਾਈ, ਮੇਰੇ ਮੰਮੀ-ਡੈਡੀ ਨੂੰ ਬੁਲਾਣਾ ਹੈ। ਮੇਰੇ ਛੋਟੇ ਭੈਣ-ਭਰਾ ਨੂੰ ਬੁਲਾਣਾ ਹੈ। ਹੌਲੀ-ਹੌਲੀ ਉਹ ਸਾਰੇ ਆ ਗਏ, ਤੇ ਮੇਰੀ ਛੁੱਟੀ ਹੋ ਗਈ।"

"ਕੀ ਗੱਲ ਤਲਾਕ ਹੋ ਗਿਆ?"

"ਮੇਰਾ ਤਾਂ ਸਭ ਕੁਝ ਹੀ ਚਲਾ ਗਿਆ। ਇਕ ਲੜਕਾ ਹੈ, ਅੱਜ ਉਸ ਦੀ ਸ਼ਕਲ ਵੇਖਣ ਨੂੰ ਵੀ ਤਰਸਦਾ ਹਾਂ।"

"ਪਰ ਐਸਾ ਕਿਉਂ ਹੋਇਆ?"

"ਮੈਂ ਇਕ ਸਾਧਾਰਨ ਪਰਿਵਾਰ 'ਚੋਂ ਉਠਿਆ ਹਾਂ। ਚਾਦਰ ਵੇਖ ਕੇ ਪੈਰ ਪਸਾਰਨ ਦੀ ਮੇਰੀ ਆਦਤ ਹੈ। ਇਹ ਮਿਲਟਰੀ ਅਫ਼ਸਰਾਂ ਵਿਚ ਬੜੀ ਫੂੰ-ਫਾਂ ਹੁੰਦੀ ਹੈ। ਆਉਂਦੀ ਹੀ ਕਹਿਣ ਲੱਗੀ, ਮੈਨੂੰ ਨੌਕਰ ਚਾਹੀਦੈ। ਮੈਂ ਤਾਂ ਕਦੇ ਘਰ ਕੰਮ ਨਹੀਂ ਕੀਤਾ। ਬੱਚਾ ਹੋਇਆ ਤਾਂ ਕਹਿੰਦੀ ਮੈਨੂੰ 'ਮੇਡ' ਰੱਖ ਕੇ ਦਿਓ। ਸਾਡੇ ਘਰ ਵਿਚ ਤਾਂ 'ਆਰਡਰਲੀ' ਹੁੰਦੇ ਸਨ। ਰੋਜ਼ ਖਿਟ-ਖਿਟ ਰਹਿਣੀ। ਉਸ ਦੇ ਮਾਂ-ਬਾਪ, ਭੈਣ-ਭਰਾ ਦੇ ਆਉਣ ਨਾਲ ਤਾਂ ਸਮੱਸਿਆਵਾਂ ਏਨੀਆਂ ਗੰਭੀਰ ਹੋ ਗਈਆਂ ਕਿ ਸਾਹ ਲੈਣਾ ਮੁਸ਼ਕਿਲ ਹੋ ਗਿਆ। ਆਖਿਰ ਭਰਿਆ-ਭਰਾਇਆ ਘਰ ਉਸ ਦੇ ਹਵਾਲੇ ਕਰ ਕੇ ਮੈਂ ਲਾਂਭੇ ਹੋ ਗਿਆ।"

"ਆਈ ਐਮ ਸੌਰੀ।" ਇੰਦਰਾ ਨੇ ਅਫ਼ਸੋਸ ਜ਼ਾਹਰ ਕੀਤਾ। ਅਜੀਤ ਕੁਝ ਏਨਾ ਭਾਵੁਕ ਹੋ ਗਿਆ, ਉਸ ਨੇ ਗ਼ਮ ਗ਼ਲਤ ਕਰਨ ਲਈ ਫ਼ਲਾਈਟ ਅਟੈਂਡੈਂਟ ਕੋਲੋਂ ਸਕਾਚ ਐਂਡ ਸੋਡਾ ਮੰਗ ਲਿਆ।

"ਕਿੰਨਾ ਚਿਰ ਹੋਇਆ, ਏਸ ਗੱਲ ਨੂੰ?" ਇੰਦਰਾ ਨੇ ਫੇਰ ਗੱਲ ਸ਼ੁਰੂ ਕੀਤੀ।

"ਕੋਈ ਤਿੰਨ ਸਾਲ ਹੋ ਗਏ। ਹੁਣ ਤਾਂ ਬੱਸ ਮੈਂ ਇਕ ਅਪਾਰਟਮੈਂਟ ਵਿਚ ਰਹਿੰਦਾ ਹਾਂ ਤੇ ਖਾਲੀ-ਖਾਲੀ ਜ਼ਿੰਦਗੀ ਜੀਅ ਰਿਹਾ ਹਾਂ। ਦਿਨੇ ਕੰਮ ਕਰਦਾ ਹਾਂ। ਘਰ ਆ ਕੇ ਕਦੀ ਡਿਨਰ ਮੰਗਵਾ ਕੇ ਖਾ ਲਿਆ, ਕਦੇ ਰੈਸਟੋਰੈਂਟ ਵਿਚੋਂ ਖਾ ਆਇਆ। ਵਿਹਲ ਵੇਲੇ ਪੜ੍ਹਦਾ ਰਹਿੰਦਾ ਹਾਂ। ਮੇਰਾ ਕੋਈ ਦੋਸਤ ਨਹੀਂ, ਕਿਤਾਬਾਂ ਤੋਂ ਸਿਵਾ। ਮੈਂ ਕਿੱਥੇ ਆਪਣੀ ਰਾਮ ਕਹਾਣੀ ਛੇੜ ਬੈਠਾ।"

"ਨਹੀਂ ਅਜੀਤ ਜੀ, ਮੈਂ ਸੋਚਦੀ ਸਾਂ, ਮੈਂ ਹੀ ਇਸ ਦੁਨੀਆਂ ਵਿਚ ਇਕੱਲੀ ਦੁਖੀ ਹਾਂ। ਪਰ 'ਨਾਨਕ ਦੁਖੀਆ ਸਭ ਸੰਸਾਰ' ਵਾਲੀ ਗੱਲ ਤਾਂ ਸੋਲਾਂ ਆਨੇ ਸੱਚ ਹੈ। ਜੇ ਮੈਂ ਆਪਣੇ ਬਾਰੇ ਦੱਸਣ ਲੱਗੀ ਤਾਂ ਰਾਤ ਹੋ ਜਾਣੀ ਹੈ।"

"ਚਲੋ ਆਪਾਂ ਕਿਹੜਾ ਕਿਤੇ ਜਾਣਾ ਹੈ। ਲੰਡਨ ਪਹੁੰਚਦਿਆਂ, ਅੱਜ ਦੀ ਰਾਤ ਤਾਂ ਆਪਣੀ ਹੀ ਹੈ।" ਅਜੀਤ ਨੇ ਸਕਾਚ ਦਾ ਘੁੱਟ ਭਰਦਿਆਂ ਕਿਹਾ।

"ਮੇਰੇ ਮਾਤਾ-ਪਿਤਾ ਲੰਡਨ ਵਿਚ ਰਹਿੰਦੇ ਨੇ। ਕੋਈ ਅੱਠ ਸਾਲ ਪਹਿਲਾਂ ਮੇਰੀ ਸ਼ਾਦੀ ਨੈਰੋਬੀ ਦੇ ਇਕ ਰੱਜੇ-ਪੁੱਜੇ ਘਰ ਵਿਚ ਹੋਈ। ਮੇਰਾ ਪਤੀ ਬੜਾ ਸੁਨੱਖਾ ਸੀ। ਉਹ ਰੇਸ-ਕਾਰਾਂ ਦਾ ਮਕੈਨਿਕ ਸੀ। ਮੈਂ ਇਕ ਸਕੂਲ ਵਿਚ ਸਾਇੰਸ ਟੀਚਰ ਹੁੰਦੀ ਸਾਂ। ਸਾਡੇ ਵਿਆਹ ਦੇ 3-4 ਸਾਲ ਬੜੇ ਸੋਹਣੇ ਲੰਘੇ। ਅਸੀਂ ਕਈ ਮੁਲਕਾਂ, ਸ਼ਹਿਰਾਂ ਦੀ ਸੈਰ ਕੀਤੀ। ਜਰਮਨੀ, ਹਵਾਈ, ਲਾਸ ਏਂਜਲਸ, ਨਿਆਗਰਾ ਫਾਲ, ਖੁਜ-ਰਾਹੋ, ਨਨਕਾਣਾ ਸਾਹਿਬ। ਲਗਦਾ ਸੀ ਜਿਵੇਂ ਰੱਬ ਨੇ ਸਾਰੀਆਂ ਬਰਕਤਾਂ ਨਾਲ ਸਾਡਾ ਜੀਵਨ ਭਰਪੂਰ ਕਰ ਦਿੱਤਾ ਹੋਵੇ।"

"ਫੇਰ ਮੇਰੀ ਜ਼ਿੰਦਗੀ ਵਿਚ ਇਕ ਅਨੋਖਾ ਮੋੜ ਆਇਆ। ਮੇਰੇ ਪਤੀ ਨੂੰ ਕਾਰ-ਰੇਸਿੰਗ ਵਿਚ ਰੁਚੀ ਪੈਦਾ ਹੋ ਗਈ। ਤੇ ਦੋ ਸਾਲਾਂ ਵਿਚ ਹੀ ਉਸ ਨੇ ਬੜੀ ਮਸ਼ਹੂਰੀ ਹਾਸਲ ਕਰ ਲਈ।"

"ਕੀ ਨਾਂ ਏ ਉਨ੍ਹਾਂ ਦਾ?"

"ਹੈਰੀ ਗਿੱਲ।"

"ਲਓ, ਹੈਰੀ ਗਿੱਲ ਨੂੰ ਕੌਣ ਨਹੀਂ ਜਾਣਦਾ? ਉਹ ਤਾਂ ਇੰਟਰਨੈਸ਼ਨਲ-ਫ਼ੇਮ ਦਾ ਕਾਰ-ਰੇਸਰ ਹੈ।"

"ਹਾਂ, ਪਰ ਉਸ ਦੀ ਇਹ ਮਸ਼ਹੂਰੀ ਮੇਰੇ ਵਿਆਹੁਤਾ ਜੀਵਨ ਲਈ ਘਾਤਕ ਸਾਬਤ ਹੋਈ। ਸੋਹਣਾ ਤਾਂ ਉਹ ਹੈ ਈ ਸੀ। ਉਸ ਦੀ ਸ਼ੋਹਰਤ ਅਤੇ ਦੌਲਤ ਕਰਕੇ ਕਈ ਅਫ਼ਰੀਕਨ ਕਬੀਲਿਆਂ ਦੀਆਂ ਰਾਜ ਕੁਮਾਰੀਆਂ, ਅਮੀਰ ਗੋਰੀਆਂ ਕੁੜੀਆਂ ਤੇ ਹਿੰਦੁਸਤਾਨ ਦੀਆਂ ਐਕਟਰੈਸਾਂ ਨਾਲ ਉਸ ਦਾ ਸੰਪਰਕ ਹੋ ਗਿਆ ਤੇ ਉਹ ਇਕ ਹੋਰ ਹੀ ਦੁਨੀਆਂ ਵਿਚ ਰਹਿਣ ਲੱਗ ਪਿਆ। ਰੁਮਾਂਸ ਦੀ ਦੁਨੀਆਂ, ਐਯਾਸ਼ੀ ਦੀ ਦੁਨੀਆਂ।"

"ਮੈਂ ਬੜੀ ਕਲਪੀ, ਪਿਛਲੇ ਪਿਆਰ ਦੇ ਵਾਸਤੇ ਪਾਏ। ਪਰ ਉਹ ਮੈਥੋਂ ਬਹੁਤ ਦੂਰ ਜਾ ਚੁੱਕਾ ਸੀ। ਸਾਡੀ ਕਈ ਏਕੜ ਵਿਚ ਫੈਲੀ ਮੈਨਸ਼ਨ ਵਿਚ ਆਏ ਦਿਨ ਜਸ਼ਨ, ਡਾਂਸ ਪਾਰਟੀਆਂ ਹੁੰਦੀਆਂ। ਮੇਰਾ ਤਾਂ ਵਜੂਦ ਹੀ ਖਤਮ ਹੋ ਗਿਆ। ਉਸ ਦੇ ਨਵੇਂ ਸਜਾਏ ਬੈਡ-ਰੂਮ ਵਿਚ ਜਾਣ ਲਈ ਮੈਨੂੰ ਵੀ ਬੂਹਾ ਖੜਕਾਣਾ ਪੈਂਦਾ। ਕਈ ਵਾਰੀ ਉਹ ਆਪਣੀਆਂ ਨਵੀਆਂ ਸਾਥਣਾਂ ਸਣੇ, ਵਸਤਰ-ਹੀਨ ਦਿਸਦਾ ਤਾਂ ਮੈਨੂੰ ਅੱਗ ਲਗ ਉਠਦੀ। ਜਦੋਂ ਮੈਂ ਰੋਸ ਪ੍ਰਗਟ ਕਰਦੀ ਤਾਂ ਮਾਰ ਕੁਟਾਈ ਤੇ ਉਤਰ ਆਉਂਦਾ।"

"ਹੁਣ ਉਹ ਪਹਿਲਾਂ ਵਾਲਾ ਪਿਆਰਾ ਹੈਰੀ ਮਕੈਨਿਕ ਨਹੀਂ ਸੀ ਰਿਹਾ। ਉਹ ਇਕ ਵੀ.ਆਈ.ਪੀ ਬਣ ਚੁੱਕਾ ਸੀ। ਮੈਂ ਦੋ ਵਾਰੀ ਰੁੱਸ ਕੇ ਲੰਡਨ ਚਲੀ ਗਈ, ਪਰ ਉਸ ਵਿਚ ਕੋਈ ਤਬਦੀਲੀ ਨਾ ਆਈ।" ਇੰਦਰਾ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਉਸ ਨੇ ਏਅਰ-ਹੋਸਟੈਸ ਨੂੰ ਕਹਿ ਕੇ ਇਕ ਹੋਰ ਡਰਿੰਕ ਮੰਗਵਾ ਲਈ।

"ਕੀ ਉਸ ਦੇ ਮਾਂ-ਬਾਪ, ਜਾਂ ਸਕੇ ਸੰਬੰਧੀਆਂ ਦੇ ਆਖੇ ਦਾ ਵੀ ਉਸ 'ਤੇ ਕੋਈ ਅਸਰ ਨਾ ਹੋਇਆ?" ਅਜੀਤ ਨੇ ਹਮਦਰਦੀ ਜ਼ਾਹਰ ਕੀਤੀ।

"ਜਦੋਂ ਆਦਮੀ 'ਤੇ ਵਾਸ਼ਨਾ ਅਤੇ ਹੰਕਾਰ ਦਾ ਭੂਤ ਸਵਾਰ ਹੋ ਜਾਵੇ ਤਾਂ ਉਹ ਕਿਸੇ ਦਲੀਲ ਜਾਂ ਸ਼ਿਸ਼ਟਾਚਾਰ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦਾ। ਮੈਂ ਕਈ ਵਾਰੀ ਮੈਰਿਜ-ਕਾਊਂਸਲਰ ਦੀ ਅਪੁਆਇੰਟਮੈਂਟ ਵੀ ਬਣਾਈ ਪਰ ਉਹ ਇਕ ਵਾਰੀ ਵੀ ਮੇਰੇ ਨਾਲ ਨਹੀਂ ਗਿਆ। ਮੈਨੂੰ ਕੱਲੀ ਨੂੰ ਛੱਡ ਕੇ ਕਈ ਕਈ ਹਫ਼ਤੇ ਕਦੀ ਪੈਰਿਸ, ਕਦੀ ਰੋਮ, ਕਦੀ ਬੈਂਕਾਕ ਚਲਾ ਜਾਂਦਾ। ਆਖਿਰ ਨੂੰ ਮੈਂ ਉਸ ਦੀ ਹਵੇਲੀ ਵਿਚ ਰਹਿਣਾ ਹੀ ਛੱਡ ਦਿੱਤਾ।"

"ਭਾਵੇਂ ਮੈਂ ਪੱਛਮੀ ਸੱਭਿਅਤਾ ਵਿਚ ਹੀ ਪਲੀ ਹਾਂ, ਪਰ ਹਮੇਸ਼ਾ ਇਹੀ ਸੋਚਦੀ ਰਹੀ ਕਿ ਪਿਆਰ ਦੇ ਰਿਸ਼ਤੇ ਕਦੇ ਨਹੀਂ ਟੁੱਟਦੇ। ਇਹ ਤਾਂ ਜਨਮਾਂ-ਜਨਮਾਂਤਰਾਂ ਦੇ ਬੰਧਨ ਹੁੰਦੇ ਨੇ। ਪਰ ਸ਼ਾਇਦ ਇਹ ਮੇਰਾ ਵਹਿਮ ਸੀ। ਨਿਰਾ ਸੁਫ਼ਨਾ, ਜੋ ਮੈਂ ਫੋਕੇ ਵਾਅਦਿਆਂ ਦੀਆਂ ਉਧਾਰੀਆਂ ਤੰਦਾਂ ਨਾਲ ਬੁਣਦੀ ਰਹੀ ਤੇ ਜਦੋਂ ਜ਼ਿੰਦਗੀ ਦੇ ਕੌੜੇ ਸੱਚ ਸਾਹਮਣੇ ਆਏ ਤਾਂ ਸਭ ਕੁਝ ਢਹਿ-ਢੇਰੀ ਹੋ ਚੁੱਕਾ ਸੀ। ਦੋ ਸਾਲਾਂ ਦੀ ਸੈਪਰੇਸ਼ਨ ਬਾਅਦ ਆਖਿਰ ਪਿਛਲੇ ਮਹੀਨੇ ਸਾਡਾ ਡਾਈਵੋਰਸ ਹੋ ਗਿਆ। ਮੈਨੂੰ ਲੱਗਾ ਜਿਵੇਂ ਅਦਾਲਤ ਨੇ ਸਾਡੇ ਪਿਆਰ ਦਾ ਮਰਸੀਆ ਪੜ੍ਹ ਦਿੱਤਾ ਹੋਵੇ। ਮੇਰੇ ਹਿੱਸੇ ਇਕ ਪੁਰਾਣਾ ਮਕਾਨ ਆਇਆ, ਓਹੀ ਮਕਾਨ ਜਿਸ ਵਿਚ ਮੈਂ ਅੱਠ ਵਰ੍ਹੇ ਪਹਿਲਾਂ ਸ਼ਗਨਾਂ ਦੇ ਕਲੀਰੇ ਬੰਨ੍ਹ ਕੇ ਦੁਲਹਨ ਦੇ ਰੂਪ ਵਿਚ ਪੈਰ ਧਰਿਆ ਸੀ। ਜਿਸ ਦੇ ਚੱਪੇ-ਚੱਪੇ ਵਿਚ ਮੇਰੀ ਜਵਾਨੀ ਦੀਆਂ ਯਾਦਾਂ ਵਿਛੀਆਂ ਹੋਈਆਂ ਸਨ। ਸੋਚਿਆ ਜੇ ਮੇਰਾ ਪਿਆਰ ਹੀ ਖੁੱਸ ਗਿਆ, ਤਾਂ ਮਕਾਨਾਂ ਦਾ ਕੀ ਕਰਨੈਂ। ਪਿਛਲੇ ਹਫ਼ਤੇ ਉਹ ਮਕਾਨ ਵੀ ਵਿਕ ਗਿਆ। ਜਦੋਂ ਮੈਂ ਨਵੇਂ ਮਾਲਕਾਂ ਨੂੰ ਅੱਜ ਚਾਬੀਆਂ ਫੜਾਈਆਂ ਤਾਂ ਮੈਂ ਉਸ ਦੇ ਕੰਧਿਆਂ ਨਾਲ ਲੱਗ ਲੱਗ ਕੇ ਧਾਹਾਂ ਮਾਰੀਆਂ। ਅੱਜ ਕਿੰਨੇ ਵਰ੍ਹਿਆਂ ਦੇ ਹਿਟਕੋਰਿਆਂ ਬਾਅਦ ਮੈਂ ਆਪਣੇ ਸਹੁਰਿਆਂ ਦੇ ਸ਼ਹਿਰ ਨੂੰ ਸਦਾ ਲਈ ਅਲਵਿਦਾ ਕਹਿ ਦਿੱਤਾ।"

ਪਰ ਸ਼ਾਇਦ ਅਜੇ ਵੀ ਉਸ ਦੀ ਹਿੱਕ ਵਿਚੋਂ ਕਿੰਨੇ ਹੀ ਹੋਰ ਹਿਟਕੋਰੇ ਕਿਸੇ ਸੱਜਰੇ ਹਮਸਫ਼ਰ ਦੀ ਹਮਦਰਦੀ ਦੀ ਨਜ਼ਰ ਹੋਣੇ ਬਾਕੀ ਸਨ। ਉਹ ਸਿਸਕ ਉਠੀ, ਤੇ ਅੱਖਾਂ ਛਮ-ਛਮ ਵਰ੍ਹ ਪਈਆਂ। ਅਜੀਤ ਨੇ ਉਸ ਨੂੰ ਠਰ੍ਹਮਾ ਦੇਣ ਲਈ ਆਪਣਾ ਰੁਮਾਲ ਪੇਸ਼ ਕੀਤਾ ਜੋ ਲੈਣ ਦੇ ਯਤਨ ਵਿਚ ਇੰਦਰਾ ਨੇ ਅਣਜਾਣੇ ਹੀ ਉਸ ਦਾ ਹੱਥ ਬੋਚ ਲਿਆ। ਜਿਵੇਂ ਉਹ ਕਿਸੇ ਵਹਿਣ ਵਿਚ ਰੁੜ੍ਹਦੀ ਜਾਂਦੀ, ਅੱਕੀ-ਪਲਾਹੀਂ ਹੱਥ ਮਾਰਦੀ ਹੋਈ ਕਿਸੇ ਤਿਨਕੇ ਦਾ ਸਹਾਰਾ ਲਭਦੀ ਹੋਵੇ।

"ਨਹੀਂ ਇੰਦਰਾ ਜੀ, ਤੁਸੀਂ ਏਨੀ ਛੇਤੀ ਦਿਲ ਨਹੀਂ ਛੱਡ ਸਕਦੇ। ਤੁਸੀਂ ਤਾਂ ਏਨੇ ਸੁੰਦਰ ਹੋ, ਅਜੇ ਤੁਹਾਡੀ ਉਮਰ ਹੀ ਕੀ ਹੈ। ਤੁਹਾਡੇ ਜਿਹੀ ਸੁਹਿਰਦ ਸਾਥਣ ਲਈ ਤਾਂ ਕਿੰਨੇ ਯੁਵਕ-ਹੱਥ...।" ਉਸ ਨੇ ਦੂਸਰੇ ਹੱਥ 'ਚ ਰੁਮਾਲ ਫੜ ਕੇ ਉਸ ਦੀਆਂ ਗੱਲ੍ਹਾਂ ਤੋਂ ਰੁੜ੍ਹਦੇ ਅੱਥਰੂ ਪੂੰਝ ਦਿਤੇ। ਇੰਦਰਾ ਨੇ ਉਸ ਵੱਲ ਇਕ ਮਾਸੂਮ ਤੱਕਣੀ ਨਾਲ ਵੇਖਿਆ ਤੇ ਪਤਾ ਨਹੀਂ ਕੀ ਸੋਚਦੀ ਨੇ ਆਪਣਾ ਸਿਰ ਉਸ ਦੇ ਮੋਢੇ ਨਾਲ ਜੋੜ ਕੇ ਅੱਖਾਂ ਮੀਟ ਲਈਆਂ।

ਕੋਲੋਂ ਲੰਘਦੀ ਏਅਰ-ਹੋਸਟੈਸ ਨੇ ਉਸਦੇ ਸਾਹਮਣੀ ਸ਼ੈਲਫ਼ ਤੋਂ ਸਕਾਚ ਦਾ ਖਾਲੀ ਗਲਾਸ ਫੜ ਲਿਆ ਤੇ ਮੁਸਕਰਾਉਂਦੀ ਹੋਈ ਚਲੀ ਗਈ।

## ਮਿੰਨੀ ਕਹਾਣੀ

### ਸਭਿਆਚਾਰ

ਉਸ ਨੇ ਆਪਣੀ ਬੇਬੇ ਨੂੰ ਖੜ੍ਹੇ ਚਰਖੇ ਅੱਗੇ ਬੈਠਿਆਂ ਕਦੇ ਨਹੀਂ ਸੀ ਵੇਖਿਆ। ਪਰ ਜਦ ਵੀ ਉਹ ਚਰਖੇ ਅੱਗੇ ਪਈ ਪੀੜ੍ਹੀ 'ਤੇ ਬੈਠਦੀ, ਚਰਖਾ ਘੂੰ-ਘੂੰ ਦੀ ਆਵਾਜ਼ ਨਾਲ ਘੁੰਮਣ ਲੱਗਦਾ ਤੇ ਰੂੰ ਦੀ ਪੂਣੀ ਉਪਰ ਥੱਲੇ ਹੁੰਦੀ ਨਜ਼ਰ ਆਉਂਦੀ। ਮਿੰਟਾਂ-ਸਕਿੰਟਾਂ ਵਿਚ ਤੱਕਲੇ 'ਤੇ ਗਲੋਟਾ ਜਿਹਾ ਬਣ ਜਾਂਦਾ, ਸ਼ਾਮ ਤਕ ਹੱਥ ਨਾਲ ਬਣੀ ਰੰਗ-ਬਿਰੰਗੀ ਟੋਕਰੀ ਗਲੋਟਿਆਂ ਨਾਲ ਭਰ ਜਾਂਦੀ।

"ਪਾਪਾ, ਅੱਜ ਕਾਲਜ 'ਚ ਸਭਿਆਚਾਰਕ ਪ੍ਰੋਗਰਾਮ ਹੈ, ਮੈਂ ਵੀ ਇੱਕ ਆਈਟਮ ਪੇਸ਼ ਕਰਨੀ ਹੈ," ਉਸ ਦੀ ਕਾਲਜੀਏਟ ਕੁੜੀ ਨੇ ਉਸ ਦੇ ਖਿਆਲਾਂ ਦੀ ਲੜੀ ਤੋੜ ਦਿੱਤੀ ਸੀ ਜੋ ਸਾਹਮਣੇ ਪਏ ਚਰਖੇ ਨੂੰ ਟਿਕ-ਟਿਕੀ ਲਗਾਈ ਬੈਠਾ ਕੁਝ ਸੋਚ ਰਿਹਾ ਸੀ।

"ਸ਼ਾਬਾਸ਼ ਪੁੱਤਰਾ! ਇਹ ਤਾਂ ਬੜੀ ਚੰਗੀ ਗੱਲ ਹੈ, ਪਰ ਤੁਸੀਂ ਕਿਹੜੀ ਆਈਟਮ ਪੇਸ਼ ਕਰਨੀ ਹੈ?" ਉਸ ਨੇ ਬੇਟੀ ਨੂੰ ਪੁੱਛਿਆ।

"ਪਾਪਾ ਮੈਂ ਤਾਂ ਸਿਰਫ ਚਰਖੇ ਅੱਗੇ ਬੈਠਣਾ ਹੀ ਹੈ ਪਰ ਬਾਕੀ ਕੁੜੀਆਂ ਨੱਚਦੀਆਂ ਹੋਈਆਂ ਗਾਣਾ ਗਾਉਣਗੀਆਂ, "ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨਾ।" ਹੁਣ ਸੱਚ-ਮੁੱਚ ਉਸ ਦੇ ਵੀ ਹੌਕੇ ਨਿਕਲ ਆਏ ਸਨ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਪ੍ਰੋਫੈਸਰ ਮੀਸ਼ਾ

***ਸ.ਸ. ਮੀਸ਼ਾ (30 ਅਗਸਤ 1934-22 ਸਤੰਬਰ 1986) ਬਹੁਪੱਖੀ ਪ੍ਰਤਿਭਾ ਵਾਲਾ ਸ਼ਾਇਰ ਹੋਇਆ ਹੈ, ਉਹਨੇ ਹਰ ਵਿਸ਼ੇ 'ਤੇ ਹਰ ਭਾਂਤ ਦੀ ਕਵਿਤਾ ਕਹੀ। ਉਹਦੀ ਕਵਿਤਾ ਦਾ ਠੁਮਕਾ ਬਹੁਤ ਨਿਵੇਕਲਾ ਤੇ ਰੰਗ ਗੂੜ੍ਹਾ ਸੀ। ਉਹਨੇ ਕਵਿਤਾ ਰਚਨਾ ਵਿਚ ਆਪਣੀ ਖਾਸ ਸ਼ੈਲੀ ਸ਼ੁਰੂ ਵਿਚ ਹੀ ਬਣਾ ਲਈ ਸੀ ਜੋ ਉਹਦੀ ਹਰ ਰਚਨਾ ਵਿਚ ਪ੍ਰਤੱਖ ਤੇ ਪ੍ਰਚੰਡ ਹੁੰਦੀ। ਇਸ ਲੇਖ ਵਿਚ ਮੀਸ਼ੇ ਦੇ ਇਕ ਸ਼ਿਸ਼ ਦੋਸਤ ਕੇ.ਐਸ. ਪੱਡਾ ਨੇ ਉਹਦੇ ਅਤੇ ਉਹਦੀਆਂ ਕੁਝ ਕਵਿਤਾਵਾਂ ਦੇ ਮੁੱਢਲੇ ਸਿਰਜਨਾਤਮਕ ਸਫਰ ਬਾਰੇ ਦਿਲਚਸਪ ਗੱਲਾਂ ਕੀਤੀਆਂ ਹਨ। -ਸੰਪਾਦਕ***

**ਕੇ.ਐਸ. ਪੱਡਾ**

ਗੱਲ 1957 ਦੀ ਹੈ ਜਦੋਂ ਪੰਜਾਬ ਵਿਚ ਸਮਾਜਕ, ਸਭਿਆਚਾਰਕ ਤੇ ਵਿਦਿਅਕ ਜਾਗਰੂਕਤਾ ਦੀ ਲਹਿਰ ਚੱਲ ਰਹੀ ਸੀ। ਪਿੰਡਾਂ ਵਿਚ ਥਾਂ-ਥਾਂ ਸਰਕਾਰ ਜਾਂ ਲੋਕਲ ਗਰੁਪਾਂ ਦੇ ਉਦਮ ਨਾਲ ਉਗਰਾਹੀਆਂ ਕਰ ਕੇ, ਸ਼੍ਰਮਦਾਨ ਰਾਹੀਂ ਸਕੂਲਾਂ, ਕਾਲਜਾਂ, ਸੜਕਾਂ ਆਦਿ ਦੀ ਉਸਾਰੀ ਚੱਲ ਰਹੀ ਸੀ। ਪਿੰਡ-ਪਿੰਡ ਸਾਹਿਤ ਸਭਾਵਾਂ, ਸਭਿਆਚਾਰਕ ਮੇਲੇ ਹੋ ਰਹੇ ਸਨ ਤੇ ਇਨ੍ਹੀਂ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਇਲਾਕਾ ਬਿਆਸ ਵਿਚ ਨੈਸ਼ਨਲ ਕਾਲਜ ਦਾ ਆਗਾਜ਼ ਹੋਇਆ। ਇਹ ਲੋਕਲ ਉਦਮ ਸੀ ਜੋ ਬਾਬਾ ਬੁੱਧ ਸਿੰਘ ਦੀ ਅਗਵਾਈ ਵਿਚ ਪਿੰਡਾਂ ਵਿਚ ਉਗਰਾਹੀ ਕਰ ਕੇ ਅਤੇ ਇਲਾਕੇ ਦੇ ਅਗਾਂਹਵਧੂ ਲੋਕਾਂ ਦੀ ਜ਼ੋਰਦਾਰ ਹਮਾਇਤ ਨਾਲ ਤੁਰਿਆ। ਬਾਬਾ ਬੁੱਧ ਸਿੰਘ ਆਜ਼ਾਦੀ ਤੋਂ ਪਹਿਲਾਂ ਬਹੁਤੀ ਜ਼ਿੰਦਗੀ ਮਲਾਇਆ ਵਿਚ ਰਹੇ ਅਤੇ ਆਜ਼ਾਦੀ ਦੀ ਲਹਿਰ ਵਿਚ ਪੁਰਜ਼ੋਰ ਹਿੱਸਾ ਲੈਣ ਕਰ ਕੇ 'ਮਲਾਇਅਨ ਗਾਂਧੀ' ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਅੰਮ੍ਰਿਤਸਰ ਦੇ ਇਕ ਪ੍ਰਾਈਵੇਟ ਕਾਲਜ ਵਿਚੋਂ ਪੀ.ਸੀ. ਸ਼ਰਮਾ ਨੂੰ ਪ੍ਰਿੰਸੀਪਲ ਚੁਣਿਆ ਜੋ ਪੰਜਾਬ ਯੂਨੀਵਰਸਿਟੀ ਦੇ ਅਗਾਂਹਵਧੂ ਪ੍ਰੋ. ਵਰਿਆਮ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ ਨਾਲ ਦੋਸਤਾਨਾ ਸਬੰਧ ਰੱਖਦਾ ਸੀ। ਉਨ੍ਹਾਂ ਨੌਜਵਾਨ ਅਤੇ ਫੁਰਤੀ ਵਾਲਾ ਸਟਾਫ ਇਕੱਠਾ ਕੀਤਾ। ਦਿੱਲੀ ਤੋਂ ਪ੍ਰੋ. ਲਾਜਪਤ ਰਾਏ ਜੋ ਅਮਨ ਲਹਿਰ ਵਿਚ ਯੁਵਕ ਆਗੂ ਸੀ, ਅੰਮ੍ਰਿਤਸਰ ਤੋਂ ਪ੍ਰੋ. ਲਖਬੀਰ ਜੋ ਖੱਬੀ ਪਾਰਟੀ ਦਾ ਕਾਰਕੁਨ ਰਹਿ ਚੁੱਕਾ ਸੀ ਤੇ ਉਚ ਪਾਏ ਦਾ ਬੁਲਾਰਾ ਸੀ ਤੇ ਹੋਰ ਵੀ ਸਭ ਇਸੇ ਉਮਰ ਤੇ ਸੋਚ ਵਾਲੇ ਸਨ।

ਇਹ ਸੀ ਵਾਤਾਵਰਨ ਜਿਸ ਵਿਚ 25-26 ਸਾਲ ਦਾ ਸੋਹਣ ਸਿੰਘ ਮੀਸ਼ਾ ਅੰਗਰੇਜ਼ੀ ਦਾ ਪ੍ਰੋਫੈਸਰ ਬਣ ਕੇ ਸ਼ਾਮਲ ਹੋਇਆ। ਮੀਸ਼ਾ ਕਪੂਰਥਲੇ ਤੇ ਹੁਸ਼ਿਆਰਪੁਰ ਦੇ ਕਾਲਜਾਂ ਵਿਚ ਵਿਦਿਆਰਥੀ ਲੀਡਰ ਰਹਿ ਚੁੱਕਾ ਸੀ ਤੇ ਆਪਣੇ ਇਸ ਪਿਛੋਕੜ ਦੀਆਂ ਕਹਾਣੀਆਂ ਸਣਾਉਂਦਾ ਨਹੀਂ ਸੀ ਥੱਕਦਾ। ਕਪੂਰਥਲੇ ਕਿਸੇ ਰਸਾਲੇ ਦੇ ਸਮਾਗਮ ਵਿਚ ਉਸ ਨੇ ਕਵਿਤਾ ਕਹੀ ਜਿਸ ਦੀਆਂ ਦੋ ਸਤਰਾਂ ਇੰਜ ਸਨ: "ਕੋਲ ਮੇਰੇ ਇਕ ਕੁੜੀ ਖੜ੍ਹੀ ਸੀ/ਹੱਥ ਉਹਦੇ ਵਿਚ ਫੁੱਲਾਂ ਦਾ ਗੁਲਦਸਤਾ।" ਇਕ ਦਿਨ ਆਪਣੇ ਯਾਰਾਂ ਦੀ ਟੋਲੀ ਨਾਲ ਜਦੋਂ ਉਹ ਕਾਲਜ ਵਿਚ ਲਾਅਨ ਕੋਲ ਦੀ ਲੰਘ ਰਿਹਾ ਸੀ, ਉਥੇ ਕੁੜੀਆਂ ਦਾ ਟੋਲਾ ਬੈਠਾ ਸੀ। ਇਨ੍ਹਾਂ ਵਿਚੋਂ ਇਕ ਕੁੜੀ ਨੇ ਉਠ ਕੇ ਕਿਹਾ, "ਕੋਲ ਮੇਰੇ ਇਕ ਕੁੜੀ ਖੜ੍ਹੀ ਸੀ/ਹੱਥ ਉਹਦੇ ਚੱਪਲ ਫੜੀ ਸੀ।" ਦੋਵੇਂ ਟੋਲੇ ਖੁੱਲ੍ਹ ਕੇ ਹੱਸੇ, ਮੀਸ਼ੇ ਦਾ ਇਕ ਦੋਸਤ ਕਹਿੰਦਾ, "ਲੈ ਦੇਖ, ਜਿਹੜੀ ਤੁਕ ਤੈਥੋਂ ਨਹੀਂ ਜੁੜੀ, ਉਹਨੇ ਜੋੜ ਦਿੱਤੀ।"

ਹੁਸ਼ਿਆਰਪੁਰ ਨਾਲ ਉਹਨੂੰ ਖਾਸ ਮੋਹ ਸੀ। ਇਕ ਦਿਨ ਸਵੇਰੇ-ਸਵੇਰੇ ਹੁਸ਼ਿਆਰਪੁਰ ਦੀ ਬੱਸ ਵਿਚੋਂ ਉਤਰਿਆ ਤੇ ਮੇਰੀ ਬਾਂਹ ਫੜ ਕੇ ਕਹਿੰਦਾ, "ਚੱਲ ਆ ਇਕ ਗਰਮ ਸੁਣਾਵਾਂ।" ਜ਼ਾਹਿਰ ਸੀ ਕਿ ਹੁਸ਼ਿਆਰਪੁਰ ਦਾ ਸਰੂਰ ਅਜੇ ਵੀ ਸਿਰ ਚੜ੍ਹਿਆ ਹੋਇਆ ਸੀ। ਕੁਝ ਲਾਈਨਾਂ ਅੱਜ ਵੀ ਚੇਤੇ ਹਨ,

ਆਪ ਤੜਫੇਂਗੀ, ਆਪ ਆਵੇਂਗੀ
ਵਾਸਤੇ ਪਾ ਕੇ ਬੁਲਾਵੇਂਗੀ।
ਪ੍ਰਣ ਕਰਦਾ ਹਾਂ ਮੈਂ ਕਈ ਵਾਰੀ
ਜਦ ਕਦੇ ਵੀ ਜਾਗਦੀ ਹੈ ਖ਼ੁਦ-ਦਾਰੀ।
ਪਰ ਨੈਣਾਂ ਵਿਚ ਹਯਾ ਦੇ ਡੋਰੇ ਲੈ,
ਮਸਤੀ ਭਰੇ ਕਟੋਰੇ ਲੈ,
ਝਿਜਕਦੀ ਤੇ ਸੰਗਦੀ,
ਜਦ ਕੋਲ ਦੀ ਹੈ ਲੰਘਦੀ,
ਪ੍ਰਣ ਭੁੱਲਦੇ ਤੇ
ਜਜ਼ਬਿਆਂ ਕੋਲ ਬੋਲ ਥੁੜ ਜਾਂਦੇ।

ਮੀਸ਼ਾ ਅਸਲ ਵਿਚ ਭਾਵਾਂ ਦਾ ਲਿਖਾਰੀ ਸੀ ਤੇ ਕਿਸੇ ਭਾਵ ਨੂੰ ਡੂੰਘਾ ਮਹਿਸੂਸ ਕਰ ਕੇ, ਕਾਗਜ਼ 'ਤੇ ਉਤਾਰ ਦੇਣਾ ਉਹਦੀ ਕਲਾ ਸੀ। ਉਹ ਡੂੰਘੇ ਖਿਆਲਾਂ, ਵਿਚਾਰਾਂ, ਅਗਵਾਈਆਂ ਵਾਲੀ ਕਵਿਤਾ ਪਸੰਦ ਨਹੀਂ ਸੀ ਕਰਦਾ। ਇਕ ਸਾਦੀ ਜਿਹੀ ਕਵਿਤਾ ਵਿਚ ਉਹ ਗੱਡੀ ਉਤੇ ਸਫਰ ਕਰ ਰਿਹਾ ਹੈ ਤੇ ਉਸ ਦੇ ਸਾਹਮਣੇ ਇਕ ਲੜਕੀ ਤੇ ਇਕ ਬਜ਼ੁਰਗ ਬੈਠੇ ਨੇ। ਮੀਸ਼ੇ ਦੇ ਭਾਵ ਉਮੜ ਉਠੇ,

ਇਹ ਤੇਰੇ ਨਾਲ ਦੇ ਬੀਬੇ ਬਜ਼ੁਰਗ
ਸ਼ਾਇਦ ਤੇਰੇ ਬਾਪ ਨੇ ਜਾਂ ਹੋਰ ਕੁਝ
ਦੋ ਘੜੀ ਸੌਂ ਜਾਣ ਜੇ ਮੇਰੇ ਲਈ।

ਸਾਧਾਰਨ ਲਫ਼ਜ਼, ਡੂੰਘੇ ਭਾਵ... ਬੱਸ ਇਹ ਸੀ ਮੀਸ਼ਾ।

ਕਾਲਜ ਦਾ ਵਾਤਾਵਰਨ ਬੜਾ ਗੈਰ-ਰਸਮੀ ਜਿਹਾ ਸੀ। ਪ੍ਰੋਫੈਸਰ ਤੇ ਲੜਕੇ ਤਕਰੀਬਨ ਸਭ ਇਕ ਉਮਰ ਦੇ ਹੋਣ ਕਰ ਕੇ ਦੋਸਤਾਂ ਵਾਂਗ ਮਿਲਦੇ। ਕਵਿਤਾ ਵਿਚ ਦਿਲਚਸਪੀ ਹੋਣ ਕਰ ਕੇ ਮੇਰੀ ਮੀਸ਼ੇ ਨਾਲ ਆੜੀ ਪੈਣ ਵਿਚ ਬਹੁਤੀ ਦੇਰ ਨਾ ਲੱਗੀ। ਕਾਲਜ ਲਾਅਨ ਵਿਚ ਇਕ ਨੁੱਕਰੇ ਟੈਕਸ਼ਾਪ ਦੀ ਚਾਹ (ਜੋ ਲਾਅਨ ਵਿਚ ਬੈਠਿਆਂ ਮਿਲਦੀ ਹੁੰਦੀ ਸੀ) 'ਤੇ ਕਵਿਤਾ ਤੇ ਗੱਪ-ਸ਼ੱਪ ਦਾ ਸਿਲਸਿਲਾ ਸ਼ੁਰੂ ਹੋਇਆ। ਉਨ੍ਹੀਂ ਦਿਨੀਂ, ਤੇ ਸ਼ਾਇਦ ਬਾਅਦ ਵਿਚ ਵੀ ਕਵਿਤਾ ਮੀਸ਼ੇ ਦੀ ਵੱਡੀ ਖਬਤ ਸੀ। ਉਹ ਹਰ ਦੂਜੇ-ਤੀਜੇ ਕੁਝ ਨਵਾਂ ਲਿਖ ਲਿਆਉਂਦਾ ਤੇ ਮੈਨੂੰ ਲੱਭਦਾ ਫਿਰਦਾ। ਕਵਿਤਾ ਸਣਾਉਣ ਵੇਲੇ ਉਹਨੂੰ ਦਾਦ ਹੀ ਜ਼ਰੂਰਤ ਹੁੰਦੀ। ਲੱਭਣ ਤੋਂ ਬਾਅਦ ਦੋ ਕੱਪ ਚਾਹ ਦਾ ਆਰਡਰ ਦੇ ਕੇ ਕਹਿੰਦਾ,



*ਐਸ.ਐਸ. ਮੀਸ਼ਾ*

"ਬਹਿ ਜਾਹ, ਬਿਲਕੁਲ ਨਵੀਂ ਹੈ, ਇੰਨੀ ਨਵੀਂ ਹੈ ਕਿ ਅਜੇ ਸੇਕ ਆ ਰਿਹਾ ਵਿਚੋਂ।" ਪਿੰਗਲ ਦਾ ਪਤਾ ਨਹੀਂ ਉਹ ਕਿੰਨਾ ਕੁ ਧਿਆਨ ਰੱਖਦਾ, ਪਰ ਉਹਦੇ ਬੰਦ ਇਕਦਮ ਸਮਤੋਲ ਹੁੰਦੇ। ਉਹਦਾ ਬਾਂਹ ਚੁੱਕ ਕੇ, ਸਿਰ ਹਿਲਾ ਕੇ ਸੁਣਾਉਣ ਦਾ ਢੰਗ ਇਸ ਨੂੰ ਹੋਰ ਵੀ ਪ੍ਰਤੱਖ ਕਰ ਦਿੰਦਾ ਤੇ ਖੁੱਲ੍ਹੀ ਕਵਿਤਾ ਦੀ ਛੰਦਾ-ਬੰਦੀ ਵੀ ਠੁੱਕ ਸਿਰ ਕਰ ਦਿੰਦਾ।

ਸਠਿਆਲਾ ਵੱਡਾ ਪਿੰਡ ਹੈ ਤੇ ਮੀਸ਼ੇ ਵਾਸਤੇ ਕਾਫੀ ਅਕਾਊ ਹੋਵੇਗਾ। ਮੌਕਾ ਮਿਲਦੇ ਸਾਰ ਉਹ ਅੰਮ੍ਰਿਤਸਰ, ਜਲੰਧਰ ਜਾਂ ਵਡਾਲੇ ਜਾ ਵੜਦਾ। ਉਨ੍ਹੀਂ ਦਿਨੀਂ ਕਵੀ ਦਰਬਾਰਾਂ ਦਾ ਦੌਰ ਸੀ। ਬ੍ਰਮਨ, ਬਲੱਗਣ ਤੇ ਸ਼ਿਵ ਕੁਮਾਰ ਉਹਦੇ ਜੋਟੀਦਾਰ ਸਨ। ਉਹਨੂੰ ਸਟੇਜ ਦਾ ਠਰਕ ਜਿਹਾ ਹੋਣ ਲੱਗਾ ਸੀ ਤੇ ਇਨ੍ਹਾਂ ਸ਼ਹਿਰ ਫੇਰੀਆਂ ਤੋਂ ਆਉਂਦੇ ਵਕਤ ਕਿਸੇ ਨਾ ਕਿਸੇ ਨੂੰ ਨਾਲ ਫੜ ਲਿਆਉਂਦਾ। ਕਈ ਵਾਰ ਤਾਂ ਲੱਗਦਾ ਕਿ ਉਹਨੂੰ ਇਕੱਲੇਪਣ ਤੋਂ ਡਰ ਲੱਗਦਾ ਸੀ। ਫਿਰ ਸਠਿਆਲੇ ਅਕਸਰ, ਐਤਵਾਰ ਸ਼ਾਮ ਮਹਿਫਿਲ ਜੁੜਦੀ। ਉਹਦੇ ਮਹਿਮਾਨਾਂ ਵਿਚੋਂ ਜਿਨ੍ਹਾਂ ਨੂੰ ਮੈਂ ਮਿਲ ਸਕਿਆ, ਪਹਿਲਾ ਸੀ ਸ਼ਿਵ ਕੁਮਾਰ। ਉਹਨੇ ਉਸ ਸ਼ਾਮ ਦੋ ਕਵਿਤਾ ਸੁਣਾਈਆਂ ਜਿਨ੍ਹਾਂ ਵਿਚੋਂ ਇਕ ਸੀ, 'ਗਮਾਂ ਦੀ ਰਾਤ ਮੁੱਕਦੀ ਏ, ਨਾ ਮੇਰੇ ਗੀਤ ਮੁਕਦੇ ਨੇ।'... ਤੇ ਦੂਜੀ ਸੀ, 'ਰਹਿਣ ਦਿਓ ਨੀ ਹੰਸ ਦਿਲਾਂ ਦੇ ਕਾਲੇ।' ਮੈਨੂੰ ਕਵਿਤਾ ਦਾ ਇੰਨਾ ਸ਼ੁਦਾਅ ਸੀ ਕਿ ਇਕ ਵਾਰ ਸੁਣੀ ਹੋਈ ਕਵਿਤਾ ਦੇ ਕਈ-ਕਈ ਬੰਦ ਪੂਰੇ ਦੇ ਪੂਰੇ ਯਾਦ ਹੋ ਜਾਂਦੇ। ਇਹ ਉਪਰਲੀਆਂ ਕਵਿਤਾਵਾਂ ਪੰਜਾਹ ਸਾਲ ਪਹਿਲਾਂ ਸੁਣੀਆਂ ਸਨ ਤੇ ਹੁਣ ਤੱਕ ਯਾਦ ਹਨ। ਉਹਦਾ ਦੂਜਾ ਗੈਸਟ ਸੀ ਅੰਮ੍ਰਿਤਸਰ ਮੈਡੀਕਲ ਕਾਲਜ ਦਾ ਵਿਦਿਆਰਥੀ ਆਗੂ ਤੇ ਕਵੀ। ਇਹਦਾ ਨਾਂ ਹੁਣ ਭੁੱਲ ਗਿਆ ਹੈ। ਉਚਾ-ਲੰਮਾ ਸੁਨੱਖਾ ਗੱਭਰੂ ਤੇ ਉਹਦੇ ਗਾ ਕੇ ਸੁਣਾਏ ਗੀਤ ਦੇ ਬੋਲ ਮੇਰੇ ਦਿਮਾਗ ਵਿਚ ਸਮਾ ਗਏ,

ਆ ਗਿਆ ਵੇਲਾ ਹੁਣ
ਸਰਗਰਮੀਆਂ ਦਿਖਾਣ ਦਾ,
ਗੱਭਰੂ ਅਣਖੀਲਿਆਂ ਦੇ
ਜੋਸ਼ ਨੂੰ ਗਰਮਾਣ ਦਾ,
ਸੂਰੇ ਭਗਤ ਜਿਹੇ ਚੁੰਮਦੇ ਨੇ
ਰੱਸੀਆਂ ਫਾਂਸੀ ਦੀਆਂ,
ਸ਼ੌਂਕ ਹੈ ਜਿਨ੍ਹਾਂ ਨੂੰ
ਲਾੜੀ ਮੌਤ ਦੇ ਪ੍ਰਨਾਣ ਦਾ।

ਇਸ ਤੋਂ ਬਾਅਦ ਆਇਆ ਸੁਖਪਾਲਵੀਰ ਸਿੰਘ ਹਸਰਤ। ਉਹ ਪੀਐਚ.ਡੀ. ਖਤਮ ਕਰ ਰਿਹਾ ਸੀ ਤੇ ਆਪਣੀ ਪਲੇਠੀ ਕਿਤਾਬ 'ਸਰਸਬਜ਼ ਪਤਝੜਾਂ' ਰਿਲੀਜ਼ ਕਰ ਚੁੱਕਾ ਸੀ। ਇਸ ਨੂੰ ਯੂਨੀਵਰਸਿਟੀ ਵਲੋਂ ਪੁਰਸਕਾਰ ਵੀ ਮਿਲ ਚੁੱਕਾ ਸੀ। ਮੀਸ਼ੇ ਦਾ ਮੰਨਣਾ ਸੀ ਕਿ ਇਹ ਸਭ ਜਾਣ-ਪਛਾਣ ਕਰ ਕੇ ਹੋਇਆ ਸੀ। ਸੁਖਪਾਲਵੀਰ ਬੜੇ ਮਿਣੇ-ਤੋਲੇ ਤਰੀਕੇ ਨਾਲ ਤੇ ਵਿਆਕਰਨ ਪੱਖੋਂ ਸ਼ੁੱਧ ਫਿਕਰੇ ਬੋਲਦਾ ਸੀ। ਮੀਸ਼ਾ ਕਹਿੰਦਾ, "ਯਾਰ ਤੂੰ ਬੋਲਦਾ ਕਿੱਦਾਂ?" ਸੁਖਪਾਲਵੀਰ ਬੋਲਿਆ, "ਮੇਰੀ ਬੋਲੀ ਸਾਹਿਤਕ ਹੈ, ਮੈਂ ਜੋ ਲਿਖਿਆ ਜਾਂਦਾ, ਉਹੀ ਬੋਲਦਾਂ।"

ਫਿਰ ਆਇਆ ਕਾਮਰੇਡਾਂ ਨਾਲ ਸਬੰਧਤ ਉਨ੍ਹਾਂ ਦਾ ਸਟਾਰ ਆਰਟਿਸਟ ਅਮਰਜੀਤ ਗੁਰਦਾਸਪੁਰੀ। ਮੀਸ਼ੇ ਦੇ ਕਹਿਣ ਉਤੇ ਗੀਤ ਸੁਣਾਉਣ ਲਈ ਮੰਨ ਗਿਆ। ਉਹਨੇ ਪੁੱਛਿਆ, "ਕੀ ਸੁਣੋਗੇ।" ਮੈਂ ਉਹਨੂੰ ਬਹੁਤਾ ਜਲਸਿਆਂ ਵਿਚ ਸੁਣਿਆ ਸੀ, ਆਖਿਆ, "ਮਾਹੀਆ ਵੇ ਘੁੱਗੀਆਂ ਦੀਆਂ ਡਾਰਾਂ।" ਇਹ ਅਮਨ ਲਹਿਰ ਦਾ ਬੜਾ ਰਸੀਲਾ ਗੀਤ ਸੀ, ਪਰ ਉਹਨੇ ਕਿਹਾ, "ਨਹੀਂ ਯਾਰ, ਬੜਾ ਅਮਨ ਹੋ ਗਿਆ। ਕੁਝ ਨਵਾਂ ਸਣਾਉਂਦਾ ਹਾਂ।" ਫਿਰ ਉਹਨੇ ਅੰਮ੍ਰਿਤਾ ਪ੍ਰੀਤਮ ਦਾ ਗੀਤ 'ਝੂਮ ਝੂਮ ਡਾਲੀਏ, ਨੀ ਸਾਵੇ ਪੱਤਾਂ ਵਾਲੀਏ' ਸੁਣਾਇਆ। ਇਸ ਤੋਂ ਬਾਅਦ ਜਸਵੰਤ ਸਿੰਘ ਰਾਹੀ ਤੇ ਕਈ ਹੋਰ ਆਏ ਤੇ ਮਹਿਫਿਲਾਂ ਸਜਦੀਆਂ ਰਹੀਆਂ।

ਮੀਸ਼ੇ ਨੂੰ ਦੂਜਿਆਂ, ਖਾਸ ਕਰ ਕੇ ਉਰਦੂ ਸ਼ਾਇਰਾਂ ਦੇ ਸ਼ਿਅਰ ਬਹੁਤ ਯਾਦ ਸਨ ਜੋ ਉਹ ਬੜੇ ਸਟਾਈਲ ਨਾਲ ਸਣਾਉਂਦਾ। ਬੈਠੇ-ਬੈਠੇ ਕੋਈ ਯਾਦ ਆਵੇ, ਤਾਂ ਉਹ 'ਆਹ! ਯਾਦ ਆਇਆ' ਕਹਿ ਕੇ, ਤੇ ਬਾਂਹ ਉਚੀ ਕਰ ਕੇ ਚੌਂਕਾਅ ਦਿੰਦਾ। ਉਹਦਾ ਪਸੰਦੀਦਾ ਸ਼ੇਅਰ ਸੀ,

ਦੇਖਤੇ ਦੇਖਤੇ ਇੰਸਾਨ ਬਦਲ ਜਾਤਾ ਹੈ
ਥਾ ਕਿਸੀ ਅਹਿਦ ਇਕ ਸ਼ੋਖ
ਸਿਤਮਗਰ ਅਪਨਾ।

ਉਹਨੂੰ ਦੂਜੇ ਲਿਖਾਰੀਆਂ ਬਾਰੇ ਗੱਲਾਂ ਕਰ ਕੇ ਬਹੁਤ ਮਜ਼ਾ ਆਉਂਦਾ। ਬਲਵੰਤ ਗਾਰਗੀ ਦੇ ਜਵਾਨੀ ਪਹਿਰੇ ਦੇ ਪ੍ਰੀਤ ਨਗਰ ਦੇ ਕਿੱਸੇ, ਕਿਵੇਂ ਮੋਹਨ ਸਿੰਘ ਦਿਨ ਵੇਲੇ ਪੂਰਾ ਕੰਮਕਾਜੀ ਤੇ ਸੂਰਜ ਡੁੱਬਣ ਤੋਂ ਬਾਅਦ ਪੂਰਾ ਸ਼ਾਇਰ ਹੁੰਦਾ ਸੀ, ਅੰਮ੍ਰਿਤਾ ਪ੍ਰੀਤਮ ਬਾਰੇ ਕੋਈ ਨਵੀਂ ਅਫ਼ਵਾਹ। ਇਕ ਦਿਨ ਰਸਾਲਾ ਫੜਾ ਕੇ ਕਹਿੰਦਾ, "ਵੇਖ ਅਸੀਂ ਰਸਾਲਾ ਕੱਢ ਰਹੇ ਹਾਂ। ਨਾਮ ਤੇਰੇ ਨਾਮ ਨਾਲ ਮੇਲ ਖਾਂਦਾ 'ਤਦਬੀਰ'। ਮੈਂ ਇਕ-ਦੋ ਪੰਨੇ ਫਰੋਲੇ, ਤੇ ਦੇਖਿਆ, ਇਕ ਕਾਲਮ ਦਾ ਸਿਰਲੇਖ ਸੀ, "ਤੇਰੀ ਮੇਰੀ ਨਹੀਂ ਨਿਭਣੀ।' ਇਸ ਵਿਚ ਜਲੰਧਰ ਰੇਡੀਓ ਸਟੇਸ਼ਨ ਦੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਰੱਜ ਕੇ ਬਦਖੋਈ ਕੀਤੀ ਹੋਈ ਸੀ। ਕਾਲਮ ਦੇ ਅਖੀਰ ਵਿਚ ਲਿਖਿਆ ਸੀ, 'ਚੱਲਦਾ', ਜੋ ਅਗਲੇ ਅੰਕ ਵਿਚ ਕਿਸੇ ਹੋਰ ਮਹਿਕਮੇ ਉਤੇ ਹਮਲੇ ਦਾ ਸੰਕੇਤ ਸੀ।

ਹੁਣ ਮੈਂ ਮੀਸ਼ੇ ਦੇ ਮੂੰਹੋਂ ਸੁਣੇ ਕਵਿਤਾਵਾਂ ਦੇ ਟੋਟਕੇ ਜੋ ਮੈਨੂੰ ਯਾਦ ਨੇ, ਪੇਸ਼ ਕਰਾਂਗਾ। ਮੈਂ ਇਹ ਜਨਕ ਰਾਜ ਜੋ ਮੇਰੇ ਮਗਰੋਂ ਮੀਸ਼ੇ ਦਾ ਦੋਸਤ ਬਣਿਆ ਸੀ, ਨਾਲ ਸਾਂਝੇ ਕਰ ਰਿਹਾ ਸਾਂ, ਤੇ ਉਹਦਾ ਖਿਆਲ ਸੀ ਕਿ ਇਹ ਛਪੇ ਨਹੀਂ ਹੋਏ, ਇਹ ਜ਼ਰੂਰ ਸਾਂਝੇ ਕਰਨੇ ਚਾਹੀਦੇ ਹਨ- ਜੇ ਇਹ ਪਹਿਲੋਂ ਹੀ ਪਹੁੰਚ ਚੁੱਕੇ ਤਾਂ ਜ਼ਿੰਮਾ ਦੋਸ਼ ਪੋਸ਼।... ਜੇ ਕਵਿਤਾ ਸੁਣਦਿਆਂ ਕੋਈ ਖਿਆਲ ਨਵਾਂ ਨਾ ਹੋਵੇ ਤਾਂ ਮੀਸ਼ਾ ਕਹਿੰਦਾ ਹੁੰਦਾ ਸੀ- ਇਹ ਪਹਿਲੇ ਪਹੁੰਚ ਚੁੱਕਾ ਖਿਆਲ ਹੈ।

ਕੀ ਕਹਾਂ ਕੀ ਕੁਝ ਓਹ ਮੇਰਾ ਯਾਰ ਹੈ
ਮੇਰੇ ਲਈ ਤਾਂ ਜੱਗ ਦਾ ਸ਼ਿੰਗਾਰ ਹੈ
ਦੁੱਖ ਨਿਵਾਰਨਹਾਰ ਤੱਕਣੀ ਮਿਹਰ ਦੀ।

---

ਥੋੜ੍ਹੀ ਜਿਹੀ ਬੋਤਲ ਵਿਚ ਰਹਿ ਗਈ ਏ ਬਾਕੀ
ਨਸ਼ਾ ਪੀ ਲਿਆ ਹੈ ਸਰੂਰ ਆ ਗਿਆ ਹੈ
ਜੇ ਆ ਜਾਵੇਂ ਤੂੰ ਵੀ, ਤੇ ਫਿਰ ਆਖਣਾ ਕੀ।

---

ਸਾਡੀ ਇਸ ਫਾਕਾ ਮਸਤੀ 'ਤੇ
ਹੱਸਣ ਮੁਸਕਾਵਣ ਵਾਲੜਿਆ
ਤੂੰ ਕੀ ਸਮਝੇਂ, ਤੂੰ ਕੀ ਜਾਣੇਂ,
ਕੀ ਬਾਤ ਬਣਾਈ ਬੈਠੇ ਹਾਂ।

---

ਜਾ ਰੱਬ ਕਦੀ ਇਹ ਹੁਸਨਾਂ ਦਾ
ਕੋਈ ਵੀ ਕਿਨਾਰਾ ਨਾ ਹੋਵੇ,
ਇਸ਼ਕਾਂ ਦੀ ਬੇੜੀ ਡੁੱਬ ਜਾਵੇ
ਕੋਈ ਵੀ ਸਹਾਰਾ ਨਾ ਹੋਵੇ,
ਅਹੁ ਨਿਕਲਿਆ ਕੋਈ ਠੇਕੇ ਤੋਂ
ਡਿੱਗਦਾ ਏ ਠੋਕਰ ਖਾ-ਖਾ ਕੇ,
ਚੱਲ ਯਾਰ ਖਬਰ ਤੇ ਲੈ ਲਈਏ
ਮੀਸ਼ਾ ਹੀ ਵਿਚਾਰਾ ਨਾ ਹੋਵੇ।

---

ਦੱਸੋ ਕੋਈ ਯਾਰੋ ਕੀ ਆਖੇ
ਸੋਹਣੀ ਦੀਆਂ ਇਨ੍ਹਾਂ ਅੜੀਆਂ ਨੂੰ,
ਕਹੀਏ ਜੇ ਕੁਝ ਗੁਸਤਾਖੀ ਏ
ਚੁੱਪ ਰਿਹਾਂ ਗੁਜ਼ਾਰਾ ਨਾ ਹੋਵੇ।

ਪਿੰਡ ਸਠਿਆਲਾ, ਕਾਲਜ ਤੋਂ ਮੀਲ ਕੁ ਹਟਵਾਂ ਪੈਂਦਾ ਹੈ ਤੇ ਸ਼ਾਮ ਨੂੰ ਸਾਰੇ ਪ੍ਰੋਫੈਸਰ ਤੁਰਦੇ ਕਾਲਜ ਤੋਂ ਘਰਾਂ ਨੂੰ ਜਾਂਦੇ। ਮੀਸ਼ਾ, ਉਹਦਾ ਦੋਸਤ ਤੇ ਦੋਸਤ ਦੀ ਇਕ ਸਾਥਣ, ਤਿੰਨੇ ਇਕੱਠੇ ਜਾਂਦੇ। ਕਿਸੇ-ਕਿਸੇ ਦਿਨ ਮੀਸ਼ੇ ਦਾ ਦੋਸਤ ਲੇਟ ਰਹਿ ਜਾਂਦਾ ਤਾਂ ਮੀਸ਼ਾ ਦੋਸਤ ਦੀ ਦੋਸਤ ਨੂੰ ਘਰ ਤੱਕ ਛੱਡ ਆਉਂਦਾ। ਇਉਂ ਬਹੁਤੀ ਵਾਰੀ ਹੋ ਗਿਆ ਤੇ ਕਾਲਜ ਵਿਚ ਅਫਵਾਹ ਫੈਲ ਗਈ ਕਿ ਮੀਸ਼ਾ ਤੇ ਉਹਦਾ ਇਸ਼ਕ ਚੱਲ ਰਿਹਾ ਹੈ। ਖ਼ਫ਼ਾ ਹੋ ਕੇ ਮੀਸ਼ੇ ਨੇ ਇਕ ਕਵਿਤਾ ਦੇ ਅਖੀਰ ਵਿਚ ਗੱਲ ਸਾਫ਼ ਕੀਤੀ,

ਕਦੇ ਇੰਜ ਵੀ ਵਕਤ ਕੱਟਦੇ ਰਹੇ ਹਾਂ।
ਤੇਰਾ ਨਾਮ ਹਰ ਵਕਤ ਰਟਦੇ ਰਹੇ ਹਾਂ।
ਸੀ ਪੀਤਾ ਤੇਰੇ ਨੈਣਾਂ ਵਿਚੋਂ ਇਕ ਪਿਆਲਾ,
ਤੇ ਬਦਲੇ ਵਿਚ ਦਿਲ ਦਾ
ਇਹ ਮੱਟ ਦੇ ਰਹੇ ਹਾਂ।
ਅਸੀਂ ਆਪਣੇ ਇਸ਼ਕ ਦੀ ਪੱਤ ਹਮੇਸ਼ਾ,
ਤੇਰੇ ਹੁਸਨ ਦੇ ਛੱਜ ਛੱਟਦੇ ਰਹੇ ਹਾਂ।
ਜਿਨ੍ਹਾਂ ਲਹਿਰ ਮਾਣੀਂ ਅਸਲ ਹੋਰ ਨੇ ਉਹ,
ਅਸੀਂ ਮੁਫਤ ਇਲਜ਼ਾਮ ਖੱਟਦੇ ਰਹੇ ਹਾਂ।

...ਤੇ ਅਖੀਰਲੀਆਂ ਦੋ ਲਾਈਨਾਂ ਵਿਚ ਲਿਖੀ ਮੀਸ਼ੇ ਦੀ ਸਫਾਈ ਵਾਲਾ ਸ਼ਿਅਰ ਹਰ ਵਿਦਿਆਰਥੀ ਨੂੰ ਯਾਦ ਹੋ ਗਿਆ ਸੀ।

ਇਕ ਕਿੱਸਾ ਹੋਰ। ਪੰਜਾਬ ਸਰਕਾਰ ਦਾ ਸੰਚਾਰ ਵਿਭਾਗ ਪਿੰਡਾਂ ਵਿਚ ਕਿਸਾਨਾਂ ਲਈ ਨਵੇਂ ਤਰੀਕੇ ਤੇ ਮੁਹਿੰਮਾਂ ਬਾਰੇ ਪ੍ਰੋਗਰਾਮ ਕਰਦਾ ਹੁੰਦਾ ਸੀ। ਬਹੁਤੀ ਵਾਰ ਕਵੀਆਂ ਨੂੰ ਕਿਸੇ ਖਾਸ ਵਿਸ਼ੇ ਉਤੇ ਕਵਿਤਾਵਾਂ ਲਿਖ ਕੇ ਲਿਆਉਣ ਲਈ ਸੱਦ ਲਿਆ ਜਾਂਦਾ। ਅਜਿਹਾ ਹੀ ਇਕ ਪ੍ਰੋਗਰਾਮ ਸਠਿਆਲੇ ਕਾਲਜ ਦੇ ਖੇਡ ਮੈਦਾਨ ਵਿਚ ਕਰਵਾਇਆ ਗਿਆ। ਕਵੀ ਦਰਬਾਰ ਲਈ ਮੀਸ਼ੇ ਦੀ ਸਾਰੀ ਜੁੰਡਲੀ ਸੱਦੀ ਹੋਈ ਸੀ। ਕਵਿਤਾਵਾਂ ਦਾ ਮਿਸਰਾ ਸੀ, "ਅੰਨ ਦਾ ਸੰਕਟ ਦੂਰ ਕਰਾਂਗੇ।" ਪ੍ਰੋਗਰਾਮ ਵਿਚ ਇਲਾਕੇ ਦੇ ਪਤਵੰਤੇ, ਲੀਡਰ ਤੇ ਸਰਕਾਰੀ ਅਫ਼ਸਰ ਸਭ ਹੁੰਮ-ਹੁਮਾ ਕੇ ਆਏ। ਜਲਸਾ ਖਚਾਖਚ ਭਰ ਗਿਆ ਤੇ ਕਵੀ ਕਵਿਤਾਵਾਂ ਦੇ ਜੌਹਰ ਦਿਖਾ ਰਹੇ ਸਨ। ਜਦੋਂ ਮਹਿਫਿਲ ਐਨ ਚੋਟੀ ਉਤੇ ਆਈ, ਮੀਸ਼ੇ ਨੇ ਆਪਣੀ ਕਵਿਤਾ ਸੁਣਾਈ,

ਆਡ ਕਦੀ ਨਾ ਟੱਪੀ ਭਾਵੇਂ,
ਗੱਲੀਂ ਸਾਗਰ ਲੱਖ ਤਰਾਂਗੇ।
ਹੱਥ ਅਹਿੰਸਾ ਦੀ ਡੰਗੋਰੀ,
ਮਿਰਕਣ ਕੋਲੋਂ ਨਹੀਂ ਡਰਾਂਗੇ।
ਮਾੜੇ ਨੂੰ ਕੱਢਾਂਗੇ ਗਾਲਾਂ,
ਤਕੜਾ ਦੇਵੇ ਆਪ ਜਰਾਂਗੇ।
ਅਸੀਂ ਹਾਂ ਜਿੰਨੇ ਲੀਡਰ ਅਫਸਰ,
ਪਹਿਲੋਂ ਆਪਣਾ ਢਿੱਡ ਭਰਾਂਗੇ।
ਪਿਛੋਂ ਜੇਕਰ ਹੋ ਸਕਿਆ ਤਾਂ,
ਅੰਨ ਦਾ ਸੰਕਟ ਦੂਰ ਕਰਾਂਗੇ।

ਸਰੋਤੇ ਹੱਸ-ਹੱਸ ਕੇ, ਦਾਦ ਦੇ-ਦੇ ਕੇ ਕਮਲੇ ਹੋ ਰਹੇ ਸਨ। 'ਦੁਬਾਰਾ ਦੁਬਾਰਾ' ਦੀਆਂ ਆਵਾਜ਼ਾ ਆ ਰਹੀਆਂ ਸਨ। ਮੀਸ਼ਾ ਚੁੱਪ-ਚਾਪ ਸਟੇਜ ਦੇ ਪਿਛਲੇ ਪਾਸਿਓਂ ਉਤਰ ਗਿਆ। ਅਸੀਂ ਉਹਨੂੰ ਮਿਲਣ ਸਟੇਜ ਪਿੱਛੇ ਗਏ। ਉਹ ਹਨ੍ਹੇਰੇ ਵਿਚ ਸਠਿਆਲੇ ਪਿੰਡ ਨੂੰ ਜਾਂਦਾ ਅੱਧਾ ਰਾਹ ਮੁਕਾ ਚੁੱਕਾ ਸੀ।

ਮੈਂ 1959 ਵਿਚ ਇੰਜੀਨੀਅਰਿੰਗ ਕਾਲਜ ਚਲਾ ਗਿਆ ਤੇ ਉਥੋਂ ਫਿਰ ਅਮਰੀਕਾ। ਮੈਨੂੰ ਪਤਾ ਲਗਦਾ ਰਿਹਾ ਕਿ ਉਸ ਦੀ ਸ਼ਾਦੀ ਹੋ ਗਈ ਸੀ। ਉਹਦੀ ਕਿਤਾਬ 'ਚੁਰਸਤਾ' ਛਪ ਗਈ ਸੀ ਜਿਸ ਦਾ ਖਰੜਾ ਮੈਂ ਦੇਖਿਆ ਸੀ। ਮੈਂ ਆਖਰੀ ਵਾਰ ਉਹਨੂੰ 1983 ਵਿਚ ਭਾਰਤ ਫੇਰੀ ਦੌਰਾਨ ਮਿਲਿਆ। ਮੈਂ ਤੇ ਮੇਰਾ ਭਰਾ ਜੋ ਆਪ ਮੀਸ਼ੇ ਦਾ ਦੋਸਤ ਸੀ, ਉਹਨੂੰ ਲੱਭਦੇ ਜਲੰਧਰ ਰੇਡੀਓ ਸਟੇਸ਼ਨ ਉਤੇ ਪਹੁੰਚ ਗਏ। ਉਹ ਫਰੰਟ ਯਾਰਡ ਵਿਚ ਕੁਰਸੀ 'ਤੇ ਬੈਠਾ ਧੁੱਪ ਸੇਕ ਰਿਹਾ ਸੀ ਤੇ ਨਾਲ-ਨਾਲ ਜਗਤਾਰ ਦੀ ਨਵੀਂ ਗਜ਼ਲ ਦੀ ਕੱਟ-ਵੱਢ ਕਰ ਰਿਹਾ ਸੀ। ਸਾਨੂੰ ਕੋਈ ਪੰਜਾਬੀ ਗੀਤਕਾਰ ਚਾਹੀਦਾ ਸੀ, ਤੇ ਉਹਨੇ ਸਰਬਜੀਤ ਦੀ ਸਿਫਾਰਸ਼ ਕੀਤੀ। ਅਸੀਂ ਚਾਹ ਖਤਮ ਕੀਤੀ ਤੇ ਮੀਸ਼ੇ ਕੋਲੋਂ ਇਜਾਜ਼ਤ ਲੈਂਦੇ ਮੁੜ ਗਏ। ਇਹ ਇਜਾਜ਼ਤ ਫਿਰ ਅਖੀਰਲੀ ਹੋ ਨਿਬੜੀ।



***ਸਾਲ 1978 ਦੀ ਇਕ ਯਾਦਗਾਰੀ ਤਸਵੀਰ ਜਦੋਂ ਪਾਕਿਸਤਾਨੀ ਗਾਇਕ ਤੁਫੈਲ ਨਿਆਜ਼ੀ ਜਲੰਧਰ ਦੂਰਦਰਸ਼ਨ ਵਿਚ ਪੁੱਜਾ ਸੀ। ਤਸਵੀਰ ਵਿਚ ਐਨ ਖੱਬੇ ਐਸ.ਐਸ. ਮੀਸ਼ਾ ਬੈਠਾ ਹੈ।***

# ਫਰਾਂਸ ਦੇ ਕੌਮਾਂਤਰੀ ਮੇਲੇ ਵਿਚ ਪੰਜਾਬੀ ਫਿਲਮ

## ਫਿਲਮਸਾਜ਼ ਗੁਰਵਿੰਦਰ ਸਿੰਘ ਦੀ ਪੰਜਾਬੀ ਫਿਲਮ 'ਚੌਥੀ ਕੂਟ' ਨੂੰ ਮਿਲਿਆ ਮਾਣ

ਕੀਰਤ ਕਾਸ਼ਣੀ

ਐਤਕੀਂ 13 ਤੋਂ 24 ਮਈ ਤੱਕ ਫਰਾਂਸ ਦੇ ਸੰਸਾਰ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਪੰਜਾਬੀ ਫਿਲਮ 'ਚੌਥੀ ਕੂਟ' ਦਿਖਾਈ ਜਾ ਰਹੀ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਪੰਜਾਬੀ ਫਿਲਮ ਨੂੰ ਇਹ ਮਾਣ ਮਿਲਿਆ ਹੈ। ਫਿਲਮਸਾਜ਼ ਗੁਰਵਿੰਦਰ ਸਿੰਘ ਜਿਸ ਦੀ ਪਲੇਠੀ ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਤਿੰਨ ਸਾਲ ਪਹਿਲਾਂ ਇਟਲੀ ਦੇ ਵੈਨਿਸ ਫਿਲਮ ਮੇਲੇ ਵਿਚ ਦਿਖਾਈ ਗਈ ਸੀ, ਦੀ ਇਹ ਫਿਲਮ ਪ੍ਰਸਿੱਧ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀਆਂ ਦੋ ਕਹਾਣੀਆਂ 'ਚੌਥੀ ਕੂਟ' ਅਤੇ 'ਹੁਣ ਮੈਂ ਠੀਕ ਠਾਕ ਹਾਂ' ਉਤੇ ਆਧਾਰਤ ਹੈ।

ਇਨ੍ਹਾਂ ਦੋਹਾਂ ਕਹਾਣੀਆਂ ਵਿਚ 1984 ਵਿਚ ਹੋਏ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਪੈਦਾ ਹੋਏ ਹਲਾਤ ਬਾਰੇ ਚਰਚਾ ਕੀਤੀ ਗਈ ਹੈ। 'ਚੌਥੀ ਕੂਟ' ਵਿਚ ਜਿਥੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਪੈਦਾ ਹੋਈ ਬੇਭਰੋਸਗੀ ਦਾ ਮਾਰਮਿਕ ਚਿੱਤਰ ਕੀਤਾ ਗਿਆ ਹੈ, ਉਥੇ 'ਹੁਣ ਮੈਂ ਠੀਕ ਠਾਕ ਹਾਂ' ਨਾਂ ਦੀ ਕਹਾਣੀ ਵਿਚ ਖਾੜਕੂਆਂ ਅਤੇ ਸਰਕਾਰੀ ਦਹਿਸ਼ਤਗਰਦੀ ਵਿਚਕਾਰ ਪਿਸ ਰਹੇ ਆਮ ਬੰਦੇ ਦਾ ਬਿਰਤਾਂਤ ਪੇਸ਼ ਕੀਤਾ ਗਿਆ। ਇਸ ਕਹਾਣੀ ਵਿਚ ਆਮ ਬੰਦੇ ਦੀ ਜਿਸ ਤਰ੍ਹਾਂ ਦੀ ਬੇਵਸੀ ਦਿਖਾਈ ਗਈ ਹੈ, ਉਹ ਬਹੁਤ ਹੌਲ ਪਾਉਣ ਵਾਲੀਆਂ ਘਟਨਾਵਾਂ ਦਾ ਚਿੱਤਰ ਹੈ। ਇਹ ਫਿਲਮ ਕਾਰਤਿਕਯਾ ਸਿੰਘ ਤੇ ਸੁਨੀਲ ਜੋਸ਼ੀ ਦੇ ਨਾਲ-ਨਾਲ ਕੈਥਰੀਨ ਦਸਾਰਤ (ਫਰਾਂਸ) ਨੇ ਪ੍ਰਡਿਊਸ ਕੀਤੀ ਹੈ। ਇਸ ਫਿਲਮ ਵਿਚ ਸੁਵਿੰਦਰਪਾਲ ਵਿੱਕੀ, ਰਾਜਵੀਰ ਕੌਰ, ਕਮਲਜੀਤ ਸਿੰਘ, ਗੁਰਪ੍ਰੀਤ ਭੰਗੂ ਅਤੇ ਟੋਮੀ (ਕੁੱਤਾ) ਦੇ ਅਹਿਮ ਕਿਰਦਾਰ ਹਨ।

ਗੌਰਤਲਬ ਹੈ ਕਿ ਗੁਰਵਿੰਦਰ ਸਿੰਘ ਪ੍ਰਸਿੱਧ ਫਿਲਮਸਾਜ਼ ਮਣੀ ਕੌਲ ਦਾ ਚੇਲਾ ਹੈ ਅਤੇ ਮਣੀ ਕੌਲ ਦੀਆਂ 'ਉਸ ਕੀ ਰੋਟੀ' ਵਰਗੀਆਂ ਫਿਲਮਾਂ ਵਾਲੀ ਕਲਾ ਦਾ ਸਿਖਰ ਛੂਹਣ ਲਈ ਯਤਨਸ਼ੀਲ ਹਨ। 'ਅੰਨ੍ਹੇ ਘੋੜੇ ਦਾ ਦਾਨ' ਇਸ ਪੱਖ ਤੋਂ ਬਹੁਤ ਚੰਗੀ ਫਿਲਮ ਸੀ, ਪਰ ਇਸ ਫਿਲਮ ਦੀ ਧੀਮੀ ਚਾਲ ਆਮ ਦਰਸ਼ਕਾਂ ਨੂੰ ਆਪਣੇ ਨਾਲ ਲੈ ਕੇ ਨਹੀਂ ਤੁਰ ਸਕੀ। ਫਿਰ ਵੀ ਗੁਰਵਿੰਦਰ ਸਿੰਘ ਪੂਰੇ ਹੌਂਸਲੇ ਵਿਚ ਹੈ। ਉਸ ਦਾ ਕਹਿਣਾ ਹੈ ਕਿ ਉਹ ਅਜਿਹੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰ ਕੇ ਕਲਾ ਅਤੇ ਸੋਚ ਤੋਂ ਮੂੰਹ ਨਹੀਂ ਮੋੜ ਸਕਦਾ। ਉਹ ਹੁੱਬ ਕੇ ਦੱਸਦਾ ਹੈ- "ਕਾਨ ਫਿਲਮ ਮੇਲੇ ਵਿਚ ਫਿਲਮ ਦੀ ਚੋਣ ਹੋਣਾ ਬਹੁਤ ਵੱਡੀ ਗੱਲ ਹੈ। ਮੇਰੀ ਫਿਲਮ ਪਹਿਲਾਂ ਸੰਸਾਰ ਬਰ ਵਿਚ ਰਹਿ ਰਹੇ ਪੰਜਾਬੀ ਦੇਖ ਚੁੱਕੇ ਹਨ, ਪਰ ਹੁਣ ਇਹ ਫਿਲਮ ਸੰਸਾਰ ਭਰ ਦੇ ਦਰਸ਼ਕਾਂ ਕੋਲ ਜਾਵੇਗੀ।"


ਉਨ੍ਹਾਂ ਦੱਸਿਆ ਕਿ ਦਿੱਲੀ ਰਹਿੰਦੀਆਂ ਉਸ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੇ ਕਤਲੇਆਮ ਦਾ ਸੇਕ ਬਹੁਤ ਨੇੜਿਓਂ ਮਹਿਸੂਸ ਕੀਤਾ ਹੈ ਅਤੇ ਜਦੋਂ ਉਸ ਨੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਪੜ੍ਹੀਆ ਤਾਂ ਇਨ੍ਹਾਂ ਕਹਾਣੀਆਂ ਨੂੰ ਆਧਾਰ ਬਣਾ ਕੇ ਫਿਲਮ ਬਣਾਉਣ ਦੀ ਸੋਚੀ। ਉਸ ਮੁਤਾਬਕ, "ਉਸ ਦੌਰ ਵਿਚ ਖਾੜਕੂਆਂ ਅਤੇ ਸਟੇਟ ਵੱਲੋਂ ਆਮ ਲੋਕਾਂ ਨਾਲ ਬਹੁਤ ਵਧੀਕੀਆਂ ਕੀਤੀਆਂ ਗਈਆਂ, ਮੇਰੀ ਫਿਲਮ ਇਨ੍ਹਾਂ ਵਧੀਕੀਆਂ ਦੇ ਕਾਰਨਾਂ ਵੱਲ ਤਾਂ ਭਾਵੇਂ ਨਹੀਂ ਜਾਂਦੀ ਅਤੇ ਨਾ ਕਿਸੇ ਨੂੰ ਦੋਸ਼ੀ ਬਣਾ ਕੇ ਉਸ ਉਤੇ ਉਂਗਲ ਧਰਦੀ ਹੈ, ਪਰ ਆਮ ਬੰਦੇ ਦੀ ਬੇਵਸੀ ਦੀ ਬਾਤ ਜ਼ਰੂਰ ਪਾਉਂਦੀ ਹੈ।" ਉਸ ਨੇ ਦੱਸਿਆ ਕਿ ਉਸ ਨੇ ਇਸ ਫਿਲਮ ਸ਼ੂਟਿੰਗ ਪਿਛਲੇ ਸਾਲ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਮੁਕੰਮਲ ਕਰ ਲਈ ਸੀ। ਇਹ ਫਿਲਮ ਇਸੇ ਸਾਲ ਸਾਲ ਦੇ ਅਖੀਰ ਵਿਚ ਭਾਰਤ ਵਿਚ ਰਿਲੀਜ਼ ਕੀਤੀ ਜਾਵੇਗੀ।



ਫਿਲਮ 'ਅੰਨ੍ਹੇ ਘੋੜੇ ਦਾ ਦਾਨ' ਦਾ ਇਕ ਦ੍ਰਿਸ਼।



ਫਿਲਮਸਾਜ਼ ਗੁਰਵਿੰਦਰ ਸਿੰਘ



ਫਿਲਮਸਾਜ਼ ਮਣੀ ਕੌਲ



ਵਰਿਆਮ ਸਿੰਘ ਸੰਧੂ

# ਅਦਿਤੀ ਦੀ ਆਵਾਜ਼




ਅਦਿਤੀ ਰਾਵ ਹੈਦਰੀ

ਹੁਣੇ ਜਿਹੇ ਅਦਾਕਾਰਾ ਅਦਿਤੀ ਰਾਵ ਹੈਦਰੀ ਨੇ ਔਰਤਾਂ ਦੇ ਹੱਕ ਵਿਚ ਆਵਾਜ਼ ਉਠਾਉਣ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਰਵਾਈ ਜਾ ਰਹੀ ਮੈਰਾਥਨ 'ਚ ਹਿੱਸਾ ਲਿਆ। ਇਸ ਮੌਕੇ ਅਦਿਤੀ ਨੇ ਦੌੜ ਨਾਲ ਜੁੜੀਆਂ ਆਪਣੇ ਸਕੂਲ ਦੀਆਂ ਯਾਦਾਂ ਤਾਜ਼ਾ ਕਰਦੇ ਹੋਏ ਦੱਸਿਆ, "ਮੈਨੂੰ ਯਾਦ ਹੈ ਕਿ ਹਾਈ ਸਕੂਲ ਵਿਚ ਮੈਂ ਹਫਤੇ ਵਿਚ ਇਕ ਵਾਰ ਲੰਮੀ ਦੂਰੀ ਦੀ ਦੌੜ ਲਗਾਉਂਦੀ ਹੁੰਦੀ ਸੀ। ਅਸੀਂ 6 ਵਜੇ ਉੱਠ ਕੇ ਪਹਾੜੀ ਰਸਤੇ 'ਤੇ ਦੌੜਦੇ ਹੁੰਦੇ ਸਾਂ। ਉਦੋਂ ਮੈਂ ਇਸ ਦਾ ਪੂਰਾ ਆਨੰਦ ਲੈਂਦੀ ਸੀ, ਪਰ ਹਾਈ ਸਕੂਲ ਤੋਂ ਬਾਅਦ ਮੈਂ ਕਿਸੇ ਮੈਰਾਥਨ 'ਚ ਹਿੱਸਾ ਨਹੀਂ ਲਿਆ।" ਅਦਿਤੀ ਅਨੁਸਾਰ, ਉਹ ਫਿੱਟ ਰਹਿਣ ਲਈ 'ਯੋਗ ਅਤੇ ਇੰਟਰਵਲ ਟ੍ਰੇਨਿੰਗ' ਨਾਂ ਦੀ ਐਕਸਰਸਾਈਜ਼ ਕਰਦੀ ਹਾਂ ਜਿਸ ਤਹਿਤ ਚੱਲਣ ਤੇ ਦੌੜਨ ਦੇ ਛੋਟੇ-ਛੋਟੇ ਵਕਫੇ ਸ਼ਾਮਲ ਹੁੰਦੇ ਹਨ। ਜ਼ਿਆਦਾਤਰ ਲੋਕਾਂ ਲਈ ਲੰਮੀ ਦੂਰੀ ਦੀ ਦੌੜ ਮੈਡੀਟੇਸ਼ਨ ਵਰਗੀ ਹੈ ਜੋ ਉਨ੍ਹਾਂ ਨੂੰ ਆਪਣੇ ਤਣਾਅ ਤੋਂ ਦੂਰੀ ਬਣਾਉਣ 'ਚ ਮਦਦ ਕਰਦੀ ਹੈ। ਇਹ ਬੰਦੇ ਨੂੰ ਬਹੁਤ ਤਾਕਤ ਦਿੰਦੀ ਹੈ ਅਤੇ ਧਿਆਨ ਕੇਂਦ੍ਰਿਤ ਕਰਨ 'ਚ ਵੀ ਸਹਾਇਕ ਹੈ। ਸਿਰਫ ਉਹੀ ਲੋਕ ਲੰਮੀ ਦੂਰੀ ਦੀ ਦੌੜ ਪੂਰਾ ਕਰ ਸਕਦੇ ਹਨ ਜੋ ਇਸ 'ਚ ਸੱਚੀ ਲਗਨ ਰੱਖਦੇ ਹਨ। ਦੌੜਨ ਨਾਲ ਸਰੀਰ 'ਚ ਐਂਡੋਰਫਿਨ ਨਾਂ ਦਾ ਹਾਰਮੋਨ ਪੈਦਾ ਹੁੰਦਾ ਹੈ ਜੋ ਸਾਨੂੰ ਖੁਸ਼ ਕਰਨ ਦੇ ਨਾਲ-ਨਾਲ ਸਾਡੇ ਚਿਹਰੇ ਨੂੰ ਇਕ ਖਾਸ ਆਭਾ ਵੀ ਬਖਸ਼ਦਾ ਹੈ। ਅਦਿਤੀ ਹੋਰ ਕਹਿੰਦੀ ਹੈ, "ਮੈਨੂੰ ਬੀਚ ਜਾਂ ਪਾਰਕ ਵਿਚ ਸਵੇਰੇ 6 ਵਜੇ ਦੌੜਨਾ ਪਸੰਦ ਹੈ। ਮੈਰਾਥਨ 'ਚ ਹਿੱਸਾ ਲੈਣ ਵਾਲਿਆਂ ਨੂੰ ਪਹਿਲਾਂ ਥੋੜ੍ਹੀਆਂ-ਬਹੁਤ ਯੋਗ ਅਤੇ ਸਾਹ ਦੀਆਂ ਕਸਰਤਾਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ।" ਅਦਿਤੀ ਦਾ ਸਪਸ਼ਟ ਆਖਣਾ ਹੈ ਕਿ ਅੱਜ ਕੱਲ੍ਹ ਜਿਸ ਤਰ੍ਹਾਂ ਦਾ ਤੇਜ਼ੀ ਵਾਲਾ ਦੌਰ ਚੱਲ ਰਿਹਾ ਹੈ, ਤੇ ਜਿਸ ਤਰ੍ਹਾਂ ਦਾ ਖਾਣਾ-ਪੀਣਾ ਅਸੀਂ ਅੱਜ ਕੱਲ੍ਹ ਲੈਂਦੇ ਹਾਂ, ਸਭ ਤੋਂ ਅਹਿਮ ਗੱਲ, ਜਿਸ ਤਰ੍ਹਾਂ ਦਾ ਲਾਈਫ ਸਟਾਈਲ ਅਸੀਂ ਅੱਜ ਅਪਣਾ ਲਿਆ ਹੈ, ਉਸ ਦੇ ਮੱਦੇਨਜ਼ਰ ਯੋਗ ਅਤੇ ਅਜਿਹੀਆਂ ਹਲਕੀਆਂ-ਫੁਲਕੀਆਂ ਕਸਰਤਾਂ ਕਰਨੀਆਂ ਬੇਹੱਦ ਲਾਭਦਾਇਕ ਹਨ। ਇਸ ਨਾਲ ਸਰੀਰ ਤਾਂ ਤੰਦਰੁਸਤ ਰਹਿੰਦਾ ਹੀ ਹੈ, ਮਾਨਸਿਕ ਤਸੱਲੀ ਵੀ ਮਿਲਦੀ ਹੈ। ਇਹੀ ਨਹੀਂ, ਇਹ ਤੁਹਾਨੂੰ ਕੰਮ ਲਈ ਵੀ ਪੂਰੀ ਤਰ੍ਹਾਂ ਤਿਆਰ ਕਰ ਦਿੰਦੀਆਂ ਹਨ। ਇਸੇ ਕਰ ਕੇ ਉਸ ਨੂੰ ਜਦ ਵੀ ਮੌਕਾਂ ਮਿਲਦਾ ਹੈ, ਤਾਂ ਯੋਗ ਨਾਲ ਆੜੀ ਪਾਉਣ ਤੋਂ ਕਦੀ ਨਹੀਂ ਝਿਜਕਦੀ।


# ਪਕਿਸਤਾਨ ਵਿਚ 'ਸ਼ੋਲੇ' ਦੀ ਪਹਿਲੀ ਦਸਤਕ

ਪੂਰੇ 40 ਸਾਲ ਬਾਅਦ ਫਿਲਮ 'ਸ਼ੋਲੇ' ਪਾਕਿਸਤਾਨ ਵਿਚ ਰਿਲੀਜ਼ ਕੀਤੀ ਗਈ ਹੈ। ਪਾਕਿਸਤਾਨ ਵਿਚ ਹਿੰਦੀ ਫਿਲਮਾਂ ਦੀ ਬੜੀ ਮੰਗ ਰਹਿੰਦੀ ਹੈ ਅਤੇ ਲੋਕ ਉਥੇ ਲੱਭ-ਲੱਭ ਕੇ ਹਿੰਦੀ ਫਿਲਮਾਂ ਦੇਖਦੇ ਹਨ। ਫਿਲਮ 'ਸ਼ੋਲੇ' ਜਿਹੜੀ ਹਿੰਦੀ ਫਿਲਮ ਜਗਤ ਵਿਚ ਹੁਣ ਕਲਾਸਿਕ ਦਾ ਰੁਤਬਾ ਹਾਸਲ ਕਰ ਚੁੱਕੀ ਹੈ, ਅਜੇ ਵੀ ਦਰਸ਼ਕਾਂ ਨੂੰ ਖਿੱਚ ਰਹੀ ਹੈ। ਅਜੇ ਪਿਛੇ ਜਿਹੇ ਹੀ ਇਹ ਫਿਲਮ 3-ਡੀ ਰਾਹੀਂ ਰਿਲੀਜ਼ ਕੀਤੀ ਗਈ ਸੀ ਅਤੇ ਫਿਲਮ ਦੇ ਇਸ 3-ਡੀ ਵਰਸ਼ਨ ਨੂੰ ਨਵੀਂ ਪੀੜ੍ਹੀ ਨੇ ਵੀ ਭਰਪੂਰ ਹੁੰਗਾਰਾ ਭਰਿਆ ਸੀ। ਗੌਰਤਲਬ ਹੈ ਕਿ ਅੱਜ ਵੀ ਜਦੋਂ ਕਿਸੇ ਵੀ ਸ਼ਹਿਰ ਵਿਚ ਇਹ ਫਿਲਮ ਲਗਦੀ ਹੈ, ਤਾਂ ਫਿਲਮ ਦਰਸ਼ਕ ਇਹ ਫਿਲਮ ਦੇਖਣ ਲਈ ਉਮੜ ਪੈਂਦੇ ਹਨ ਅਤੇ ਅਗਾਂਹ ਹੋਰ ਲੋਕਾਂ ਨੂੰ ਵੀ ਇਹ ਦੇਖਣ ਦੀ ਸਲਾਹ ਦਿੰਦੇ ਹਨ। ਰਾਮੇਸ਼ ਸਿੱਪੀ ਵੱਲੋਂ ਬਣਾਈ ਇਸ ਫਿਲਮ ਵਿਚ ਮੁੱਖ ਕਿਰਦਾਰ ਸੰਜੀਵ ਕੁਮਾਰ, ਧਰਮਿੰਦਰ, ਹੇਮਾ ਮਾਲਿਨੀ, ਅਮਿਤਾਭ ਬੱਚਨ, ਜਯਾ ਬੱਚਨ ਅਤੇ ਅਮਜਦ ਖਾਨ ਨੇ ਨਿਭਾਏ ਹਨ।



# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW
*Divorce *Annulment
*International Custody

### INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India


Weekends & Evening Appointments Available

# GROW YOUR BUSINESS
## WITH NEW TREND




ELECTRIC SIGN COMPANY
for more info: Call Sukhpal
1-661-586-1106
email: esigncompany@gmail.com

# Surveillance Camera Systems




Vista
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION

- Fully Trained Technical Staff.
- Serving Since 1999.
- We Install any where in California.
- Commercial Grade Equipment.
- Solution for Gas stations,Liquor Stores, Hotel/Motel,warehouse & Homes

Call Sukhpal
1-661-586-5080
Email: commvision@sbcglobal.net


FROM SERIOUS ISSUES
TO NON-STOP COMEDY,
DISH HAS IT ALL.
jus
Ajj Da Mudda
aapka colors
Comedy Nights
With Kapil
Punjabi Mega Pack
$24.99 mo
Punjab
TASHAN
PTC PUNJABI
jus
AND MORE.
StarPlusHD
SONY
ZEE TV
aapka colors
WILLOW HD
Life OK
AND MORE.
3 MONTHS
FREE
APPLIES TO THE 4TH, 5TH AND 6TH MONTHS
Hindi Elite Pack $34.99
EVERYDAY PRICE
All offers require 24-month commitment and credit qualification.
Monthly fees apply based on number of rooms.
FREE
• 100+ Bollywood Movies On Demand
• Professional Installation in up to 6 rooms
LIMITED-TIME OFFER.
ORDER NOW!
1-888-621-5401
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.
5401-Q2R1-PUNJABI PRINT_APRIL